ਐਤਵਾਰ, 15 ਨਵੰਬਰ, 2026

30 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083

ਜਿਲਦ/VOL. : 75

ਅੰਕ/NO. : 165

ਰੋਜ਼ਾਨਾ

ਨਵਾਂ ਜ਼ਮਾਨਾ

DAILY NAWAN ZAMANA • SUNDAY, 15 NOVEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 8+6=14

'ਪੰਜਾਬ ਦਾ ਕਰੋੜਪਤੀ' ਪ੍ਰੋਗਰਾਮ ਦੀ ਸ਼ੁਰੂਆਤ

ਮੁੱਖ ਮੰਤਰੀ ਵੱਲੋਂ ਵਿਸ਼ੇਸ਼ ਪੋਰਟਲ ਲਾਂਚ

ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ)

ਪੰਜਾਬ ਸਰਕਾਰ ਨੇ ਸੂਬੇ ਦੇ ਨੌਜਵਾਨ ਵਰਗ ਨੂੰ ਆਪਣੇ ਨਾਲ ਜੋੜਨ ਦੀ ਖ਼ਾਸ ਮੁਹਿੰਮ ਵਜੋਂ 'ਪੰਜਾਬ ਦਾ ਕਰੋੜਪਤੀ' ਪ੍ਰੋਗਰਾਮ ਦਾ ਆਗਾਜ਼ ਕੀਤਾ ਹੈ। ਇਹ ਇੱਕ ਸਵਾਲ-ਜਵਾਬ (ਕੁਇਜ਼) ਆਧਾਰਤ ਮੁਕਾਬਲਾ ਹੈ। ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਬਾਰੇ ਜਾਣੂ ਕਰਵਾਉਣ ਲਈ ਅਤੇ ਨੌਜਵਾਨਾਂ ਨੂੰ ਸਿੱਖਿਆ ਦੇ ਖੇਤਰ ਵਿੱਚ ਹੋਰ ਅੱਗੇ ਲਿਆਉਣ ਲਈ ਇਹ ਪਹਿਲਕਦਮੀ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪ੍ਰਸਿੱਧ ਟੀ ਵੀ ਸ਼ੋਅ 'ਕੌਣ ਬਣੇਗਾ ਕਰੋੜਪਤੀ' ਦੇ ਪੈਟਰਨ 'ਤੇ ਤਿਆਰ ਕੀਤੇ ਗਏ ਇਸ ਵਿਸ਼ੇਸ਼ ਪੋਰਟਲ ਨੂੰ ਲਾਂਚ ਕੀਤਾ ਗਿਆ। ਕੁੱਲ 11 ਪੜਾਵਾਂ ਵਾਲੇ ਇਸ ਮੁਕਾਬਲੇ ਦੇ ਸ਼ੁਰੂਆਤੀ 9 ਗੇੜ ਆਨਲਾਈਨ ਮਾਧਿਅਮ ਰਾਹੀਂ ਮੁਕੰਮਲ ਹੋਣਗੇ, ਜਦ ਕਿ ਇਨ੍ਹਾਂ ਵਿੱਚੋਂ ਚੁਣੇ ਗਏ ਉਮੀਦਵਾਰਾਂ ਲਈ ਅੰਤਮ ਦੋ ਪੜਾਅ ਆਫ਼ਲਾਈਨ (ਸਿੱਧੀ ਹਾਜ਼ਰੀ ਵਿੱਚ) ਕਰਵਾਏ ਜਾਣਗੇ। ਇਸ ਮੁਕਾਬਲੇ ਵਿੱਚ 15 ਤੋਂ 30 ਸਾਲ ਤੱਕ ਦੇ ਨੌਜਵਾਨ ਹਿੱਸਾ ਲੈ ਸਕਣਗੇ। ਸੂਬੇ ਦੇ ਇਤਿਹਾਸ, ਸੱਭਿਆਚਾਰ ਅਤੇ ਭੂਗੋਲ 'ਤੇ ਕੇਂਦਰਿਤ ਹੋਣ ਕਾਰਨ ਇਹ ਪ੍ਰੋਗਰਾਮ ਨੌਜਵਾਨਾਂ ਨੂੰ ਆਪਣੀ ਖੇਤਰੀ ਪਛਾਣ ਨਾਲ ਜੋੜਨ ਦਾ ਵੀ ਇੱਕ ਜ਼ਰੀਆ ਬਣੇਗਾ। ਮੁੱਖ ਮੰਤਰੀ ਵੱਲੋਂ ਸਾਂਝੀ ਕੀਤੀ ਜਾਣਕਾਰੀ ਮੁਤਾਬਕ ਪੋਰਟਲ 'ਤੇ 50 ਹਜ਼ਾਰ ਸਵਾਲਾਂ ਦਾ ਖ਼ਜ਼ਾਨਾ (ਬੈਂਕ) ਅਪਲੋਡ ਕੀਤਾ ਗਿਆ ਹੈ। ਹਰੇਕ ਸਵਾਲ ਦੇ ਚਾਰ ਸੰਭਾਵੀ ਉਤਰ ਦਿੱਤੇ ਜਾਣਗੇ ਅਤੇ ਅਗਲੇ ਪੜਾਅ ਵਿੱਚ ਪਹੁੰਚਣ ਲਈ ਭਾਗੀਦਾਰਾਂ ਨੂੰ ਹਰ ਪੱਧਰ ਪਾਰ ਕਰਨਾ ਲਾਜ਼ਮੀ ਹੋਵੇਗਾ। ਮੁੱਖ ਮੰਤਰੀ ਨੇ ਆਖਿਆ ਕਿ ਜਿਵੇਂ-ਜਿਵੇਂ ਮੁਕਾਬਲਾ ਅਗਲੇ ਪੜਾਵਾਂ ਵੱਲ ਵਧੇਗਾ, ਸਵਾਲਾਂ ਦਾ ਪੱਧਰ ਵੀ ਔਖਾ ਹੁੰਦਾ ਜਾਵੇਗਾ। ਉਨ੍ਹਾ ਭਰੋਸਾ ਦਿੱਤਾ ਕਿ ਇਸ ਵਿੱਚ ਪੁੱਛੇ ਜਾਣ ਵਾਲੇ ਸਵਾਲ ਸੂਬੇ ਦੀਆਂ ਵੱਖ-ਵੱਖ ਸਰਕਾਰੀ ਭਰਤੀ ਪ੍ਰੀਖਿਆਵਾਂ ਦੇ ਪੈਟਰਨ ਨਾਲ ਮਿਲਦੇ-ਜੁਲਦੇ ਹਨ। ਉਨ੍ਹਾ ਸਪੱਸ਼ਟ ਕੀਤਾ ਕਿ ਇਸ ਯੋਜਨਾ ਪਿੱਛੇ ਤਿੰਨ ਮੁੱਖ



ਟੀਚੇ ਹਨ—ਵਿਦਿਆਰਥੀਆਂ ਨੂੰ ਆਰਥਿਕ ਤੌਰ 'ਤੇ ਕਮਾਈ ਕਰਨ ਦੇ ਸਮਰੱਥ ਬਣਾਉਣਾ, ਉਨ੍ਹਾਂ ਦੇ ਆਮ ਗਿਆਨ ਵਿੱਚ ਵਾਧਾ ਕਰਨਾ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਸਹਾਈ ਹੋਣਾ। ਉਨ੍ਹਾਂ ਕਿਹਾ ਕਿ ਚੋਟੀ ਦੇ 10,000 ਭਾਗੀਦਾਰਾਂ ਨੂੰ ਇਨਾਮ ਦਿੱਤੇ ਜਾਣਗੇ, ਜਿਸ ਵਿੱਚ ਜੇਤੂ ਨੂੰ 1 ਕਰੋੜ ਰੁਪਏ ਮਿਲਣਗੇ ਅਤੇ ਚਾਰ ਉਪ-ਜੇਤੂਆਂ (ਰਨਰ-ਅੱਪ) ਨੂੰ 10-10 ਲੱਖ ਰੁਪਏ ਦਿੱਤੇ ਜਾਣਗੇ। ਲੀਡਰਬੋਰਡ 'ਤੇ ਸਿਖਰਲੇ ਅੱਠ ਹੋਰ ਭਾਗੀਦਾਰਾਂ ਨੂੰ 5-5 ਲੱਖ ਰੁਪਏ ਦਿੱਤੇ ਜਾਣਗੇ। ਇਹ ਮੁਕਾਬਲਾ 1 ਜਨਵਰੀ, 2027 ਤੱਕ ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਦੇ ਨੌਜਵਾਨਾਂ ਲਈ ਖੁੱਲ੍ਹਾ ਹੈ ਅਤੇ ਇਹ ਇੱਕ ਡਿਜੀਟਲ ਕੁਇਜ਼ ਪਲੇਟਫਾਰਮ ਰਾਹੀਂ ਕਰਵਾਇਆ ਜਾਵੇਗਾ।

ਮਾਨ ਨੇ ਸਕੂਲਾਂ ਤੇ ਕਾਲਜਾਂ ਦੇ ਅਧਿਆਪਕਾਂ ਅਤੇ ਮਾਪਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਨੌਜਵਾਨਾਂ ਨੂੰ ਪੋਰਟਲ 'ਤੇ ਰਜਿਸਟਰੇਸ਼ਨ ਕਰਵਾਉਣ ਲਈ ਪ੍ਰੇਰਿਤ ਕਰਨ। ਇਸ ਮੁਕਾਬਲੇ ਲਈ ਰਜਿਸਟਰੇਸ਼ਨ 14 ਨਵੰਬਰ ਤੋਂ ਸ਼ੁਰੂ ਹੋ ਕੇ 28 ਨਵੰਬਰ ਨੂੰ ਬੰਦ ਹੋਵੇਗੀ। ਇਸ ਮੁਕਾਬਲੇ ਦੀ ਸਮਾਪਤੀ 17 ਦਸੰਬਰ ਨੂੰ ਹੋਣ ਵਾਲੇ ਸੂਬਾ ਪੱਧਰੀ ਗ੍ਰੈਂਡ ਫਿਨਾਲੇ ਨਾਲ ਹੋਵੇਗੀ, ਜਿਸ ਵਿੱਚ ਪੰਜਾਬ ਭਰ ਦੇ 23 ਜ਼ਿਲ੍ਹਾ ਪੱਧਰੀ ਜੇਤੂ ਹਿੱਸਾ ਲੈਣਗੇ। ਪੂਰੇ ਮੁਕਾਬਲੇ ਦੌਰਾਨ ਆਪਣਾ ਰਜਿਸਟਰਡ ਮੋਬਾਇਲ ਨੰਬਰ ਆਪਣੇ ਕੋਲ ਚਾਲੂ ਰੱਖੋ, ਕਿਉਂਕਿ ਆਨਲਾਈਨ ਗੇੜਾਂ ਵਿੱਚ ਲੌਗ-ਇਨ ਕਰਨ ਅਤੇ ਹਿੱਸਾ ਲੈਣ ਲਈ ਇਸ ਦੀ ਲੋੜ ਪਵੇਗੀ।'ਪੰਜਾਬ ਦਾ ਕਰੋੜਪਤੀ' ਪ੍ਰੋਗਰਾਮ ਰਾਹੀਂ ਪੰਜਾਬ ਸਰਕਾਰ ਦਾ ਉਦੇਸ਼ ਇੱਕ ਅਜਿਹਾ ਸੂਬਾ ਪੱਧਰੀ ਮੰਚ ਤਿਆਰ ਕਰਨਾ ਹੈ, ਜੋ ਗਿਆਨ, ਪ੍ਰਤਿਭਾ ਅਤੇ ਇੱਛਾਵਾਂ ਨੂੰ ਢੁਕਵੇਂ ਮੌਕਿਆਂ ਅਤੇ ਮਾਣ-ਸਨਮਾਨ ਵਿੱਚ ਬਦਲਣ ਦਾ ਮਾਰਗ ਬਣੇ। ਇਸ ਪਹਿਲਕਦਮੀ ਦੀ ਕਲਪਨਾ ਪੰਜਾਬ ਦੀ ਨੌਜਵਾਨੀ ਦੇ ਉਜਵਲ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਹੈ, ਜੋ ਹਰ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਹਿੱਸਾ ਲੈਣ, ਮੁਕਾਬਲਾ ਕਰਨ ਅਤੇ ਸੂਬੇ ਦਾ ਅਗਲਾ ਕਰੋੜਪਤੀ ਬਣਨ ਦੀ ਇੱਛਾ ਰੱਖਣ ਅਤੇ ਇਸ ਨੂੰ ਸਾਕਾਰ ਕਰਨ ਦਾ ਮੌਕਾ ਦਿੰਦੀ ਹੈ।

ਦਸੰਬਰ ਅੰਦੋਲਨ 'ਚ ਸੀ ਪੀ ਆਈ ਇਤਿਹਾਸ ਸਿਰਜੇਗੀ : ਧਾਲੀਵਾਲ

- ਸੀ ਪੀ ਆਈ ਤਿੰਨ ਦਰਜਨ ਤੋਂ ਵੱਧ ਸੀਟਾਂ 'ਤੇ ਚੋਣ ਲੜੇਗੀ
- ਅਕਾਲੀ ਦਲ ਫਿਰਕਾਪ੍ਰਸਤ ਪਾਰਟੀ ਦਾ ਪੰਜਾਬ 'ਚ ਪੈਰ-ਧਰਾਵਾ ਕਰ ਰਿਹੈ

ਜਲੰਧਰ (ਗਿਆਨ ਸੈਦਪੁਰੀ)

'ਅਸੀਂ ਕਾਮਰੇਡ ਅਰਜਨ ਸਿੰਘ ਭਦੌੜ, ਜੰਗੀਰ ਸਿੰਘ ਜੋਗਾ, ਬਚਨ ਸਿੰਘ ਘੋਲੀਆ ਤੇ ਹੋਰ ਅਜਿਹੇ ਅਨੇਕਾਂ ਮਿਸਾਲੀ ਕਮਿਊਨਿਸਟ ਆਗੂਆਂ ਦੇ ਵਾਰਿਸ ਹਾਂ, ਜਿਨ੍ਹਾਂ ਨੇ ਪੰਜਾਬ ਅੰਦਰ ਸ਼ਾਨਦਾਰ ਇਤਿਹਾਸ ਸਿਰਜਿਆ। ਅਸੀਂ ਆਮ ਲੋਕਾਂ ਦੇ ਸੰਗੀ-ਸਾਥੀ ਹਾਂ। ਉਨ੍ਹਾਂ ਦੇ ਦਰਦ ਨੂੰ ਮਹਿਸੂਸ ਕਰਦੇ ਹਾਂ। ਲੋਕਾਂ ਅੰਦਰ ਬੇਝਿਜਕ ਜਾ ਸਕਦੇ ਹਾਂ। ਉਸੇ ਇਤਿਹਾਸ ਦੀ ਰੌਸ਼ਨੀ ਵਿੱਚ ਇੱਕ ਦਸੰਬਰ ਤੋਂ ਤਿੰਨ ਦਸੰਬਰ ਦੇ ਅੰਦੋਲਨ ਵਿੱਚ ਇੱਕ ਹੋਰ ਇਤਿਹਾਸ ਸਿਰਜਾਂਗੇ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕੀਤਾ। ਉਹ ਇਥੇ ਸਥਿਤ ਪਾਰਟੀ ਦਫ਼ਤਰ ਵਿਖੇ ਸੀ ਪੀ ਆਈ ਜਲੰਧਰ ਦੀ ਕਾਰਜਕਾਰਨੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਕਮਿਊਨਿਸਟ ਪਾਰਟੀ ਨੇ ਲਹੂਵੀਟਵੇਂ ਅੰਦੋਲਨਾਂ ਨਾਲ ਲੱਖਾਂ ਲੋਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਹਲ ਵਾਹਕਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕ ਬਣਾਉਣ ਦਾ ਇਤਿਹਾਸ ਕਮਿਊਨਿਸਟਾਂ ਦੇ ਨਾਂਅ 'ਤੇ ਹੈ। ਇਸ ਲਈ ਦਸੰਬਰ ਦੇ ਜੇਲ੍ਹ ਭਰੋ ਅੰਦੋਲਨ ਵਿੱਚ ਭਰਪੂਰ ਹਾਜ਼ਰੀ ਇੱਕ ਇਤਿਹਾਸਕ ਕਾਰਜ ਹੋਵੇਗਾ।





ਆਪਣੇ ਸੰਬੋਧਨ ਵਿੱਚ ਕਾਮਰੇਡ ਧਾਲੀਵਾਲ ਨੇ ਕੌਮਾਂਤਰੀ, ਕੌਮੀ ਤੇ ਸੂਬਾ ਪੱਧਰ ਦੇ ਬਹੁਤ ਸਾਰੇ ਮਾਮਲਿਆਂ ਦੀ ਚੀਰਫਾੜ ਕੀਤੀ। ਉਨ੍ਹਾ ਮੋਦੀ ਨੂੰ ਅਸਫ਼ਲ ਸਿਆਸਤਦਾਨ ਦੱਸਦਿਆਂ ਕਿਹਾ ਕਿ ਕਿਸੇ ਵੇਲੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਸਨਮਾਨਯੋਗ ਸਥਾਨ ਰਿਹਾ ਹੈ। ਮੋਦੀ ਸਰਕਾਰ ਦੇ ਤਿੰਨੋਂ ਕਾਰਜਕਾਲਾਂ ਵਿੱਚ ਦੇਸ਼ ਦੀ ਵਿਦੇਸ਼ ਨੀਤੀ ਬੁਰੀ ਤਰ੍ਹਾਂ ਫੇਲ੍ਹ ਰਹੀ ਹੈ। ਦੇਸ਼ ਹਮੇਸ਼ਾ ਫਲਸਤੀਨ ਦਾ ਸਾਥ ਦਿੰਦਾ ਰਿਹਾ। ਅਜੋਕੇ ਸਮਿਆਂ ਵਿੱਚ ਅਮਰੀਕਾ-ਇਜ਼ਰਾਈਲ ਵੱਲੋਂ ਫਲਸਤੀਨੀ ਲੋਕਾਂ 'ਤੇ ਕਹਿਰ ਢਾਹਿਆ ਗਿਆ, ਪਰ ਭਾਰਤ ਸਰਕਾਰ ਨੇ ਅੰਤਰਰਾਸ਼ਟਰੀ ਫਰਜ਼ਾਂ ਤੋਂ ਮੁਜਰਮਾਨਾ ਕੁਤਾਹੀ ਵਰਤੀ।

ਉਹਨਾ ਇਕ ਸਮਾਗਮ ਵਿੱਚ ਹੋਈ ਇਤਿਹਾਸਕ ਚਰਚਾ ਦੇ ਹਵਾਲੇ ਨਾਲ ਕਿਹਾ ਕਿ ਮੁਲਕ ਵਿੱਚ ਐਮਰਜੈਂਸੀ ਮੌਕੇ ਲੋਕਾਂ ਦੇ ਅਧਿਕਾਰ ਸਸਪੈਂਡ ਕੀਤੇ ਸਨ, ਪਰ ਮੌਜੂਦਾ ਕੇਂਦਰੀ ਹਾਕਮਾਂ ਨੇ ਅਧਿਕਾਰ ਖ਼ਤਮ ਕਰ ਦਿੱਤੇ। ਇਤਿਹਾਸ ਨੂੰ ਤੋੜ-ਮਰੋੜ ਕੇ ਉਸ ਵਿੱਚ ਮਨਮਰਜ਼ੀ ਦੀਆਂ ਮਨਘੜਤ ਕਹਾਣੀਆਂ ਜੋੜੀਆਂ ਜਾ ਰਹੀਆਂ ਹਨ। ਮੁਸਲਿਮ ਭਾਈਚਾਰੇ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ ਨਾਂਅ 'ਤੇ ਊਲ-ਜਲੂਲ ਧਾਰਨਾਵਾਂ ਨੂੰ ਪ੍ਰਚਾਰਿਆ ਜਾ ਰਿਹਾ ਹੈ। ਦੇਸ਼ ਅੰਦਰ ਇੱਕ-ਧਰੁਵੀ ਵਰਤਾਰਾ ਖ਼ਤਰਨਾਕ ਹੁੰਦਾ ਹੈ। ਕੇਂਦਰ ਸਰਕਾਰ ਵੱਲੋਂ ਇਹੋ ਕੁਝ ਕੀਤਾ ਜਾ ਰਿਹਾ ਹੈ। ਹਰ ਖੇਤਰ ਦੇ ਉਤਪਾਦਨ ਕਾਰਖਾਨਿਆਂ ਵਿੱਚ ਵਧੀ ਹੋਈ ਤਕਨੀਕ ਨਾਲ ਮਜ਼ਦੂਰ ਹੱਥਾਂ ਨੂੰ ਵਿਹਲਾ ਕੀਤਾ ਜਾ ਰਿਹਾ ਹੈ। ਉਦਯੋਗ ਨੂੰ ਮਜ਼ਦੂਰ ਰਹਿਤ ਕਰਨ ਦੇ ਨਾਲ-ਨਾਲ ਧਨਕੁਬੇਰਾਂ ਨੂੰ ਹੋਰ ਮਾਲਾਮਾਲ ਕੀਤਾ ਜਾ ਰਿਹਾ ਹੈ। ਕਾਮਰੇਡ ਧਾਲੀਵਾਲ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਮੋਦੀ ਦੇ ਨਾਂਅ ਦੀ ਧਾਰਨਾ ਖ਼ਤਮ ਹੋ ਗਈ ਹੈ। ਲੋਕ ਮਨਾਂ ਅੰਦਰ ਇਹ ਗੱਲ ਘਸੋੜੀ ਜਾ ਰਹੀ ਹੈ ਕਿ ਮੋਦੀ ਝੁਕਣ ਵਾਲੀ ਮਿੱਟੀ ਦਾ ਨਹੀਂ ਬਣਿਆ। ਲੋਕਾਂ ਨੇ ਦੇਖ ਲਿਆ ਹੈ ਕਿ ਦੇਸ਼ ਦੇ ਬਹਾਦਰ ਕਿਸਾਨਾਂ ਅੱਗੇ ਮੋਦੀ ਨੂੰ ਝੁਕਣਾ ਪਿਆ। ਨੀਟ ਦੇ ਮਾਮਲੇ 'ਚ ਨੌਜਵਾਨਾਂ ਨੇ ਮੋਦੀ ਨੂੰ ਝੁਕਣ ਲਈ ਮਜਬੂਰ ਕੀਤਾ। ਪਹਿਲਵਾਨ ਧੀਆ ਨੇ ਹਾਕਮਾਂ ਨੂੰ ਧੂੜ ਚਟਾਈ।

ਪੰਜਾਬ ਵਿੱਚ ਨੇੜੇ ਆ ਰਹੀਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿੱਚ ਸੂਬਾ ਸਕੱਤਰ ਨੇ ਕਿਹਾ ਕਿ ਸਮੇਂ ਦੀ ਜ਼ਰੂਰਤ ਹੈ ਕਿ ਇੱਥੇ ਖੱਬੀਆਂ ਧਿਰਾਂ ਦਾ ਏਕਾ ਹੋਵੇ। ਸੀ ਪੀ ਆਈ ਹਰ ਸੰਭਵ ਯਤਨ ਕਰੇਗੀ ਕਿ ਖੱਬੀਆਂ ਧਿਰਾਂ ਦਾ ਚੋਣ ਗਠਜੋੜ ਵੱਧ ਤੋਂ ਵੱਧ ਚੋਣਾਂ ਵਿੱਚ ਚੰਗੀ ਕਾਰਗੁਜ਼ਾਰੀ ਵਿਖਾਵੇ। ਉਹਨਾ ਕਿਹਾ ਕਿ ਸੀ ਪੀ ਆਈ 35-40 ਸੀਟਾਂ 'ਤੇ ਚੋਣ ਲੜੇਗੀ। ਪੰਜਾਬ ਸਰਕਾਰ ਦੀ ਗੱਲ ਕਰਦਿਆਂ ਕਾਮਰੇਡ ਧਾਲੀਵਾਲ ਨੇ ਕਿਹਾ ਕਿ ਪੰਜਾਬ ਅੰਦਰ 1000-1500 ਰੁਪਏ ਦੇਣ ਦਾ ਪ੍ਰਚਾਰ 'ਆਪ' ਦੀ ਬੇੜੀ ਪਾਰ ਨਹੀਂ ਲਾ ਸਕੇਗਾ। ਪੰਜਾਬ ਦੇ ਮਸਲੇ ਫੰਨ ਖਿਲਾਰੀ ਖੜੇ ਹਨ। ਨਸ਼ੇ ਨੂੰ ਖ਼ਤਮ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਦਾ ਨਾਅਰਾ ਬੇਅਸਰ ਨਜ਼ਰ ਆ ਰਿਹਾ ਹੈ।

ਪੰਜਾਬ ਵਿੱਚ ਅਕਾਲੀ-ਭਾਜਪਾ ਸੰਭਾਵੀ ਗੱਠਜੋੜ ਦੀ ਗੱਲ ਕਰਦਿਆਂ ਕਾਮਰੇਡ ਧਾਲੀਵਾਲ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਕਾਲੀ ਪੰਜਾਬ ਦੇ ਪਾਣੀਆਂ ਸਮੇਤ ਹੋਰ ਬਹੁਤ ਸਾਰੇ ਮਸਲਿਆਂ 'ਤੇ ਲੜਦੇ ਰਹੇ ਹਨ। ਇਸ ਦੇ ਨਾਲ ਇਹ ਗੱਲ ਵੀ ਸਭ ਦੇ ਸਾਹਮਣੇ ਹੈ ਕਿ ਅਕਾਲੀ ਦਲ ਕੁਰਸੀ ਦੀ ਹਵਸ ਵਿੱਚ

• ਬਾਕੀ ਸਫ਼ਾ 2 'ਤੇ

ਭਾਜਪਾ ਦਾ ਉਦੇਸ਼ ਪੂੰਜੀਪਤੀਆਂ ਨੂੰ ਫਾਇਦਾ ਪਹੁੰਚਾਉਣਾ : ਰਾਹੁਲ

ਹੈਦਰਾਬਾਦ (ਨਵਾਂ ਜ਼ਮਾਨਾ ਸਰਵਿਸ)

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਸਨਿੱਚਰਵਾਰ ਤਿਲੰਗਾਨਾ ਸਰਕਾਰ ਵੱਲੋਂ ਗਿੱਗ ਵਰਕਰਾਂ ਦੀ ਭਲਾਈ ਲਈ ਬਣਾਏ ਗਏ ਕਾਨੂੰਨ ਨੂੰ ਕਾਮਿਆਂ ਨੂੰ ਸਮਰਪਤ ਕਰਦਿਆਂ ਉਨ੍ਹਾਂ ਨੂੰ ਅਰਥ-ਵਿਵਸਥਾ ਦੀ ਨੀਂਹ ਅਤੇ ਤਰੱਕੀ ਵਿੱਚ ਭਾਈਵਾਲ ਦੱਸਿਆ। ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾ ਦੋਸ਼ ਲਾਇਆ ਕਿ ਭਾਜਪਾ-ਆਰ ਐੱਸ ਐੱਸ ਦੀ ਵਿਚਾਰਧਾਰਾ ਦਾ ਉਦੇਸ਼ ਅਡਾਨੀ ਤੇ ਅੰਬਾਨੀ ਵਰਗੇ ਵੱਡੇ ਪੂੰਜੀਪਤੀਆਂ ਨੂੰ ਫਾਇਦਾ ਪਹੁੰਚਾਉਣਾ ਹੈ, ਜਦੋਂ ਕਿ ਕਾਮਿਆਂ ਨਾਲ ਬੰਧੂਆ ਮਜ਼ਦੂਰਾਂ ਵਰਗਾ ਵਿਹਾਰ ਕੀਤਾ ਜਾ ਰਿਹਾ ਹੈ। ਰਾਹੁਲ ਗਾਂਧੀ, ਜਿਨ੍ਹਾ ਗਿੱਗ ਵਰਕਰਾਂ ਨੂੰ ਸੰਬੋਧਨ



ਕਰਨ ਤੋਂ ਪਹਿਲਾਂ ਇੱਥੇ ਉਨ੍ਹਾਂ ਨਾਲ ਇੱਕ ਬਾਈਕ ਰੈਲੀ ਵਿੱਚ ਹਿੱਸਾ ਲਿਆ, ਨੇ ਕਿਹਾ ਕਿ ਕਾਂਗਰਸ ਨੇ ਸੂਬਾ ਸਰਕਾਰ ਵੱਲੋਂ ਇਸ ਕਾਨੂੰਨ ਨੂੰ ਲਾਗੂ ਕਰਵਾ ਕੇ ਗਿੱਗ ਵਰਕਰਾਂ ਨੂੰ ਸਮਾਜਿਕ ਸੁਰੱਖਿਆ ਅਤੇ ਬਚਾਅ ਪ੍ਰਦਾਨ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕੀਤਾ ਹੈ। ਉਨ੍ਹਾ ਕਿਹਾ ਕਿ ਇਸ ਕਾਨੂੰਨ ਤਹਿਤ ਗਿੱਗ ਵਰਕਰ ਪੰਜ ਲੱਖ ਰੁਪਏ ਦੇ ਦੁਰਘਟਨਾ ਬੀਮੇ, 10 ਲੱਖ ਰੁਪਏ ਦੇ ਸਿਹਤ ਬੀਮੇ ਦੇ ਹੱਕਦਾਰ ਹੋਣਗੇ ਅਤੇ ਸਰਕਾਰ ਵੱਲੋਂ ਵਾਈ-ਫਾਈ ਸਹੂਲਤ ਵਾਲੇ ਆਰਾਮ ਘਰ (ਰੈਸਟ ਜ਼ੋਨ) ਮੁਹੱਈਆ ਕਰਵਾਏ ਜਾਣਗੇ। ਇਸ ਮੌਕੇ ਤਿਲੰਗਾਨਾ ਦੇ ਮੁੱਖ ਮੰਤਰੀ ਏ ਰੇਵੰਤ ਰੈਡੀ, ਉਨ੍ਹਾ ਦੇ ਕੈਬਨਿਟ ਸਹਿਯੋਗੀ ਅਤੇ ਹੋਰ ਕਾਂਗਰਸ ਆਗੂ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਰਾਹੁਲ ਗਾਂਧੀ ਵੱਲੋਂ ਆਪਣੀ 'ਭਾਰਤ ਜੋੜੋ ਯਾਤਰਾ' ਦੌਰਾਨ ਗਿੱਗ ਵਰਕਰਾਂ ਦੀਆਂ ਚਿੰਤਾਵਾਂ ਨੂੰ ਉਜਾਗਰ ਕਰਨ ਤੋਂ ਬਾਅਦ ਸੂਬਾ ਸਰਕਾਰ ਨੇ ਇਸ ਸਾਲ ਮਾਰਚ ਵਿੱਚ 'ਤਿਲੰਗਾਨਾ ਪਲੇਟਫਾਰਮ ਆਧਾਰਿਤ ਗਿੱਗ ਵਰਕਰਜ਼ (ਰਜਿਸਟਰੇਸ਼ਨ, ਸਮਾਜਿਕ ਸੁਰੱਖਿਆ ਅਤੇ ਭਲਾਈ) ਬਿੱਲ, 2026' ਪਾਸ ਕੀਤਾ ਸੀ।

ਸੰਵਿਧਾਨ ਤਬਾਹ ਕਰਨ ਵਾਲੇ ਨਹਿਰੂ 'ਤੇ ਕਰ ਰਹੇ ਨੇ ਹਮਲੇ : ਪ੍ਰਿਯੰਕਾ

ਨਵੀਂ ਦਿੱਲੀ (ਨਵਾਂ ਜ਼ਮਾਨਾ ਸਰਵਿਸ)-ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨੇ ਸਨਿੱਚਰਵਾਰ ਜਵਾਹਰ ਲਾਲ ਨਹਿਰੂ ਦੀ ਜੈਯੰਤੀ 'ਤੇ ਉਨ੍ਹਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਹ ਤੱਥ ਕਿ ਉਨ੍ਹਾ ਦੀ ਮੌਤ ਤੋਂ 60 ਸਾਲਾਂ ਬਾਅਦ ਵੀ ਸੰਵਿਧਾਨ ਅਤੇ ਲੋਕਤੰਤਰ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਵੱਲੋਂ ਉਨ੍ਹਾ 'ਤੇ ਅਜੇ ਵੀ ਹਮਲੇ ਕੀਤੇ ਜਾ ਰਹੇ ਹਨ, ਜੋ ਭਾਰਤ ਪ੍ਰਤੀ ਉਨ੍ਹਾ ਦੀ ਅਟੱਲ ਵਚਨਬੱਧਤਾ ਦਾ ਪ੍ਰਮਾਣ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਨੂੰ ਸ਼ਰਧਾਂਜਲੀ ਦਿੰਦਿਆਂ ਵਾਇਨਾਡ ਤੋਂ ਸੰਸਦ ਮੈਂਬਰ ਨੇ ਕਿਹਾ ਕਿ ਨਹਿਰੂ ਇੱਕ ਵਿਲੱਖਣ ਇਨਸਾਨ ਸਨ, ਇੱਕ ਕ੍ਰਾਂਤੀਕਾਰੀ, ਇੱਕ ਦੂਰਅੰਦੇਸ਼ੀ ਅਤੇ ਇੱਕ ਨਿਰਮਾਤਾ ਸਨ। ਉਨ੍ਹਾ ਨੇ 'ਐਕਸ' 'ਤੇ ਕਿਹਾ—ਸਾਡੇ ਦੇਸ਼ ਪ੍ਰਤੀ ਨਹਿਰੂ ਦਾ ਪਿਆਰ ਸਾਨੂੰ ਹਮੇਸ਼ਾ ਮਾਰਗਦਰਸ਼ਨ ਦਿੰਦਾ ਰਹੇਗਾ। ਨਹਿਰੂ ਦਾ ਜਨਮ 14 ਨਵੰਬਰ 1889 ਨੂੰ ਇਲਾਹਾਬਾਦ (ਹੁਣ ਪ੍ਰਯਾਗਰਾਜ) ਵਿੱਚ ਹੋਇਆ ਸੀ।



ਕੇਜਰੀਵਾਲ ਨੂੰ ਧਮਕੀ ਦੇਣ ਵਾਲਾ ਹਰਿਆਣਾ ਤੋਂ ਗ੍ਰਿਫ਼ਤਾਰ

ਮੁਹਾਲੀ : ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਧਮਕੀ ਦੇਣ ਦੇ ਮਾਮਲੇ ਵਿੱਚ ਪੰਜਾਬ ਪੁਲਸ ਨੇ ਹਰਿਆਣਾ ਦੇ ਰੋਹਤਕ ਤੋਂ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਕੋਮਲ ਉਰਫ਼ ਕੋਬਰਾ ਜਾਂਗੜਾ ਵਜੋਂ ਹੋਈ ਹੈ। ਪੁਲਸ ਨੇ ਸ਼ਨੀਵਾਰ ਨੂੰ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ। ਕੋਮਲ ਮੂਲ ਰੂਪ ਵਿੱਚ ਰੋਹਤਕ ਦੇ ਪਿੰਡ ਸਮਰਗੋਪਾਲਪੁਰ ਕਲਾਂ ਦਾ ਰਹਿਣ ਵਾਲਾ ਹੈ ਅਤੇ ਪਿਛਲੇ ਕੁਝ ਸਾਲਾਂ ਤੋਂ ਆਪਣੇ ਪਰਵਾਰ ਸਮੇਤ ਅੰਮ੍ਰਿਤ ਕਲੋਨੀ ਵਿੱਚ ਰਹਿ ਰਿਹਾ ਸੀ। ਮੁਲਜ਼ਮ ਰੋਹਤਕ ਦੇ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਕਲਰਕ ਵਜੋਂ ਤਾਇਨਾਤ ਸੀ, ਜਿਸ ਨੂੰ ਕਰੀਬ ਛੇ ਮਹੀਨੇ ਪਹਿਲਾਂ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਸੀ।

ਹਾਦਸੇ 'ਚ 3 ਚਚੇਰੇ ਭਰਾਵਾਂ ਦੀ ਮੌਤ



ਕੈਥਲ : ਹਰਿਆਣਾ ਦੇ ਕੈਥਲ ਵਿੱਚ ਕਾਰ ਵਿਚ ਘਰ ਪਰਤ ਰਹੇ 7 ਨੌਜਵਾਨਾਂ ਦੀ ਗੱਡੀ ਬੇਕਾਬੂ ਹੋ ਕੇ ਇੱਕ ਪੁਲ ਨਾਲ ਟਕਰਾ ਗਈ। ਹਾਦਸੇ ਵਿਚ 3 ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦ ਕਿ 4 ਨੌਜਵਾਨ ਗੰਭੀਰ ਜ਼ਖ਼ਮੀ ਹੋ ਗਏ। ਮ੍ਰਿਤਕ ਨੌਜਵਾਨ ਆਪਸ ਵਿਚ ਚਚੇਰੇ ਭਰਾ ਸਨ। ਇਹ ਦਰਦਨਾਕ ਹਾਦਸਾ ਸ਼ੁੱਕਰਵਾਰ ਦੇਰ ਰਾਤ ਹੋਇਆ। ਸਾਰੇ ਮ੍ਰਿਤਕ ਕਰੋੜਾ ਦੇ ਰਹਿਣ ਵਾਲੇ ਸਨ। ਹਾਦਸਾ ਏਨਾ ਭਿਆਨਕ ਸੀ ਕਿ ਕਾਰ ਦੇ ਪਰਖੱਚੇ ਉਡ ਗਏ। ਇਸ ਹਾਦਸੇ ਵਿੱਚ 22 ਸਾਲਾ ਅਜੈ ਕੁਮਾਰ, 20 ਸਾਲਾ ਨਵਦੀਪ ਅਤੇ 32 ਸਾਲਾ ਪ੍ਰਦੀਪ ਕੁਮਾਰ ਦੀ ਮੌਤ ਹੋ ਗਈ। ਸਾਹਿਲ, ਨਰਿੰਦਰ, ਗੌਰਵ ਅਤੇ ਅਰਜੁਨ ਗੰਭੀਰ ਜ਼ਖ਼ਮੀ ਹੋ ਗਏ ਅਤੇ ਹਸਪਤਾਲ ਵਿੱਚ ਇਲਾਜ ਅਧੀਨ ਹਨ।

ਵਿਸ਼ਵ ਦੀਆਂ ਨਜ਼ਰਾਂ ਟਰੰਪ, ਪੁਤਿਨ ਤੇ ਸ਼ੀ ਵਿਚਾਲੇ ਮੁਲਾਕਾਤ 'ਤੇ

ਵਾਸ਼ਿੰਗਟਨ (ਨਵਾਂ ਜ਼ਮਾਨਾ ਸਰਵਿਸ)

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਗਲੇ ਹਫ਼ਤੇ ਚੀਨ ਵਿੱਚ ਏਸ਼ੀਆ-ਪੈਸੀਫਿਕ ਇਕਨਾਮਿਕ ਕੋਆਪਰੇਸ਼ਨ ਸੰਮੇਲਨ ਦੇ ਨਾਲ-ਨਾਲ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਪਹਿਲੀ ਵਾਰ ਤਿੰਨ ਪੱਖੀ ਮੀਟਿੰਗ ਵਿੱਚ ਹਿੱਸਾ ਲੈਣ ਜਾ ਰਹੇ ਹਨ। ਮੀਡੀਆ ਰਿਪੋਰਟ ਅਨੁਸਾਰ ਸੀਨੀਅਰ ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਇਹਨਾਂ ਆਗੂਆਂ ਵਿਚਾਲੇ ਹੋਣ ਵਾਲੀ ਇਸ ਚਰਚਾ ਦਾ ਮੁੱਖ ਕੇਂਦਰ ਪਰਮਾਣੂ ਨਿਸ਼ਸਤਰੀਕਰਨ (ਪਰਮਾਣੂ ਹਥਿਆਰਾਂ ਵਿੱਚ ਕਟੌਤੀ) ਅਤੇ ਈਰਾਨ ਰਹਿਣ ਦੀ ਉਮੀਦ ਹੈ। ਇਹ ਮੀਟਿੰਗ ਤਿੰਨਾਂ ਪ੍ਰਮੁੱਖ ਸ਼ਕਤੀਆਂ ਦੇ ਆਗੂਆਂ ਵਿਚਕਾਰ ਇੱਕ ਬੇਮਿਸਾਲ ਸਾਂਝੀ ਸ਼ਮੂਲੀਅਤ ਹੋਵੇਗੀ, ਹਾਲਾਂ ਕਿ ਅਮਰੀਕੀ ਅਧਿਕਾਰੀਆਂ ਨੇ ਪਰਮਾਣੂ ਹਥਿਆਰਾਂ ਨੂੰ ਘਟਾਉਣ 'ਤੇ ਕਿਸੇ ਤੁਰੰਤ ਸਮਝੌਤੇ ਦੀਆਂ ਉਮੀਦ ਨਾ ਕਰਦਿਆਂ ਇਸ ਗੱਲਬਾਤ ਨੂੰ ਇੱਕ ਸ਼ੁਰੂਆਤੀ ਚਰਚਾ ਦੱਸਿਆ ਹੈ। ਵ੍ਹਾਈਟ ਹਾਊਸ ਦੀ ਬੁਲਾਰਾ ਓਲੀਵੀਆ ਵੇਲਜ਼ ਨੇ ਕਿਹਾ ਕਿ ਮੀਟਿੰਗ ਦੌਰਾਨ ਟਰੰਪ



ਆਪਣੇ ਹਮਰੁਤਬਾ ਆਗੂਆਂ ਨਾਲ ਵਿਸ਼ਵ ਪੱਧਰ 'ਤੇ ਪਰਮਾਣੂ ਹਥਿਆਰਾਂ ਨੂੰ ਘਟਾਉਣ ਬਾਰੇ ਚਰਚਾ ਕਰਨ ਦਾ ਇਰਾਦਾ ਰੱਖਦੇ ਹਨ ਅਤੇ ਉਨ੍ਹਾ ਪਰਮਾਣੂ ਪਸਾਰ ਨੂੰ ਇੱਕ ਖ਼ਤਰਨਾਕ ਘਟਨਾਕ੍ਰਮ ਦੱਸਿਆ ਹੈ। ਵੇਲਜ਼ ਨੇ ਕਿਹਾ, 'ਰਾਸ਼ਟਰਪਤੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਹੋਰ ਵਿਸ਼ਿਆਂ ਦੇ ਨਾਲ-ਨਾਲ ਉਹ ਦੁਨੀਆ ਵਿੱਚ ਪਰਮਾਣੂ ਹਥਿਆਰਾਂ ਨੂੰ ਘਟਾਉਣ ਬਾਰੇ ਚਰਚਾ ਕਰਨਗੇ।' ਇੱਕ ਸੀਨੀਅਰ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਇਸ ਤਿੰਨ-ਪੱਖੀ ਮੀਟਿੰਗ ਤੋਂ ਕਿਸੇ ਠੋਸ ਸਮਝੌਤੇ ਦੀ ਉਮੀਦ ਨਹੀਂ, ਪਰ ਉਹ ਇਸ ਨੂੰ ਉਚ ਪੱਧਰ 'ਤੇ ਚਰਚਾ ਸ਼ੁਰੂ ਕਰਨ ਦੇ ਇੱਕ ਮੌਕੇ ਵਜੋਂ ਦੇਖਦਾ ਹੈ।

ਪੁਰਾਣੇ ਆਗੂ ਅਕਾਲੀ ਦਲ ਨਾਲ ਗੱਠਜੋੜ ਦੇ ਖ਼ਿਲਾਫ਼ : ਗਰੇਵਾਲ

ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)

ਅਕਾਲੀਆਂ ਨਾਲ ਗਠਜੋੜ ਦੇ ਵਿਰੋਧ ਵਿੱਚ ਇੱਕ ਵੱਡੀ ਆਵਾਜ਼ ਬੁਲੰਦ ਕਰਦਿਆਂ ਭਾਜਪਾ ਦੇ ਸੀਨੀਅਰ ਆਗੂ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਪੰਜਾਬ ਵਿੱਚ ਪਾਰਟੀ ਦੇ ਟਕਸਾਲੀ (ਪੁਰਾਣੇ) ਆਗੂ ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਗਠਜੋੜ ਕਰਨ ਦੇ ਹੱਕ ਵਿੱਚ ਨਹੀਂ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਰੇਵਾਲ ਨੇ ਕਿਹਾ ਕਿ ਇਸ ਬਾਰੇ ਫ਼ੈਸਲਾ ਪਾਰਟੀ ਹਾਈਕਮਾਂਡ ਵੱਲੋਂ ਲਿਆ ਜਾਵੇਗਾ ਅਤੇ ਹੇਠਲੇ ਪੱਧਰ 'ਤੇ ਕਿਸੇ ਦਾ ਵੀ ਇਸ ਵਿੱਚ ਕੋਈ ਦਖ਼ਲ ਨਹੀਂ ਹੈ।

ਉਨ੍ਹਾ ਦੀ ਇਹ ਟਿੱਪਣੀ ਉਨ੍ਹਾ ਅਟਕਲਾਂ ਦੇ ਵਿਚਕਾਰ ਆਈ ਹੈ ਕਿ ਸਾਬਕਾ ਸਹਿਯੋਗੀ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਜਲਦੀ ਹੀ ਇਕੱਠੇ ਹੋ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ 2020 ਵਿੱਚ ਕੇਂਦਰ ਦੇ ਖੇਤੀ ਕਾਨੂੰਨਾਂ ਦੇ ਮੁੱਦੇ 'ਤੇ ਐੱਨ ਡੀ ਏ ਤੋਂ ਬਾਹਰ ਹੋ ਗਿਆ ਸੀ, ਜਿਸ ਨਾਲ 1990 ਦੇ ਦਹਾਕੇ ਦੇ ਅਖੀਰ ਤੋਂ ਚੱਲੀ ਆ ਰਹੀ ਭਾਈਵਾਲੀ ਖ਼ਤਮ ਹੋ ਗਈ ਸੀ। ਗਰੇਵਾਲ ਨੇ ਮੰਨਿਆ ਕਿ ਪਾਰਟੀ ਦੇ ਅੰਦਰ ਦੋ ਤਰ੍ਹਾਂ ਦੇ ਵਿਚਾਰ ਚੱਲ ਰਹੇ ਹਨ। ਆਮ ਲੋਕ ਅਤੇ ਦੂਜੀਆਂ ਪਾਰਟੀਆਂ ਤੋਂ ਸ਼ਾਮਲ ਹੋਏ ਕੁਝ ਭਾਜਪਾ ਆਗੂ ਮੰਨਦੇ ਹਨ ਕਿ ਚੋਣਾਂ ਜਿੱਤਣ ਲਈ ਗਠਜੋੜ ਦੀ ਲੋੜ ਹੈ, ਪਰ ਪਾਰਟੀ ਦੀ ਕੋਰ ਟੀਮ, ਉਹ ਪੁਰਾਣੇ ਵਰਕਰ, ਜੋ 40 ਤੋਂ 50 ਸਾਲਾਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ, ਕੋਈ ਗਠਜੋੜ ਨਹੀਂ ਚਾਹੁੰਦੇ। ਗਰੇਵਾਲ ਨੇ ਕਿਹਾ,




'ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਪੰਜਾਬ ਵਿੱਚ ਰਾਸ਼ਟਰਵਾਦੀ ਵਿਚਾਰਧਾਰਾ ਪ੍ਰਫੁੱਲਤ ਹੋਣੀ ਚਾਹੀਦੀ ਹੈ।' ਉਨ੍ਹਾ ਦਲੀਲ ਦਿੱਤੀ ਕਿ ਇਹ ਉਦੋਂ ਹੀ ਸੰਭਵ ਹੋਵੇਗਾ, ਜੇਕਰ ਆਰ ਐੱਸ ਐੱਸ ਅਤੇ ਭਾਜਪਾ ਸੂਬੇ ਦੇ ਸਾਰੇ ਵਰਗਾਂ ਅਤੇ ਖੇਤਰਾਂ ਵਿੱਚ ਕੰਮ ਕਰਨਗੇ, ਜਿਸ ਨਾਲ ਪੰਜਾਬ ਰਾਸ਼ਟਰੀ ਮੁੱਖ ਧਾਰਾ ਨਾਲ ਜੁੜਿਆ ਰਹੇਗਾ। ਉਨ੍ਹਾ ਕਿਹਾ ਕਿ ਸੱਤਾ ਭਾਵੇਂ ਕਿਸੇ ਕੋਲ ਵੀ ਹੋਵੇ, ਇਹ ਵਿਚਾਰਧਾਰਾ ਮਜ਼ਬੂਤ ਰਹਿਣੀ ਚਾਹੀਦੀ ਹੈ। ਗਰੇਵਾਲ ਨੇ ਕਿਹਾ ਕਿ ਭਾਜਪਾ ਵਰਕਰਾਂ ਨੇ ਕਈ ਸਾਲਾਂ ਤੱਕ ਸਖ਼ਤ ਮਿਹਨਤ ਕੀਤੀ ਹੈ, ਪਰ ਇਹ ਗੱਠਜੋੜ ਪਾਰਟੀ ਲਈ ਨੁਕਸਾਨਦੇਹ ਸਾਬਤ ਹੋ ਸਕਦਾ ਹੈ।

'ਆਤਮ-ਨਿਰੀਖਣ ਕਰੋ, ਉਪਦੇਸ਼ ਦੇਣੇ ਬੰਦ ਕਰੋ'

ਵਾਸ਼ਿੰਗਟਨ (ਨਵਾਂ ਜ਼ਮਾਨਾ ਸਰਵਿਸ)

ਭਾਰਤੀ ਰਾਜਦੂਤ ਵਿਨੈ ਮੋਹਨ ਕਵਾਤਰਾ ਨੇ ਅਮਰੀਕਾ ਦੀ ਇੱਕ ਸਲਾਹਕਾਰ ਸੰਸਥਾ ਨੂੰ ਕਿਹਾ ਹੈ ਕਿ ਉਹ ਆਪਣੇ ਖੁਦ ਦੇ ਪੱਖਪਾਤਾਂ 'ਤੇ ਆਤਮ-ਚਿੰਤਨ ਕਰੇ ਅਤੇ ਦੂਜਿਆਂ ਨੂੰ ਨਸੀਹਤਾਂ ਦੇਣੀਆਂ ਬੰਦ ਕਰੇ। ਇਹ ਟਿੱਪਣੀ ਉਦੋਂ ਆਈ ਹੈ, ਜਦੋਂ ਇਸ ਸੰਸਥਾ ਨੇ ਭਾਰਤ ਵਿੱਚ ਕਥਿਤ ਤੌਰ 'ਤੇ ਧਾਰਮਿਕ ਆਧਾਰ 'ਤੇ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ 'ਤੇ ਸਵਾਲ ਚੁੱਕੇ ਹਨ। ਕਵਾਤਰਾ ਵੱਲੋਂ ਦਿੱਤਾ ਗਿਆ ਇਹ ਕਰਾਰਾ ਜਵਾਬ ਉਦੋਂ ਸਾਹਮਣੇ ਆਇਆ, ਜਦੋਂ 'ਯੂ ਐੱਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ' ਨੇ 'ਐੱਕਸ' 'ਤੇ



ਸ਼ਰਜੀਲ ਇਮਾਮ ਬਾਰੇ ਪੋਸਟ ਪਾਉਂਦੇ ਹੋਏ ਉਸ ਨੂੰ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਵਕਾਲਤ ਕਰਨ ਕਾਰਨ ਹਿਰਾਸਤ ਵਿੱਚ ਲਿਆ ਗਿਆ ਇੱਕ ਮੁਸਲਮਾਨ ਵਿਅਕਤੀ ਦੱਸਿਆ।

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਇਮਾਮ ਵਿਰੁੱਧ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਸ 'ਤੇ ਫਰਵਰੀ 2020 ਦੇ ਦੰਗਿਆਂ ਦੇ ਮੁੱਖ ਸਾਜ਼ਿਸ਼ਕਰਤਾਵਾਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹਨ; ਇਨ੍ਹਾਂ ਦੰਗਿਆਂ ਵਿੱਚ 53 ਲੋਕਾਂ ਦੀ ਮੌਤ ਹੋ ਗਈ ਸੀ ਅਤੇ 700 ਤੋਂ ਵੱਧ ਲੋਕ ਜ਼ਖ਼ਮੀ ਹੋਏ ਸਨ।

ਤਕਨੀਕੀ ਖਰਾਬੀ ਕਾਰਨ ਉਡਾਣਾਂ ਰੋਕੀਆਂ, ਲੱਖਾਂ ਯਾਤਰੀ ਪ੍ਰਭਾਵਤ

ਵਾਸ਼ਿੰਗਟਨ (ਨਵਾਂ ਜ਼ਮਾਨਾ ਸਰਵਿਸ)

ਟਰੰਪ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਦੱਸਿਆ ਕਿ ਦੇਸ਼ ਦੇ ਏਅਰ ਟਰੈਫਿਕ ਕੰਟਰੋਲ ਸਿਸਟਮ ਵਿੱਚ ਜੋੜੀ ਜਾ ਰਹੀ ਨਵੀਂ ਤਕਨੀਕ ਨੇ ਪੁਰਾਣੇ ਸਿਸਟਮ 'ਤੇ ਵਾਧੂ ਬੋਝ (ਓਵਰਲੋਡ) ਪਾ ਦਿੱਤਾ, ਜਿਸ ਕਾਰਨ ਸੰਚਾਰ ਅਤੇ ਰਡਾਰ ਸੇਵਾਵਾਂ ਵਿੱਚ ਰੁਕਾਵਟ ਆਈ ਤੇ ਪਿਛਲੇ 25 ਸਾਲਾਂ ਵਿੱਚ ਦੇਸ਼ ਭਰ ਵਿੱਚ ਸਭ ਤੋਂ ਲੰਮੇ ਸਮੇਂ ਤੱਕ ਉਡਾਣਾਂ ਰੋਕਣੀਆਂ ਪਈਆਂ। ਅਮਰੀਕਾ ਦੇ ਹਵਾਈ ਅੱਡਿਆਂ ਤੋਂ ਜ਼ਿਆਦਾਤਰ ਉਡਾਣਾਂ ਨੂੰ ਉਡਾਣ ਭਰਨ ਤੋਂ ਰੋਕੇ ਜਾਣ ਦੇ ਪੰਜ ਘੰਟਿਆਂ ਬਾਅਦ ਸ਼ੁੱਕਰਵਾਰ ਰਾਤ ਨੂੰ ਇਹ ਰੋਕ ਹਟਾ ਲਈ ਗਈ। ਇਸ ਕਾਰਨ ਪੂਰੇ ਦੇਸ਼ ਵਿੱਚ ਹਜ਼ਾਰਾਂ ਉਡਾਣਾਂ ਤੇ ਸੰਭਾਵੀ ਤੌਰ 'ਤੇ 10 ਲੱਖ ਤੋਂ ਵੱਧ ਯਾਤਰੀ ਪ੍ਰਭਾਵਤ ਹੋਏ। ਵ੍ਹਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਮਲੈਂਡ ਸਕਿਓਰਿਟੀ ਸਕੱਤਰ ਮਾਰਕਵੇਨ ਮੁਲਿਨ ਨੇ ਕਿਹਾ ਕਿ ਕੋਈ ਵੀ ਖ਼ਤਰੇ ਵਿੱਚ ਨਹੀਂ ਸੀ, ਕਿਉਂਕਿ 3,000 ਤੋਂ ਵੱਧ ਉਡਾਣਾਂ ਨੂੰ ਸੁਰੱਖਿਅਤ ਉਤਾਰ ਲਿਆ ਗਿਆ ਸੀ, ਪਰ ਟਰਾਂਸਪੋਰਟ ਸਕੱਤਰ ਸੀਨ ਡੱਫੀ ਨੇ ਕਿਹਾ ਕਿ ਉਹ ਇਸ ਗੱਲ ਦੀ ਗਰੰਟੀ ਨਹੀਂ ਦੇ ਸਕਦੇ ਕਿ ਅਜਿਹਾ ਦੁਬਾਰਾ ਨਹੀਂ ਹੋਵੇਗਾ। ਮੁਲਿਨ ਨੇ ਸਪੱਸ਼ਟ ਕੀਤਾ ਕਿ ਫੈਡਰਲ ਏਵੀਏਸ਼ਨ ਐਡਮਨਿਸਟਰੇਸ਼ਨ ਨਵਾਂ ਉਪਕਰਨ ਅਤੇ ਨਵੀਂ ਤਕਨੀਕ ਲਗਾ ਰਿਹਾ ਸੀ, ਜਿਸ ਨੇ ਪੁਰਾਣੇ ਸਿਸਟਮ ਨੂੰ ਪ੍ਰਭਾਵਤ ਕੀਤਾ ਅਤੇ ਇਸ ਵਿੱਚ ਸਾਈਬਰ ਹਮਲੇ ਜਾਂ ਕਿਸੇ ਸ਼ਰਾਰਤੀ ਕਾਰਵਾਈ ਦਾ ਕੋਈ ਸੰਕੇਤ ਨਹੀਂ ਮਿਲਿਆ। ਉਡਾਣਾਂ ਰੁਕਣ ਵੇਲੇ ਅਸਮਾਨ ਵਿੱਚ 3500 ਜਹਾਜ਼ ਸਨ, ਜੋ ਬਾਅਦ ਵਿੱਚ ਘਟ ਕੇ 400 ਤੋਂ ਵੀ ਘੱਟ ਰਹਿ ਗਏ। ਇਸ ਸੰਕਟ ਕਾਰਨ ਸ਼ਿਕਾਗੋ ਦੇ ਓ'ਹਾਇਅਰ ਸਮੇਤ ਕਈ ਪ੍ਰਮੁੱਖ ਹਵਾਈ ਅੱਡਿਆਂ 'ਤੇ ਹਜ਼ਾਰਾਂ ਯਾਤਰੀ ਫਸ ਗਏ।

ਕਾਰ ਚੋਰੀ ਕਰਨ ਦੇ ਮਾਮਲੇ 'ਚ ਪੰਜਾਬੀ ਗ੍ਰਿਫ਼ਤਾਰ

ਵੈਨਕੂਵਰ : ਸਰੀ ਪੁਲਸ ਨੇ ਕੁਝ ਦਿਨ ਪਹਿਲਾਂ 181 ਸਟਰੀਟ 'ਤੇ 96 ਐਵੇਨਿਊ ਸਥਿਤ ਘਰ 'ਚ ਜਬਰੀ ਦਾਖਲ ਹੋ ਕੇ ਕਾਰ ਚੋਰੀ ਕਰਨ ਵਾਲੇ ਨੂੰ ਗ੍ਰਿਫਤਾਰ ਕਰ ਲਿਆ, ਜਿਸ ਦੀ ਪਛਾਣ ਸ਼ੇਰ ਏ ਪਰਤਾਪ ਸਿੰਘ ਹੁੰਦਲ (21) ਵਜੋਂ ਕੀਤੀ ਗਈ ਹੈ।

ਸਰੀ ਪੁਲਸ ਦੇ ਬੁਲਾਰੇ ਅਲੀ ਗੈਲਸ ਨੇ ਦੱਸਿਆ ਕਿ ਮੁਲਜ਼ਮ ਘਰ ਦਾ ਦਰਵਾਜ਼ਾ ਤੋੜ ਕੇ ਦਾਖਲ ਹੋਇਆ ਤੇ ਉਥੇ ਖੜੀ ਕਾਰ ਲੈ ਕੇ ਫਰਾਰ ਹੋ ਗਿਆ। ਪੁਲਸ ਵਲੋਂ ਇਹ ਮਾਮਲਾ ਮੇਜਰ ਕਰਾਈਮ ਸੈਕਸ਼ਨ ਨੂੰ ਸੌਂਪਿਆ ਗਿਆ, ਜਿਸ ਦੇ ਜਾਂਚ ਕਰਤਾਵਾਂ ਨੇ ਕੁਝ ਦਿਨਾਂ ਬਾਅਦ ਮੁਲਜ਼ਮ ਦੀ ਪਛਾਣ ਕੀਤੀ ਤੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ।

ਅੱਜ-ਨਾਮਾ

ਲੀਡਰ ਇੱਕ ਕੋਈ ਯਾਤਰਾ ਲੈ ਤੁਰਿਆ,
ਲੱਗਿਆ ਦੂਜਾ ਹੈ ਕਰਨ ਐਲਾਨ ਮੀਆਂ।
ਇੱਕੋ ਹੀ ਪਾਰਟੀ ਦੇ ਚੱਲ ਪਏ ਦੋ ਆਗੂ,
ਲੱਗ ਪਏ ਮੱਲਣ ਨੇ ਚੋਣ ਮੈਦਾਨ ਮੀਆਂ।
ਦੂਸਰੀ ਪਾਰਟੀ ਝਟਾਪਟ ਲਾਈ ਮੀਟਿੰਗ,
ਬਾਹਲੇ ਕੀਤੇ ਨਾ ਲੰਮੇ ਵਖਿਆਨ ਮੀਆਂ।
ਤੀਜੀ ਪਾਰਟੀ ਝਟਪਟ ਐਲਾਨ ਕਰਿਆ,
ਵੱਖਰੀ ਹੋਰਨਾਂ ਤੋਂ ਨਿਕਲੀ ਤਾਨ ਮੀਆਂ।
ਕਹਿੰਦੇ ਲੋੜ ਨਹੀਂ ਯਾਤਰਾ ਰੈਲੀਆਂ ਦੀ,
ਅਸੀਂ ਤਾਂ ਕੱਢਾਂਗੇ ਰੋਡ ਦਾ ਸ਼ੋਅ ਮੀਆਂ।
ਪਾਰਟੀ ਚੌਥੀ ਆ ਮੀਟਿੰਗਾਂ ਕਰਨ ਰੁੱਝੀ,
ਰੱਖੇ ਬੂਹੇ ਸਭ ਪੂਰੀ ਤਰ੍ਹਾਂ ਢੋਅ ਮੀਆਂ।

-ਤੀਸ ਮਾਰ ਖਾਂ

ਨਿਆਂ ਪਾਲਿਕਾ ਖੁਦਮੁਖਤਿਆਰ ਨਾ ਰਹੀ ਤਾਂ ਲੋਕਤੰਤਰ ਖਤਰੇ 'ਚ ਪੈ ਜਾਵੇਗਾ : ਰੇਖਾ ਸ਼ਰਮਾ

ਲੁਧਿਆਣਾ (ਐੱਮ ਐੱਸ ਭਾਟੀਆ)

ਇੰਡੀਅਨ ਐਸੋਸੀਏਸ਼ਨ ਆਫ਼ ਲਾਇਰਜ਼ ਪੰਜਾਬ ਵੱਲੋਂ ਵਕੀਲਾਂ ਅਤੇ ਨਿਆਂ ਪਾਲਿਕਾ ਦੀਆਂ ਮੌਜੂਦਾ ਪ੍ਰਸਥਿਤੀਆਂ ਵਿੱਚ ਭੂਮਿਕਾ ਬਾਰੇ ਇੱਕ ਸੈਮੀਨਾਰ ਜੀ ਐੱਸ ਫਾਊਂਡੇਸ਼ਨ ਕਾਲਜ ਆਫ਼ ਲਾਅ, ਪਿੰਡ ਬੀਰਮੀ, ਲੁਧਿਆਣਾ ਵਿਖੇ ਕੀਤਾ ਗਿਆ। ਪਿਛਲੇ ਕੁਝ ਸਾਲਾਂ ਤੋਂ ਜਿਸ ਢੰਗ ਦੇ ਨਾਲ ਨਿਆਂ ਪਾਲਿਕਾ 'ਤੇ ਦਬਾਓ ਪਾਇਆ ਜਾ ਰਿਹਾ ਹੈ ਤੇ ਸੁਪਰੀਮ ਕੋਰਟ ਦੇ ਅਜ਼ਾਦਾਨਾ ਫੈਸਲੇ ਲੈਣ ਦੀ ਤਾਕਤ ਨੂੰ ਦਬਾਇਆ ਜਾ ਰਿਹਾ ਹੈ, ਦੇ ਸੰਦਰਭ ਵਿੱਚ ਇਸ ਸੈਮੀਨਾਰ ਦਾ ਅਜੋਕੇ ਸਮੇਂ ਵਿੱਚ ਮਹੱਤਵ ਬਹੁਤ ਜ਼ਿਆਦਾ ਹੈ।ਇਹ ਗੱਲ ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਸ੍ਰੀਮਤੀ ਰੇਖਾ ਸ਼ਰਮਾ, ਜੋ ਇਸ ਸੈਮੀਨਾਰ ਦੇ ਵਿੱਚ ਉਚੇਚੇ ਤੌਰ 'ਤੇ ਪ੍ਰਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ, ਨੇ ਬੋਲਦਿਆਂ ਹੋਇਆਂ ਕਹੀ। ਜਸਟਿਸ ਸ਼ਰਮਾ ਨੇ ਬਸਤੀਵਾਦੀ ਸ਼ਾਸਨ ਵਿਰੁੱਧ ਭਾਰਤੀ ਆਜ਼ਾਦੀ ਸੰਗਰਾਮ ਵਿੱਚ ਵਕੀਲਾਂ ਦੇ ਯੋਗਦਾਨ ਅਤੇ ਕੁਰਬਾਨੀਆਂ ਬਾਰੇ ਗੱਲ ਕੀਤੀ। ਉਨ੍ਹਾ ਸਮਾਜ ਨੂੰ ਬਦਲਣ ਅਤੇ ਸੰਵਿਧਾਨ ਵਿੱਚ ਦਰਜ ਨਾਗਰਿਕਾਂ ਦੇ ਜਮਹੂਰੀ ਅਧਿਕਾਰਾਂ ਦੀ ਰਾਖੀ ਵਿੱਚ ਵਕੀਲਾਂ ਦੀ ਭੂਮਿਕਾ ਨੂੰ ਰੇਖਾਂਕਿਤ ਕਰਨ ਲਈ ਲਾਲਾ ਲਾਜਪਤ ਰਾਏ ਅਤੇ ਮਹਾਤਮਾ ਗਾਂਧੀ ਦਾ ਹਵਾਲਾ ਦਿੱਤਾ। ਜਸਟਿਸ ਸ਼ਰਮਾ ਨੇ ਅਫਸੋਸ ਪ੍ਰਗਟ ਕੀਤਾ ਕਿ ਸਾਡੀਆਂ ਸੰਵਿਧਾਨਕ ਅਦਾਲਤਾਂ, ਖਾਸ ਕਰਕੇ ਸੁਪਰੀਮ ਕੋਰਟ ਲੋਕਾਂ ਦੇ ਇਨ੍ਹਾਂ ਜਮਹੂਰੀ ਅਤੇ ਨਾਗਰਿਕ ਅਧਿਕਾਰਾਂ ਦੀ ਰਾਖੀ ਕਰਨ ਵਿੱਚ ਅਸਫਲ ਰਹੀਆਂ ਹਨ। ਉਨ੍ਹਾ ਵਿਸ਼ੇਸ਼ ਤੌਰ 'ਤੇ ਸੁਪਰੀਮ ਕੋਰਟ ਵੱਲੋਂ ਕਰੋੜਾਂ ਨਾਗਰਿਕਾਂ ਦੇ ਵੋਟਿੰਗ ਅਧਿਕਾਰ ਦੀ ਰਾਖੀ ਕਰਨ ਵਿੱਚ ਅਸਫਲ ਰਹਿਣ ਦਾ ਜ਼ਿਕਰ ਕੀਤਾ, ਜਿਨ੍ਹਾਂ ਦੇ ਨਾਂਅ ਦੇਸ਼ ਵਿੱਚ ਵੋਟਰ ਸੂਚੀਆਂ ਤੋਂ ਬਹੁਤ ਹੀ ਮਨਮਾਨੇ ਅਤੇ ਗੈਰ-ਕਾਨੂੰਨੀ ਢੰਗ ਨਾਲ ਐੱਸ ਆਈ ਆਰ ਦੇ ਨਾਂਅ 'ਤੇ ਹਟਾ ਦਿੱਤੇ ਗਏ ਹਨ। ਜਸਟਿਸ ਸ਼ਰਮਾ ਨੇ ਜ਼ੋਰ ਦੇ ਕੇ ਕਿਹਾ ਕਿ ਜੇਕਰ ਨਿਆਂ ਪਾਲਿਕਾ ਦੀ ਆਜ਼ਾਦੀ ਦਾਅ 'ਤੇ ਹੈ ਤਾਂ ਕੋਈ ਲੋਕਤੰਤਰ ਅਤੇ ਕਾਨੂੰਨ ਦਾ ਰਾਜ ਨਹੀਂ ਹੈ।ਇੰਡੀਅਨ ਲਾਇਰਜ਼ ਐਸੋਸੀਏਸ਼ਨ (ਆਈ ਐੱਲ ਏ) ਦੇ ਕੌਮੀ ਪ੍ਰਧਾਨ ਸੁਪਰੀਮ ਕੋਰਟ ਦੇ ਜਾਣੇ-ਪਛਾਣੇ ਐਡਵੋਕੇਟ ਆਰ ਐੱਸ ਚੀਮਾ ਨੇ ਇਸੇ ਗੱਲ ਨੂੰ ਅੱਗੇ ਵਧਾਉਂਦੇ ਹੋਏ ਕਿਹਾ ਕਿ ਕੇਵਲ ਸੁਪਰੀਮ ਕੋਰਟ ਹੀ ਨਹੀਂ ਹੇਠਲੇ ਪੱਧਰ 'ਤੇ ਜੱਜਾਂ ਨੂੰ ਦਬਾਅ ਹੇਠ ਕੰਮ ਕਰਨਾ ਪੈਂਦਾ ਹੈ। ਬੜੇ ਦੁੱਖ ਦੀ ਗੱਲ ਹੈ ਕਿ ਅੱਜ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਵਿਅਕਤੀਆਂ ਲਈ ਕਾਨੂੰਨੀ ਤੌਰ 'ਤੇ ਇਨਸਾਫ ਲੈਣਾ ਬਹੁਤ ਹੀ ਔਖਾ ਹੋ ਗਿਆ ਹੈ। ਇਸ ਮਾਮਲੇ ਵਿੱਚ ਕਈ ਜ਼ਰੂਰੀ ਕਦਮ ਚੁੱਕਣੇ ਪੈਣਗੇ ਤੇ ਉਸ ਵਰਗ ਦੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦਿਵਾਉਣਾ ਸਾਡੇ ਵਰਗੀਆਂ ਸੰਸਥਾਵਾਂ ਦਾ ਮਹੱਤਵਪੂਰਨ ਕੰਮ ਬਣਦਾ ਹੈ। ਇਸ ਤੋਂ ਪਹਿਲਾਂ ਸੰਸਥਾ ਦੇ ਜਨਰਲ ਸਕੱਤਰ ਐਡਵੋਕੇਟ ਜਸਪਾਲ ਸਿੰਘ ਦੱਪੜ ਨੇ

ਮੋਦੀ ਸਰਕਾਰ ਨੇ ਸੰਵਿਧਾਨਕ ਕਦਰਾਂ-ਕੀਮਤਾਂ ਦਾ ਘਾਣ ਕੀਤਾ : ਚੀਮਾ



• ਬਾਕੀ ਸਫ਼ਾ 2 'ਤੇ

ਸ਼ਹੀਦੀ ਜੋੜ ਮੇਲੇ ਮੌਕੇ ਪੁਖਤਾ ਪ੍ਰਬੰਧ ਕੀਤੇ ਜਾਣਗੇ : ਮਾਨ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਪੁਲਸ ਅਤੇ ਸਿਵਲ ਪ੍ਰਸ਼ਾਸਨ ਨੂੰ ਆਗਾਮੀ ਸ਼ਹੀਦੀ ਜੋੜ ਮੇਲੇ ਦੌਰਾਨ ਸ੍ਰੀ ਫਤਿਹਗੜ੍ਹ ਸਾਹਿਬ ਆਉਣ ਵਾਲੀ ਸੰਗਤ ਲਈ ਵਿਆਪਕ ਪ੍ਰਬੰਧ ਕਰਨ ਦੀ ਹਦਾਇਤ ਕੀਤੀ। ਉਨ੍ਹਾ ਕਿਹਾ ਕਿ ਸੂਬਾ ਸਰਕਾਰ ਸ਼ਹੀਦੀ ਜੋੜ ਮੇਲੇ ਨੂੰ ਸ਼ਾਂਤਮਈ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਤਿਆਰੀਆਂ ਦਾ ਜਾਇਜ਼ਾ ਲੈਣ ਲਈ ਇੱਕ ਉਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ—ਸ਼ਹੀਦੀ ਜੋੜ ਮੇਲਾ ਸਿਰਫ਼ ਇੱਕ ਸਾਲਾਨਾ ਧਾਰਮਿਕ ਇਕੱਠ ਹੀ ਨਹੀਂ, ਸਗੋਂ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਦੀ ਲਾਸਾਨੀ ਕੁਰਬਾਨੀ ਨੂੰ ਨਮਨ ਕਰਨ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਪਵਿੱਤਰ ਮੌਕਾ ਹੈ। ਧਰਮ, ਸੱਚਾਈ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਲਈ ਦਿੱਤੀ ਗਈ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਸ਼ਹੀਦੀ ਜੋੜ ਮੇਲੇ ਦੌਰਾਨ ਇਤਿਹਾਸਕ ਨਗਰੀ ਦੇ ਦਰਸ਼ਨਾਂ ਲਈ ਲਗਭਗ 80 ਲੱਖ ਸੰਗਤ ਆਈ ਸੀ। ਉਨ੍ਹਾ ਸਾਰੇ ਵਿਭਾਗਾਂ ਨੂੰ ਸੰਗਤਾਂ ਦੀ ਸੰਭਾਵਤ ਵੱਡੀ ਆਮਦ ਨੂੰ ਧਿਆਨ ਵਿੱਚ ਰੱਖਦਿਆਂ ਨੇੜਿਓਂ ਤਾਲਮੇਲ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾ ਕਿਹਾ ਕਿ ਸ੍ਰੀ ਫਤਿਹਗੜ੍ਹ ਸਾਹਿਬ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਦੀ ਜੰਗੀ ਪੱਧਰ 'ਤੇ ਮੁਰੰਮਤ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਸੰਗਤ ਨੂੰ ਪਵਿੱਤਰ ਨਗਰੀ ਦੀ ਯਾਤਰਾ ਦੌਰਾਨ ਕਿਸੇ ਵੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੌਰਾਨ ਟ੍ਰੈਫਿਕ ਦੀ ਸੁਚਾਰੂ ਆਵਾਜਾਈ ਲਈ ਪੁਖਤਾ ਪ੍ਰਬੰਧ ਕੀਤੇ ਜਾਣਗੇ ਅਤੇ ਖਾਸ ਕਰਕੇ ਐਕਸਪ੍ਰੈਸਵੇਅ ਅਤੇ ਹੋਰ ਪ੍ਰਮੁੱਖ ਪਹੁੰਚ ਸੜਕਾਂ ਦੇ ਨਾਲ-ਨਾਲ ਪਛਾਣੇ ਗਏ

• ਬਾਕੀ ਸਫ਼ਾ 2 'ਤੇ

ਕੇ ਐੱਸ ਕੰਗ ਨੂੰ ਟਿਕਟ ਮਿਲਣ 'ਤੇ ਚੇਅਰਮੈਨ ਪਰਮਿੰਦਰ ਸਿੰਘ ਨੇ ਦਿੱਤੀ ਵਧਾਈ



ਜਗਰਾਉਂ (ਸੰਜੀਵ ਅਰੋੜਾ)-ਹਲਕਾ ਦਾਖਾ ਤੋਂ ਆਮ ਆਦਮੀ ਪਾਰਟੀ ਵੱਲੋਂ ਕੇ. ਐੱਸ. ਕੰਗ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਇਲਾਕੇ ਦੇ ਵਰਕਰਾਂ ਤੇ ਆਗੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਸੇ ਲੜੀ ਤਹਿਤ ਚੇਅਰਮੈਨ ਪਰਮਿੰਦਰ ਸਿੰਘ ਨੇ ਕੇ. ਐੱਸ. ਕੰਗ ਨੂੰ ਟਿਕਟ ਮਿਲਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਤੇ ਪਾਰਟੀ ਹਾਈਕਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਮੀਡੀਆ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਪਰਮਿੰਦਰ ਸਿੰਘ ਨੇ ਆਖਿਆ ਕਿ ਪਾਰਟੀ ਨੇ ਇੱਕ ਬਹੁਤ ਹੀ ਇਮਾਨਦਾਰ, ਉੱਚ-ਪੜ੍ਹੇ-ਲਿਖੇ ਤੇ ਸੁਲਝੇ ਹੋਏ ਇਨਸਾਨ 'ਤੇ ਭਰੋਸਾ ਜਤਾਇਆ ਹੈ। ਉਨ੍ਹਾਂ ਕਿਹਾ ਕਿ ਕੇ. ਐੱਸ. ਕੰਗ ਦੀ ਸ਼ਖ਼ਸੀਅਤ ਤੇ ਇਲਾਕੇ ਪ੍ਰਤੀ ਉਨ੍ਹਾਂ ਦੀ ਸਮਰਪਣ ਭਾਵਨਾ ਸਭ ਦੇ ਸਾਹਮਣੇ ਹੈ। ਚੇਅਰਮੈਨ ਪਰਮਿੰਦਰ ਸਿੰਘ ਨੇ ਹਲਕਾ ਦਾਖਾ ਦੇ ਸਮੂਹ ਵੋਟਰਾਂ ਤੇ ਨਿਵਾਸੀਆਂ ਨੂੰ ਅਪੀਲ ਕਰਦਿਆਂ ਆਖਿਆ ਕਿ ਹਲਕਾ ਦਾਖਾ ਵਾਸੀਓ, ਤੁਸੀਂ ਇੱਕ ਵਾਰ ਕੇ. ਐੱਸ. ਕੰਗ ਨੂੰ ਜ਼ਰੂਰ ਮੌਕਾ ਦਿਓ ਤਾਂ ਜੋ ਹਲਕੇ ਦਾ ਸਰਬਪੱਖੀ ਵਿਕਾਸ ਹੋ ਸਕੇ ਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਹਲਕੇ ਦੇ ਲੋਕ ਕੇ. ਐੱਸ. ਕੰਗ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਣਗੇ।

ਹਰਗੋਬਿੰਦ ਪਬਲਿਕ ਸਕੂਲ ਕਾਂਗੜ 'ਚ ਮਨਾਇਆ ਬਾਲ ਦਿਵਸ



ਬਠਿੰਡਾ (ਰਾਜੀਵ ਗੋਇਲ)-ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿੱਚ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਗੀਤ, ਕਵਿਤਾਵਾਂ ਤੇ ਭੰਗੜਾ ਪੇਸ਼ ਕੀਤਾ। ਅਧਿਆਪਕਾ ਸਵਰਨਜੀਤ ਕੌਰ ਨੇ ਬੱਚਿਆਂ ਨੂੰ ਬਾਲ ਦਿਵਸ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੂੰ ਦੱਸਿਆ ਕਿ ਇਸ ਦਿਨ ਪੰਡਿਤ ਜਵਾਹਰ ਨਹਿਰੂ ਜੀ ਦਾ ਜਨਮ ਹੋਇਆ ਸੀ ਤੇ ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਉਹ ਬੱਚਿਆਂ ਦੇ ਵਿਚੋਂ ਹੀ ਆਉਣ ਵਾਲਾ ਭਵਿੱਖ ਦੇਖਦੇ ਸਨ। ਇਸ ਲਈ ਬਾਲ ਦਿਵਸ ਮਨਾਇਆ ਜਾਂਦਾ ਹੈ। ਬੱਚਿਆਂ ਨੇ ਇਸ ਰੰਗਾਰੰਗ ਪ੍ਰੋਗਰਾਮ ਦਾ ਖ਼ੂਬ ਆਨੰਦ ਮਾਣਿਆ ਤੇ ਕੇਕ ਕੱਟਿਆ। ਸਕੂਲ ਦੇ ਪ੍ਰਿੰਸੀਪਲ ਸੋਨੂੰ ਕੁਮਾਰ ਕਾਂਗੜ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਤੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਜਸਵੀਰ ਕੌਰ, ਗਗਨਦੀਪ ਕੌਰ, ਸਿਮਰਜੀਤ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

2027 'ਚ ਭਗਵੰਤ ਮਾਨ ਮੁੜ ਬਣਨਗੇ ਮੁੱਖ ਮੰਤਰੀ : ਕੋਹਲੀ

ਸਾਬਕਾ ਮੇਅਰ ਸਮੇਤ ਦਰਜ਼ਨ ਆਗੂ 'ਆਪ' 'ਚ ਸ਼ਾਮਲ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪਟਿਆਲਾ ਵਿਖੇ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਝਟਕਾ ਲੱਗਿਆ, ਜਦੋਂ ਪਟਿਆਲਾ ਦੇ ਸਾਬਕਾ ਡਿਪਟੀ ਮੇਅਰ ਤੇ ਸੀਨੀਅਰ ਕਾਂਗਰਸੀ ਆਗੂ ਸੋਨੂ ਸੰਗਰ ਅਤੇ ਵਿਨੋਦ ਅਰੋੜਾ ਨੇ ਆਪਣੇ ਦਰਜ਼ਨਾ ਆਗੂਆਂ ਸਮੇਤ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ ਹੇਠ ਕਾਂਗਰਸ ਨੂੰ ਛੱਡ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਪੰਜਾਬ ਮੁਖੀ ਮਨੀਸ਼ ਸਸੋਦੀਆ ਤੇ ਮੁੱਖ ਮੰਤਰੀ ਦੇ ਓ ਐੱਸ ਡੀ ਰਾਜਬੀਰ ਘੁੰਮਣ ਨੇ ਪਾਰਟੀ 'ਚ ਸ਼ਾਮਲ ਹੋਣ ਵਾਲੇ ਆਗੂਆਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪਾਰਟੀ ਅੰਦਰ ਉਨ੍ਹਾਂ ਨੂੰ ਬਣਦਾ ਮਾਨ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਵਿਧਾਇਕ ਕੋਹਲੀ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ 2027 ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਪੰਜਾਬ ਅੰਦਰ ਸ਼ਾਨਦਾਰ ਜਿੱਤ ਹਾਸਲ ਕਰੇਗੀ ਤੇ ਭਗਵੰਤ ਸਿੰਘ ਮਾਨ ਪੰਜਾਬ ਦੇ ਮੁੜ ਤੋਂ ਮੁੱਖ ਮੰਤਰੀ ਬਣਨਗੇ।ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਵੱਲੋਂ ਮਿਲ ਰਹੇ ਮਾਨ-ਸਨਮਾਨ ਨੂੰ ਜ਼ਿੰਦਗੀ ਭਰ ਨਹੀਂ ਭੁੱਲਿਆ ਜਾ ਸਕੇਗਾ।ਇਸ ਮੌਕੇ ਹਲਕਾ ਪਟਿਆਲਾ ਸ਼ਹਿਰੀ ਦੇ ਵੱਖ-ਵੱਖ ਵਾਰਡਾਂ ਦੇ ਵਾਸੀਆਂ ਵਲੋਂ ਸਰਕਾਰ ਵੱਲੋਂ ਚਲਾਈਆਂ ਲੋਕ ਭਲਾਈ ਸਕੀਮਾਂ ਦੀ ਸ਼ਲਾਘਾ ਕੀਤੀ ਤੇ ਆਮ ਆਦਮੀ ਪਾਰਟੀ ਉੱਤੇ ਪੂਰਾ ਭਰੋਸਾ ਪ੍ਰਗਟਾਇਆ ਗਿਆ।

ਸੜਕ ਹਾਦਸੇ 'ਚ ਮਾਰੇ ਗਏ ਮਨਰੇਗਾਂ ਵਰਕਰਾਂ ਦੇ ਪਰਵਾਰਾਂ ਦੀ ਆਰਥਿਕ ਮਦਦ



ਲਹਿਰਾਗਾਗਾ (ਪਵਨ ਸ਼ਰਮਾ)-ਕੁੱਝ ਦਿਨ ਪਹਿਲਾਂ ਪਿੰਡ ਚੋਟੀਆਂ ਨੇੜੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਮਾਰੇ ਗਏ ਪਿੰਡ ਅਲੀਸ਼ੇਰ ਦੇ 9 ਮਨਰੇਗਾਂ ਵਰਕਰਾਂ ਦੇ ਪਰਿਵਾਰਾਂ ਦੀ ਆਰਥਿਕ ਮਦਦ ਲਈ ਸਰਬੱਤ ਦਾ ਭਲਾ ਚੈਰੀਟੇਬਲ ਹੈੱਡ ਆਫਿਸ ਪਟਿਆਲਾ ਵੱਲੋਂ ਇਨਸਾਫ਼ ਕਮੇਟੀ ਅਲੀਸ਼ੇਰ ਦੀ ਆਰਥਿਕ ਮਦਦ ਕੀਤੀ ਗਈ।ਇਸ ਸਬੰਧੀ ਇਨਸਾਫ਼ ਕਮੇਟੀ ਦੇ ਆਗੂ ਜਗਜੀਤ ਭੁਟਾਲ, ਰਘਵੀਰ ਭੁਟਾਲ, ਲਛਮਣ ਅਲੀਸ਼ੇਰ, ਪ੍ਰੇਮਪਾਲ ਅਲੀਸ਼ੇਰ, ਪ੍ਰਵੀਨ ਖੋਖਰ ਨੇ ਦੱਸਿਆ ਕਿ ਇਸ ਚੈਰੀਟੇਬਲ ਦੇ ਚੇਅਰਮੈਨ ਡਾ. ਐੱਸ. ਪੀ. ਸਿੰਘ ਓਬਰਾਏ ਨੇ ਸ੍ਰ. ਜੱਸਾ ਸਿੰਘ, ਸੁਖਵਿੰਦਰ ਸਿੰਘ ਸੰਗਰੂਰ ਦੇ ਮਾਧਿਅਮ ਰਾਹੀਂ 51000 ਦਾ ਚੈੱਕ ਸ੍ਰ. ਜਗਜੀਤ ਸਿੰਘ ਭੁਟਾਲ ਨੂੰ ਦਿੱਤਾ।ਇਨਸਾਫ਼ ਕਮੇਟੀ ਨੇ ਡਾ. ਓਬਰਾਏ ਤੇ ਇਨ੍ਹਾਂ ਦੀ ਸੰਸਥਾ ਦਾ ਇਸ ਗੱਲੋਂ ਧੰਨਵਾਦ ਕੀਤਾ।

ਬੂਟਾ ਮੌਲਵੀਵਾਲਾ ਵੱਲੋਂ ਰਾਹੁਲ ਗਾਂਧੀ ਨਾਲ ਮੁਲਾਕਾਤ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਵਿਧਾਨ ਸਭਾ ਹਲਕਾ ਸ਼ੁਤਰਾਣਾ ਨਾਲ ਸੰਬੰਧਤ ਨੌਜਵਾਨ ਕਾਂਗਰਸੀ ਆਗੂ ਦਵਿੰਦਰਦੀਪ ਸਿੰਘ ਬੂਟਾ ਮੌਲਵੀਵਾਲਾ ਵੱਲੋਂ ਪਾਰਟੀ ਦੇ ਕੌਮੀ ਜਰਨਲ ਸਕੱਤਰ ਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਗਈ।ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਰਾਹੁਲ ਗਾਂਧੀ ਵੱਲੋਂ ਪਾਰਟੀ ਆਗੂਆਂ ਨੂੰ ਰੱਖੀ ਗਈ ਚਾਹ ਪਾਰਟੀ ਦਰਮਿਆਨ ਹੋਈ ਇਸ ਰਸਮੀ ਮੁਲਾਕਾਤ ਵਿੱਚ ਸੂਬੇ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਵਿਚਾਰ ਚਰਚਾ ਹੋਈ।ਕਾਂਗਰਸੀ ਆਗੂ ਦਵਿੰਦਰਦੀਪ ਸਿੰਘ ਬੂਟਾ ਮੌਲਵੀਵਾਲਾ ਨੇ ਦੱਸਿਆ ਕਿ ਦੇਸ਼ ਭਰ ਅੰਦਰ ਭਾਜਪਾ ਵੱਲੋਂ ਜਿਸ ਤਰ੍ਹਾਂ ਲੋਕਤੰਤਰ ਨੂੰ ਮਲੀਆਮੇਟ ਕਰਕੇ ਹਿੰਦੂਤਵ ਰਾਜ ਵਿੱਚ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਉਸ ਨੂੰ ਲੈ ਕੇ ਕਾਂਗਰਸ ਪਾਰਟੀ ਸਮੇਤ ਰਾਹੁਲ ਗਾਂਧੀ ਚਿੰਤਤ ਹਨ।ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਦੀ ਸੋਚ ਮੁਤਾਬਕ ਦੇਸ਼ ਦੀ ਆਜ਼ਾਦੀ ਨੂੰ ਬਚਾਈ ਰੱਖਣ ਲਈ ਲੋਕਤੰਤਰ ਦਾ ਬਚਿਆ ਰਹਿਣਾ ਸਭ ਤੋਂ ਅਹਿਮ ਹੈ, ਇਸ ਲਈ ਕਾਂਗਰਸ ਪਾਰਟੀ ਵੱਲੋਂ ਲੋਕਤੰਤਰ ਦੀ ਰਾਖੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਮੇਤ ਪੰਜ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਮਜ਼ਬੂਤ ਹੋ ਕੇ ਨਿਕਲੇਗੀ।

ਮਾਊਂਟ ਲਿਟਰਾ ਜ਼ੀ ਸਕੂਲ 'ਚ ਬਾਲ ਦਿਵਸ ਮਨਾਇਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਨੇ ਬਾਲ ਦਿਵਸ ਨੂੰ ਮਨਾਉਣ ਲਈ ਇੱਕ ਵਿਸ਼ੇਸ਼ ਐਸੰਬਲੀ ਦਾ ਆਯੋਜਨ ਬਹੁਤ ਉਤਸ਼ਾਹ ਤੇ ਖ਼ੁਸ਼ੀ ਨਾਲ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ ਸਵੇਰ ਦੀ ਪ੍ਰਾਰਥਨਾ ਨਾਲ ਹੋਈ।ਇਸ ਤੋਂ ਬਾਅਦ ਵਿਦਿਆਰਥੀਆਂ ਨੇ ਸੁਹਿਰਦ ਵਿਚਾਰ ਪੇਸ਼ ਕੀਤੇ ਤੇ ਪ੍ਰਣ ਲਿਆ।ਵਿਸ਼ੇਸ਼ ਗੀਤਾਂ ਅਤੇ ਜ਼ੀ ਗੀਤ ਨੇ ਐਸੰਬਲੀ ਦੇ ਉਤਸ਼ਾਹ ਨੂੰ ਹੋਰ ਵਧਾ ਦਿੱਤਾ।ਇਸ ਮੌਕੇ ਵਿਦਿਆਰਥੀਆਂ ਨੇ ਬਾਲ ਦਿਵਸ ਦੀ ਮਹੱਤਤਾ ਤੇ ਬੱਚਿਆਂ ਦੇ ਅਧਿਕਾਰਾਂ ਨੂੰ ਦਰਸਾਉਂਦੇ ਹੋਏ ਇੱਕ ਸੁੰਦਰ ਨਾਟਕ ਪੇਸ਼ ਕੀਤਾ।ਪ੍ਰੋਗਰਾਮ ਦੌਰਾਨ ਵੱਖ-ਵੱਖ ਗਤੀਵਿਧੀਆਂ ਤੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਨਾਲ ਵਿਦਿਆਰਥੀਆਂ ਦਾ ਮਨੋਬਲ ਵਧਿਆ ਤੇ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ ਗਿਆ।ਅੰਤ ਵਿੱਚ ਅਸੈਂਬਲੀ ਰਾਸ਼ਟਰੀ ਗੀਤ ਨਾਲ ਸਮਾਪਤ ਹੋਈ।ਸਕੂਲ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਸ਼੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ਼੍ਰੀਮਤੀ ਗੀਤਾ ਪਿੱਲਈ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ, ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਵੀ ਇਸੇ ਉਤਸ਼ਾਹ ਨਾਲ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ।ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਬੇਨੜਾ ਵਿਖੇ ਨਵੇਂ ਬਣੇ ਹੈੱਲਥ ਐਂਡ ਵੈੱਲਨੈੱਸ ਸੈਂਟਰ ਦਾ ਉਦਘਾਟਨ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)-ਪਿੰਡ ਬੇਨੜਾ 'ਚ ਕਰੀਬ 35 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਉਸਾਰੇ ਗਏ ਹੈਲਥ ਐਂਡ ਵੈੱਲਨੈੱਸ ਸੈਂਟਰ ਦਾ ਰਸਮੀ ਉਦਘਾਟਨ ਮੁੱਖ ਮੰਤਰੀ ਪੰਜਾਬ ਦੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਕੀਤਾ।ਇਸ ਮੌਕੇ ਪਿੰਡ ਦੇ ਸਰਪੰਚ ਗੋਪਾਲ ਕ੍ਰਿਸ਼ਨ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨੂ ਸ਼ਰਮਾ ਬੇਨੜਾ ਸਮੇਤ ਪਿੰਡ ਦੀ ਸਮੁੱਚੀ ਪੰਚਾਇਤ ਤੇ ਪਤਵੰਤੇ ਸੱਜਣ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਪਿੰਡ ਵਾਸੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਓ.ਐੱਸ.ਡੀ. ਸੁਖਵੀਰ ਸਿੰਘ ਨੇ ਆਖਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਅੰਦਰ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਇੱਕ ਵੱਡੀ ਕ੍ਰਾਂਤੀ ਲਿਆਂਦੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿੱਚ ਮਰੀਜ਼ਾਂ ਦੇ ਚੈੱਕਅਪ, ਲੈਬ ਟੈਸਟਾਂ ਤੇ ਮੁਫ਼ਤ ਦਵਾਈਆਂ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ, ਜਿਸ ਦਾ ਸਿੱਧਾ ਲਾਭ ਪਿੰਡ ਬੇਨੜਾ ਤੇ ਆਲੇ-ਦੁਆਲੇ ਦੇ ਇਲਾਕੇ ਦੇ ਲੋਕਾਂ ਨੂੰ ਮਿਲੇਗਾ।ਅਖੀਰ ਵਿੱਚ ਸਰਪੰਚ ਗੋਪਾਲ ਕ੍ਰਿਸ਼ਨ ਤੇ ਆਗੂ ਮਨੂ ਸ਼ਰਮਾ ਬੇਨੜਾ ਨੇ ਇਸ ਵੱਡੀ ਸੌਗਾਤ ਲਈ ਮੁੱਖ ਮੰਤਰੀ ਪੰਜਾਬ ਤੇ ਓ.ਐੱਸ.ਡੀ. ਸੁਖਵੀਰ ਸਿੰਘ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਪਿੰਡ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।

ਹਰਸਿਮਰਤ ਕੌਰ ਬਾਦਲ ਵੱਲੋਂ ਨਿਹਾਲ ਸਿੰਘ 'ਚ ਔਰਤਾਂ ਦਾ ਵਿਸ਼ਾਲ ਇਕੱਠ



ਮੋਗਾ (ਇਕਬਾਲ ਸਿੰਘ ਖਹਿਰਾ)-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਠਿੰਡਾ ਦੇ ਐੱਮ ਪੀ ਹਰਸਿਮਰਤ ਕੌਰ ਬਾਦਲ ਨੇ ਅੱਜ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਪੰਜਾਬ ਵਿਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਦੀ ਥਾਂ 'ਤੇ ਨਸ਼ਿਆਂ ਦੇ ਹੱਕ ਵਿਚ ਜੰਗ ਦੀ ਪ੍ਰਧਾਨਗੀ ਕਰ ਰਹੀ ਹੈ ਤੇ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਨਸ਼ਾ ਤਸਕਰੀ ਨੂੰ ਨਵਾਂ ਜੀਵਨ ਮਿਲਦਾ ਹੈ ਤਾਂ ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਣਗੇ।ਬਠਿੰਡਾ ਦੇ ਐੱਮ ਪੀ ਨੇ ਨਿਹਾਲ ਸਿੰਘ ਵਾਲਾ ਵਿਖੇ ਔਰਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਵਾਲੀਆਂ ਔਰਤਾਂ ਨੂੰ ਖੁਦ ਨਸ਼ਾ ਤਸਕਰਾਂ ਨਾਲ ਨਜਿੱਠਣ ਦਾ ਸੱਦਾ ਦਿੱਤਾ ਤੇ ਕਿਹਾ ਕਿ ਲੱਖਾਂ ਔਰਤਾਂ ਅੱਜ ਆਪਣੇ ਪੁੱਤਰਾਂ ਦੀ ਮੌਤ 'ਤੇ ਵਿਰਲਾਪ ਕਰ ਰਹੀਆਂ ਹਨ, ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਖੁਦ ਨਸ਼ਿਆਂ ਦੇ ਖ਼ਾਤਮੇ ਵਾਸਤੇ ਪੋਸਟਰ ਜੰਗ ਚਲਾਉਣ ਵਿੱਚ ਰੁੱਝੇ ਹਨ।ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੁੱਛਿਆ ਕਿ ਪਿਛਲੇ ਪੰਜ ਸਾਲਾਂ ਵਿੱਚ ਉਨ੍ਹਾਂ ਨੇ ਹੁਣ ਤੱਕ ਕੋਈ ਵੱਡਾ ਨਸ਼ਾ ਤਸਕਰ ਤੇ ਚਿੱਟਾ ਬਣਾਉਣ ਵਾਲੀ ਫੈਕਟਰੀ ਕਿਉਂ ਨਹੀਂ ਫੜੀ।ਬੀਬੀ ਬਾਦਲ ਨੇ ਆਪ ਸਰਕਾਰ ਵੱਲੋਂ ਮਾਨਸਾ ਦੇ ਐੱਸ ਐੱਸ ਪੀ ਵੈਭਵ ਚੌਧਰੀ ਦਾ ਤਬਾਦਲਾ ਨਾ ਕਰਨ ਦੀ ਉਦਾਹਰਣ ਵੀ ਦਿੱਤੀ, ਜਿਸ ਨੇ ਉਸ ਮੈਡੀਕਲ ਸਟੋਰ ਮਾਲਕ ਨੂੰ ਦੋ ਹਥਿਆਰ ਲਾਇਸੰਸ ਦੇ ਦਿੱਤੇ ਸਨ, ਜਿਸ ਨੇ ਨਸ਼ਾ ਵਿਰੋਧੀ ਕਾਰਕੁੰਨ ਪਰਵਿੰਦਰ ਸਿੰਘ ਝੋਟਾ ਦਾ ਕਤਲ ਕੀਤਾ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪਹਿਲਾਂ ਚਾਰ ਹਫਤਿਆਂ ਵਿਚ ਨਸ਼ਾ ਖ਼ਤਮ ਕਰਨ ਦਾ ਵਾਅਦਾ ਕਰ ਕੇ ਪੰਜਾਬ ਦੀਆਂ ਔਰਤਾਂ ਨਾਲ ਧੋਖਾ ਕੀਤਾ ਤੇ ਹੁਣ ਭਗਵੰਤ ਮਾਨ ਨੇ ਵੀ ਅਜਿਹਾ ਹੀ ਕੀਤਾ ਹੈ।ਬੀਬੀ ਬਾਦਲ ਨੇ ਕਿਹਾ ਕਿ ਅਕਾਲੀ ਦਲ ਇਸ ਨਸ਼ਾ ਤਸਕਰੀ ਨੂੰ ਹਮੇਸ਼ਾ ਲਈ ਖ਼ਤਮ ਕਰੇਗਾ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਦੀ ਹਮਾਇਤ ਕਰਨ ਤੇ ਕਿਹਾ ਕਿ ਲੋਕਾਂ ਨੇ ਪਹਿਲਾਂ ਹੀ ਦਿੱਲੀ ਦੀਆਂ ਪਾਰਟੀਆਂ ਨਾਲ ਤਜਰਬਾ ਕਰ ਕੇ ਵੇਖ ਲਿਆ ਹੈ, ਜਿਨ੍ਹਾਂ ਨੇ ਨਾ ਸਿਰਫ ਸੂਬੇ ਤੇ ਇਸ ਦੇ ਸਰੋਤ ਵੇਚੇ ਬਲਕਿ ਇਥੇ ਨਸ਼ਾ ਤੇ ਗੈਂਗਸਟਰਵਾਦ ਲਿਆਂਦਾ।ਇਸ ਮੌਕੇ ਸੀਨੀਅਰ ਆਗੂ ਰਾਜਵਿੰਦਰ ਸਿੰਘ ਧਰਮਕੋਟ, ਸੁਖਦੀਪ ਕੌਰ, ਬੇਅੰਤ ਕੌਰ, ਨਰਿੰਦਰ ਕੌਰ ਰਣੀਆ, ਜਸਪਿੰਦਰ ਕੌਰ ਰਣੀਆ, ਕਰਮਜੀਤ ਕੌਰ ਮੱਦੋਕੇ ਤੇ ਪਰਵਿੰਦਰ ਕੌਰ ਹਾਜ਼ਰ ਸਨ।

ਕਰਜ਼ਾ ਚੁੱਕ ਕੇ ਪੰਜਾਬ ਨੂੰ ਡੋਬਿਆ, ਇਸ਼ਤਿਹਾਰਬਾਜ਼ੀ 'ਤੇ ਕਰੋੜਾਂ ਰੁਪਏ ਕੀਤੇ ਬਰਬਾਦ : ਲਾਲਕਾ, ਚੱਠਾ



ਨਾਭਾ (ਅਮਨ ਗਰਗ)-2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬੇ ਵਿੱਚ ਆਪਣੀ ਸਰਕਾਰ ਬਣਾਉਣ ਲਈ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।ਇਸੇ ਲੜੀ ਤਹਿਤ ਰਿਜ਼ਰਵ ਹਲਕਾ ਨਾਭਾ ਦੇ ਪਿੰਡ ਕੌਲ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਕੌਂਸਲ ਮੈਂਬਰ ਗੁਰਤੇਜ ਸਿੰਘ ਕੌਲ ਦੇ ਗ੍ਰਹਿ ਤੋਂ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੀ ਮੁਹਿੰਮ ਦਾ ਆਗਾਜ਼ ਕੀਤਾ ਗਿਆ।

ਇਸ ਮੌਕੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਇਕੱਠ ਨੂੰ ਸੰਬੋਧਨ ਕੀਤਾ, ਜਦਕਿ ਹਲਕਾ ਦਿਹਾਤੀ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ।ਮੱਖਣ ਸਿੰਘ ਲਾਲਕਾ ਨੇ 'ਆਪ' ਸਰਕਾਰ 'ਤੇ ਤਿੱਖੇ ਸਿਆਸੀ ਹਮਲੇ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਨੇ ਕਰਜ਼ਾ ਲੈ ਕੇ ਪੰਜਾਬ ਦੀ ਆਰਥਿਕਤਾ ਨੂੰ ਡੂੰਘੇ ਸੰਕਟ ਵਿੱਚ ਧੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਕਾਸ ਤੇ ਲੋਕਾਂ ਦੀ ਭਲਾਈ ਲਈ ਪੈਸਾ ਖਰਚਣ ਦੀ ਬਜਾਏ ਕਰੋੜਾਂ ਰੁਪਏ ਇਸ਼ਤਿਹਾਰਬਾਜ਼ੀ 'ਤੇ ਬਰਬਾਦ ਕੀਤੇ ਜਾ ਰਹੇ ਹਨ।ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਦੀ ਲੀਡਰਸ਼ਿਪ ਨੇ ਪੰਜਾਬ ਦੀ ਸੱਤਾ ਤੇ ਪ੍ਰਸ਼ਾਸਨ 'ਤੇ ਆਪਣਾ ਕਬਜ਼ਾ ਜਮਾਇਆ ਹੋਇਆ ਹੈ ਅਤੇ ਪੰਜਾਬ ਦੇ ਆਪਣੇ ਫੈਸਲੇ ਪੰਜਾਬ ਦੀਆਂ ਲੋੜਾਂ ਅਨੁਸਾਰ ਨਹੀਂ ਲਏ ਜਾ ਰਹੇ।ਇਸ ਮੌਕੇ ਜਸਪਾਲ ਸਿੰਘ ਬਿੱਟੂ ਚੱਠਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਮਾਜ ਦੇ ਕਿਸੇ ਵੀ ਵਰਗ ਨੂੰ ਨਹੀਂ ਬਖ਼ਸ਼ਿਆ।ਉਨ੍ਹਾਂ ਦੋਸ਼ ਲਾਇਆ ਕਿ ਮਜ਼ਦੂਰਾਂ, ਵਪਾਰੀਆਂ, ਮੁਲਾਜ਼ਮਾਂ ਤੇ ਹੋਰਨਾਂ ਵਰਗਾਂ ਨੂੰ ਸਰਕਾਰ ਦੀਆਂ ਨੀਤੀਆਂ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਬਿੱਟੂ ਚੱਠਾ ਨੇ ਸ਼ੰਭੂ ਮੋਰਚੇ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਕਿ ਉੱਥੋਂ ਕਿਸਾਨਾਂ ਦੀਆਂ ਟਰਾਲੀਆਂ ਤੱਕ ਚੋਰੀ ਕਰਕੇ ਲਿਜਾਣ ਦੀਆਂ ਘਟਨਾਵਾਂ ਸਾਹਮਣੇ ਆਈਆਂ, ਜੋ ਸਰਕਾਰ ਦੇ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਕਰਦੀਆਂ ਹਨ।ਇਸ ਮੌਕੇ ਗੁਰਤੇਜ ਕੌਲ, ਜੋਗੀ ਨਾਨੋਕੀ ਤੇ ਹੋਰਨਾਂ ਆਗੂਆਂ ਨੇ ਪੰਜਾਬ ਵਿੱਚ ਵਧ ਰਹੇ ਚਿੱਟੇ ਤੇ ਸਿੰਥੈਟਿਕ ਨਸ਼ਿਆਂ ਦੇ ਮਾਮਲੇ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਕੇ ਰੱਖ ਦਿੱਤਾ ਹੈ।ਜਨਰਲ ਕੌਂਸਲ ਮੈਂਬਰ ਗੁਰਤੇਜ ਕੌਲ ਨੇ ਸਰਕਾਰਾਂ ਤੋਂ ਮੰਗ ਕੀਤੀ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾਰੂ ਜਾਲ ਵਿੱਚੋਂ ਬਾਹਰ ਕੱਢਣ ਲਈ ਨਸ਼ਾ ਨੀਤੀ 'ਤੇ ਮੁੜ ਵਿਚਾਰ ਕੀਤਾ ਜਾਵੇ।ਉਨ੍ਹਾਂ ਰਵਾਇਤੀ ਖਸਖਸ ਦੀ ਖੇਤੀ ਨੂੰ ਨਿਯਮਬੱਧ ਢੰਗ ਨਾਲ ਖੁੱਲ੍ਹ ਦੇਣ ਜਾਂ ਪਹਿਲਾਂ ਦੀ ਤਰ੍ਹਾਂ ਅਫ਼ੀਮ ਦੇ ਕਾਰਡ ਬਣਾਉਣ ਦੀ ਮੰਗ ਉਠਾਈ।ਮੱਖਣ ਲਾਲਕਾ ਤੇ ਬਿੱਟੂ ਚੱਠਾ ਨੇ ਪਾਰਟੀ ਵਰਕਰਾਂ ਨੂੰ ਹੁਣ ਤੋਂ ਹੀ ਪਿੰਡ-ਪਿੰਡ ਤੇ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਬਣਾਉਣ ਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਤੋਂ ਜਾਣੂ ਕਰਵਾਉਣ ਦਾ ਸੱਦਾ ਦਿੱਤਾ, ਤਾਂ ਜੋ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਨੂੰ ਮਜ਼ਬੂਤੀ ਨਾਲ ਲੋਕਾਂ ਦੀ ਕਚਹਿਰੀ ਵਿੱਚ ਲਿਜਾਇਆ ਜਾ ਸਕੇ।ਇਸ ਮੌਕੇ ਵੱਡੀ ਗਿਣਤੀ 'ਚ ਅਕਾਲੀ ਵਰਕਰ ਤੇ ਅਹੁਦੇਦਾਰ ਹਾਜ਼ਰ ਸਨ।

ਸਫਾ 1 ਦੇ ਬਾਕੀ...

ਨਿਆਂ ਪਾਲਿਕਾ ਖੁਦਮੁਖਤਿਆਰ ...

ਸੈਮੀਨਾਰ ਦੇ ਵਿਸ਼ੇ ਬਾਰੇ ਭੂਮਿਕਾ ਬੰਨ੍ਹਦੇ ਹੋਏ ਵਿਚਾਰ ਪ੍ਰਗਟ ਕੀਤੇ। ਐਡਵੋਕੇਟ ਸ਼ਰਵਨ ਸਹਿਗਲ, ਜੋ ਕਿ ਕਾਲਜ ਦੇ ਆਨਰੇਰੀ ਡਾਇਰੈਕਟਰ ਹਨ, ਨੇ ਕਿਹਾ ਕਿ ਸਾਨੂੰ ਵਕੀਲਾਂ ਨੂੰ ਤੇ ਨਿਆਂ ਪਾਲਿਕਾ ਨਾਲ ਜੁੜੇ ਹੋਏ ਲੋਕਾਂ ਨੂੰ ਸਮਾਜ ਦੇ ਵਿੱਚ ਫੈਲੀਆਂ ਊਣਤਾਈਆਂ ਬਾਰੇ ਗੰਭੀਰਤਾ ਨਾਲ ਵਿਚਾਰ ਕਰਕੇ ਲੋਕਾਂ ਨੂੰ ਰਾਹਤ ਦਿਵਾਉਣ ਲਈ ਵਿਚਾਰ ਕਰਨੀ ਪਏਗੀ ਤੇ ਕਦਮ ਪੁਟਣੇ ਪੈਣਗੇ।ਉਹਨਾ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਪ੍ਰਧਾਨ ਐਡਵੋਕੇਟ ਨਵਲ ਛਿੱਬੜ ਨੇ ਕਿਹਾ ਕਿ ਐਸੋਸੀਏਸ਼ਨ ਪਿਛਲੇ ਸਮੇਂ ਤੋਂ ਲਗਾਤਾਰ ਕਾਨੂੰਨ ਨਾਲ ਸੰਬੰਧਤ ਵੱਖ-ਵੱਖ ਮਸਲਿਆਂ 'ਤੇ ਜਾਂ ਵਿਸ਼ਿਆਂ 'ਤੇ ਬੋਲਦੀ ਰਹੀ ਹੈ ਅਤੇ ਇਸ ਕੰਮ ਨੂੰ ਹੁਣ ਹੋਰ ਤੇਜ਼ੀ ਨਾਲ ਵਧਾਇਆ ਜਾਏਗਾ।ਸਮਾਗਮ ਵਿੱਚ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਵਕੀਲਾਂ ਅਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ।ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ ਸਾਬਕਾ ਚੇਅਰਮੈਨ ਅਤੇ ਸੀਨੀਅਰ ਐਡਵੋਕੇਟ ਹਰੀਸ਼ ਰਾਏ ਢਾਂਡਾ ਨੇ ਵੀ ਇਸ ਮੌਕੇ ਸੰਬੋਧਨ ਕੀਤਾ।ਅੰਤ ਵਿੱਚ ਸੰਸਥਾ ਦੇ ਪੰਜਾਬ ਚੈਪਟਰ ਦੇ ਚੇਅਰਮੈਨ ਐਡਵੋਕੇਟ ਸੰਪੂਰਨ ਸਿੰਘ ਛਾਜਲੀ ਨੇ ਸਾਰੇ ਆਏ ਮਹਿਮਾਨਾਂ ਅਤੇ ਇਸ ਸੈਮੀਨਾਰ ਨੂੰ ਬੜੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਟਾਫ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਆਪਣੇ ਵਿਚਾਰ ਪੇਸ਼ ਕੀਤੇ।ਹੋਰਨਾਂ ਤੋਂ ਇਲਾਵਾ ਇਸ ਸਮਾਗਮ ਵਿੱਚ ਆਈ ਐੱਲ ਏ ਦੇ ਕੌਮੀ ਸਕੱਤਰ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ ਅਸ਼ਵਨੀ ਬਖਸ਼ੀ, ਪੰਜਾਬ ਯੂਨੀਵਰਸਿਟੀ ਦੇ ਸੈਨੇਟਰ ਨਰੇਸ਼ ਗੌੜ, ਸਾਬਕਾ ਡੀ ਜੀ ਪੀ ਸ੍ਰੀ ਡੀ ਆਰ ਭੱਟੀ, ਡੀ ਪੀ ਮੌੜ, ਸੋਸ਼ਲ ਥਿੰਕਰਜ਼ ਫੋਰਮ ਦੇ ਕੋ-ਕਨਵੀਨਰ ਐੱਮ ਐੱਸ ਭਾਟੀਆ, ਖੰਨਾ ਤੋਂ ਸੀਨੀਅਰ ਐਡਵੋਕੇਟ ਪਰਮਜੀਤ ਸਿੰਘ, ਲੁਧਿਆਣਾ ਬਾਰ ਐਸੋਸੀਏਸ਼ਨ ਦੇ ਸੀਨੀਅਰ ਵਕੀਲ ਅਤੇ ਜੀ ਐੱਸ ਫਾਊਂਡੇਸ਼ਨ ਦੇ ਲਾਅ ਦੇ ਵਿਦਿਆਰਥੀ ਸ਼ਾਮਲ ਸਨ।

ਦਸੰਬਰ ਅੰਦੋਲਨ 'ਚ ਸੀ ਪੀ ਆਈ ...

ਆਪਣਾ ਇਤਿਹਾਸ ਭੁਲਾ ਰਿਹਾ ਹੈ ਤੇ ਇੱਕ ਫਿਰਕਾਪ੍ਰਸਤ ਪਾਰਟੀ ਦਾ ਪੰਜਾਬ ਵਿੱਚ ਪੈਰ-ਧਰਾਵਾ ਕਰਵਾ ਰਿਹਾ ਹੈ।

ਮੀਟਿੰਗ ਦੀ ਪ੍ਰਧਾਨਗੀ ਮਹਿੰਦਰ ਸਿੰਘ ਘੋੜਾਬਾਹੀ ਨੇ ਕੀਤੀ। ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰ ਰਸ਼ਪਾਲ ਕੈਲੇ, ਸਹਾਇਕ ਸਕੱਤਰ ਹਰਜਿੰਦਰ ਸਿੰਘ ਮੌਜੀ, ਕਾਮਰੇਡ ਫਲਪੋਤਾ, ਸੰਦੀਪ ਅਰੋੜਾ, ਸੰਤੋਸ਼ ਬਰਾੜ, ਸੁਨੀਲ ਕੁਮਾਰ, ਪਰਮਜੀਤ ਸਿੰਘ ਸਰਾਏ ਤੇ ਸਿਕੰਦਰ ਸੰਧੂ ਆਦਿ ਨੇ ਵੀ ਸੰਬੋਧਨ ਕੀਤਾ। ਅੰਤ ਵਿੱਚ ਸੂਬਾ ਸਕੱਤਰ ਬਣਨ ਤੋਂ ਬਾਅਦ ਪਹਿਲੀ ਵਾਰ ਮੀਟਿੰਗ ਕਰਨ ਆਏ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੂੰ ਜ਼ਿਲ੍ਹਾ ਪਾਰਟੀ ਨੇ ਸਨਮਾਨਤ ਕੀਤਾ।

ਸ਼ਹੀਦੀ ਜੋੜ ਮੇਲੇ ਮੌਕੇ ...

ਡਾਇਵਰਸ਼ਨ ਪੁਆਇੰਟਾਂ ਨੂੰ ਵਿਸ਼ੇਸ਼ ਤੌਰ 'ਤੇ ਦਰਸਾਇਆ ਜਾਵੇਗਾ।ਉਨ੍ਹਾ ਐਲਾਨ ਕੀਤਾ ਕਿ ਸ਼ਹੀਦੀ ਸਭਾ ਦੌਰਾਨ ਪਿੰਡਾਂ ਅਤੇ ਨਾਲ ਲੱਗਦੇ ਖੇਤਰਾਂ ਤੋਂ ਆਉਣ ਵਾਲੀ ਸੰਗਤ ਦੀ ਸਹੂਲਤ ਲਈ 200 ਸ਼ਟਲ ਬੱਸਾਂ ਚੱਲਣਗੀਆਂ। ਬਜ਼ੁਰਗਾਂ ਅਤੇ ਲੰਮੀ ਦੂਰੀ ਤੱਕ ਤੁਰਨ ਤੋਂ ਅਸਮਰੱਥ ਲੋਕਾਂ ਲਈ ਈ-ਰਿਕਸ਼ਾ ਦੀ ਗਿਣਤੀ ਵੀ ਵਧਾਈ ਜਾਵੇਗੀ ਤਾਂ ਜੋ ਸੁਵਿਧਾਜਨਕ ਸੰਪਰਕ ਯਕੀਨੀ ਬਣਾਇਆ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੰਗਤਾਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਲਈ 20 ਆਮ ਆਦਮੀ ਕਲੀਨਿਕ ਕਾਰਜਸ਼ੀਲ ਕੀਤੇ ਜਾਣਗੇ। ਪ੍ਰਸ਼ਾਸਨ ਵੱਲੋਂ ਸੰਗਤ ਦੀ ਰਾਤ ਵੇਲੇ ਰਿਹਾਇਸ਼ ਲਈ ਵੀ ਪ੍ਰਬੰਧ ਕੀਤੇ ਜਾਣਗੇ, ਜਦੋਂ ਕਿ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਾਲ ਤਾਲਮੇਲ ਕਰਕੇ ਸੰਗਤ ਲਈ ਢੁਕਵੀਂ ਰਿਹਾਇਸ਼ ਸਹੂਲਤਾਂ ਯਕੀਨੀ ਬਣਾਈਆਂ ਜਾਣਗੀਆਂ।

ਤਿਉਹਾਰ ਵਿਸ਼ੇਸ਼ ਰੇਲਗੱਡੀਆਂ - 2026

ਛੱਠ ਪੂਜਾ ਤਿਉਹਾਰਾਂ ਦੇ ਦੋਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਉੱਤਰ ਰੇਲਵੇ ਦੁਵਾਰਾ ਹੋਰ ਖੇਤਰੀਯ ਰੇਲਾਂ ਦੇ ਸਹਿਯੋਗ ਤੋਂ ਹੇਠਾ ਲਿਖੀ ਤਿਉਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈ ਜਾਵੇਗੀ, ਜਿਸਦਾ ਵੇਰਵਾ ਹੇਠਾ ਅਨੁਸਾਰ ਹੈ :-

ਉੱਤਰ ਰੇਲਵੇ ਨੇਟਵਰਕ ਤੋਂ ਯਾਤਰਾ ਸ਼ੁਰੂ ਕਰਨ ਵਾਲੀ/ਸਮਾਪਤ ਕਰਨ ਵਾਲੀ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ

ਵਿਸ਼ੇਸ਼ ਰੇਲ ਗੱਡੀ ਨੰ:	ਸਟੇਸ਼ਨ ਤੋਂ		ਜਾਣ ਦਾ ਸਮਾਂ	ਸਟੇਸ਼ਨ ਤਕ	ਆਉਣ ਦਾ ਸਮਾਂ	ਆਵਿਰਤੀ/ਚਲਨ ਦੇ ਦਿਨ		ਚਲਨ ਦੀ ਮਿਤੀ
04209	ਵਾਰਾਣਸੀ ਜੰ:	ਵਾਯਾ ਲਖਨਊ (ਐਨਆਰ)	22:15	ਦਿੱਲੀ ਜੰ:	13:45	ਸਪਤਾਹ ਵਿਚ ਤਿੰਨ ਦਿਨ	ਸੋਮ, ਬੁੱਧ, ਸ਼ੁੱਕਰ	27.11.2026 ਤਕ
04210	ਦਿੱਲੀ ਜੰ:		18:50	ਵਾਰਾਣਸੀ ਜੰ:	09:50		ਮੰਗਲ, ਵੀਰ, ਸ਼ਨੀ	28.11.2026 ਤਕ
04213	ਅਯੋਧਿਆ ਕੈਂਟ	ਵਾਯਾ ਲਖਨਊ (ਐਨਆਰ)	18:20	ਆਨੰਦ ਵਿਹਾਰ ਟ.	06:10	ਸਪਤਾਹ ਵਿਚ ਦੋ ਦਿਨ	ਐਤਵਾਰ, ਵੀਰਵਾਰ	29.11.2026 ਤਕ
04214	ਆਨੰਦ ਵਿਹਾਰ ਟ.		09:00	ਅਯੋਧਿਆ ਕੈਂਟ	22:00		ਸੋਮਵਾਰ, ਸ਼ੁੱਕਰਵਾਰ	30.11.2026 ਤਕ
04227	ਵਾਰਾਣਸੀ ਜੰ:	ਵਾਯਾ ਲਖਨਊ (ਐਨਆਰ)	11:05	ਚੰਡੀਗੜ੍ਹ ਜੰ:	04:20	ਸਪਤਾਹ ਵਿਚ ਦੋ ਦਿਨ	ਵੀਰਵਾਰ, ਐਤਵਾਰ	29.11.2026 ਤਕ
04228	ਚੰਡੀਗੜ੍ਹ ਜੰ:		06:00	ਵਾਰਾਣਸੀ ਜੰ:	00:55		ਸ਼ੁੱਕਰਵਾਰ, ਸੋਮਵਾਰ	30.11.2026 ਤਕ
03309	ਧਨਬਾਦ		10:00	ਦਿੱਲੀ ਜੰ:	09:15	ਸਪਤਾਹਿਕ	ਸ਼ਨੀਵਾਰ	28.11.2026 ਤਕ
03310	ਦਿੱਲੀ ਜੰ:		11:45	ਧਨਬਾਦ	13:00		ਐਤਵਾਰ	29.11.2026 ਤਕ
03697	ਗਯਾ ਜੰ:		14:15	ਨਵੀਂ ਦਿੱਲੀ	12:05	ਸਪਤਾਹ ਵਿਚ ਦੋ ਦਿਨ	ਮੰਗਲਵਾਰ, ਸ਼ਨੀਵਾਰ	28.11.2026 ਤਕ
03698	ਨਵੀਂ ਦਿੱਲੀ		13:40	ਗਯਾ ਜੰ:	11:15		ਬੁੱਧਵਾਰ, ਐਤਵਾਰ	29.11.2026 ਤਕ
03293	ਪਟਨਾ ਜੰ:		21:00	ਆਨੰਦ ਵਿਹਾਰ ਟ.	13:00	ਦੈਨਿਕ	ਐਤ, ਸੋਮ, ਮੰਗਲ, ਬੁੱਧ ਵੀਰ, ਸ਼ੁੱਕਰ, ਸ਼ਨੀ	21.11.2026 ਤਕ
03294	ਆਨੰਦ ਵਿਹਾਰ ਟ.		15:50	ਪਟਨਾ ਜੰ:	12:25			22.11.2026 ਤਕ
03009	ਹਾਵੜਾ ਜੰ:		23:55	ਆਨੰਦ ਵਿਹਾਰ ਟ.	02:50	ਸਪਤਾਹਿਕ	ਸੋਮਵਾਰ	30.11.2026 ਤਕ
03010	ਆਨੰਦ ਵਿਹਾਰ ਟ.		05:15	ਹਾਵੜਾ ਜੰ:	10:50		ਬੁੱਧਵਾਰ	02.12.2026 ਤਕ
05281	ਮੁਜੱਫਰਪੁਰ ਜੰ:		06:30	ਆਨੰਦ ਵਿਹਾਰ ਟ.	05:00	ਮਿਤੀਵਾਰ	ਬੁੱਧਵਾਰ	18.11.2026 ਨੂੰ
05282	ਆਨੰਦ ਵਿਹਾਰ ਟ.		07:00	ਮੁਜੱਫਰਪੁਰ ਜੰ:	04:50		ਵੀਰਵਾਰ	19.11.2026 ਨੂੰ
04058	ਆਨੰਦ ਵਿਹਾਰ ਟ.		00:20	ਛਪਰਾ	19:20	ਸਪਤਾਹ ਵਿਚ ਦੋ ਦਿਨ	ਸ਼ੁੱਕਰਵਾਰ	17.11.2026 ਤਕ
04057	ਛਪਰਾ		22:10	ਆਨੰਦ ਵਿਹਾਰ ਟ.	17:20		ਮੰਗਲਵਾਰ	
01903	ਆਗਰਾ ਕੈਂਟ		20:00	ਸ਼ਹੀਦ ਕੈਪਟਨ ਤੁਸ਼ਾਰ ਮਹਾਜਨ	12:20	ਸਪਤਾਹਿਕ	ਐਤਵਾਰ	29.11.2026 ਤਕ
01904	ਸ਼ਹੀਦ ਕੈਪਟਨ ਤੁਸ਼ਾਰ ਮਹਾਜਨ		16:05	ਆਗਰਾ ਕੈਂਟ	08:40		ਸੋਮਵਾਰ	30.11.2026 ਤਕ
02563	ਬਰੋਨੀ ਜੰ:		07:40	ਨਵੀਂ ਦਿੱਲੀ	05:10	ਹਰਰੋਜ਼	ਐਤ, ਸੋਮ, ਮੰਗਲ, ਬੁੱਧ ਵੀਰ, ਸ਼ੁੱਕਰ, ਸ਼ਨੀ	30.11.2026 ਤਕ
02564	ਨਵੀਂ ਦਿੱਲੀ		17:55	ਬਰੋਨੀ ਜੰ:	15:10			01.12.2026 ਤਕ
02569	ਦਰਭੰਗਾ ਜੰ:		06:30	ਨਵੀਂ ਦਿੱਲੀ	04:00	ਹਰਰੋਜ਼	ਐਤ, ਸੋਮ, ਮੰਗਲ, ਬੁੱਧ ਵੀਰ, ਸ਼ੁੱਕਰ, ਸ਼ਨੀ	30.11.2026 ਤਕ
02570	ਨਵੀਂ ਦਿੱਲੀ		12:15	ਦਰਭੰਗਾ ਜੰ:	10:00			01.12.2026 ਤਕ
05579	ਪੂਰਣਿਯਾ ਕੋਰਟ		16:30	ਆਨੰਦ ਵਿਹਾਰ ਟਰਮੀਨਲ	01:05	ਸਪਤਾਹ ਵਿਚ ਦੋ ਦਿਨ	ਸ਼ੁੱਕਰਵਾਰ, ਐਤਵਾਰ	29.11.2026 ਤਕ
05580	ਆਨੰਦ ਵਿਹਾਰ ਟਰਮੀਨਲ		05:15	ਪੂਰਣਿਯਾ ਕੋਰਟ	13:45		ਐਤਵਾਰ, ਮੰਗਲਵਾਰ	01.12.2026 ਤਕ
05575	ਸਹਰਸਾ ਜੰ:		20:00	ਆਨੰਦ ਵਿਹਾਰ ਟਰਮੀਨਲ	01:05	ਸਪਤਾਹਿਕ	ਮੰਗਲਵਾਰ	24.11.2026 ਤਕ
05576	ਆਨੰਦ ਵਿਹਾਰ ਟਰਮੀਨਲ		05:15	ਸਹਰਸਾ ਜੰ:	10:30		ਵੀਰਵਾਰ	26.11.2026 ਤਕ
02397	ਸ਼ੇਖਪੁਰਾ ਜੰ:		11:30	ਆਨੰਦ ਵਿਹਾਰ ਟਰਮੀਨਲ	11:40	ਸਪਤਾਹਿਕ	ਐਤਵਾਰ	29.11.2026 ਤਕ
02398	ਆਨੰਦ ਵਿਹਾਰ ਟਰਮੀਨਲ		13:30	ਸ਼ੇਖਪੁਰਾ ਜੰ:	14:45		ਸੋਮਵਾਰ	30.11.2026 ਤਕ
03639	ਧਨਬਾਦ ਜੰ:		18:30	ਸ਼ਕੂਰ ਬਸਤੀ	18:40	ਸਪਤਾਹ ਵਿਚ ਦੋ ਦਿਨ	ਸੋਮਵਾਰ, ਸ਼ੁੱਕਰਵਾਰ	30.11.2026 ਤਕ
03640	ਸ਼ਕੂਰ ਬਸਤੀ		21:10	ਧਨਬਾਦ ਜੰ:	23:45		ਮੰਗਲਵਾਰ, ਸ਼ਨੀਵਾਰ	01.12.2026 ਤਕ
05219	ਮੁਜੱਫਰਪਰ ਜੰ:		13:30	ਆਨੰਦ ਵਿਹਾਰ ਟਰਮੀਨਲ	10:00	ਸਪਤਾਹਿਕ	ਸ਼ੁੱਕਰਵਾਰ	27.11.2026 ਤਕ
05220	ਆਨੰਦ ਵਿਹਾਰ ਟਰਮੀਨਲ		12:00	ਮੁਜੱਫਰਪਰ ਜੰ:	09:45		ਸ਼ਨੀਵਾਰ	28.11.2026 ਤਕ
05193	ਛਪਰਾ ਜੰ:		14:00	ਪਠਾਨਕੋਟ	22:15	ਸਪਤਾਹਿਕ	ਸੋਮਵਾਰ	23.11.2026 ਤਕ
05194	ਪਠਾਨਕੋਟ		00:30	ਛਪਰਾ ਜੰ:	09:15		ਬੁੱਧਵਾਰ	25.11.2026 ਤਕ
02417	ਪ੍ਰਯਾਗਰਾਜ ਜੰ:		21:00	ਸ਼ਕੂਰ ਬਸਤੀ	10:05	ਸਪਤਾਹ ਵਿਚ ਚਾਰ ਦਿਨ	ਐਤ, ਸੋਮ, ਵੀਰ, ਸ਼ੁੱਕਰ	14.12.2026 ਤਕ
02418	ਸ਼ਕੂਰ ਬਸਤੀ		21:30	ਪ੍ਰਯਾਗਰਾਜ ਜੰ:	09:15		ਬੁੱਧ, ਵੀਰ, ਸ਼ਨੀ, ਐਤ	17.12.2026 ਤਕ
04163	ਨਾਰਾਯਣਪੁਰ ਬਾਜ਼ਾਰ		18:00	ਸ਼ਕੂਰ ਬਸਤੀ	10:05	ਸਪਤਾਹ ਵਿਚ ਤਿੰਨ ਦਿਨ	ਮੰਗਲ, ਬੁੱਧ, ਸ਼ਨੀ	16.12.2026 ਤਕ
04164	ਸ਼ਕੂਰ ਬਸਤੀ		21:30	ਨਾਰਾਯਣਪੁਰ ਬਾਜ਼ਾਰ	12:25		ਸੋਮ, ਮੰਗਲ, ਸ਼ੁੱਕਰ	15.12.2026 ਤਕ
03257	ਦਾਨਾਪੁਰ		07:30	ਆਨੰਦ ਵਿਹਾਰ ਟਰਮੀਨਲ	00:30	ਸਪਤਾਹਿਕ	ਐਤਵਾਰ	29.11.2026 ਤਕ
03258	ਆਨੰਦ ਵਿਹਾਰ ਟਰਮੀਨਲ		05:00	ਦਾਨਾਪੁਰ	20:45		ਸੋਮਵਾਰ	30.11.2026 ਤਕ
05301	ਮਊ ਜੰ:		04:40	ਅੰਬਾਲਾ ਕੈਂਟ ਜੰ:	03:55	ਸਪਤਾਹਿਕ	ਵੀਰਵਾਰ	26.11.2026 ਤਕ
05302	ਅੰਬਾਲਾ ਕੈਂਟ ਜੰ:		05:45	ਮਊ ਜੰ:	04:30		ਸ਼ੁੱਕਰਵਾਰ	27.11.2026 ਤਕ
05085	ਛਪਰਾ ਜੰ:		13:05	ਆਨੰਦ ਵਿਹਾਰ ਟਰਮੀਨਲ	09:40	ਸਪਤਾਹਿਕ	ਮੰਗਲਵਾਰ	24.11.2026 ਤਕ
05086	ਆਨੰਦ ਵਿਹਾਰ ਟਰਮੀਨਲ		10:50	ਛਪਰਾ ਜੰ:	07:00		ਬੁੱਧਵਾਰ	25.11.2026 ਤਕ
03435	ਮਾਲਦਾ ਟਾਊਨ		09:30	ਆਨੰਦ ਵਿਹਾਰ ਟਰਮੀਨਲ	13:40	ਸਪਤਾਹਿਕ	ਸੋਮਵਾਰ	30.11.2026 ਤਕ
03436	ਆਨੰਦ ਵਿਹਾਰ ਟਰਮੀਨਲ		14:50	ਮਾਲਦਾ ਟਾਊਨ	22:30		ਮੰਗਲਵਾਰ	01.12.2026 ਤਕ
02877	ਰਾਂਚੀ ਜੰ:		16:25	ਆਨੰਦ ਵਿਹਾਰ ਟਰਮੀਨਲ	18:00	ਸਪਤਾਹਿਕ	ਸ਼ਨੀਵਾਰ	28.11.2026 ਤਕ
02878	ਆਨੰਦ ਵਿਹਾਰ ਟਰਮੀਨਲ		19:30	ਰਾਂਚੀ ਜੰ:	19:10		ਐਤਵਾਰ	29.11.2026 ਤਕ
04123	ਪ੍ਰਯਾਗਰਾਜ ਜੰ:		14:50	ਹਜ਼ਰਤ ਨਿਜ਼ਾਮੁਦੀਨ	11:35	ਸਪਤਾਹ ਵਿਚ ਦੋ ਦਿਨ	ਬੁੱਧਵਾਰ, ਐਤਵਾਰ	29.11.2026 ਤਕ
04124	ਹਜ਼ਰਤ ਨਿਜ਼ਾਮੁਦੀਨ		15:45	ਪ੍ਰਯਾਗਰਾਜ ਜੰ:	09:10		ਵੀਰਵਾਰ, ਸੋਮਵਾਰ	30.11.2026 ਤਕ
05101	ਗੋਰਖਪੁਰ ਜੰ:		16:00	ਸ਼ਕੂਰ ਬਸਤੀ	11:05	ਸਪਤਾਹਿਕ	ਐਤਵਾਰ	29.11.2026 ਤਕ
05102	ਸ਼ਕੂਰ ਬਸਤੀ		13:15	ਗੋਰਖਪੁਰ ਜੰ:	08:30		ਸੋਮਵਾਰ	30.11.2026 ਤਕ
03107	ਕੋਲਕਾਤਾ		23:50	ਆਲਮਨਗਰ	19:45	ਸਪਤਾਹਿਕ	ਵੀਰਵਾਰ	26.11.2026 ਤਕ
03108	ਆਲਮਨਗਰ		01:45	ਕੋਲਕਾਤਾ	22:30		ਸ਼ਨੀਵਾਰ	28.11.2026 ਤਕ
04183	ਪ੍ਰਯਾਗਰਾਜ ਜੰ:		15:25	ਹਜ਼ਰਤ ਨਿਜ਼ਾਮੁਦੀਨ	11:35	ਸਪਤਾਹਿਕ	ਮੰਗਲਵਾਰ	01.12.2026 ਤਕ
04184	ਹਜ਼ਰਤ ਨਿਜ਼ਾਮੁਦੀਨ		15:45	ਪ੍ਰਯਾਗਰਾਜ ਜੰ:	09:10		ਬੁੱਧਵਾਰ	02.12.2026 ਤਕ
03437	ਮਾਲਦਾ ਟਾਊਨ		10:00	ਹਰਿਦੁਆਰ ਜੰ:	17:00	ਸਪਤਾਹਿਕ	ਸ਼ਨੀਵਾਰ	28.11.2026 ਤਕ
03438	ਹਰਿਦੁਆਰ ਜੰ:		18:35	ਮਾਲਦਾ ਟਾਊਨ	23:55		ਐਤਵਾਰ	29.11.2026 ਤਕ
01705	ਜਬਲਪੁਰ ਜੰ:		19:40	ਅਯੋਧਿਆ ਧਾਮ ਜੰ:	11:25	ਸਪਤਾਹਿਕ	ਮੰਗਲਵਾਰ	29.12.2026 ਤਕ
01706	ਅਯੋਧਿਆ ਧਾਮ ਜੰ:		13:30	ਜਬਲਪੁਰ ਜੰ:	06:45		ਬੁੱਧਵਾਰ	30.12.2026 ਤਕ
09309	ਇੰਦੌਰ ਜੰ:		17:00	ਹਜ਼ਰਤ ਨਿਜ਼ਾਮੁਦੀਨ	05:00	ਸਪਤਾਹ ਵਿਚ ਦੋ ਦਿਨ	ਸ਼ੁੱਕਰਵਾਰ, ਐਤਵਾਰ	27.11.2026 ਤਕ
09310	ਹਜ਼ਰਤ ਨਿਜ਼ਾਮੁਦੀਨ		08:20	ਇੰਦੌਰ ਜੰ:	21:00		ਸ਼ਨੀਵਾਰ, ਸੋਮਵਾਰ	28.11.2026 ਤਕ
09257	ਭਾਵਨਗਰ ਟਰਮੀਨਸ		14:20	ਸ਼ਕੂਰ ਬਸਤੀ	10:55	ਸਪਤਾਹਿਕ	ਸ਼ੁੱਕਰਵਾਰ	27.11.2026 ਤਕ
09258	ਸ਼ਕੂਰ ਬਸਤੀ		13:15	ਭਾਵਨਗਰ ਟਰਮੀਨਸ	08:50		ਸ਼ਨੀਵਾਰ	28.11.2026 ਤਕ
09203	ਵੇਰਾਵਲ ਜੰ:		16:05	ਹਰਿਦੁਆਰ ਜੰ:	20:40	ਸਪਤਾਹਿਕ	ਮੰਗਲਵਾਰ	24.11.2026 ਤਕ
09204	ਹਰਿਦੁਆਰ ਜੰ:		21:30	ਵੇਰਾਵਲ ਜੰ:	09:45		ਬੁੱਧਵਾਰ	25.11.2026 ਤਕ
09523	ਓਖਾ		10:20	ਸ਼ਕੂਰ ਬਸਤੀ	10:35	ਸਪਤਾਹਿਕ	ਮੰਗਲਵਾਰ	24.11.2026 ਤਕ
09524	ਸ਼ਕੂਰ ਬਸਤੀ		13:15	ਓਖਾ	13:00		ਬੁੱਧਵਾਰ	25.11.2026 ਤਕ
09425	ਸਾਬਰਮਤੀ ਬੀਜੀ		18:45	ਹਰਿਦੁਆਰ ਜੰ:	20:30	ਸਪਤਾਹਿਕ	ਸੋਮਵਾਰ	23.11.2026 ਤਕ
09426	ਹਰਿਦੁਆਰ ਜੰ:		21:45	ਸਾਬਰਮਤੀ ਬੀਜੀ	22:30		ਮੰਗਲਵਾਰ	24.11.2026 ਤਕ
04811	ਬਾੜਮੇਰ		04:15	ਹਰਿਦੁਆਰ ਜੰ:	04:10	ਸਪਤਾਹ ਵਿਚ ਦੋ ਦਿਨ	ਸੋਮਵਾਰ, ਵੀਰਵਾਰ	30.11.2026 ਤਕ
04812	ਹਰਿਦੁਆਰ ਜੰ:		05:15	ਬਾੜਮੇਰ	06:35		ਮੰਗਲਵਾਰ, ਸ਼ੁੱਕਰਵਾਰ	01.12.2026 ਤਕ
09611	ਅਜਮੇਰ ਜੰ:		19:45	ਯੋਗ ਨਗਰੀ ਰਿਸ਼ੀਕੇਸ਼	12:50	ਸਪਤਾਹਿਕ	ਬੁੱਧਵਾਰ	25.11.2026 ਤਕ
09612	ਯੋਗ ਨਗਰੀ ਰਿਸ਼ੀਕੇਸ਼		17:55	ਅਜਮੇਰ ਜੰ:	09:55		ਵੀਰਵਾਰ	26.11.2026 ਤਕ
09639	ਮਦਾਰ ਜੰ:		04:30	ਰੋਹਤਕ ਜੰ:	12:50	ਹਰਰੋਜ਼	ਐਤ, ਸੋਮ, ਮੰਗਲ, ਬੁੱਧ ਵੀਰ, ਸ਼ੁੱਕਰ, ਸ਼ਨੀ	30.11.2026 ਤਕ
09640	ਰੋਹਤਕ ਜੰ:		13:20	ਮਦਾਰ ਜੰ:	22:35			30.11.2026 ਤਕ
09609	ਉਦਯਪੁਰ ਸਿਟੀ		13:45	ਯੋਗ ਨਗਰੀ ਰਿਸ਼ੀਕੇਸ਼	10:15	ਸਪਤਾਹਿਕ	ਮੰਗਲਵਾਰ	24.11.2026 ਤਕ
09610	ਯੋਗ ਨਗਰੀ ਰਿਸ਼ੀਕੇਸ਼		17:55	ਉਦਯਪੁਰ ਸਿਟੀ	15:30		ਬੁੱਧਵਾਰ	25.11.2026 ਤਕ
01703	ਜਬਲਪੁਰ ਜੰ:		15:30	ਹਰਿਦੁਆਰ ਜੰ:	14:20	ਸਪਤਾਹਿਕ	ਵੀਰਵਾਰ	19.11.2026 ਤਕ
01704	ਹਰਿਦੁਆਰ ਜੰ:		15:10	ਜਬਲਪੁਰ ਜੰ:	16:20		ਸ਼ੁੱਕਰਵਾਰ	20.11.2026 ਤਕ
09097	ਉਧਨਾ ਜੰ:		06:45	ਅਯੋਧਿਆ ਕੈਂਟ	11:30	ਸਪਤਾਹਿਕ	ਮੰਗਲਵਾਰ	24.11.2026 ਤਕ
09098	ਅਯੋਧਿਆ ਕੈਂਟ		13:30	ਉਧਨਾ ਜੰ:	17:30		ਬੁੱਧਵਾਰ	25.11.2026 ਤਕ
02456	ਨਵੀਂ ਦਿੱਲੀ		07:45	ਕਾਨਪੁਰ ਸੈਂਟਰਲ	13:15	ਸਪਤਾਹ ਵਿਚ ਚਾਰ ਦਿਨ	ਸੋਮ, ਬੁੱਧ, ਸ਼ੁੱਕਰ, ਸ਼ਨੀ	30.11.2026 ਤਕ
02455	ਕਾਨਪੁਰ ਸੈਂਟਰਲ		15:00	ਨਵੀਂ ਦਿੱਲੀ	20:20		ਸੋਮ, ਬੁੱਧ, ਸ਼ੁੱਕਰ, ਸ਼ਨੀ	30.11.2026 ਤਕ
02458	ਆਨੰਦ ਵਿਹਾਰ ਟਰਮੀਨਲ		07:20	ਕਾਨਪੁਰ ਸੈਂਟਰਲ	13:15	ਸਪਤਾਹ ਵਿਚ ਤਿੰਨ ਦਿਨ	ਮੰਗਲ, ਵੀਰ, ਐਤ	29.11.2026 ਤਕ
02457	ਕਾਨਪੁਰ ਸੈਂਟਰਲ		15:00	ਆਨੰਦ ਵਿਹਾਰ ਟਰਮੀਨਲ	20:10		ਮੰਗਲ, ਵੀਰ, ਐਤ	29.11.2026 ਤਕ
05005	ਬਢਨੀ		15:10	ਜਲੰਧਰ ਸਿਟੀ ਜੰ:	08:30	ਸਪਤਾਹਿਕ	ਬੁੱਧਵਾਰ	25.11.2026 ਤਕ
05006	ਜਲੰਧਰ ਸਿਟੀ ਜੰ:		10:50	ਬਢਨੀ	04:45		ਵੀਰਵਾਰ	26.11.2026 ਤਕ
01483	ਖੜਕੀ		17:30	ਹਜ਼ਰਤ ਨਿਜ਼ਾਮੁਦੀਨ	18:10	ਸਪਤਾਹ ਵਿਚ ਦੋ ਦਿਨ	ਮੰਗਲਵਾਰ, ਸ਼ੁੱਕਰਵਾਰ	20.11.2026 ਤਕ
01484	ਹਜ਼ਰਤ ਨਿਜ਼ਾਮੁਦੀਨ		22:10	ਖੜਕੀ	22:15		ਬੁੱਧਵਾਰ, ਸ਼ਨੀਵਾਰ	21.11.2026 ਤਕ
07621	ਹਜ਼ੂਰ ਸਾਹਿਬ ਨਾਂਦੇੜ		08:45	ਹਜ਼ਰਤ ਨਿਜ਼ਾਮੁਦੀਨ	14:00	ਸਪਤਾਹਿਕ	ਸ਼ਨੀਵਾਰ	28.11.2026 ਤਕ
07622	ਹਜ਼ਰਤ ਨਿਜ਼ਾਮੁਦੀਨ		21:40	ਹਜ਼ੂਰ ਸਾਹਿਬ ਨਾਂਦੇੜ	00:35		ਐਤਵਾਰ	29.11.2026 ਤਕ
07021	ਚਰਲਪਲਲੀ		19:20	ਹਜ਼ਰਤ ਨਿਜ਼ਾਮੁਦੀਨ	02:00	ਸਪਤਾਹਿਕ	ਸੋਮਵਾਰ	30.11.2026 ਤਕ
07022	ਹਜ਼ਰਤ ਨਿਜ਼ਾਮੁਦੀਨ		04:00	ਚਰਲਪਲਲੀ	13:50		ਬੁੱਧਵਾਰ	02.12.2026 ਤਕ
07023	ਚਰਲਪਲਲੀ		19:45	ਹਜ਼ਰਤ ਨਿਜ਼ਾਮੁਦੀਨ	05:00	ਸਪਤਾਹਿਕ	ਮੰਗਲਵਾਰ	24.11.2026 ਤਕ
07024	ਹਜ਼ਰਤ ਨਿਜ਼ਾਮੁਦੀਨ		07:15	ਚਰਲਪਲਲੀ	17:45		ਵੀਰਵਾਰ	26.11.2026 ਤਕ
09617	ਉਦਯਪੁਰ ਸਿਟੀ		21:15	ਦਿੱਲੀ ਸਰਾਏ ਰੋਹਿਲਾ	11:15	ਸਪਤਾਹਿਕ	ਬੁੱਧਵਾਰ	25.11.2026 ਤਕ
09618	ਦਿੱਲੀ ਸਰਾਏ ਰੋਹਿਲਾ		13:45	ਉਦਯਪੁਰ ਸਿਟੀ	04:00		ਵੀਰਵਾਰ	26.11.2026 ਤਕ
01045	ਲੋਕਮਾਨਯ ਤਿਲਕ ਟਰਮੀਨਸ		07:35	ਅਯੋਧਿਆ ਕੈਂਟ	10:15	ਸਪਤਾਹ ਵਿਚ ਦੋ ਦਿਨ	ਸੋਮਵਾਰ, ਸ਼ੁੱਕਰਵਾਰ	27.11.2026 ਤਕ
01046	ਅਯੋਧਿਆ ਕੈਂਟ		13:50	ਲੋਕਮਾਨਯ ਤਿਲਕ ਟਰਮੀਨਸ	17:15		ਮੰਗਲਵਾਰ, ਸ਼ਨੀਵਾਰ	28.11.2026 ਤਕ
01913	ਖਜੁਰਾਹੋ		22:15	ਹਜ਼ਰਤ ਨਿਜ਼ਾਮੁਦੀਨ	11:00	ਸਪਤਾਹ ਵਿਚ ਤਿੰਨ ਦਿਨ	ਸੋਮ, ਬੁੱਧ, ਸ਼ਨੀ	18.11.2026 ਤਕ
01914	ਹਜ਼ਰਤ ਨਿਜ਼ਾਮੁਦੀਨ		12:30	ਖਜੁਰਾਹੋ	03:30		ਮੰਗਲ, ਵੀਰ, ਐਤ	19.11.2026 ਤਕ
06073	ਤਿਰਵਨੰਤਪੁਰਮ ਨਾਰਥ		14:00	ਹਜ਼ਰਤ ਨਿਜ਼ਾਮੁਦੀਨ	23:50	ਸਪਤਾਹਿਕ	ਸੋਮਵਾਰ	16.11.2026 ਤਕ
06074	ਹਜ਼ਰਤ ਨਿਜ਼ਾਮੁਦੀਨ		05:45	ਤਿਰਵਨੰਤਪੁਰਮ ਨਾਰਥ	16:30		ਵੀਰਵਾਰ	19.11.2026 ਤਕ
01708	ਹਜ਼ਰਤ ਨਿਜ਼ਾਮੁਦੀਨ		15:45	ਜਬਲਪੁਰ ਜੰ:	09:30	ਸਪਤਾਹਿਕ	ਮਿਤੀਵਾਰ	15.11.2026 ਨੂੰ

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਜਾਣਕਾਰੀ ਜਿਸਤਰ੍ਹਾਂ ਮਾਰਗ ਵਿਚ ਪੈਣ ਵਾਲੇ ਸਟੇਸ਼ਨਾਂ ਅਤੇ ਉਨ੍ਹਾਂ ਦੀ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ ।

ਉੱਤਰ ਰੇਲਵੇ

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤੇ ਸਾਨੂੰ ਫਾਲੋ ਕਰੋ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

ਕਿਸਾਨਾਂ ਵੱਲੋਂ ਪੰਜਾਬ ਸਰਕਾਰ ਤੇ ਪੁੱਡਾ ਅਧਿਕਾਰੀਆਂ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ

ਵਲਟੋਹਾ (ਰਣਜੀਤ ਸਿੰਘ)- ਸਹਿਕਾਰੀ ਖੰਡ ਮਿੱਲ ਖੰਡ ਮਿੱਲ ਚਾਲੂ ਕਰਨ ਲਈ ਸੰਘਰਸ਼ਸ਼ੀਲ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੈੱਡ ਪਿਛਲੇ ਛੇ ਮਹੀਨਿਆਂ ਤੋਂ ਲਗਾਤਾਰ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਚਾਉਣ ਹਿੱਤ ਲਗਾਤਾਰ ਮੋਰਚਾ ਚਲਾ ਰਿਹਾ ਹੈ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਨਾਲ ਗੱਲਬਾਤ ਕਰਵਾਉਣ ਦੀ ਪੇਸ਼ਕਸ ਕੀਤੀ ਗਈ ਸੀ।ਅੱਜ ਇੱਕ ਹਫਤਾ ਬੀਤਣ ਦੇ ਬਾਵਜੂਦ ਵੀ ਜ਼ਿਲਾ ਪ੍ਰਸ਼ਾਸਨ ਵੱਲੋਂ ਇਸ ਸਬੰਧੀ ਚੁੱਪ ਧਾਰੀ ਹੋਈ ਹੈ।ਜਥੇਬੰਦੀਆਂ ਵੱਲੋਂ ਪੁੱਡਾ ਅਥਾਰਟੀ ਅਤੇ ਰੈਵੀਨਿਓ ਮਹਿਕਮੇ ਵੱਲੋਂ ਕਾਨੂੰਗੋ ਵੱਲੋਂ ਨਿਸ਼ਾਨਦੇਹੀ ਲੈਣ ਜਾਂ ਦਖਲ ਲੈ ਜਾਣ ਦਾ ਤਿੱਖਾ ਵਿਰੋਧ ਕੀਤਾ ਗਿਆ।ਇਸ ਮੌਕੇ ਹਾਜ਼ਰ ਕਿਸਾਨਾਂ ਵਲੋਂ ਪੰਜਾਬ ਸਰਕਾਰ ਅਤੇ ਪੁੱਡਾ ਅਥਾਰਟੀ ਦੇ ਅਧਿਕਾਰੀਆਂ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਇਸ ਤੋਂ ਇਲਾਵਾ ਕਿਸਾਨਾਂ ਵੱਲੋਂ ਰੋਸ ਰੈਲੀ ਵੀ ਕੀਤੀ ਗਈ।ਵੱਖ ਵੱਖ ਕਿਸਾਨ ਆਗੂਆਂ ਦਲਜੀਤ ਸਿੰਘ ਦਿਆਲਪੁਰਾ, ਤਰਸੇਮ ਸਿੰਘ ਲੁਹਾਰ, ਨਛੱਤਰ ਸਿੰਘ ਪੰਨੂ,



ਸੁਖਚੈਨ ਸਿੰਘ ਸਰਹਾਲੀ, ਰਤਨ ਸਿੰਘ ਢੰਡ, ਸੁਖਦੇਵ ਸਿੰਘ ਮਾਨੋਚਾਹਲ, ਆਦਿ ਨੇ ਕਿਹਾ ਕਿ ਕਿਸਾਨ ਕਿਲੇ ਵੀ ਕੀਮਤ ਤੇ ਖੰਡ ਮਿੱਲ ਸ਼ੇਰੋਂ ਦੀ ਜ਼ਮੀਨ ਵੇਚਣ ਦੀ ਇਜਾਜ਼ਤ ਨਹੀਂ ਦੇਣਗੇ।ਪੰਜਾਬ ਸਰਕਾਰ ਵੱਲੋਂ ਪੰਜਾਬ ਅੰਦਰ 400 ਅਨਾਜ ਮੰਡੀਆਂ ਇਹ ਕਹਿ ਕੇ ਬੰਦ ਕਰ ਦਿਤੀਆਂ ਗਈਆਂ ਹਨ ਕਿ ਕੋਟਾ ਪੂਰਾ ਹੋ ਚੁੱਕਾ ਹੈ। ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ ਬੱਗੂ ਜਮਹੂਰੀ ਕਿਸਾਨ ਸਭਾ, ਜੱਸਾ ਸਿੰਘ ਕੱਦਗਿਲ ਆਜ਼ਾਦ ਕਿਸਾਨ ਸੰਘਰਸ਼ ਕਮੇਟੀ, ਮੇਹਰ ਸਿੰਘ ਚੁਤਾਲਾ ਕਿਰਤੀ ਕਿਸਾਨ ਯੂਨੀਅਨ, ਦਵਿੰਦਰ ਸੋਹਲ ਕੁਲ ਹਿੰਦ ਕਿਸਾਨ ਸਭਾ, ਡਾਕਟਰ ਇੰਦਰਜੀਤ ਸਿੰਘ ਮਰਹਾਣਾ ਕੁਲ ਹਿੰਦ ਕਿਸਾਨ ਸਭਾ ਸ਼ਾਮਿਲ ਸਨ।

ਦਲਿਤ ਤੇ ਮਨਰੇਗਾ ਔਰਤਾਂ ਦੀ ਕਨਵੈਨਸ਼ਨ ਅੱਜ

ਝਬਾਲ (ਹਰਜਿੰਦਰ ਸਿੰਘ ਸੋਨੀ)- ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਪਿੰਡ ਕਲੇਰ ਦੀ ਭਰਵੀਂ ਮੀਟਿੰਗ ਨਿਸ਼ਾਨ ਸਿੰਘ ਕਲੇਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਤਹਿਸੀਲ ਸਕੱਤਰ ਲਖਵਿੰਦਰ



ਸਿੰਘ ਕਲੇਰ ਅਤੇ ਸੂਬਾ ਕਮੇਟੀ ਮੈਂਬਰ ਸਤਨਾਮ ਸਿੰਘ ਕਲੇਰ ਨੇ ਪਿੰਡ ਵਿਚੋਂ ਜੱਥੇਬੰਦੀ ਦੀ ਮੈਂਬਰਸ਼ਿਪ ਕਰਨ ਅਤੇ 15 ਨਵੰਬਰ ਨੂੰ ਸੂਬਾ ਕਮੇਟੀ ਦੇ ਫੈਸਲੇ ਮੁਤਾਬਕ ਪਿੰਡ ਵਿੱਚ ਦਲਿਤ ਔਰਤਾਂ ਤੇ ਮਨਰੇਗਾ ਦੀ ਕਨਵੈਨਸ਼ਨ ਕਰਨ ਬਾਰੇ ਦੱਸਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜੱਥੇਬੰਦੀ ਦੇ ਜ਼ਿਲ੍ਹਾ ਜਰਨਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਕਿਹਾ ਕਿ 15 ਨਵੰਬਰ ਨੂੰ ਜ਼ਿਲੇ ਦੀਆਂ ਦਲਿਤ ਅਤੇ ਮਨਰੇਗਾ ਔਰਤ ਵਰਕਰਾਂ ਦੀ ਕਨਵੈਨਸ਼ਨ ਕੀਤੀ ਜਾਵੇਗੀ ਜਿਸ ਵਿੱਚ ਵੱਖ-ਵੱਖ ਪਿੰਡਾਂ ਤੋਂ ਵਰਕਰ ਸਾਥੀ ਪਹੁੰਚਣਗੇ ਜਿਸ ਵਿੱਚ ਮਨਰੇਗਾ ਅਤੇ ਦਲਿਤ ਔਰਤਾਂ ਦੇ ਭਖਦੇ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ ਜਾਵੇਗੀ ਅਤੇ ਲੋਕਲ ਮੁਸ਼ਕਿਲਾਂ ਤੇ ਜਥੇਬੰਦਕ ਸੰਘਰਸ਼ ਤੇਜ਼ ਕੀਤਾ ਜਾਵੇਗਾ।ਇਸ ਮੀਟਿੰਗ ਨੂੰ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਤਲਵੰਡੀ ਵੀ ਸੰਬੋਧਨ ਕਰਨਗੇ।

ਤਲਬੀਰ ਸਿੰਘ ਗਿੱਲ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਲੱਗਾ ਤਾਂਤਾ



ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)- ਆਮ ਆਦਮੀ ਪਾਰਟੀ ਵੱਲੋਂ ਹਲਕਾ ਮਜੀਠਾ ਦੇ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਜ਼ਿੰਮੇਵਾਰੀ ਸੌਂਪੇ ਜਾਣ ਤੋਂ ਬਾਅਦ ਹਲਕੇ ਦੀ ਸਿਆਸੀ ਸਰਗਰਮੀ ਤੇਜ਼ ਹੋ ਗਈ ਹੈ।ਇਸ ਮੌਕੇ ਪਿੰਡ ਫੱਤੂਭੀਲਾ ਦੇ ਸਰਪੰਚ ਜੋਗਾ ਸਿੰਘ ਨੇ ਤਲਬੀਰ ਸਿੰਘ ਗਿੱਲ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਪਾਰਟੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ।

ਮੁਲਾਕਾਤ ਦੌਰਾਨ ਸਰਪੰਚ ਜੋਗਾ ਸਿੰਘ ਨੇ ਕਿਹਾ ਕਿ ਉਹ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਤਲਬੀਰ ਸਿੰਘ ਗਿੱਲ ਦੇ ਨਾਲ ਪੂਰੀ ਮਜ਼ਬੂਤੀ ਨਾਲ ਖੜ੍ਹਨਗੇ ਅਤੇ ਮੋਢੇ ਨਾਲ ਮੋਢਾ ਜੋੜ ਕੇ ਆਪਣੀ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਪਾਰਟੀ ਦੀਆਂ ਸਰਗਰਮੀਆਂ ਵਿੱਚ ਵੱਧ-ਚੜ੍ਹ ਕੇ ਸਹਿਯੋਗ ਦਿੱਤਾ ਜਾਵੇਗਾ। ਇਸ ਦੌਰਾਨ ਤਲਬੀਰ ਸਿੰਘ ਗਿੱਲ ਨੂੰ ਵਧਾਈ ਦੇਣ ਲਈ ਹਲਕਾ ਮਜੀਠਾ ਦੇ ਵੱਖ-ਵੱਖ ਪਿੰਡਾਂ ਤੋਂ ਲੋਕਾਂ ਦੇ ਪਹੁੰਚਣ ਦਾ ਸਿਲਸਿਲਾ ਜਾਰੀ ਰਿਹਾ।ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਦੇ ਇਕੱਠ ਨੇ ਇਸ ਮੁਲਾਕਾਤ ਨੂੰ ਖਾਸ ਬਣਾ ਦਿੱਤਾ।ਇਲਾਕੇ ਦੇ ਲੋਕਾਂ, ਪਾਰਟੀ ਆਗੂਆਂ ਅਤੇ ਵਰਕਰਾਂ ਵੱਲੋਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਜਾ ਰਹੀ ਹੈ।

ਸਰਪੰਚ ਜੋਗਾ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਤਲਬੀਰ ਸਿੰਘ ਗਿੱਲ ਦੇ ਨਾਲ ਮਿਲ ਕੇ ਹਲਕੇ ਨਾਲ ਸਬੰਧਤ ਲੋਕ ਮਸਲਿਆਂ ਅਤੇ ਵਿਕਾਸ ਕਾਰਜਾਂ ਲਈ ਆਪਣਾ ਸਹਿਯੋਗ ਜਾਰੀ ਰੱਖਣਗੇ।

ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਸੰਗਰੂਰ ਵਿਖੇ ਸੂਬਾ ਪੱਧਰੀ ਧਰਨਾ ਭਲਕੇ

ਧਾਰੀਵਾਲ , (ਮਨਦੀਪ ਵਿੱਕੀ)- ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਅਤੇ ਧਾਰੀਵਾਲ ਬਲਾਕ ਤੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਕੰਵਲਜੀਤ ਕੌਰ ਚਾਹਲ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਆਂਗਣਵਾੜੀ-ਕਮ-ਕਰੈਚ ਵਰਕਰ ਅਤੇ ਹੈਲਪਰਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ 16 ਨਵੰਬਰ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਦੇ ਸਾਹਮਣੇ ਸੂਬਾ ਪੱਧਰੀ ਰੋਸ ਧਰਨਾ ਦਿੱਤਾ ਜਾ ਰਿਹਾ ਹੈ।ਇਸ ਧਰਨੇ ਵਿੱਚ ਪੰਜਾਬ ਭਰ ਤੋਂ ਆਂਗਣਵਾੜੀ-ਕਮ-ਕਰੈਚ ਵਰਕਰਾਂ ਅਤੇ ਹੈਲਪਰਾਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੀਆਂ।ਯੂਨੀਅਨ ਦੀ ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਅਤੇ ਜ਼ਿਲ੍ਹਾ ਪ੍ਰਧਾਨ ਕੰਵਲਜੀਤ ਕੌਰ ਚਾਹਲ ਨੇ ਦੱਸਿਆ ਕਿ ਜਥੇਬੰਦੀ ਦੀ ਮੁੱਖ ਮੰਗ ਆਂਗਣਵਾੜੀ ਵਰਕਰਾਂ-ਕਮ-ਕਰੈਚ ਵਰਕਰਾਂ ਤੇ ਹੈਲਪਰਾਂ ਦਾ ਮਾਣ-ਭੱਤਾ ਦੁੱਗਣਾ ਕਰਨ ਦੇ ਚੋਣ ਵਾਅਦੇ ਨੂੰ ਪੂਰਾ ਕਰਵਾਉਣਾ ਹੈ।ਬਰਿੰਦਰਜੀਤ ਕੌਰ ਛੀਨਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦਾ ਮਾਣ-ਭੱਤਾ ਦੁੱਗਣਾ ਕਰਨ ਦਾ ਵਾਅਦਾ



ਬਰਿੰਦਰਜੀਤ ਕੌਰ ਛੀਨਾ ਸੂਬਾ ਪ੍ਰਧਾਨ | ਕਵਲਜੀਤ ਕੌਰ ਚਾਹਲ ਜ਼ਿਲ੍ਹਾ ਪ੍ਰਧਾਨ

ਕੀਤਾ ਸੀ, ਪਰ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵਲੋਂ ਸਾਢੇ ਚਾਰ ਸਾਲ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਇਹ ਵਾਅਦਾ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਯੂਨੀਅਨ ਵੱਲੋਂ ਮੁੱਖ ਮੰਤਰੀ ਨਾਲ ਵਾਰ ਵਾਰ ਮੀਟਿੰਗਾਂ ਕੀਤੀਆਂ ਗਈਆਂ ਪਰ ਕੋਈ ਸਿੱਟਾ ਨਹੀਂ ਨਿਕਲਿਆ । ਇਸ ਤੋਂ ਪਹਿਲਾਂ ਯੂਨੀਅਨ ਦੇ ਅਹੁਦੇਦਾਰਾਂ ਨੂੰ 29 ਅਗਸਤ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮੀਟਿੰਗ ਦਾ ਸਮਾਂ ਮਿਲਿਆ ਸੀ। ਮੀਟਿੰਗ ਦੌਰਾਨ ਵਿੱਤ ਮੰਤਰੀ ਵੱਲੋਂ 15 ਦਿਨਾਂ ਦੇ ਅੰਦਰ ਮਾਣ-ਭੱਤਾ ਦੁੱਗਣਾ ਕਰਨ ਦਾ ਭਰੋਸਾ ਦਿੱਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ, ਪਰ ਇਸ ਦੇ ਬਾਵਜੂਦ ਇਸ ਸਬੰਧੀ ਕੋਈ ਠੋਸ ਫ਼ੈਸਲਾ ਨਹੀਂ ਲਿਆ ਗਿਆ।

ਅੰਤਰ-ਜਮਾਤੀ ਕ੍ਰਿਕਟ ਮੁਕਾਬਲੇ 'ਚ ਆਰ. ਡੀ. ਖੋਸਲਾ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਬਟਾਲਾ (ਤਰਲੋਕ ਬੱਗਾ)- ਆਰ. ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਵਿਖੇ ਵਿਦਿਆਰਥੀਆਂ ਦੀ ਪ੍ਰਤਿਭਾ, ਆਤਮ-ਵਿਸ਼ਵਾਸ, ਅਨੁਸ਼ਾਸਨ ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਅੰਤਰ-ਜਮਾਤੀ ਕ੍ਰਿਕਟ ਮੁਕਾਬਲੇ



ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ ਸਕੂਲ ਦੇ ਲੜਕਿਆਂ ਅਤੇ ਲੜਕੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲੈਂਦਿਆਂ ਆਪਣੀ ਪ੍ਰਤਿਭਾ ਅਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਭ ਨੂੰ ਪ੍ਰਭਾਵਿਤ ਕੀਤਾ। ਇਸ ਮੁਕਾਬਲੇ ਵਿੱਚ ਸਾਰੀਆਂ ਜਮਾਤਾਂ ਦੇ ਵੱਖ-ਵੱਖ ਹਾਊਸਾਂ ਦੇ ਖਿਡਾਰੀਆਂ ਨੇ ਪੂਰੇ ਜੋਸ਼, ਲਗਨ ਅਤੇ ਟੀਮ ਭਾਵਨਾ ਨਾਲ ਆਪਣੀਬਿਹਤਰੀ ਸਾਬਤ ਕਰਨ ਦਾ ਯਤਨ ਕੀਤਾ। ਸਖ਼ਤ ਮੁਕਾਬਲੇ ਤੋਂ ਬਾਅਦ ਵਿਕਟਰੀ ਹਾਊਸ ਨੇ ਪਹਿਲਾ ਸਥਾਨ, ਯੂਨਿਟੀ ਹਾਊਸ ਨੇ ਦੂਜਾਸਥਾਨ ਅਤੇ ਹਾਰਮਨੀ ਹਾਊਸ ਤੇ ਲਿਬਰਟੀ ਹਾਊਸ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੁਕਾਬਲੇ ਨੇ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਭਾਵਨਾ ਦੇ ਨਾਲ-ਨਾਲ ਸਹਿਯੋਗ, ਏਕਤਾ, ਅਨੁਸ਼ਾਸਨ ਅਤੇ ਟੀਮ ਭਾਵਨਾ ਵਰਗੇ ਮਹੱਤਵਪੂਰਨ ਗੁਣਾਂ ਨੂੰ ਵਿਕਸਿਤ ਕਰਨ ਦਾ ਮੌਕਾ ਪ੍ਰਦਾਨ ਕੀਤਾ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰੈਜ਼ੀਡੈਂਟ ਅਜੈ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਜੇਤੂ ਵਿਦਿਆਰਥੀਆਂ ਨੂੰ ਹਾਰਦਿਕ ਵਧਾਈ ਦਿੱਤੀ। ਸਕੂਲ ਪ੍ਰਬੰਧਕ ਕਮੇਟੀ ਨੇ ਵੀ ਸਾਰੇ ਜੇਤੂ ਹਾਊਸਾਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀ ਮਿਹਨਤ, ਲਗਨ ਅਤੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ।

ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਲਈ ਹਮੇਸ਼ਾ ਵਚਨਬੱਧ : ਰਮਨ ਬਹਿਲ

ਗੁਰਦਾਸਪੁਰ, (ਜਨਕ ਮਹਾਜਨ)- ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ 'ਸਾਡੇ ਬਜ਼ੁਰਗ- ਸਾਡਾ ਮਾਣ' ਅਭਿਆਨ ਤਹਿਤ ਹੋਲਿਸਟਿਕ ਵੈਲ-ਬਿਇੰਗ ਜ਼ਿਲ੍ਹਾ ਪੱਧਰੀ ਮੈਡੀਕਲ ਤੇ ਜਾਗਰੂਕਤਾ ਵੱਖ-ਵੱਖ ਤਜਰਬੇਕਾਰ ਤੇ ਮਾਹਿਰ ਡਾਕਟਰਾਂ ਵਲੋਂ ਅੱਖਾਂ ਦੀ ਜਾਂਚ, ਗੈਰ- ਸੰਕਰਾਮਕ ਬਿਮਾਰੀਆਂ ਦੀ ਜਾਂਚ, ਮਨੋਵਿਗਿਆਨਕ ਸਲਾਹ ਆਦਿ ਸੁਵਿਧਾਵਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਬਜ਼ੁਰਗਾਂ ਦੀ ਸਾਂਭ ਸੰਭਾਲ ਅਤੇ ਕਾਨੂੰਨੀ ਸਹਾਇਤਾ ਸਬੰਧੀ ਵੀ



ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਕੈਂਪ ਦੌਰਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੁਆਰਾ ਦ ਮੇਂਟੇਨੈਂਸ ਆਫ ਸੀਨੀਅਰ ਸਿਟੀਜ਼ਨ ਐਕਟ ਸਬੰਧੀ ਜਾਗਰੂਕਤਾ ਫੈਲਾਈ ਗਈ। ਜ਼ਿਲ੍ਹਾ ਲੀਡ ਮੈਨੇਜਰ ਦਫਤਰ ਰਾਹੀਂ ਬੈਂਕਾਂ ਵਿੱਚ ਹੁੰਦੇ ਫਰੋਡ ਤੋਂ ਸਤਰਕ ਰਹਿਣ ਸਬੰਧੀ ਜਾਗਰੂਕ ਕੀਤਾ ਗਿਆ।

ਕੈਂਪ ਲਗਾਇਆ ਗਿਆ। ਇਸ ਮੌਕੇ ਹਲਕਾ ਇੰਚਾਰਜ ਗੁਰਦਾਸਪੁਰ ਰਮਨ ਬਹਿਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਲੋਕ ਕਲਾ ਮੰਚ ਮਜੀਠਾ ਵਲੋਂ ਗੁਰਮੇਲ ਸਿੰਘ ਸ਼ਾਮਪੁਰ ਦੀ ਟੀਮ ਵੱਲੋਂ 'ਬਜ਼ੁਰਗ ਜੜ੍ਹਾਂ ਆਸਾਡੀਆਂ' ਨਾਟਕ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ। ਰਮਨ ਬਹਿਲ ਨੇ ਕਿਹਾ ਕਿ ਇਸ ਕੈਂਪ ਦੌਰਾਨ ਪੰਜਾਬ ਸਰਕਾਰ ਵੱਲੋਂ ਬਜ਼ੁਰਗਾਂ ਦੀ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਸੀਨੀਅਰ ਸਿਟੀਜਨ ਔਰਤਾਂ ਦੁਆਰਾ ਚਲਾਏ ਜਾ ਰਹੇ ਸੈਲਫ ਹੈਲਪ ਗਰੁੱਪਾਂ ਵੱਲੋਂ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਸੰਗਠਨ ਇੰਚਾਰਜ ਭਾਰਤ ਭੂਸ਼ਣ ਸ਼ਰਮਾ, ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਟਰੱਸਟੀ ਹਿਤੇਸ਼ ਮਹਾਜਨ, ਸੈਕਟਰੀ ਜਗਜੀਤ ਸਿੰਘ ਪਿੰਟਾ, ਹਲਕਾ ਸਿੱਖਿਆ ਕੋਆਰਡੀਨੇਟਰ ਅਸ਼ਵਨੀ ਸ਼ਰਮਾ, ਸਰਪੰਚ ਰਾਜੇਸ਼ ਭੰਗਵਾ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਮੈਡਮ ਕਿਰਤਪ੍ਰੀਤ ਕੌਰ, ਸਟੇਟ ਐਵਾਰਡੀ ਗੁਰਮੀਤ ਸਿੰਘ ਬਾਜਵਾ, ਮੈਡਮ ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ।

ਛੱਠ ਪੂਜਾ ਨੂੰ ਲੈ ਕੇ ਪ੍ਰਸ਼ਾਸਨ ਵੱਲੋਂ ਸੁਰੱਖਿਆ ਹਦਾਇਤਾਂ

ਬਿਆਸ (ਪਰਮਜੀਤ ਸਿੰਘ ਰੱਖੜਾ) ਛੱਠ ਪੂਜਾ ਦੇ ਤਿਉਹਾਰ ਨੂੰ ਸ਼ਾਂਤੀਪੂਰਨ, ਸੁਚਾਰੂ ਅਤੇ ਸੁਰੱਖਿਅਤ ਢੰਗ ਨਾਲ ਮਨਾਉਣ ਲਈ ਉਪ ਮੰਡਲ ਮੈਜਿਸਟ੍ਰੇਟ ਬਾਬਾ ਬਕਾਲਾ ਸਾਹਿਬ ਵੱਲੋਂ ਵੱਖ-ਵੱਖ



ਵਿਭਾਗਾਂ ਨੂੰ ਲੋੜੀਂਦੇ ਪ੍ਰਬੰਧ ਮੁਕੰਮਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਇਹ ਤਿਉਹਾਰ 15 ਅਤੇ 16 ਨਵੰਬਰ ਨੂੰ ਕਸਬਾ ਬਿਆਸ ਵਿਖੇ ਦਰਿਆ ਬਿਆਸ ਦੇ ਕੰਢੇ ਸਥਿਤ ਸ਼ਿਵ ਮੰਦਰ ਵਿਖੇ ਮਨਾਇਆ ਜਾਵੇਗਾ।

ਛੱਠ ਪੂਜਾ ਦੇ ਤਿਉਹਾਰ ਦੀਆਂ ਤਿਆਰੀਆਂ ਸੰਬੰਧੀ ਐੱਸ ਡੀ ਐੱਮ ਬਾਬਾ ਬਕਾਲਾ ਸਾਹਿਬ ਪ੍ਰਗਤੀ ਸੇਠੀ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਉਨ੍ਹਾ ਸ਼ਰਧਾਲੂਆਂ ਦੀ ਸਹੂਲਤ ਅਤੇ ਸੁਰੱਖਿਆ ਨੂੰ ਮੁੱਖ ਰੱਖਦਿਆਂ ਪੁਲਸ ਵਿਭਾਗ ਨੂੰ ਕਾਨੂੰਨ ਵਿਵਸਥਾ ਬਣਾਈ ਰੱਖਣ, ਭੀੜ ਨੂੰ ਕੰਟਰੋਲ ਕਰਨ, ਟ੍ਰੈਫਿਕ ਅਤੇ ਪਾਰਕਿੰਗ ਦੇ ਸੁਚੱਜੇ ਪ੍ਰਬੰਧ ਕਰਨ ਅਤੇ ਲੋੜੀਂਦੀ ਪੁਲਸ ਫੋਰਸ ਤਾਇਨਾਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾ ਦੱਸਿਆ ਕਿ ਇਸ ਸੰਬੰਧੀ ਇੱਕ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ। ਉਨ੍ਹਾ ਸਿਹਤ ਵਿਭਾਗ ਨੂੰ ਐਂਬੂਲੈਂਸ, ਫਸਟ ਏਡ ਅਤੇ ਐਮਰਜੈਂਸੀ ਮੈਡੀਕਲ ਸਹੂਲਤਾਂ ਦਾ ਪ੍ਰਬੰਧ ਕਰਨ, ਫਾਇਰ ਬ੍ਰਿਗੇਡ ਨੂੰ ਅੱਗ ਬੁਝਾਊ ਗੱਡੀਆਂ ਅਤੇ ਲੋੜੀਂਦੇ ਉਪਕਰਨ ਤਾਇਨਾਤ ਕਰਨ ਅਤੇ ਸਿਵਲ ਡਿਫੈਂਸ ਤੇ ਬਚਾਅ ਟੀਮਾਂ ਨੂੰ ਕਿਸੇ ਵੀ ਐਮਰਜੈਂਸੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਰਹਿਣ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾ ਛੱਠ ਪੂਜਾ ਵਿੱਚ ਹਿੱਸਾ ਲੈਣ ਵਾਲੀ ਸੰਗਤ ਨੂੰ ਵੀ ਅਪੀਲ ਕੀਤੀ ਕਿ ਉਹ ਸੁਰੱਖਿਆ ਨਿਯਮਾਂ ਦੀ ਪੂਰੀ ਪਾਲਣਾ ਕਰਨ ਅਤੇ ਦਰਿਆ ਦੇ ਡੂੰਘੇ ਪਾਣੀ ਵਿੱਚ ਬਿਲਕੁਲ ਨਾ ਜਾਣ।

ਸੁੱਖ ਅੰਜਲਾ ਵੱਲੋਂ ਰਿਕਸ਼ਾ ਤੇ ਟੈਂਪੂ ਯੂਨੀਅਨ ਦੇ ਸਟੈਂਡ ਦਾ ਉਦਘਾਟਨ


ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)- ਅਜਨਾਲਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਮਜ਼ਬੂਤ ਦਾਅਵੇਦਾਰ ਅਤੇ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਦੇ ਭਰਾਤਾ ਸੁਖਜਿੰਦਰ ਸਿੰਘ ਔਜਲਾ ਵੱਲੋਂ ਫਤਿਹਗੜ੍ਹ ਚੂੜੀਆਂ ਰੋਡ ਬੋਹੜਾਂ ਦੇ ਨਜ਼ਦੀਕ ਸਿਵਲ ਹਸਪਤਾਲ ਦੇ ਬਾਹਰ ਇੱਕ ਈ ਰਿਕਸ਼ਾ ਅਤੇ ਟੈਂਪੋ ਯੂਨੀਅਨ ਦੇ ਸਟੈਂਡ ਦਾ ਉਦਘਾਟਨ ਕੀਤਾ। ਇਸ ਮੌਕੇ ਬੋਲਦਿਆਂ ਸੁੱਖ



ਔਜਲਾ ਨੇ ਕਿਹਾ ਕਿ ਇਹ ਸਾਰੇ ਸਟੈਂਡ ਦੀ ਸੇਵਾ ਮੈਂ ਆਪਣੀ ਕਿਰਤ ਕਮਾਈ ਵਿੱਚੋਂ ਕਰਨੀ ਹੈ ਅਤੇ ਮੈਨੂੰ ਪਤਾ ਚੱਲਿਆ ਸੀ ਕਿ ਰਿਕਸ਼ੇ ਵਾਲੇ ਅਤੇ ਟੈਂਪੂ ਵਾਲੇ ਵੀਰਾਂ ਨੂੰ ਬੈਠਣ ਲਈ ਬਹੁਤ ਦਿੱਕਤ ਆਉਂਦੀ ਸੀ।ਗਰਮੀ ਵਿੱਚ ਕੋਈ ਵੀ ਪਾਣੀ ਜਾਂ ਬੈਠਣ ਦੀ ਸਹੂਲਤ ਨਹੀਂ ਪੰਜਾਬ ਸਰਕਾਰ ਅਤੇ ਸਮੇਂ ਸਮੇਂ ਦੇ ਹਾਕਮਾਂ ਨੇ ਇਸ ਮਸਲੇ ਨੂੰ ਇਗਨੋਰ ਕੀਤਾ ਹੈ। ਇਸ ਮੌਕੇ ਪ੍ਰਧਾਨ ਅਸ਼ੋਕ ਕੁਮਾਰ, ਸੰਜੀਵ ਕੁਮਾਰ ਅਨੰਦ, ਵਾਇਸ ਪ੍ਰਧਾਨ ਦੀਪਕ ਸਹਿਗਲ, ਪ੍ਰਧਾਨ ਸੁਖਵੰਤ ਸਿੰਘ, ਗੁਰਦੀਪ ਸਿੰਘ, ਅੰਸ਼ ਸਹਿਗਲ, ਬਿੱਟੂ ਅਜਨਾਲਾ, ਪ੍ਰੇਮ ਆਨੰਦ ਆਦਿ ਹਾਜ਼ਰ ਸਨ।

ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਗੋਇੰਦਵਾਲ ਸਾਹਿਬ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ

ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲੀ)- ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ ਜਿਸ ਦਾ ਮਕਸਦ ਵਿਦਿਆਰਥੀਆਂ ਦੀ ਹੌਂਸਲਾ ਅਫ਼ਜ਼ਾਈ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਸੀ। ਇਸ ਸਲਾਨਾ ਇਨਾਮ ਵੰਡ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਲਵਕੇਸ਼



ਸੈਣੀ (ਪੀ.ਪੀ.ਐੱਸ), ਡੀ.ਐੱਸ.ਪੀ. (ਸੈਪਸ਼ਲ ਬਰਾਂਚ ਅਤੇ ਕਰੀਮੀਨਲ ਇੰਟੈਲੀਜੈਂਸ), ਜ਼ਿਲ੍ਹਾ ਤਰਨ ਤਾਰਨ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪੰਜਾਬ ਦੇ ਵੱਖਰੇ ਰੰਗਾਂ ਨੂੰ ਪੇਸ਼ ਕਰਨ ਲਈ 'ਵਿਰਾਸਤ-ਏ-ਪੰਜਾਬ' ਵਿਸ਼ੇ ਅਧੀਨ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਵਿੱਚ ਪੰਜਾਬ ਦੇ ਸ਼ੁਰੂਆਤੀ ਦੌਰ ਤੋਂ ਲੈ ਕੇ ਅਜੋਕੇ ਯੁਗ ਤੱਕ ਦੇ ਸਫ਼ਰ ਨੂੰ ਬੜੀ ਸਹਿਜਤਾ ਨਾਲ ਦਰਸਾਇਆ ਗਿਆ। ਇਸ ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਾਹਿਬਾਨ, ਗੁਰੂ ਅਮਰਦਾਸ ਗਰੁੱਪ ਆੱਫ ਸਕੂਲਜ਼ ਦੇ ਸਾਰੇ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਪ੍ਰੋਗਰਾਮ ਵਿੱਚ ਚਾਰ ਚੰਨ ਲਗਾਏ।ਸਮਾਗਮ ਦੇ ਅੰਤ ਵਿੱਚ ਸਕੂਲ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਅਤੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਹਮੇਸ਼ਾ ਆਪਣੇ ਵਿਦਿਆਰਥੀਆਂ ਦੇ ਅੰਦਰੂਨੀ ਹੁਨਰ ਨੂੰ ਪਛਾਣ ਕੇ ਉਹਨਾਂ ਨੂੰ ਅੱਗੇ ਵਧਣ ਦੇ ਅਵਸਰ ਪ੍ਰਦਾਨ ਕਰਨ ਦੀ ਵਚਨਬਧਤਾ ਦੁਹਰਾਈ।

ਸਰਕਾਰੀ ਪ੍ਰਾਇਮਰੀ ਸਕੂਲ ਅਵਾਂਖਾ ਵਿਖੇ ਬਾਲ ਮੇਲੇ ਦਾ ਸ਼ਾਨਦਾਰ ਆਯੋਜਨ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਸਰਕਾਰੀ ਸਕੂਲ ਅਵਾਖਾਂ ਬਲਾਕ ਦੀਨਾਨਗਰ-1 ਵਿਖੇ ਬਾਲ ਮੇਲੇ ਦਾ ਸ਼ਾਨਦਾਰ ਆਯੋਜਨ ਬੜੇ ਉਤਸ਼ਾਹ, ਖੁਸ਼ੀ ਅਤੇ ਉਮੰਗ ਨਾਲ ਕੀਤਾ ਗਿਆ। ਬਾਲ ਮੇਲੇ ਦੌਰਾਨ ਸਕੂਲ ਦੇ ਸਮੂਹ ਸਟਾਫ਼, ਦੌਰਾਨ ਬੱਚਿਆਂ ਨੇ ਵੱਖ-ਵੱਖ ਖੇਡਾਂ, ਰਚਨਾਤਮਕ ਕਾਰਜਾਂ ਅਤੇ ਸਿੱਖਣ-ਸਿਖਾਉਣ ਵਾਲੀਆਂ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਬੱਚਿਆਂ ਦੀਆਂ ਮਾਤਾਵਾਂ ਲਈ ਵੀ ਕਈ ਰੌਚਕ ਅਤੇ ਮਨੋਰੰਜਕ ਗਤੀਵਿਧੀਆਂ



ਕਰਵਾਈਆਂ ਗਈਆਂ। ਬਾਲ ਮੇਲੇ ਵਿੱਚ ਅਧਿਆਪਕ ਕਮਲ ਕੁਮਾਰ, ਰਸ਼ਪਾਲ ਚੰਦ, ਮਹਿੰਦਰ ਪਾਲ, ਨੀਰੂ, ਰੇਖਾ, ਕ੍ਰਿਸ਼ਨਾ ਅਤੇ ਮਨਦੀਪ ਸਮੇਤ ਆਂਗਣਵਾੜੀ ਵਰਕਰਾਂ ਅਤੇ ਬੱਚਿਆਂ ਦੀਆਂ ਮਾਤਾਵਾਂ ਨੇ ਸਰਗਰਮ ਭੂਮਿਕਾ ਨਿਭਾਈ। ਮੇਲੇ ਦੇ ਅੰਤ ਵਿੱਚ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਅਤੇ ਜੇਤੂ ਅਧਿਆਪਕਾਂ, ਆਂਗਣਵਾੜੀ ਵਰਕਰਾਂ ਅਤੇ ਬੱਚਿਆਂ ਦੀਆਂ ਮਾਤਾਵਾਂ ਨੇ ਉਤਸ਼ਾਹਪੂਰਵਕ ਭਾਗ ਲਿਆ। ਬਾਲ ਮੇਲੇ ਦਾ ਮੁੱਖ ਉਦੇਸ਼ ਬੱਚਿਆਂ ਨੂੰ ਖੇਡ-ਖੇਡ ਵਿੱਚ ਸਿੱਖਣ ਦੇ ਮੌਕੇ ਪ੍ਰਦਾਨ ਕਰਨਾ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਨੂੰ ਉਤਸ਼ਾਹਤ ਕਰਨਾ ਸੀ। ਇਸ ਮੌਕੇ ਬੱਚਿਆਂ ਲਈ ਵੱਖ-ਵੱਖ ਮਨੋਰੰਜਕ, ਸਿੱਖਿਆਦਾਇਕ ਅਤੇ ਰਚਨਾਤਮਕ ਗਤੀਵਿਧੀਆਂ ਕਰਵਾਈਆਂ ਗਈਆਂ। ਮੇਲੇ ਮਾਤਾਵਾਂ ਨੂੰ ਸਨਮਾਨਤ ਕੀਤਾ ਗਿਆ। ਇਹ ਬਾਲ ਮੇਲਾ ਸਮੂਹ ਸਕੂਲ ਸਟਾਫ਼ ਅਤੇ ਪ੍ਰਥਮ ਦੀ ਜ਼ਿਲ੍ਹਾ ਕੋਆਰਡੀਨੇਟਰ ਅੰਜਲੀ ਸ਼ਰਮਾ ਦੀ ਅਗਵਾਈ ਹੇਠ ਸਫਲਤਾਪੂਰਵਕ ਕਰਵਾਇਆ ਗਿਆ। ਅੰਤ ਵਿੱਚ ਬਾਲ ਮੇਲਾ ਬੱਚਿਆਂ, ਮਾਤਾਵਾਂ ਅਤੇ ਸਮੂਹ ਸਟਾਫ਼ ਲਈ ਖੁਸ਼ੀਆਂ, ਸਿੱਖਣ, ਰਚਨਾਤਮਕਤਾ ਅਤੇ ਆਪਸੀ ਸਾਂਝ ਨਾਲ ਭਰਪੂਰ ਇੱਕ ਯਾਦਗਾਰ ਅਨੁਭਵ ਬਣ ਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਹਾੜੇ 'ਤੇ ਵਿਰਾਸਤੀ ਇਮਾਰਤਾਂ ਆਮ ਲੋਕਾਂ ਲਈ ਖੋਲ੍ਹਣ ਦੀ ਮੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪਾਵਨ ਜਨਮ ਦਿਹਾੜੇ ਦੇ ਮੌਕੇ 'ਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.), ਅੰਮ੍ਰਿਤਸਰ ਦੇ ਮੁੱਖ



ਸੇਵਾਦਾਰ ਪਦਮ ਭੂਸ਼ਣ ਡਾ. ਇੰਦਰਜੀਤ ਕੌਰ ਨੇ ਪੰਜਾਬ ਸਰਕਾਰ ਅਤੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਨੂੰ ਅਪੀਲ ਕੀਤੀ ਹੈ ਕਿ ਮਹਾਨ ਸਿੱਖ ਸ਼ਾਸਕ ਨਾਲ ਸੰਬੰਧਤ ਸਾਰੀਆਂ ਇਤਿਹਾਸਕ ਇਮਾਰਤਾਂ, ਮਹਿਲਾਂ ਅਤੇ ਯਾਦਗਾਰਾਂ ਦੀ ਮੁਕੰਮਲ ਮੁਰੰਮਤ, ਸਾਂਭ-ਸੰਭਾਲ ਅਤੇ ਉਨ੍ਹਾਂ ਨੂੰ ਆਮ ਲੋਕਾਂ ਲਈ ਪੂਰੀ ਤਰ੍ਹਾਂ ਖੋਲ੍ਹਣ ਨੂੰ ਪਹਿਲ ਦਿੱਤੀ ਜਾਵੇ। ਮਹਾਰਾਜਾ ਰਣਜੀਤ ਸਿੰਘ ਦੇ ਧਰਮ-ਨਿਰਪੱਖ ਰਾਜ, ਦੂਰਅੰਦੇਸ਼ੀ ਅਗਵਾਈ ਅਤੇ ਪੰਜਾਬ ਦੀ ਸੱਭਿਆਚਾਰਕ ਤੇ ਭਵਨ ਨਿਰਮਾਣ ਕਲਾ ਨੂੰ ਦਿੱਤੀ ਅਦੁੱਤੀ ਦੇਣ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਡਾ. ਇੰਦਰਜੀਤ ਕੌਰ ਨੇ ਕਿਹਾ ਕਿ ਰਾਮ ਬਾਗ ਸਥਿਤ ਸਮਰ ਪੈਲੇਸ (ਗਰਮੀਆਂ ਦਾ ਮਹਿਲ), ਇਤਿਹਾਸਕ ਰਾਮ ਬਾਗ ਗੇਟ, ਪੁਲ ਕੰਜਰੀ, ਸ਼ਾਨਦਾਰ ਕਿਲ੍ਹਾ ਗੋਬਿੰਦਗੜ੍ਹ ਕਿਲ੍ਹਾ, ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਅਤੇ ਵਾਰ ਮੈਮੋਰੀਅਲ ਅਜਾਇਬ ਘਰ ਵਰਗੀਆਂ ਇਮਾਰਤਾਂ ਭਾਰਤੀ ਇਤਿਹਾਸ ਦੇ ਸੁਨਹਿਰੀ ਯੁੱਗ ਦੀਆਂ ਜਿਉਂਦੀਆਂ-ਜਾਗਦੀਆਂ ਮਿਸਾਲਾਂ ਹਨ। ਡਾ. ਇੰਦਰਜੀਤ ਕੌਰ ਨੇ ਕਿਹਾ, ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਕੇਵਲ ਇਤਿਹਾਸ ਦੀਆਂ ਕਿਤਾਬਾਂ ਦਾ ਇੱਕ ਅਧਿਆਇ ਨਹੀਂ ਹੈ, ਸਗੋਂ ਇਹ ਇੱਕ ਅਨਮੋਲ ਸੱਭਿਆਚਾਰਕ ਸਰਮਾਇਆ ਹੈ ਜੋ ਪੰਜਾਬ ਅਤੇ ਸਮੁੱਚੀ ਦੁਨੀਆ ਦੇ ਲੋਕਾਂ ਦਾ ਹੈ।

ਭਾਵੇਂ ਬੀਤੇ ਸਾਲਾਂ ਦੌਰਾਨ ਕੁਝ ਹਿੱਸਿਆਂ ਦੀ ਸਾਂਭ-ਸੰਭਾਲ ਦੇ ਯਤਨ ਕੀਤੇ ਗਏ ਹਨ, ਪਰ ਕਈ ਅਹਿਮ ਵਿਰਾਸਤੀ ਇਮਾਰਤਾਂ ਅਤੇ ਹਿੱਸਿਆਂ ਨੂੰ ਅਜੇ ਵੀ ਤੁਰੰਤ ਮੁਰੰਮਤ ਦੀ ਲੋੜ ਹੈ ਜਾਂ ਉਹ ਆਮ ਜਨਤਾ ਦੀ ਪਹੁੰਚ ਤੋਂ ਬਾਹਰ ਹਨ। ਇਨ੍ਹਾਂ ਯਾਦਗਾਰਾਂ ਨੂੰ ਉਨ੍ਹਾਂ ਦੀ ਅਸਲ ਸ਼ਾਨੋ-ਸ਼ੌਕਤ ਵਿੱਚ ਸੰਭਾਲਣਾ ਅਤੇ ਲੋਕਾਂ ਦੀ ਆਸਾਨ ਪਹੁੰਚ ਯਕੀਨੀ ਬਣਾਉਣਾ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਸਾਡਾ ਨੈਤਿਕ ਫ਼ਰਜ਼ ਹੈ।

ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਚੌਕ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਮਹਿਤਾ ਚੌਕ ਵਿਖੇ ਅੱਜ ਬਾਲ ਦਿਵਸ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਵਿਸ਼ੇਸ਼ ਮੌਕੇ ਸਕੂਲ ਵਿੱਚ ਵੱਖ-ਵੱਖ ਸੱਭਿਆਚਾਰਕ ਅਤੇ ਮਨੋਰੰਜਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ।ਸਮਾਗਮ ਦੌਰਾਨ ਛੋਟੇ ਬੱਚਿਆਂ ਦੇ ਫੈਂਸੀ ਡਰੈੱਸ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਨੰਨ੍ਹੇ-ਮੁੰਨੇ ਬੱਚਿਆਂ ਨੇ ਵੱਖ-ਵੱਖ ਪੁਸ਼ਾਕਾਂ ਪਹਿਨ ਕੇ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਛੋਟੇ ਬੱਚਿਆਂ ਵੱਲੋਂ ਰੰਗਾਰੰਗ ਡਾਂਸ ਪਰਫੋਰਮੈਂਸ ਵੀ ਪੇਸ਼ ਕੀਤੀ ਗਈ, ਜਿਸ ਦਾ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਰਪੂਰ ਆਨੰਦ ਮਾਣਿਆ ਅਤੇ ਤਾੜੀਆਂ ਨਾਲ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਇਸ ਮੌਕੇ ਸੰਸਥਾ ਦੇ ਚੈਅਰਮੈਨ ਸ. ਗੁਰਦੀਪ ਸਿੰਘ ਰੰਧਾਵਾ ਨੇ ਬਾਲ ਦਿਵਸ ਮੌਕੇ ਸਮੂਹ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਮਿਹਨਤ ਕਰਕੇ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਪ੍ਰਿੰਸੀਪਲ ਮੈ. ਗੁਰਬੀਰ ਕੌਰ ਡਾਇਰੈਕਟਰ ਮੈ.ਹਰਪ੍ਰੀਤ ਕੌਰ, ਮੈ.ਰਵਿੰਦਰ ਕੌਰ, ਮੈ. ਰਾਕੇਸ਼ ਕੌਰ, ਮੈ. ਸੁਧਾ ਸ਼ਰਮਾ, ਅੰਮ੍ਰਿਤਪਾਲ ਸਮੂਹ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।


ਵਿਦਿਆਰਥੀਆਂ ਨੂੰ ਵੋਟ ਦੀ ਮਹੱਤਤਾ ਬਾਰੇ ਦਿੱਤੀ ਜਾਣਕਾਰੀ

ਬਟਾਲਾ, (ਡਾ. ਮਲਵਿੰਦਰ ਸਿੰਘ)- ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਦਿਆਰਥੀਆਂ ਵਿੱਚ ਵੋਟ ਦੇ ਮਹੱਤਵ ਸਬੰਧੀ ਜਾਗਰੂਕਤਾ ਪੈਦਾ ਕਰਨ



ਲਈ ਸਵੀਪ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਜਿਸ ਦੇ ਚੱਲਦਿਆਂ ਪੀ ਐਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਸਵੀਪ ਗਤੀਵਿਧੀਆਂ ਕਰਵਾਈਆਂ ਗਈਆਂ।ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਰਾਜੇਸ਼ ਸ਼ਰਮਾ ਸਟੇਟ ਐਵਾਰਡੀ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਸਮੂਹ ਸਕੂਲਾਂ ਵਿੱਚ ਸਵੀਪ ਤਹਿਤ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ, ਤਾਂ ਜੋ ਵਿਦਿਆਰਥੀਆਂ ਰਾਹੀਂ ਉਨ੍ਹਾਂ ਦੇ ਮਾਪਿਆਂ ਅਤੇ ਸਮਾਜ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾ ਸਕੇ। ਇਸ ਮੌਕੇ ਡਾ. ਪਰਮਜੀਤ ਸਿੰਘ ਕਲਸੀ ਅਤੇ ਗਗਨਦੀਪ ਸਿੰਘ ਮੌਜੂਦ ਸਨ।ਉਨ੍ਹਾਂ ਕਿਹਾ ਕਿ ਹਰੇਕ ਸਕੂਲ ਵਿੱਚ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਵਿਦਿਆਰਥੀਆਂ ਦੀ ਗਿਣਤੀ ਨੋਟ ਕਰਕੇ ਉਨ੍ਹਾਂ ਦੀਆਂ ਵੋਟਾਂ ਬਣਾਉਣੀਆਂ ਯਕੀਨੀ ਬਣਾਈਆਂ ਜਾਣ। ਜ਼ਿਲ੍ਹੇ ਵਿੱਚ ਲੋਅ ਵੋਟਰ ਟਰਨਆਊਟ ਦੀ ਪਹਿਚਾਣ ਕਰਕੇ ਉਨ੍ਹਾਂ ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਔਰਤ ਵੋਟਰਾਂ ਦੀ ਗਿਣਤੀ ਵਧਾਉਣ ਲਈ ਵਿਸ਼ੇਸ਼ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਣ।

ਖਾਲਸਾ ਕਾਲਜ ਆਫ ਲਾਅ ਦੀਆਂ ਵਿਦਿਆਰਥਣਾਂ ਵੱਲੋਂ 'ਵਰਸਿਟੀ ਦੇ ਇਮਤਿਹਾਨਾਂ 'ਚ ਸ਼ਾਨਦਾਰ ਸਥਾਨ ਹਾਸਲ




ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਖਾਲਸਾ ਕਾਲਜ ਆਫ਼ ਲਾਅ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਲਈ ਗਈ ਬੀ. ਏ. ਐਲ. ਐਲ. ਬੀ. (ਪੰਜ ਸਾਲਾ) ਡਿਗਰੀ ਕੋਰਸ ਦੇ ਸਮੈਸਟਰ ਛੇਵਾਂ ਦੇ ਇਮਤਿਹਾਨਾਂ ਦੇ ਐਲਾਨੇ ਗਏ ਨਤੀਜ਼ਿਆਂ 'ਚ ਸ਼ਾਨਦਾਰ ਸਥਾਨ ਹਾਸਲ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।

ਕਾਲਜ ਦੀ ਵਿਦਿਆਰਥਣ ਸੁਖਮੀਨ ਕੌਰ ਨੇ 71.75 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ 'ਚੋਂ ਦੂਜਾ ਅਤੇ ਮਨਜੋਤ ਕੌਰ ਨੇ 71.42 ਫੀਸਦੀ ਅੰਕਾਂ ਨਾਲ 'ਵਰਸਿਟੀ 'ਚੋਂ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਮੌਕੇ ਡਾਇਰੈਕਟਰ—ਕਮ—ਪ੍ਰਿੰਸੀਪਲ ਪ੍ਰੋ. (ਡਾ.) ਜਸਪਾਲ ਸਿੰਘ ਨੇ ਵਿਦਿਆਰਥਣਾਂ ਅਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਅਤੇ ਲਗਨ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਗੁਨੀਸ਼ਾ ਸਲੂਜਾ, ਡਾ. ਰਾਸ਼ੀਮਾ ਚੰਗੋਤਰਾ, ਡਾ. ਮੋਹਿਤ ਸੈਣੀ, ਡਾ. ਸੁਖਮਨਪ੍ਰੀਤ ਕੌਰ, ਪ੍ਰੋ. ਸੁਗਮ, ਪ੍ਰੋ. ਮਨਸੀਰਤ ਕੌਰ, ਪ੍ਰੋ. ਪ੍ਰਤੀਭਾ, ਪ੍ਰੋ. ਜਸਦੀਪ ਸਿੰਘ ਤੇ ਕਾਲਜ ਦੇ ਬਾਕੀ ਸਟਾਫ ਹਾਜ਼ਰ ਸੀ।

ਵਿਧਾਨ ਸਭਾ ਚੋਣਾਂ 'ਚ 'ਆਪ' ਦੇ ਉਮੀਦਵਾਰ ਵੱਡੇ ਫਰਕ ਨਾਲ ਜਿੱਤਣਗੇ : ਸੋਹਲ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਆਮ ਆਦਮੀ ਪਾਰਟੀ ਦੀ ਹਾਈਕਮਾਂਡ ਵੱਲੋਂ



ਉਮੀਦਵਾਰਾਂ ਦੀ ਸੂਚੀ ਜਾਰੀ ਕੀਤੇ ਜਾਣ ਨਾਲ ਪਾਰਟੀ ਵਰਕਰਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।ਇਸ ਸਬੰਧੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨ ਅੰਗਦਦੀਪ ਸਿੰਘ ਸੋਹਲ ਨੇ ਕਿਹਾ ਕਿ ਤਰਨਤਾਰਨ ਜ਼ਿਲ੍ਹੇ ਦੇ ਤਿੰਨੋਂ ਵਿਧਾਨ ਸਭਾ ਹਲਕਿਆਂ ਲਈ ਉਮੀਦਵਾਰਾਂ ਦਾ ਐਲਾਨ ਹੋਣ ਨਾਲ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਪੈਦਾ ਹੋਇਆ ਹੈ।ਉਨ੍ਹਾਂ ਦੱਸਿਆ ਕਿ ਤਰਨਤਾਰਨ ਵਿਧਾਨ ਸਭਾ ਹਲਕੇ ਤੋਂ ਹਰਮੀਤ ਸਿੰਘ ਸੰਧੂ, ਖੇਮਕਰਨ ਤੋਂ ਸਰਵਣ ਸਿੰਘ ਧੁੰਨ ਅਤੇ ਪੱਟੀ ਤੋਂ ਜਸਕੰਵਰ ਸਿੰਘ ਜੱਸਾ ਪਾਰਟੀ ਦੇ ਉਮੀਦਵਾਰ ਹੋਣਗੇ।ਉਨ੍ਹਾਂ ਦਾਅਵਾ ਕੀਤਾ ਕਿ ਤਿੰਨੋਂ ਉਮੀਦਵਾਰ ਲੋਕਾਂ ਦੇ ਭਰਵੇਂ ਸਮਰਥਨ ਨਾਲ ਵੱਡੇ ਫਰਕ ਨਾਲ ਜਿੱਤ ਹਾਸਲ ਕਰਨਗੇ ਅਤੇ ਪੰਜਾਬ ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਅਹਿਮ ਯੋਗਦਾਨ ਪਾਉਣਗੇ।ਸੋਹਲ ਨੇ ਕਿਹਾ ਕਿ ਪੱਟੀ ਹਲਕੇ ਸਮੇਤ ਜ਼ਿਲ੍ਹੇ ਦੇ ਸਾਰੇ ਹਲਕਿਆਂ ਵਿੱਚ ਪਾਰਟੀ ਵਰਕਰ ਪੂਰੀ ਤਰ੍ਹਾਂ ਸਰਗਰਮ ਹੋ ਚੁੱਕੇ ਹਨ ਅਤੇ ਚੋਣ ਪ੍ਰਚਾਰ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਸਿੱਖਿਆ, ਸਿਹਤ, ਕਿਸਾਨਾਂ, ਮਜ਼ਦੂਰਾਂ ਅਤੇ ਨੌਜਵਾਨਾਂ ਦੀ ਭਲਾਈ ਲਈ ਕਈ ਅਹਿਮ ਫੈਸਲੇ ਲਏ ਹਨ ਅਤੇ ਸੂਬੇ ਵਿੱਚ ਵਿਕਾਸ ਦੇ ਨਵੇਂ ਕੰਮ ਕੀਤੇ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਕਾਸ ਅਤੇ ਲੋਕ ਭਲਾਈ ਦੇ ਮੁੱਦਿਆਂ ਤੇ ਲੜੀਆਂ ਜਾਣਗੀਆਂ। ਪੰਜਾਬ ਦੇ ਲੋਕ ਸਰਕਾਰ ਦੀਆਂ ਨੀਤੀਆਂ ਅਤੇ ਕੰਮਾਂ ਨੂੰ ਦੇਖਦੇ ਹੋਏ ਮੁੜ ਆਮ ਆਦਮੀ ਪਾਰਟੀ ਨੂੰ ਮੌਕਾ ਦੇਣਗੇ। ਉਨ੍ਹਾਂ ਭਰੋਸਾ ਜਤਾਇਆ ਕਿ ਪਾਰਟੀ ਵਰਕਰਾਂ ਦੀ ਮਿਹਨਤ ਅਤੇ ਲੋਕਾਂ ਦੇ ਸਹਿਯੋਗ ਨਾਲ ਆਪ ਪੰਜਾਬ ਵਿੱਚ ਮੁੜ ਮਜ਼ਬੂਤ ਸਰਕਾਰ ਬਣਾਏਗੀ।


ਬਾਲ ਦਿਵਸ ਮੌਕੇ ਟੀ. ਸੀ. ਇੰਟਰਨੈਸ਼ਨਲ ਸਕੂਲ ਵਿਖੇ ਵਿਸ਼ਾਲ ਸਾਲਾਨਾ ਪ੍ਰਦਰਸ਼ਨੀ ਦਾ ਆਯੋਜਨ



ਗੁਰਦਾਸਪੁਰ (ਦਿਨੇਸ਼ ਕੁਮਾਰ)- ਬਾਲ ਦਿਵਸ ਦੇ ਸ਼ੁਭ ਮੌਕੇ ਗੁਰਦਾਸਪੁਰ ਦੇ ਬਹਿਰਾਮਪੁਰ ਰੋਡ ਤੇ ਸਥਿਤ ਟੀ. ਸੀ. ਇੰਟਰਨੈਸ਼ਨਲ ਸਕੂਲ ਵਿਖੇ ਬਹੁਤ ਹੀ ਉਤਸ਼ਾਹ ਅਤੇ ਜੋਸ਼ ਨਾਲ ਇੱਕ ਸਾਲਾਨਾ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਹ ਦਿਨ ਵਿਦਿਆਰਥੀਆਂ ਦੀ ਪ੍ਰਤਿਭਾ, ਕਲਪਨਾ ਸ਼ਕਤੀ ਅਤੇ ਰਚਨਾਤਮਕਤਾ ਨੂੰ ਸਮਰਪਿਤ ਸੀ।ਇਸ ਪ੍ਰਦਰਸ਼ਨੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ, ਵਿਹਾਰਕ ਗਿਆਨ, ਆਤਮ-ਵਿਸ਼ਵਾਸ ਅਤੇ ਨਵੀਨਤਾ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ। ਆਪਣੀ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਦਿਲਚਸਪ ਮਾਡਲ, ਚਾਰਟ, ਪ੍ਰੋਜੈਕਟ ਅਤੇ ਗਤੀਵਿਧੀਆਂ ਪੇਸ਼ ਕੀਤੀਆਂ। ਇਸ ਵਿੱਚ ਗਣਿਤ, ਵਿਗਿਆਨ, ਸਮਾਜਿਕ ਵਿਗਿਆਨ, ਅੰਗਰੇਜ਼ੀ, ਹਿੰਦੀ, ਪੰਜਾਬੀ, ਕਿੰਡਰਗਾਰਟਨ (ਛੋਟੇ ਬੱਚਿਆਂ ਦਾ ਵਿਭਾਗ) ਅਤੇ ਕਲਾ ਤੇ ਦਸਤਕਾਰੀ ਲਈ ਵਿਸ਼ੇਸ਼ ਸਟਾਲ ਲਗਾਏ ਗਏ ਸਨ।ਵਿਗਿਆਨ ਵਿਭਾਗ ਵਿੱਚ, ਵਿਦਿਆਰਥੀਆਂ ਨੇ ਕਾਰਜਸ਼ੀਲ ਮਾਡਲਾਂ ਰਾਹੀਂ ਵਿਗਿਆਨਕ ਸਿਧਾਂਤਾਂ ਨੂੰ ਬਹੁਤ ਹੀ ਸਰਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਮਝਾਇਆ। ਇਨ੍ਹਾਂ ਵਿੱਚ ਮੀਂਹ ਦੇ ਪਾਣੀ ਦੀ ਸੰਭਾਲ, ਗ੍ਰੀਨਹਾਊਸ ਪ੍ਰਭਾਵ ਅਤੇ ਇਲੈਕਟ੍ਰੋਮੈਗਨੈਟਿਕ ਕ੍ਰੇਨਾਂ ਵਰਗੇ ਨਮੂਨੇ ਸ਼ਾਮਲ ਸਨ। ਗਣਿਤ ਵਿਭਾਗ ਨੇ ਵੱਖ-ਵੱਖ ਗਣਿਤਿਕ ਖੇਡਾਂ ਅਤੇ ਗਤੀਵਿਧੀਆਂ ਰਾਹੀਂ ਦਰਸ਼ਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ, ਜਦਕਿ ਸਮਾਜਿਕ ਵਿਗਿਆਨ ਵਿਭਾਗ ਨੇ ਗਲੋਬ, ਨਕਸ਼ਿਆਂ ਅਤੇ ਇੰਟਰਐਕਟਿਵ ਡਿਸਪਲੇਅ ਰਾਹੀਂ ਭੂਗੋਲਿਕ ਅਤੇ ਇਤਿਹਾਸਕ ਜਾਣਕਾਰੀ ਪੇਸ਼ ਕੀਤੀ। ਭਾਸ਼ਾ ਵਿਭਾਗਾਂ ਨੇ ਹਿੰਦੀ ਸਾਹਿਤ ਅਤੇ ਵਿਆਕਰਣ, ਅੰਗਰੇਜ਼ੀ ਸਾਖਰਤਾ ਅਤੇ ਕਹਾਣੀ ਸੁਣਾਉਣ ਦੀ ਕਲਾ, ਅਤੇ ਨਾਲ ਹੀ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਦੀ ਇੱਕ ਸੁੰਦਰ ਝਲਕ ਪੇਸ਼ ਕੀਤੀ।

ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਭਰੋਵਾਲ ਵਿਖੇ ਬਾਲ ਦਿਵਸ ਧੂਮਧਾਮ ਨਾਲ ਮਨਾਇਆ


ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਭਰੋਵਾਲ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਬੱਚਿਆਂ ਲਈ ਵੱਖ-ਵੱਖ ਗਤੀਵਿਧੀਆਂ ਅਤੇ ਮਨੋਰੰਜਕ ਪ੍ਰੋਗਰਾਮ ਕਰਵਾਏ ਗਏ। ਸਮਾਗਮ ਦੌਰਾਨ ਬੱਚਿਆਂ ਦੇ ਪਾਠ ਮੁਕਾਬਲੇ ਕਰਵਾਏ ਗਏ ਅਤੇ ਫੈਂਸੀ ਡਰੈੱਸ ਪ੍ਰੋਗਰਾਮ ਵੀ ਆਯੋਜਿਤ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਕਈ ਮਨੋਰੰਜਕ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਅਤੇ ਦਿਲਚਸਪੀ ਨਾਲ ਭਾਗ



ਲਿਆ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਨਵਜੋਤੀ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਬਾਲ ਦਿਵਸ ਹਰ ਸਾਲ 14 ਨਵੰਬਰ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਵਸ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।ਉਨ੍ਹਾਂ ਨੂੰ ਬੱਚਿਆਂ ਨਾਲ ਬਹੁਤ ਪਿਆਰ ਸੀ ਅਤੇ ਉਹ ਬੱਚਿਆਂ ਨੂੰ ਦੇਸ਼ ਦਾ ਭਵਿੱਖ ਮੰਨਦੇ ਸਨ। ਉਨ੍ਹਾਂ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀਵਿਧੀਆਂ ਵਿੱਚ ਵੀ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਸੁਖਵਿੰਦਰ ਕੌਰ, ਐੱਮ. ਡੀ. ਤਜਿੰਦਰ ਸਿੰਘ, ਸੈਕਟਰੀ ਬਨਵੀਰ ਸਿੰਘ, ਮੈਨੇਜਮੈਂਟ ਕਮੇਟੀ ਮੈਂਬਰ ਸੰਗੀਤ ਕੌਰ ਅਤੇ ਸਮੂਹ ਸਟਾਫ ਵੱਲੋਂ ਬੱਚਿਆਂ ਨੂੰ ਬਾਲ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ।

ਵਿਧਾਇਕ ਸ਼ੈਰੀ ਕਲਸੀ ਨੇ ਸ਼ਾਸਤਰੀ ਨਗਰ 'ਚ ਹਾਈ ਮਾਸਟ ਲਾਈਟਾਂ ਦਾ ਕੀਤਾ ਉਦਘਾਟਨ

ਬਟਾਲਾ, (ਤਰਲੋਕ ਬੱਗਾ)- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਨੂੰ ਖੂਬਸੂਰਤ ਬਣਾਉਣ ਅਤੇ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਕਈ ਉਪਰਾਲੇ ਕੀਤੇ ਗਏ ਹਨ, ਜਿਸ ਦੇ ਚੱਲਦਿਆਂ ਉਨ੍ਹਾਂ ਵੱਲੋਂ ਸ਼ਾਸਤਰੀ ਨਗਰ ਟਰੱਕ ਯੂਨੀਅਨ ਬਟਾਲਾ ਦੀ ਦਹਾਕਿਆਂ ਦੀ ਪੁਰਾਣੀ ਮੰਗ ਪੂਰੀ



ਕਰਦਿਆਂ ਹਾਈ ਮਾਸਟ ਲਾਈਟਾਂ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਚੇਅਰਮੈਨ ਯਸ਼ਪਾਲ ਚੌਹਾਨ, ਮੇਅਰ ਭੁਪਿੰਦਰ ਸਿੰਘ ਬਾਜਵਾ ਸਮੇਤ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਟਰੱਕ ਯੂਨੀਅਨ ਵਾਲੇ, ਵਸਨੀਕਾਂ, ਦੁਕਾਨਦਾਰਾਂ ਅਤੇ ਰਾਹੀਗਰਾਂ ਆਦਿ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਾਸਤਰੀ ਨਗਰ ਟਰੱਕ ਯੂਨੀਅਨ ਵਿਖੇ ਹਾਈ ਮਾਸਟ ਲਾਈਟਾਂ ਲੋਕਾਂ ਨੂੰ ਸਮਰਪਿਤ ਕੀਤੀਆਂ ਗਈਆਂ ਹਨ, ਜਿਸ ਨਾਲ ਰਾਤ ਸਮੇਂ ਅਤੇ ਸਵੇਰੇ ਸੁਵੱਖਤੇ ਲੋਕਾਂ ਨੂੰ ਆਵਾਜਾਈ ਦੌਰਾਨ ਵੱਡੀ ਰਾਹਤ ਮਿਲੇਗੀ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜ਼ ਗਤੀ ਨਾਲ ਚੱਲ ਰਹੇ ਹਨ।


ਬਚਪਨ ਪਲੇ ਸਕੂਲ ਤੇ ਅਕੈਡਮਿਕ ਹਾਈਟਸ ਪਬਲਿਕ ਸਕੂਲ ਵਿਖੇ ਲੱਗੀਆਂ ਬਾਲ ਦਿਵਸ ਦੀਆਂ ਰੌਣਕਾਂ



ਅਜਨਾਲਾ, (ਸੁਖਤਿੰਦਰ ਸਿੰਘ)- ਬਚਪਨ ਪਲੇ ਸਕੂਲ ਅਤੇ ਅਕੈਡਮਿਕ ਹਾਈਟਸ ਪਬਲਿਕ ਸਕੂਲ ਅਜਨਾਲਾ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਐਮ.ਡੀ. ਸੰਤੋਸ਼ ਬਜਾਜ, ਬਚਪਨ ਪਲੇ ਸਕੂਲ ਦੀ ਪ੍ਰਿੰਸੀਪਲ ਮੋਨਿਕਾ ਖੋਖਰ ਅਤੇ ਅਕੈਡਮਿਕ ਹਾਈਟਸ ਪਬਲਿਕ ਸਕੂਲ ਦੇ ਪ੍ਰਿੰਸੀਪਲ ਅੰਸ਼ ਬਜਾਜ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਮੌਕੇ ਬੱਚਿਆਂ ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜੀਵਨ, ਵਿਚਾਰਾਂ ਅਤੇ ਬੱਚਿਆਂ ਪ੍ਰਤੀ ਉਨ੍ਹਾਂ ਦੇ ਪਿਆਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਪੰਡਿਤ ਨਹਿਰੂ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ, ਜਿਸ ਕਾਰਨ ਬੱਚੇ ਉਨ੍ਹਾਂ ਨੂੰ ਸਨੇਹ ਨਾਲ 'ਚਾਚਾ ਨਹਿਰੂ' ਕਹਿ ਕੇ ਬੁਲਾਉਂਦੇ ਸਨ। ਉਨ੍ਹਾਂ ਦੇ ਜਨਮ ਦਿਵਸ 14 ਨਵੰਬਰ ਨੂੰ ਦੇਸ਼ ਭਰ ਵਿੱਚ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ। ਸਮਾਗਮ ਦੌਰਾਨ ਬੱਚਿਆਂ ਲਈ ਵੱਖ-ਵੱਖ ਮਨੋਰੰਜਕ ਅਤੇ ਰਚਨਾਤਮਕ ਗਤੀਵਿਧੀਆਂ ਕਰਵਾਈਆਂ ਗਈਆਂ। ਬੱਚਿਆਂ ਨੇ ਡਾਂਸ ਦੀਆਂ ਮਨਮੋਹਕ ਪੇਸ਼ਕਾਰੀਆਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਦੌਰਾਨ ਬੱਚਿਆਂ ਦੇ ਚਿਹਰਿਆਂ 'ਤੇ ਖੁਸ਼ੀ ਅਤੇ ਉਤਸ਼ਾਹ ਦੇਖਣਯੋਗ ਸੀ। ਸਮੁੱਚਾ ਸਮਾਗਮ ਬੱਚਿਆਂ ਲਈ ਯਾਦਗਾਰੀ ਬਣਿਆ।ਇਸ ਮੌਕੇ ਅਧਿਆਪਕ ਪ੍ਰਭਦੀਪ ਕੌਰ, ਰਿੰਕੀ ਕੁਕਰੇਜਾ, ਰੀਨਾ ਸ਼ਰਮਾ, ਜਗਰੂਪ ਕੌਰ, ਨਵਜੀਤ ਕੌਰ, ਜੋਬਨਜੀਤ ਕੌਰ, ਸੁਖਪ੍ਰੀਤ ਕੌਰ, ਅਮਨਦੀਪ ਕੌਰ, ਸੰਦੀਪ ਕੌਰ ਅਤੇ ਨਵਰਾਜ ਕੌਰ ਸਮੇਤ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਬਾਲ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

ਜਨਗਣਨਾ 2027: 16 ਤੋਂ 30 ਨਵੰਬਰ ਤੱਕ ਨਾਗਰਿਕ ਸਵੈ-ਗਣਨਾ ਕਰ ਸਕਣਗੇ : ਡਿਪਟੀ ਕਮਿਸ਼ਨਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿਤਿਆ ਉਪਲ ਨੇ ਜ਼ਿਲ੍ਹੇ ਵਿੱਚ ਜਨਗਣਨਾ-2027 ਦੇ ਦੂਜੇ ਪੜਾਅ (ਆਬਾਦੀ ਗਣਨਾ) ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 16 ਤੋਂ 30



ਨਵੰਬਰ ਤੱਕ ਸਵੈ-ਗਣਨਾ ਕੀਤੀ ਜਾ ਸਕੇਗੀ, ਜਦਕਿ ਮੁੱਖ ਪੜਾਅ ਤਹਿਤ 1 ਦਸੰਬਰ 2026 ਤੋਂ 4 ਜਨਵਰੀ 2027 ਤੱਕ ਜਨਗਣਨਾ ਦਾ ਕੰਮ ਕੀਤਾ ਜਾਵੇਗਾ।ਉਨ੍ਹਾਂ ਨੇ ਸਮੂਹ ਨਾਗਰਿਕਾਂ ਨੂੰ ਇਸ ਕੌਮੀ ਕਾਰਜ ਵਿੱਚ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮਹੱਤਵਪੂਰਨ ਰਾਸ਼ਟਰੀ ਕਾਰਜ ਦਾ ਮੁੱਖ ਉਦੇਸ਼ ਦੇਸ਼ ਦੀ ਆਬਾਦੀ, ਪਰਿਵਾਰਾਂ ਅਤੇ ਸਮਾਜਿਕ-ਆਰਥਿਕ ਸਥਿਤੀ ਸੰਬੰਧੀ ਸਹੀ ਭਰੋਸੇਯੋਗ ਅੰਕੜੇ ਇਕੱਠੇ ਕਰਨਾ ਹੈ।ਇਸ ਸਬੰਧੀ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਨਗਣਨਾ ਦੇ ਇਸ ਮਹੱਤਵਪੂਰਨ ਕਾਰਜ ਵਿੱਚ ਆਪਣਾ ਪੂਰਨ ਸਹਿਯੋਗ ਦੇਣ। ਇਸ ਗਣਨਾ ਰਾਹੀਂ ਨਾਗਰਿਕ ਨਿਰਧਾਰਤ ਸਮੇਂ ਦੌਰਾਨ ਆਨਲਾਈਨ ਮਾਧਿਅਮ ਰਾਹੀਂ ਆਪਣੇ ਪਰਿਵਾਰ ਦੀ ਜਾਣਕਾਰੀ ਖੁਦ ਦਰਜ ਕਰ ਸਕਣਗੇ।ਇਸ ਨਾਲ ਜਨਗਣਨਾ ਪ੍ਰਕਿਰਿਆ ਵਿੱਚ ਲੋਕਾਂ ਦੀ ਭਾਗੀਦਾਰੀ ਵਧੇਗੀ ਅਤੇ ਡਿਜੀਟਲ ਸਹੂਲਤਾਂ ਨੂੰ ਵੀ ਉਤਸ਼ਾਹ ਮਿਲੇਗਾ। ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਵੈ-ਗਣਨਾ ਦੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ ਅਤੇ ਜਨਗਣਨਾ ਟੀਮਾਂ ਨੂੰ ਪੂਰਾ ਸਹਿਯੋਗ ਦੇਣ।ਲੋਕਾਂ ਵੱਲੋਂ ਦਿੱਤੀ ਗਈ ਸਹੀ ਜਾਣਕਾਰੀ ਭਵਿੱਖ ਵਿੱਚ ਯੋਜਨਾਵਾਂ, ਵਿਕਾਸ ਕਾਰਜਾਂ ਅਤੇ ਲੋਕ ਭਲਾਈ ਦੀਆਂ ਨੀਤੀਆਂ ਬਣਾਉਣ ਵਿੱਚ ਅਹਿਮ ਯੋਗਦਾਨ ਪਾਵੇਗੀ।

ਮਾਂ ਕਾਂਗੜਾ ਦੇਵੀ ਸੇਵਾ ਸੁਸਾਇਟੀ ਨੇ ਸਜਾਈ ਝੰਡਾ ਯਾਤਰਾ

ਛੇਹਰਟਾ, (ਮਨੋਜ ਕੁਮਾਰ) : ਮਾਤਾ ਕਾਂਗੜਾ ਦੇਵੀ ਸੇਵਾ ਸੁਸਾਇਟੀ ਵੱਲੋਂ ਬਾਜ਼ਾਰ ਕਸੇਰੀਆਂ ਸਥਿਤ ਕਾਂਗੜਾ ਦੇਵੀ ਮੰਦਿਰ ਵਿਖੇ ਸਾਲਾਨਾ ਝੰਡਾ ਉਤਸਵ ਸ਼ਰਧਾ ਤੇ ਉਤਸ਼ਾਹ



ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ਾਲ ਝੰਡਾ ਯਾਤਰਾ ਸਜਾਈ ਗਈ, ਜਿਸ ਵਿਚ ਸ਼ਰਧਾਲੂਆਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਇਸ ਮੌਕੇ ਮਹੰਤ ਪ੍ਰੇਮ ਪ੍ਰਕਾਸ਼ ਰਤੜਾ ਤੇ ਸੁਸਾਇਟੀ ਦੇ ਪ੍ਰਧਾਨ ਰਾਜੀਵ ਰਤੜਾ ਨੇ ਦੱਸਿਆ ਕਿ ਇਹ ਝੰਡਾ ਉਤਸਵ ਸੁਸਾਇਟੀ ਵੱਲੋਂ ਸਾਲਾਨਾ ਧਾਰਮਿਕ ਯਾਤਰਾ ਦੇ ਸਬੰਧ ਵਿਚ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮਾਤਾ ਦੀ ਅਪਾਰ ਕਿਰਪਾ ਨਾਲ ਸੁਸਾਇਟੀ ਵੱਲੋਂ ਹਰ ਸਾਲ 250 ਤੋਂ ਵੱਧ ਸ਼ਰਧਾਲੂਆਂ ਨੂੰ ਪੰਜ ਦੇਵੀਆਂ ਦੀ ਮੁਫ਼ਤ ਧਾਰਮਿਕ ਯਾਤਰਾ ਕਰਵਾਈ ਜਾਂਦੀ ਹੈ। ਇਸ ਯਾਤਰਾ ਤਹਿਤ ਸ਼ਰਧਾਲੂਆਂ ਨੂੰ ਮਾਂ ਬਗਲਾਮੁਖੀ ਮੰਦਰ (ਕੋਟਲਾ), ਮਾਂ ਚਾਮੁੰਡਾ ਦੇਵੀ ਮੰਦਰ, ਮਾਂ ਜਵਾਲਾ ਜੀ ਮੰਦਰ, ਮਾਂ ਕਾਂਗੜਾ ਦੇਵੀ ਮੰਦਰ ਤੇ ਮਾਂ ਚਿੰਤਪੂਰਨੀ ਦੇ ਦਰਸ਼ਨ ਕਰਵਾਏ ਜਾਂਦੇ ਹਨ। ਇਸ ਮੌਕੇ ਕੁੰਵਰ ਵਿਜੇ ਪ੍ਰਤਾਪ ਆਪਣੇ ਸਾਥੀਆਂ ਅਸ਼ਵਨੀ ਜੋਸ਼ੀ, ਸਮਾਜ ਸੇਵਕ ਅਨੁਜ ਖੇਮਕਾ, ਸ਼ੰਕਰ ਅਰੋੜਾ ਨਾਲ ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਮਾਤਾ ਰਾਣੀ ਦੇ ਦਰਬਾਰ ਵਿਚ ਮੱਥਾ ਟੇਕ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਸੌਰਭ, ਮਨਦੀਪ ਸਿੰਘ, ਪ੍ਰਿੰਸ, ਅਜੈ ਅਰੋੜਾ, ਅਮਿਤ ਰਤੜਾ, ਸੰਜੀਵ ਰਤੜਾ, ਸੋਨੂੰ ਆਦਿ ਨੇ ਮਿਲ ਕੇ ਮਾਤਾ ਰਾਣੀ ਦੀ ਮਹਿਮਾ ਦਾ ਗੁਣਗਾਨ ਕੀਤਾ।

ਸਚਿਨ ਪਾਇਲਟ ਨਾਲ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦੀ ਮੁਲਾਕਾਤ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- ਪੰਜਾਬ ਵਿੱਚ ਸਾਲ 2027 ਦੌਰਾਨ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋਣ ਲੱਗੀਆਂ ਹਨ। ਇਸੇ ਦੌਰਾਨ ਤਰਨ ਤਾਰਨ ਜ਼ਿਲ੍ਹੇ ਵਿੱਚ



ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਦੀ ਅਗਵਾਈ ਹੇਠ ਇੱਕ ਅਹਿਮ ਮੀਟਿੰਗ ਹੋਈ। ਇਸ ਮੌਕੇ ਹਲਕਾ ਖਡੂਰ ਸਾਹਿਬ ਦੇ ਸਾਬਕਾ ਵਿਧਾਇਕ ਸ. ਰਮਨਜੀਤ ਸਿੰਘ ਸਿੱਕੀ ਨੇ ਸ੍ਰੀ ਸਚਿਨ ਪਾਇਲਟ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹਲਕਾ ਖਡੂਰ ਸਾਹਿਬ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ।ਮੁਲਾਕਾਤ ਦੌਰਾਨ ਹਲਕਾ ਖਡੂਰ ਸਾਹਿਬ ਦੀ ਮੌਜੂਦਾ ਸਿਆਸੀ ਸਥਿਤੀ, ਪਾਰਟੀ ਦੇ ਜਥੇਬੰਦਕ ਢਾਂਚੇ ਅਤੇ ਆਉਣ ਵਾਲੀਆਂ ਚੋਣਾਂ ਲਈ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਬਾਰੇ ਚਰਚਾ ਕੀਤੀ ਗਈ।ਇਸ ਦੇ ਨਾਲ ਹੀ ਹਲਕੇ ਦੇ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿੱਚ ਕਾਂਗਰਸ ਪਾਰਟੀ ਦੀਆਂ ਸਰਗਰਮੀਆਂ ਨੂੰ ਹੋਰ ਵਿਸਥਾਰ ਦੇਣ, ਪਾਰਟੀ ਵਰਕਰਾਂ ਅਤੇ ਆਗੂਆਂ ਵਿਚਕਾਰ ਬਿਹਤਰ ਤਾਲਮੇਲ ਬਣਾਉਣ ਅਤੇ ਜ਼ਮੀਨੀ ਪੱਧਰ 'ਤੇ ਪਾਰਟੀ ਨੂੰ ਮਜ਼ਬੂਤ ਕਰਨ ਦੇ ਮੁੱਦੇ ਵੀ ਵਿਚਾਰ-ਚਰਚਾ ਦਾ ਹਿੱਸਾ ਰਹੇ।

ਕਚਹਿਰੀ ਕੰਪਲੈਕਸ ਦੇ ਪਬਲਿਕ ਬਾਥਰੂਮਾਂ ਦਾ ਮੰਦਾ ਹਾਲ, ਲੋਕ ਪ੍ਰੇਸ਼ਾਨ




ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਨਿਹਾਲ ਸਿੰਘ ਵਾਲਾ ਦੇ ਕਚਹਿਰੀ ਕੰਪਲੈਕਸ ਵਿੱਚ ਬਣੇ ਪਬਲਿਕ ਬਾਥਰੂਮਾਂ ਦੀ ਮਾੜੀ ਹਾਲਤ ਲੋਕਾਂ ਲਈ ਵੱਡੀ ਮੁਸੀਬਤ ਬਣੀ ਹੋਈ ਹੈ।ਬਾਥਰੂਮਾਂ ਦੀ ਹਾਲਤ ਇੰਨੀ ਤਰਸਯੋਗ ਦੱਸੀ ਜਾ ਰਹੀ ਹੈ ਕਿ ਉੱਥੇ ਜਾਣ ਵਾਲੇ ਲੋਕਾਂ ਨੂੰ ਸਹੂਲਤ ਦੀ ਬਜਾਏ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਗੌਰਤਲਬ ਹੈ ਕਿ ਤਹਿਸੀਲ ਕੰਪਲੈਕਸ ਵਿੱਚ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਆਪਣੇ ਜ਼ਮੀਨੀ ਰਿਕਾਰਡ, ਰਜਿਸਟਰੀਆਂ, ਹਲਫ਼ਨਾਮਿਆਂ ਤੇ ਹੋਰ ਸਰਕਾਰੀ ਕੰਮਕਾਜ ਕਰਵਾਉਣ ਲਈ ਆਉਂਦੇ ਹਨ।ਇਨ੍ਹਾਂ ਵਿੱਚ ਬਜ਼ੁਰਗਾਂ, ਔਰਤਾਂ ਤੇ ਦੂਰ-ਦੁਰਾਡੇ ਪਿੰਡਾਂ ਤੋਂ ਆਉਣ ਵਾਲੇ ਲੋਕਾਂ ਦੀ ਵੱਡੀ ਗਿਣਤੀ ਹੁੰਦੀ ਹੈ, ਪਰ ਪਬਲਿਕ ਬਾਥਰੂਮਾਂ ਦੀ ਮਾੜੀ ਹਾਲਤ ਕਾਰਨ ਲੋਕਾਂ ਨੂੰ ਪੇਸ਼ਾਬ ਕਰਨ ਤੇ ਹੋਰ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਸਮੇਂ ਵੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਸਰਕਾਰੀ ਦਫ਼ਤਰਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ।ਅਜਿਹੇ ਮਹੱਤਵਪੂਰਨ ਕੰਪਲੈਕਸ ਵਿੱਚ ਸਾਫ਼-ਸੁਥਰੇ ਪਖਾਨਿਆਂ ਦਾ ਪ੍ਰਬੰਧ ਨਾ ਹੋਣਾ ਪ੍ਰਬੰਧਕੀ ਵਿਵਸਥਾ ਉੱਤੇ ਸਵਾਲ ਖੜ੍ਹੇ ਕਰਦਾ ਹੈ।ਲੋਕਾਂ ਨੇ ਸਬੰਧਤ ਪ੍ਰਸ਼ਾਸਨਕ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਪਬਲਿਕ ਬਾਥਰੂਮਾਂ ਦੀ ਤੁਰੰਤ ਸਫ਼ਾਈ ਕਰਵਾਈ ਜਾਵੇ, ਪਾਣੀ ਤੇ ਹੋਰ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ ਤੇ ਇਨ੍ਹਾਂ ਦੀ ਨਿਯਮਤ ਸਾਂਭ-ਸੰਭਾਲ ਯਕੀਨੀ ਬਣਾਈ ਜਾਵੇ।

ਗੋਪਾਸ਼ਟਮੀ ਦਾ ਤਿਉਹਾਰ 17 ਨੂੰ ਮਨਾਇਆ ਜਾਵੇਗਾ




ਨਾਭਾ (ਅਮਨ ਗਰਗ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 17 ਨਵੰਬਰ ਨੂੰ ਦੁਲੱਦੀ ਗੇਟ ਨਾਭਾ ਵਿਖੇ ਸਥਿਤ ਗਊਸ਼ਾਲਾ ਕਮੇਟੀ ਦੇ ਪ੍ਰਧਾਨ ਅਮਨ ਗੁਪਤਾ ਤੇ ਸਮੂਹ ਕਮੇਟੀ ਮੈਂਬਰਾਂ ਵੱਲੋਂ ਗੋਪਾਸ਼ਟਮੀ ਦਾ ਪਵਿੱਤਰ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁਖੀ ਅਮਨ ਗੁਪਤਾ ਨੇ ਦੱਸਿਆ ਕਿ 17 ਨਵੰਬਰ ਨੂੰ ਸਵੇਰੇ 9 ਵਜੇ ਗਊ ਪੂਜਾ ਹੋਵੇਗੀ, ਇਸ ਦੇ ਨਾਲ ਹੀ ਸਵੇਰੇ 10 ਵਜੇ ਝੰਡਾ ਲਹਿਰਾਉਣ ਦੀ ਰਸਮ ਹੋਵੇਗੀ, ਉਪਰੰਤ ਸ਼ਾਮ 4 ਵਜੇ ਹੋਵੇਗੀ। ਇੱਥੇ ਭਜਨ ਸ਼ਾਮ ਹੋਵੇਗੀ, ਜਿਸ ਵਿੱਚ ਅਮਿਤ ਸਵਾਰੀਆ ਆਪਣੇ ਭਜਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਉਨ੍ਹਾਂ ਦੱਸਿਆ ਕਿ ਰਾਕੇਸ਼ ਬਾਂਸਲ ਪੁੱਤਰ ਮਰਹੂਮ ਚੌਧਰੀ ਦੇਵ ਪ੍ਰਕਾਸ਼ ਉਰਫ਼ ਮਸਤਰਾਮ ਪੰਚਕੂਲਾ, ਵਿਵੇਕ ਮਿੱਤਲ ਐੱਮ ਡੀ ਨੋਬਲ ਗਰੁੱਪ ਚੰਡੀਗੜ੍ਹ, ਚਰਨ ਸਿੰਘ ਐੱਮ ਡੀ ਮਲਕੀਤ ਐਗਰੋ ਟੈਕ, ਚੰਦਰ ਸ਼ੇਖਰ ਜ਼ੌਲੀ ਐੱਮ ਡੀ ਸਿਮਡ ਐਗਜ਼ਿਮ ਪ੍ਰਾ. ਲਿਮ. ਚੰਡੀਗੜ੍ਹ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਹੋਣਗੇ।ਇਸ ਮੌਕੇ ਪ੍ਰਧਾਨ ਅਮਨ ਗੁਪਤਾ ਨੇ ਦੱਸਿਆ ਕਿ ਸਵਰਗੀ ਚੌਧਰੀ ਦੇਵ ਪ੍ਰਕਾਸ਼ ਉਰਫ ਮਸਤਰਾਮ ਜੀ ਦੇ ਸਪੁੱਤਰ ਰਾਕੇਸ਼ ਬਾਂਸਲ ਦਾ ਪਰਵਾਰ ਧਾਰਮਿਕ ਤੇ ਦਾਨੀ ਪਰਿਵਾਰ ਹੈ ਤੇ ਇਸ ਪਰਵਾਰ ਨੇ ਨਾਭਾ ਗਊਸ਼ਾਲਾ ਲਈ ਵੱਡਾ ਯੋਗਦਾਨ ਪਾਇਆ ਹੈ।

ਦਿ ਐੱਜ ਓਵਰਸੀਜ਼ ਨੇ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਲਵਾਇਆ




ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)-ਬਾਹਰਲੇ ਮੁਲਕਾਂ ਦੀ ਪੜ੍ਹਾਈ ਤੇ ਆਈਲਟਸ ਤੇ ਪੀਟੀਈ ਦੇ ਕੰਮਾਂ 'ਚ ਆਪਣੀ ਪੱਕੀ ਠੁੱਕ ਤੇ ਵਧੀਆ ਨਤੀਜਿਆਂ ਲਈ ਜਾਣੀ ਜਾਂਦੀ ਮੰਨੀ-ਪ੍ਰਮੰਨੀ ਸੰਸਥਾ 'ਦਿ ਐੱਜ ਓਵਰਸੀਜ਼ ਕੰਸਲਟੈਂਟ ਧੂਰੀ' ਨੇ ਇੱਕ ਵਾਰ ਫੇਰ ਵੱਡੀ ਮੱਲ ਮਾਰੀ ਹੈ।ਇਸ ਸੰਸਥਾ ਨੇ ਨਗਰ ਕੌਂਸਲ ਬਰਨਾਲਾ ਦੇ ਸਾਬਕਾ ਪ੍ਰਧਾਨ ਗੁਰਜੀਤ ਸਿੰਘ ਰਾਮਨਿਵਾਸੀਆ ਤੇ ਸਿੰਦਰਪਾਲ ਕੌਰ ਦਾ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਲਗਵਾਇਆ ਹੈ।ਵੀਜ਼ਾ ਸੌਂਪਣ ਵੇਲੇ ਕੰਪਨੀ ਦੇ ਐੱਮ.ਡੀ. ਜਗਸੀਰ ਸਿੰਘ ਜੱਗੀ ਢੀਂਡਸਾ ਨੇ ਖੁਸ਼ੀ ਜ਼ਾਹਰ ਕਰਦਿਆਂ ਇਸ ਕਾਮਯਾਬੀ ਦਾ ਸਿਹਰਾ ਆਪਣੀ ਟੀਮ ਦੀ ਦਿਨ-ਰਾਤ ਦੀ ਮਿਹਨਤ ਸਿਰ ਬੰਨ੍ਹਿਆ।ਉਨ੍ਹਾਂ ਆਖਿਆ ਕਿ ਕੈਨੇਡਾ ਦੇ ਸੁਪਰ ਵੀਜ਼ੇ ਲੱਗਣ ਨਾਲ ਹੁਣ ਧੀ-ਪੁੱਤਾਂ ਦੇ ਮਾਪਿਆਂ ਤੇ ਦਾਦੇ-ਦਾਦੀਆਂ ਦੇ ਸੁਪਨੇ ਪੂਰੇ ਹੋਣ ਲੱਗ ਪਏ ਨੇ।ਇਸ ਮੌਕੇ ਸੀ.ਐੱਮ.ਡੀ. ਜਗਸੀਰ ਸਿੰਘ ਢੀਂਡਸਾ ਨੇ ਅੱਜਕੱਲ੍ਹ ਦੇ ਹਾਲਾਤਾਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਕੈਨੇਡਾ ਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵੱਲੋਂ ਇਮੀਗ੍ਰੇਸ਼ਨ ਨੀਤੀਆਂ 'ਚ ਨਿੱਤ ਹੁੰਦੇ ਫੇਰ-ਬਦਲ ਕਰਕੇ ਵੀਜ਼ਾ ਲਵਾਉਣਾ ਹੁਣ ਪਹਿਲਾਂ ਨਾਲੋਂ ਕਿਤੇ ਬਹੁਤਾ ਔਖਾ ਹੋ ਗਿਆ ਹੈ।ਇਹੋ ਜਿਹੇ ਸਮੇਂ 'ਚ ਸਹੀ ਤੇ ਸਿਆਣੇ ਏਜੰਟ ਦੀ ਚੋਣ ਕਰਨਾ ਬਹੁਤ ਜ਼ਰੂਰੀ ਹੈ।ਉਨ੍ਹਾਂ ਦੱਸਿਆ ਕਿ ਸਾਡੇ ਛਾਂਟਵੇਂ ਮਾਹਿਰ ਹਰੇਕ ਕੇਸ ਦੀ ਛਾਣਬੀਨ ਬੜੀ ਬਾਰੀਕੀ ਨਾਲ ਕਰਦੇ ਨੇ ਤੇ ਫਾਈਲ ਨੂੰ ਐਨੇ ਢੁਕਵੇਂ ਢੰਗ ਨਾਲ ਤਿਆਰ ਕਰਦੇ ਨੇ ਕਿ ਵੀਜ਼ਾ ਲੱਗਣ ਦੀ ਆਸ ਲਗਭਗ 100 ਫੀਸਦੀ ਤੱਕ ਬਣ ਜਾਂਦੀ ਹੈ।

ਐਡਵੋਕੇਟ ਇੰਦੌਰਾ ਬਣੇ ਪੰਜਾਬ ਪ੍ਰਦੇਸ਼ ਕਾਂਗਰਸ ਸੇਵਾ ਦਲ ਦੇ ਜ਼ਿਲ੍ਹਾ ਪ੍ਰਧਾਨ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਐੱਸ ਸੀ ਕਮਿਸ਼ਨ ਦੇ ਸਾਬਕਾ ਮੈਂਬਰ ਐਡਵੋਕੇਟ ਕਰਨ ਵੀਰ ਸਿੰਘ ਇੰਦੌਰਾ ਪੰਜਾਬ ਪ੍ਰਦੇਸ਼ ਕਾਂਗਰਸ ਸੇਵਾ ਦਲ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਨਿਯੁਕਤ ਕੀਤੇ ਗਏ।ਇਨ੍ਹਾਂ ਦੀ ਨਿਯੁਕਤੀ ਨਾਲ ਉਨ੍ਹਾਂ ਦੇ ਸਮਰਥਕਾਂ 'ਚ ਉਤਸ਼ਾਹ ਨਜ਼ਰ ਆ ਰਿਹਾ ਹੈ।ਪੰਜਾਬ ਪ੍ਰਦੇਸ਼ ਕਾਂਗਰਸ ਸੇਵਾ ਦਲ ਦੇ ਪੰਜਾਬ ਦੇ ਚੀਫ਼ ਸੁਭਾਸ਼ ਭਾਰਗਵ ਵੱਲੋਂ ਇਹ ਨਿਯੁਕਤੀ ਕੀਤੀ ਗਈ ਹੈ ਤੇ ਇੰਦੌਰਾ ਨੂੰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਾ ਪ੍ਰਧਾਨ ਬਣਾਇਆ, ਜਿਸ 'ਤੇ ਕਰਨ ਵੀਰ ਸਿੰਘ ਇੰਦੌਰਾ ਨੇ ਪੰਜਾਬ ਚੀਫ਼ ਸੁਭਾਸ਼ ਭਾਰਗਵ ਤੇ ਪੰਜਾਬ ਪ੍ਰਧਾਨ ਪ੍ਰਗਟ ਸਿੰਘ ਦਾ ਧੰਨਵਾਦ ਕੀਤਾ ਹੈ ਅਤੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਨਾਲ ਮੁਲਾਕਾਤ ਕਰ ਉਨ੍ਹਾਂ ਦਾ ਵੀ ਧੰਨਵਾਦ ਕੀਤਾ।ਕਰਨ ਵੀਰ ਸਿੰਘ ਨੇ ਜ਼ਿਲ੍ਹਾ ਪ੍ਰਧਾਨ ਸ਼ੁੱਭਦੀਪ ਸਿੰਘ ਬਿੱਟੂ ਤੇ ਸੀਨੀਅਰ ਮੈਂਬਰ ਕਾਂਗਰਸ ਪਾਰਟੀ ਸ. ਹਰਚਰਨ ਸਿੰਘ ਸੋਥਾ ਬਰਾੜ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਨਾਲ ਹੀ ਸਮੁੱਚੀ ਲੀਡਰਸ਼ਿਪ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਮਿਹਨਤ ਨਾਲ ਕਾਂਗਰਸ ਸੇਵਾ ਦਲ ਨੂੰ ਜ਼ਿਲ੍ਹਾ ਲੈਵਲ 'ਤੇ ਮਜ਼ਬੂਤ ਕਰਨਗੇ।

400 ਮੰਡੀਆਂ ਬੰਦ ਕਰਨ ਖ਼ਿਲਾਫ਼ ਰੋਸ, ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ



ਰਾਏਕੋਟ (ਸੰਤੋਖ ਗਿੱਲ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸੂਬਾ ਸਰਕਾਰ ਵੱਲੋਂ ਝੋਨੇ ਦੀ ਖ਼ਰੀਦ ਬੰਦ ਕਰਨ ਖ਼ਿਲਾਫ਼ ਐੱਸ.ਡੀ.ਐੱਮ. ਦਫ਼ਤਰ ਰਾਏਕੋਟ ਸਾਹਮਣੇ ਧਰਨਾ ਦਿੱਤਾ ਗਿਆ ਤੇ ਸਰਕਾਰੀ ਮੰਡੀਆਂ ਵਿੱਚ ਘੱਟੋ-ਘੱਟ ਸਮਰਥਨ ਮੁੱਲ ਦੇ ਅਧਾਰ 'ਤੇ ਖ਼ਰੀਦ ਕਰਨ ਲਈ ਪੰਜਾਬ ਸਰਕਾਰ ਨੂੰ ਮੰਗ ਪੱਤਰ ਦਿੱਤਾ ਗਿਆ।ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਾਧੂ ਸਿੰਘ ਅੱਚਰਵਾਲ ਤੇ ਆਲ ਇੰਡੀਆ ਕਿਸਾਨ ਸਭਾ ਦੇ ਆਗੂ ਅਮਰ ਸਿੰਘ ਜਲਾਲਦੀਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਦੀਆਂ 400 ਮੰਡੀਆਂ ਵਿੱਚ ਖ਼ਰੀਦ ਬੰਦ ਕਰ ਦਿੱਤੀ ਹੈ ਅਤੇ ਝੋਨੇ ਦਾ ਟੀਚਾ ਪੂਰਾ ਕਰ ਲੈਣ ਦੇ ਝੂਠੀ ਬਿਆਨਬਾਜ਼ੀ ਕੀਤੀ ਜਾ ਰਹੀ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਪਿੰਡਾਂ ਦੀਆਂ ਮੰਡੀਆਂ ਵਿੱਚ 35% ਝੋਨਾ ਪਿਆ ਹੈ, ਜਿਸ ਦੀ ਖ਼ਰੀਦ ਨਾ ਹੋਣ ਕਰਕੇ ਕਿਸਾਨ, ਮਜ਼ਦੂਰ ਤੇ ਆੜ੍ਹਤੀ ਵੀ ਪ੍ਰੇਸ਼ਾਨ ਹੋ ਰਹੇ ਹਨ।ਪੰਜਾਬ ਕਿਸਾਨ ਯੂਨੀਅਨ ਦੇ ਆਗੂ ਜਸਵਿੰਦਰ ਸਿੰਘ ਲਾਡੀ ਨੇ ਕਿਹਾ ਕਿ ਪਿੰਡਾਂ ਦੀਆਂ ਮੰਡੀਆਂ ਵਿੱਚ ਕਿਸਾਨ ਝੋਨਾ ਲੈ ਕੇ ਕਈ ਦਿਨਾਂ ਤੋਂ ਬੈਠੇ ਹਨ, ਪਰ ਹੁਣ ਉਨ੍ਹਾਂ ਨੂੰ ਬਾਰਦਾਨਾ ਖ਼ਤਮ ਹੋਣ ਦਾ ਬਹਾਨਾ ਬਣਾ ਕੇ ਝੋਨਾ ਸ਼ੈਲਰਾਂ ਵਿੱਚ ਲੈ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਕਿਸਾਨ ਆਗੂਆਂ ਨੇ ਝੋਨੇ ਦੀ ਸਰਕਾਰੀ ਖ਼ਰੀਦ ਸ਼ੁਰੂ ਕਰਨ ਤੇ ਗੰਨੇ ਦਾ ਭਾਅ 500 ਰੁਪਏ ਦੇਣ ਦੀ ਮੰਗ ਕੀਤੀ ਹੈ।ਇਸ ਮੌਕੇ ਭਾਕਿਯੂ (ਕਾਦੀਆਂ) ਦੇ ਆਗੂ ਗੁਰਜੀਤ ਸਿੰਘ, ਜਗਰੂਪ ਸਿੰਘ, ਅਮਰ ਸਿੰਘ, ਤਲਵੰਡੀ, ਦਵਿੰਦਰ ਸਿੰਘ ਛਾਪਾ, ਫ਼ਕੀਰ ਚੰਦ, ਮੁਖ਼ਤਿਆਰ ਸਿੰਘ, ਅਜਮੇਰ ਸਿੰਘ, ਦਰਸ਼ਨ ਸਿੰਘ, ਨਿਰਮਲ ਸਿੰਘ, ਜਸਪਿੰਦਰ ਸਿੰਘ, ਜਲੌਰ ਸਿੰਘ ਹਾਜ਼ਰ ਸਨ।

ਵਿਧਾਇਕ ਤੇ ਨਗਰ ਕੌਂਸਲ ਪ੍ਰਧਾਨ ਵੱਲੋਂ ਡਾ. ਗੁਰਪ੍ਰੀਤ ਕੌਰ ਮਾਨ ਨਾਲ ਵਿਸ਼ੇਸ਼ ਮੁਲਾਕਾਤ

ਦੋਰਾਹਾ ਦੇ ਸਰਬਪੱਖੀ ਵਿਕਾਸ ਕਾਰਜਾਂ ਸੰਬੰਧੀ ਹੋਈ ਚਰਚਾ



ਦੋਰਾਹਾ (ਹਰਮਿੰਦਰ ਸੇਠ)-ਹਲਕਾ ਪਾਇਲ ਦੇ ਵਿਧਾਇਕ ਸ੍ਰ. ਮਨਵਿੰਦਰ ਸਿੰਘ ਗਿਆਸਪੁਰਾ ਤੇ ਨਗਰ ਕੌਂਸਲ ਦੋਰਾਹਾ ਦੇ ਪ੍ਰਧਾਨ ਸ੍ਰੀ ਅਨਮੋਲ ਸ਼ਰਮਾ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਧਰਮ ਪਤਨੀ ਡਾ. ਗੁਰਪ੍ਰੀਤ ਕੌਰ ਮਾਨ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।ਇਸ ਮੁਲਾਕਾਤ ਦੌਰਾਨ ਦੋਰਾਹਾ ਸ਼ਹਿਰ ਦੇ ਸਰਬਪੱਖੀ ਵਿਕਾਸ ਤੇ ਸ਼ਹਿਰ ਵਾਸੀਆਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਸਬੰਧੀ ਵੱਖ-ਵੱਖ ਪਹਿਲੂਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਤੇ ਨਗਰ ਕੌਂਸਲ ਪ੍ਰਧਾਨ ਅਨਮੋਲ ਸ਼ਰਮਾ ਨੇ ਦੋਰਾਹਾ ਸ਼ਹਿਰ ਦੀਆਂ ਵਿਕਾਸ ਸਬੰਧੀ ਲੋੜਾਂ ਤੇ ਭਵਿੱਖ ਵਿੱਚ ਕਰਵਾਏ ਜਾਣ ਵਾਲੇ ਕਾਰਜਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਉਨ੍ਹਾਂ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ, ਸੜਕਾਂ, ਸਫ਼ਾਈ ਪ੍ਰਬੰਧਾਂ, ਪੀਣ ਵਾਲੇ ਪਾਣੀ ਤੇ ਹੋਰ ਜਨਤਕ ਸਹੂਲਤਾਂ ਵਿੱਚ ਸੁਧਾਰ ਵਰਗੇ ਮੁੱਦਿਆਂ ਨੂੰ ਤਰਜੀਹ ਦੇਣ ਦੀ ਲੋੜ ਬਾਰੇ ਚਰਚਾ ਕੀਤੀ।ਉਨ੍ਹਾਂ ਕਿਹਾ ਕਿ ਦੋਰਾਹਾ ਸ਼ਹਿਰ ਦੇ ਵਿਕਾਸ ਨੂੰ ਨਵੀਆਂ ਦਿਸ਼ਾਵਾਂ ਦੇਣ ਤੇ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਵਿਕਾਸ ਕਾਰਜਾਂ ਨੂੰ ਅੱਗੇ ਵਧਾਉਣ ਲਈ ਯਤਨ ਕੀਤੇ ਜਾ ਰਹੇ ਹਨ।ਇਸ ਸਬੰਧੀ ਮੁੱਖ ਮੰਤਰੀ ਨਿਵਾਸ ਵਿਖੇ ਹੋਈ ਇਹ ਮੁਲਾਕਾਤ ਦੋਰਾਹਾ ਦੇ ਵਿਕਾਸ ਨਾਲ ਜੁੜੇ ਮੁੱਦਿਆਂ ਨੂੰ ਉੱਚ ਪੱਧਰ ਤੱਕ ਪਹੁੰਚਾਉਣ ਦਾ ਇੱਕ ਮੌਕਾ ਬਣੀ।ਇਸ ਮੁਲਾਕਾਤ ਨੂੰ ਦੋਰਾਹਾ ਦੇ ਵਿਕਾਸ ਕਾਰਜਾਂ ਸੰਬੰਧੀ ਅਹਿਮ ਵਿਚਾਰ-ਵਟਾਂਦਰੇ ਵਜੋਂ ਦੇਖਿਆ ਜਾ ਰਿਹਾ ਹੈ।

ਆਸ਼ਾ ਵਰਕਰਾਂ ਵੱਲੋਂ ਸੀ ਐੱਚ ਸੀ 'ਚ ਰੈੱਸਟ ਰੂਮ ਦਾ ਪ੍ਰਬੰਧ ਨਾ ਹੋਣ 'ਤੇ ਰੋਸ ਧਰਨਾ

ਕਮਰੇ ਦਾ ਜਲਦ ਪ੍ਰਬੰਧ ਨਾ ਹੋਣ 'ਤੇ ਸੰਘਰਸ਼ ਤਿੱਖਾ ਕਰਨ ਦੀ ਚਿਤਾਵਨੀ



ਭਵਾਨੀਗੜ੍ਹ (ਰਾਜ ਖੁਰਮੀ)
ਸਥਾਨਕ ਕਮਿਊਨਿਟੀ ਹੈਲਥ ਸੈਂਟਰ (ਸੀਐੱਚਸੀ) ਭਵਾਨੀਗੜ੍ਹ ਵਿਖੇ ਆਸ਼ਾ ਵਰਕਰਾਂ ਤੇ ਆਸ਼ਾ ਫੈਸਿਲੀਟੇਟਰਾਂ ਵੱਲੋਂ ਰੈਸਟ ਰੂਮ ਦੀ ਸਹੂਲਤ ਮੁਹੱਈਆ ਕਰਵਾਉਣ ਦੀ ਮੰਗ ਨੂੰ ਲੈ ਕੇ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਆਸ਼ਾ ਵਰਕਰਾਂ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਖ਼ਿਲਾਫ਼ ਆਪਣੀ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਪਹਿਲਾਂ ਉਨ੍ਹਾਂ ਲਈ ਬਣਾਇਆ ਗਿਆ ਰੈਸਟ ਰੂਮ ਖਾਲੀ ਕਰਵਾ ਲਿਆ ਗਿਆ ਸੀ, ਪਰ ਉਸ ਤੋਂ ਬਾਅਦ ਉਨ੍ਹਾਂ ਦੇ ਬੈਠਣ ਤੇ ਆਰਾਮ ਕਰਨ ਲਈ ਕੋਈ ਬਦਲਵਾਂ ਪ੍ਰਬੰਧ ਨਹੀਂ ਕੀਤਾ ਗਿਆ। ਧਰਨੇ ਦੌਰਾਨ ਆਸ਼ਾ ਵਰਕਰਾਂ ਨੇ ਦੱਸਿਆ ਕਿ ਉਹ ਪਿੰਡਾਂ ਤੋਂ ਸਿਹਤ ਕੇਂਦਰ ਵਿਖੇ ਡਿਲੀਵਰੀ ਦੇ ਕੇਸਾਂ ਸਮੇਤ ਹੋਰ ਸਿਹਤ ਸੇਵਾਵਾਂ ਲਈ ਆਉਂਦੀਆਂ ਹਨ। ਅਜਿਹੇ ਵਿੱਚ ਰੈਸਟ ਰੂਮ ਦੀ ਸਹੂਲਤ ਨਾ ਹੋਣ ਕਾਰਨ ਉਨ੍ਹਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਮੱਸਿਆ ਸਬੰਧੀ ਐੱਸ ਐੱਮ ਓ ਨੂੰ ਕਈ ਵਾਰ ਜਾਣੂ ਕਰਵਾਇਆ ਗਿਆ, ਪਰ ਕੋਈ ਢੁੱਕਵਾਂ ਹੱਲ ਨਾ ਨਿਕਲਣ ਕਾਰਨ ਉਨ੍ਹਾਂ ਨੂੰ ਮਜਬੂਰ ਹੋ ਕੇ ਰੋਸ ਪ੍ਰਦਰਸ਼ਨ ਕਰਨਾ ਪਿਆ। ਆਸ਼ਾ ਵਰਕਰਾਂ ਨੇ ਕਿਹਾ ਕਿ ਕੁਝ ਮੁਲਾਜ਼ਮਾਂ ਵੱਲੋਂ 11 ਨਵੰਬਰ ਨੂੰ ਰੈਸਟ ਰੂਮ ਦਾ ਮਸਲਾ ਹੱਲ ਕਰਵਾਉਣ ਲਈ ਭਰੋਸਾ ਦਿੱਤਾ ਗਿਆ ਸੀ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਰੈਸਟ ਰੂਮ ਦੀ ਸਹੂਲਤ ਦਾ ਜਲਦ ਪੱਕਾ ਪ੍ਰਬੰਧ ਨਾ ਕੀਤਾ ਗਿਆ ਤਾਂ ਉਹ ਆਪਣਾ ਸੰਘਰਸ਼ ਹੋਰ ਤਿੱਖਾ ਕਰਨ ਲਈ ਮਜਬੂਰ ਹੋਣਗੀਆਂ, ਜਿਸ ਦੀ ਜ਼ਿੰਮੇਵਾਰੀ ਸਬੰਧਤ ਉੱਚ ਅਧਿਕਾਰੀਆਂ ਦੀ ਹੋਵੇਗੀ। ਇਸ ਸਬੰਧੀ ਜਦੋਂ ਸੀਐੱਚਸੀ ਭਵਾਨੀਗੜ੍ਹ ਦੀ ਐੱਸਐੱਮਓ ਡਾ. ਮਹੀਪ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਆਸ਼ਾ ਵਰਕਰਾਂ ਨੂੰ ਰੈਸਟ ਰੂਮ ਅਲਾਟ ਕੀਤਾ ਜਾ ਚੁੱਕਾ ਹੈ ਤੇ ਸਿਰਫ਼ ਕਮਰੇ ਦਾ ਗੇਟ ਲੱਗਣਾ ਬਾਕੀ ਹੈ। ਗੇਟ ਲੱਗਣ ਤੋਂ ਬਾਅਦ ਆਸ਼ਾ ਵਰਕਰਾਂ ਨੂੰ ਕਮਰੇ ਦੀਆਂ ਚਾਬੀਆਂ ਸੌਂਪ ਦਿੱਤੀਆਂ ਜਾਣਗੀਆਂ। ਇਸ ਮੌਕੇ ਆਸ਼ਾ ਵਰਕਰ ਸੁਰਿੰਦਰ ਕੌਰ ਸਕਰੌਦੀ, ਰਾਣੋ ਖੇੜੀ ਗਿੱਲਾਂ, ਸਿੰਦਰ ਕੌਰ ਰੇਤਗੜ੍ਹ, ਸਰਬਜੀਤ ਕੌਰ ਵੱਖੋ ਪੀਰ, ਜਸਵਿੰਦਰ ਕੌਰ ਬਾਲਦ, ਸੀਮਾ ਰਾਣੀ, ਕਮਲਜੀਤ ਕੌਰ, ਬੇਅੰਤ ਕੌਰ, ਗੁਰਵਿੰਦਰ ਕੌਰ, ਬਲਜੀਤ ਕੌਰ, ਰੁਪਿੰਦਰ ਕੌਰ ਤੇ ਸੁਖਵਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਆਸ਼ਾ ਵਰਕਰ ਹਾਜ਼ਰ ਸਨ।

ਵਿਸ਼ੇਸ਼ ਪੈਨਸ਼ਨਰ ਸੇਵਾ ਮੇਲਾ 19 ਤੋਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਜ਼ਿਲ੍ਹਾ ਖਜ਼ਾਨਾ ਅਫ਼ਸਰ ਸ੍ਰੀ ਨਰੇਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਪੈਨਸ਼ਨਰਾਂ ਦੀ ਸਹੂਲਤ ਲਈ 19, 20 ਤੇ 21 ਨਵੰਬਰ 2026 ਨੂੰ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਸ੍ਰੀ ਮੁਕਤਸਰ ਸਾਹਿਬ ਵਿਖੇ ਵਿਸ਼ੇਸ਼ ਪੈਨਸ਼ਨਰ ਸੇਵਾ ਮੇਲਾ ਲਗਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਮੇਲੇ ਦੌਰਾਨ ਸਾਰੇ ਪੈਨਸ਼ਨਰਾਂ ਨੂੰ ਆਪਣੀ ਈ-ਕੇ ਵਾਈ ਸੀ ਪ੍ਰਕਿਰਿਆ ਪੂਰੀ ਕਰਨ ਲਈ ਜਾਗਰੂਕ ਕੀਤਾ ਜਾਵੇਗਾ, ਜਿਨ੍ਹਾਂ ਪੈਨਸ਼ਨਰਾਂ ਦੀ ਈ-ਕੇ ਵਾਈ ਸੀ, ਜੀਵਨ ਪ੍ਰਮਾਣ ਪੱਤਰ, ਪੀ ਪੀ ਓ ਕਾਪੀ ਬਾਕੀ ਹੈ, ਉਨ੍ਹਾਂ ਦੀ ਪ੍ਰਕਿਰਿਆ ਸਥਾਨਕ ਤੌਰ 'ਤੇ ਪੂਰੀ ਕੀਤੀ ਜਾਵੇਗੀ ਤੇ ਇਸ ਪੋਰਟਲ ਰਾਹੀਂ ਪੈਨਸ਼ਨਰਾਂ ਨੂੰ ਡਿਜਿਟਲ ਲਾਈਫ ਸਰਟੀਫਿਕੇਟ ਜਾਰੀ ਕਰਨ ਲਈ ਈ-ਕੇ ਵਾਈ ਸੀ ਪ੍ਰਕਿਰਿਆ ਕੀਤੀ ਜਾਵੇਗੀ ਤੇ ਉਨ੍ਹਾਂ ਨੂੰ ਇਸ ਸਬੰਧੀ ਜਾਗਰੂਕ ਵੀ ਕੀਤਾ ਜਾਵੇਗਾ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਖੇਤਰ ਦੇ ਪੈਨਸ਼ਨਰ ਸੇਵਾ ਮੇਲੇ ਵਿੱਚ ਸ਼ਾਮਲ ਹੋ ਕੇ ਆਪਣੀ ਈ-ਕੇ.ਵਾਈ.ਸੀ. ਪ੍ਰਕਿਰਿਆ ਪੂਰੀ ਕਰਨ ਤੇ ਸਰਕਾਰ ਦੀ ਇਸ ਸਹੂਲਤ ਦਾ ਪੂਰਾ ਲਾਭ ਲੈਣ।

ਸ਼ਸ਼ੀ ਭੂਸ਼ਣ ਭਾਜਪਾ ਪੰਚਾਇਤੀ ਰਾਜ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ



ਨਾਭਾ (ਅਮਨ ਗਰਗ)-ਵਿਧਾਨ ਸਭਾ ਹਲਕਾ ਨਾਭਾ ਵਿਚ ਇਕ ਜ਼ਰੂਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਸ੍ਰੀ ਸ਼ਸ਼ੀ ਭੂਸ਼ਣ ਨੂੰ ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੈੱਲ ਭਾਜਪਾ ਅੰਮ੍ਰਿਤਸਰ ਨਿਯੁਕਤ ਕੀਤਾ ਗਿਆ। ਇਸ ਮੌਕੇ ਕੁਲਦੀਪ ਸਿੰਘ ਕੈਰੋਂ ਸੂਬਾ ਸਕੱਤਰ ਪੰਚਾਇਤੀ ਰਾਜ ਸੈੱਲ ਭਾਜਪਾ ਪੰਜਾਬ ਭੁਪਿੰਦਰ ਸਿੰਘ ਤੁਰ, ਜ਼ਿਲ੍ਹਾ ਪ੍ਰਧਾਨ ਪੰਚਾਇਤੀ ਰਾਜ ਸੈੱਲ ਭਾਜਪਾ ਤਾਰਨ ਤਾਰਨ ਅਮਰਪ੍ਰੀਤ ਸਿੰਘ, ਜ਼ਿਲ੍ਹਾ ਸੈਕਟਰੀ ਅੰਮ੍ਰਿਤਸਰ ਕਰਨੈਲ ਸਿੰਘ ਆਦਿ ਹਾਜ਼ਰ ਸਨ।

ਗਗਨਦੀਪ ਕੌਰ ਨੇ ਪੰਜਾਬ ਰਾਜ ਸਕੂਲ ਬਾਕਸਿੰਗ 'ਚ ਜਿੱਤਿਆ ਸੋਨ ਤਮਗਾ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)-ਫਿਰੋਜ਼ਪੁਰ ਦੀ ਧਰਤੀ 'ਤੇ ਹਾਲ ਹੀ ਵਿੱਚ ਸਮਾਪਤ ਹੋਈਆਂ 70ਵੀਆਂ ਪੰਜਾਬ ਰਾਜ ਅੰਤਰ-ਜ਼ਿਲ੍ਹਾ ਸਕੂਲ ਖੇਡਾਂ ਵਿੱਚ ਧੂਰੀ ਦੀ ਹੋਣਹਾਰ ਖਿਡਾਰਨ ਗਗਨਦੀਪ ਕੌਰ ਨੇ ਆਪਣੀ ਖੇਡ ਦਾ ਲੋਹਾ ਮਨਵਾਉਂਦਿਆਂ ਗੋਲਡ ਮੈਡਲ ਆਪਣੇ ਨਾਂ ਕੀਤਾ ਹੈ। ਸਰਵਹਿੱਤਕਾਰੀ ਵਿੱਦਿਆ ਮੰਦਰ ਸਕੂਲ ਦੀ ਬਾਰਵੀਂ ਜਮਾਤ ਦੀ ਇਸ ਵਿਦਿਆਰਥਣ ਨੇ ਅੰਡਰ-19 ਲੜਕੀਆਂ ਦੇ ਵਰਗ ਵਿੱਚ ਵਿਰੋਧੀ ਮੁੱਕੇਬਾਜ਼ਾਂ ਨੂੰ ਚਿੱਤ ਕਰਕੇ ਆਪਣੇ ਇਲਾਕੇ, ਮਾਪਿਆਂ ਤੇ ਸਕੂਲ ਦਾ ਨਾਂ ਪੂਰੇ ਪੰਜਾਬ ਵਿੱਚ ਰੌਸ਼ਨ ਕੀਤਾ ਹੈ।ਮੁਕਾਬਲੇ ਦੌਰਾਨ ਗਗਨਦੀਪ ਕੌਰ ਨੇ ਸ਼ੁਰੂ ਤੋਂ ਹੀ ਆਪਣੀ ਫੁਰਤੀ ਤੇ ਜ਼ੋਰਦਾਰ ਮੁੱਕਿਆਂ ਨਾਲ ਵਿਰੋਧੀਆਂ ਦੇ ਹੌਂਸਲੇ ਪਸਤ ਕਰ ਦਿੱਤੇ।ਫਾਈਨਲ ਮੁਕਾਬਲੇ ਵਿੱਚ ਉਸ ਨੇ ਬੜੀ ਸੂਝ-ਬੂਝ ਤੇ ਦਲੇਰੀ ਨਾਲ ਖੇਡਦਿਆਂ ਜਿੱਤ ਦਾ ਪਰਚਮ ਲਹਿਰਾਇਆ।ਗਗਨਦੀਪ ਕੌਰ ਨੇ ਕਿਹਾ ਕਿ ਉਹ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵੀ ਖੇਡ ਕੇ ਦੇਸ਼ ਤੇ ਪੰਜਾਬ ਦੀ ਝੋਲੀ ਵਿੱਚ ਹੋਰ ਤਮਗੇ ਪਾਵੇਗੀ। ਇਸ ਮਾਣਮੱਤੀ ਜਿੱਤ ਪਿੱਛੇ ਗਗਨਦੀਪ ਦੀ ਦਿਨ-ਰਾਤ ਦੀ ਅਣਥੱਕ ਮਿਹਨਤ ਤੇ ਉਸ ਦੇ ਉਸਤਾਦਾਂ ਦੀ ਯੋਗ ਅਗਵਾਈ ਦਾ ਵੱਡਾ ਹੱਥ ਹੈ।ਮਾਲੇਰਕੋਟਲਾ ਦੇ ਕੋਚ ਸੰਨੀ ਤੇ ਕੋਚ ਮੁਹੰਮਦ ਹਬੀਬ ਦੀ ਦੇਖ-ਰੇਖ ਹੇਠ ਗਗਨਦੀਪ ਨੇ ਬਾਕਸਿੰਗ ਦੇ ਗੁਰ ਸਿੱਖੇ ਤੇ ਮੈਦਾਨ ਵਿੱਚ ਆਪਣੀ ਕਾਬਲੀਅਤ ਸਾਬਿਤ ਕੀਤੀ।

ਸੁਖਬੀਰ ਬਾਦਲ ਭਲਕੇ ਵਪਾਰੀਆਂ ਨਾਲ ਕਰਨਗੇ ਮੁਲਾਕਾਤ

ਰਾਮਪੁਰਾ ਫੂਲ (ਦਰਸ਼ਨ ਜਿੰਦਲ)
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 16 ਨਵੰਬਰ ਨੂੰ ਸਥਾਨਕ ਸਟਾਰ ਰਿਜ਼ੋਰਟ ਵਿੱਚ ਵਪਾਰੀਆਂ ਨਾਲ ਮੁਲਾਕਾਤ ਕਰਨਗੇ।ਇਹ ਜਾਣਕਾਰੀ ਦਿੰਦਿਆਂ ਸਾਬਕਾ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਦੱਸਿਆ ਕਿ ਸ੍ਰ: ਬਾਦਲ ਵੱਲੋਂ ਇੱਕ ਵਿਸ਼ੇਸ਼ ਮੁਹਿੰਮ 'ਤੁਹਾਡੀ ਗੱਲ, ਪੰਜਾਬ ਦਾ ਕੱਲ੍ਹ' ਵਿੱਢੀ ਹੈ, ਜਿਸ ਤਹਿਤ ਉਹ ਵੱਖ-ਵੱਖ ਵਰਗਾਂ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਦੇ ਮਸਲਿਆਂ ਦੀ ਜਾਣਕਾਰੀ ਲੈ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਸ ਸਿਲਸਿਲੇ ਤਹਿਤ ਹੀ ਉਹ ਵਪਾਰੀਆਂ, ਕਾਰੋਬਾਰੀਆਂ ਤੇ ਉਦਯੋਗਪਤੀਆਂ ਦੇ ਮੁੱਖ ਮੁੱਦਿਆਂ ਸਬੰਧੀ ਸੁਝਾਅ ਲੈਣਗੇ ਤਾਂ ਜੋ ਵਪਾਰ ਤੇ ਕਾਰੋਬਾਰ ਨੂੰ ਮਜ਼ਬੂਤ ਕੀਤਾ ਜਾ ਸਕੇ।ਸ੍ਰ: ਮਲੂਕਾ ਨੇ ਦੱਸਿਆ ਕਿ ਸ੍ਰ: ਬਾਦਲ ਦਾ ਟੀਚਾ ਪੰਜਾਬ ਦੇ ਆਰਥਿਕ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਸਬੰਧੀ ਵਿਚਾਰ ਵਟਾਂਦਰਾ ਕਰਨ ਦਾ ਹੈ।ਉਨ੍ਹਾਂ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਕੱਲ੍ਹ ਬਾਅਦ ਦੁਪਹਿਰ 1 ਵਜੇ ਸਟਾਰ ਰਿਜ਼ੋਰਟ ਬਾਈਪਾਸ ਰਾਮਪੁਰਾ ਫੂਲ ਵਿਖੇ ਪਹੁੰਚ ਕੇ ਆਪਣੇ ਵਿਚਾਰ ਸ੍ਰ: ਬਾਦਲ ਨਾਲ ਸਾਂਝੇ ਕੀਤੇ ਜਾਣ।

ਸੈਂਟੀਨਲ ਸਕੂਲ 'ਚ 'ਕੁਇਜ਼ੋਰਾ' ਕੁਇੱਜ਼ ਮੁਕਾਬਲੇ ਕਰਵਾਏ



ਸਮਰਾਲਾ (ਸੁਰਜੀਤ ਸਿੰਘ)
ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਵਿਖੇ ਵੱਡੇ ਪੱਧਰ 'ਤੇ ਵਿਦਿਆਰਥੀਆਂ ਦੇ ਗਿਆਨ, ਬੌਧਿਕ ਯੋਗਤਾ ਤੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਤੇ ਆਈ. ਟੀ. ਹੈੱਡ ਕੇ ਐੱਚ ਹੇਮੰਤਾ ਸਿੰਘ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਇੰਟਰ ਹਾਊਸ ਕੁਇੱਜ਼ ਮੁਕਾਬਲਾ 'ਕੁਇਜ਼ੋਰਾ' ਆਯੋਜਿਤ ਕੀਤਾ ਗਿਆ, ਜਿਸ ਵਿੱਚ ਅੰਗਰੇਜ਼ੀ, ਗਣਿਤ, ਵਿਗਿਆਨ, ਸਮਾਜਿਕ ਅਧਿਐਨ ਤੇ ਭੌਤਿਕ ਵਿਗਿਆਨ, ਵਪਾਰਕ ਅਧਿਐਨ ਸਮੇਤ ਵੱਖ-ਵੱਖ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਸ਼ਿਰਕਤ ਕੀਤੀ। ਵਿਦਿਆਰਥੀਆਂ ਨੇ ਆਮ ਗਿਆਨ, ਵਿਗਿਆਨ, ਇਤਿਹਾਸ, ਸਾਹਿਤ ਤੇ ਸਮਕਾਲੀ ਵਿਸ਼ਿਆਂ ਨਾਲ ਸੰਬੰਧਤ ਪ੍ਰਸ਼ਨਾਂ ਦੇ ਸਹੀ ਜਵਾਬ ਦੇ ਕੇ ਆਪਣੀ ਪ੍ਰਤਿਭਾ ਤੇ ਵਿਸ਼ੇ-ਗਿਆਨ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਮੁਕਾਬਲੇ ਨੂੰ ਤਿੰਨ ਉਮਰ ਵਰਗਾਂ ਵਿੱਚ ਵੰਡਿਆ ਗਿਆ। ਗਿਆਰਵੀਂ ਤੇ ਬਾਰਵੀਂ ਜਮਾਤ ਦੇ ਵਰਗ ਵਿੱਚ ਪ੍ਰਤਾਪ ਹਾਊਸ ਨੇ ਪਹਿਲਾ, ਰਣਜੀਤ ਹਾਊਸ ਨੇ ਦੂਜਾ ਤੇ ਅਜ਼ਾਦ ਹਾਊਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਛੇਵੀਂ ਤੋਂ ਦਸਵੀਂ ਜਮਾਤ ਦੇ ਵਰਗ ਵਿੱਚ ਰਣਜੀਤ ਹਾਊਸ ਨੇ ਪਹਿਲਾ, ਭਗਤ ਹਾਊਸ ਨੇ ਦੂਜਾ ਤੇ ਪ੍ਰਤਾਪ ਹਾਊਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਤੀਜੀ ਤੋਂ ਪੰਜਵੀਂ ਜਮਾਤ ਦੇ ਵਰਗ ਵਿੱਚ ਆਜ਼ਾਦ ਹਾਊਸ ਨੇ ਪਹਿਲਾ, ਭਗਤ ਹਾਊਸ ਨੇ ਦੂਜਾ ਤੇ ਰਣਜੀਤ ਹਾਊਸ ਨੇ ਤੀਜਾ ਸਥਾਨ ਹਾਸਲ ਕੀਤਾ। ਪ੍ਰੋਗਰਾਮ ਨੂੰ ਹੋਰ ਦਿਲਚਸਪ ਬਣਾਉਣ ਲਈ ਤਿੰਨ ਵੱਖ-ਵੱਖ ਪੜਾਵਾਂ ਦੌਰਾਨ ਸ਼ਾਨਦਾਰ ਡਾਂਸ ਪੇਸ਼ਕਾਰੀਆਂ ਵੀ ਕਰਵਾਈਆਂ ਗਈਆਂ।

ਇਨ੍ਹਾਂ ਸੱਭਿਆਚਾਰਕ ਪੇਸ਼ਕਾਰੀਆਂ ਨੇ ਸਮਾਗਮ ਵਿੱਚ ਰੰਗ ਭਰ ਦਿੱਤੇ ਤੇ ਦਰਸ਼ਕਾਂ ਨੇ ਭਰਪੂਰ ਸ਼ਲਾਘਾ ਕੀਤੀ। ਕੁਇੱਜ਼ ਮੁਕਾਬਲੇ 'ਚ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਪ੍ਰਸ਼ਨਾਂ ਦੇ ਉੱਤਰ ਦੇ ਕੇ ਆਪਣੀ ਹਾਜ਼ਰ-ਜਵਾਬੀ ਦਾ ਸਬੂਤ ਦਿੱਤਾ। ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਸਾਰੇ ਭਾਗੀਦਾਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਅਜਿਹੇ ਸਿੱਖਿਆਦਾਇਕ ਮੁਕਾਬਲਿਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਸਮਾਗਮ ਦੇ ਅੰਤ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ ਤੇ ਮੁਕਾਬਲੇ ਨੂੰ ਸਫ਼ਲ ਬਣਾਉਣ ਵਾਲੇ ਸਮੂਹ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ।

ਅਕਾਲ ਅਕੈਡਮੀ ਦੌਲਾ ਵਿਖੇ ਕਰਵਾਇਆ ਧਾਰਮਿਕ ਸਮਾਗਮ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਚਲਾਏ ਜਾ ਰਹੇ ਵਿਦਿਅਕ ਅਦਾਰੇ ਅਕਾਲ ਅਕੈਡਮੀ ਦੌਲਾ ਵਿਖੇ ਪ੍ਰਿੰਸੀਪਲ ਸੁਖਵਿੰਦਰ ਕੌਰ ਦੀ ਅਗਵਾਈ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਆਗਮਨ ਪੁਰਬ ਨੂੰ ਸਮਰਪਤ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਅਕੈਡਮੀ ਦੀਆਂ ਵਿਦਿਆਰਥਣਾਂ ਵੱਲੋਂ ਸ੍ਰ. ਹਰਜਿੰਦਰ ਸਿੰਘ ਪੀ.ਟੀ.ਆਈ. ਦੀ ਅਗਵਾਈ ਵਿੱਚ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਸਵਾਗਤ ਵਿਸ਼ੇਸ਼ ਤੌਰ 'ਤੇ ਪ੍ਰਦਰਸ਼ਨ ਕਰਕੇ ਕੀਤਾ ਗਿਆ।ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ, ਕਵਿਤਾਵਾਂ, ਕਵੀਸ਼ਰੀ, ਧਾਰਨਾਵਾਂ, ਵਾਰਾਂ ਆਦਿ ਦੇ ਸਟੇਜ 'ਤੇ ਪ੍ਰਦਰਸ਼ਨ ਕੀਤੇ ਗਏ।ਇਸ ਮੌਕੇ ਗੁਰਮਤਿ ਪ੍ਰਦਰਸ਼ਨੀ ਤੇ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਤ ਮਾਡਲ ਦੀਆਂ ਪ੍ਰਦਰਸ਼ਨੀ ਲਗਾਈਆਂ ਗਈਆਂ।ਸਮਾਗਮ ਦੌਰਾਨ ਸਟੇਜ ਦੇ ਸਕੱਤਰ ਦੀ ਭੂਮਿਕਾ ਅਰਵਿੰਦਰ ਸਿੰਘ, ਅਮਨਦੀਪ ਕੌਰ ਤੇ ਵਿਦਿਆਰਥੀਆਂ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਆਗਮਨ ਪੁਰਬ ਦੀ ਵਧਾਈ ਦਿੱਤੀ ਤੇ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਦੀ ਸਮਾਜ ਵਿੱਚ ਵੱਖਰੀ ਪਹਿਚਾਣ ਬਾਰੇ ਜਾਣੂ ਕਰਵਾਇਆ ਗਿਆ।ਸਾਰੀਆਂ ਸੰਗਤਾਂ-ਮਾਪਿਆਂ ਦਾ ਸਮਾਗਮ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ ਗਿਆ।ਇਸ ਮੌਕੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਮੌਜੂਦ ਸੀ।


'ਹਲੇਮੀ ਰਾਜ ਦਾ ਸੰਕਲਪ ਤੇ ਸਿੱਖ ਇਤਿਹਾਸ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ



ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ ਦੇ ਪੰਜਾਬੀ ਵਿਭਾਗ ਵੱਲੋਂ 'ਹਲੇਮੀ ਰਾਜ ਦਾ ਸੰਕਲਪ ਤੇ ਸਿੱਖ ਇਤਿਹਾਸ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ, ਜਿਸ ਵਿੱਚ ਸ੍ਰ. ਗਗਨਦੀਪ ਸਿੰਘ ਡਿਪਟੀ ਸਕੱਤਰ ਗ੍ਰਹਿ ਵਿਭਾਗ ਹਰਿਆਣਾ ਨੇ ਵਿਦਵਾਨ ਵਕਤਾ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਕੀਤੀ ਤੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਡਾ. ਸਿਕੰਦਰ ਸਿੰਘ, ਮੁਖੀ ਪੰਜਾਬੀ ਵਿਭਾਗ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਲੈਕਚਰ ਦੇ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਸਿੱਖ ਰਾਜ ਦੇ ਖ਼ਤਮ ਹੋਣ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਸਿੱਖ ਫ਼ੌਜ ਤੋੜਨ ਤੇ ਸਿੱਖਿਆ ਵਿੱਚ ਕੀਤੇ ਫੇਰਬਦਲ ਦਾ ਜ਼ਿਕਰ ਕੀਤਾ। ਸ. ਗਗਨਦੀਪ ਸਿੰਘ ਨੇ ਕਿਹਾ ਕਿ ਅੰਗਰੇਜ਼ਾਂ ਨੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਅਤੇ ਸਿੱਖ ਕ੍ਰਾਂਤੀ ਨੂੰ ਤਬਾਹ ਕਰਨ ਲਈ ਵੱਖ-ਵੱਖ ਧਾਰਨਾਵਾਂ ਬਣਾਈਆਂ। ਉਨ੍ਹਾਂ ਗੁਰੂ ਨਾਨਕ ਦੇਵ ਜੀ ਤੋਂ ਅਠਾਰਵੀਂ ਸਦੀ ਤੱਕ ਦੇ ਸਮੇਂ ਨੂੰ ਸਿੱਖ ਇਤਿਹਾਸ ਦਾ ਸੁਨਹਿਰੀ ਸਮਾਂ ਦੱਸਦਿਆਂ ਲੋਹਗੜ੍ਹ ਦੇ ਕਿਲ੍ਹੇ ਨੂੰ ਹਲੇਮੀ ਰਾਜ ਦਾ ਕੇਂਦਰੀ ਧੁਰਾ ਕਿਹਾ।


ਉਨ੍ਹਾਂ ਕਿਲ੍ਹੇ ਦੀ ਵਿਲੱਖਣ ਬਣਤਰ, ਮੁਗ਼ਲਾਂ ਦੀ ਪੰਜ ਮਹੀਨਿਆਂ ਦੀ ਘੇਰਾਬੰਦੀ ਦੌਰਾਨ ਖ਼ਾਲਸਾ ਫ਼ੌਜ ਕੋਲ ਰਾਸ਼ਨ ਦੀ ਕਮੀ ਨਾ ਹੋਣ ਅਤੇ ਭਾਈ ਲੱਖੀ ਸ਼ਾਹ ਵਣਜਾਰੇ ਦੇ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ। ਪ੍ਰਧਾਨਗੀ ਭਾਸ਼ਣ ਵਿੱਚ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਸੰਵਾਦ ਦੇ ਸਿਧਾਂਤ ਨੂੰ ਬਰਕਰਾਰ ਰੱਖਣ ਤੇ ਇਤਿਹਾਸਕ ਤੱਥਾਂ 'ਤੇ ਸੰਵਾਦ ਦੀ ਲੋੜ ਉਜਾਗਰ ਕੀਤੀ। ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਕਿਹਾ ਕਿ ਗੁਰਬਾਣੀ ਦੇ ਸੰਕਲਪ ਤੋਂ ਬਿਨਾਂ ਹਲੇਮੀ ਰਾਜ ਦੀ ਨੀਂਹ ਨਹੀਂ ਰੱਖੀ ਜਾ ਸਕਦੀ। ਡਾ. ਹਰਦੇਵ ਸਿੰਘ ਨੇ ਸ. ਗਗਨਦੀਪ ਸਿੰਘ ਦੇ ਕੰਮ ਨੂੰ ਅਕਾਦਮਿਕ ਖੋਜ ਵਿੱਚ ਪਲਟਣ ਦੀ ਲੋੜ 'ਤੇ ਜ਼ੋਰ ਦਿੱਤਾ। ਅੰਤ ਵਿੱਚ ਡਾ. ਹਰਪ੍ਰੀਤ ਕੌਰ ਨੇ ਧੰਨਵਾਦ ਕੀਤਾ। ਮੰਚ ਸੰਚਾਲਨ ਡਾ. ਚਰਨਜੀਤ ਕੌਰ ਨੇ ਕੀਤਾ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

ਅਮਨਦੀਪ ਹਸਪਤਾਲ ਵੱਲੋਂ ਮੁਫ਼ਤ ਫਾਈਬਰੋ ਸਕੈਨ ਕੈਂਪ ਭਲਕੇ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਲੀਵਰ ਨਾਲ ਸਬੰਧਤ ਬਿਮਾਰੀਆਂ ਦੀ ਸਮੇਂ ਸਿਰ ਪਛਾਣ ਤੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਅਮਨਦੀਪ ਹਸਪਤਾਲ ਵੱਲੋਂ ਉਜਾਲਾ ਸਿਗਨਸ ਹੈਲਥਕੇਅਰ ਸਰਵਿਸਿਜ਼ ਦੇ ਸਹਿਯੋਗ ਨਾਲ 16 ਨਵੰਬਰ ਨੂੰ ਮੁਫ਼ਤ ਫਾਈਬਰੋ ਸਕੈਨ ਜਾਂਚ ਕੈਂਪ ਲਗਾਇਆ ਜਾ ਰਿਹਾ ਹੈ। ਇਹ ਕੈਂਪ ਮੋਗਾ ਰੋਡ ਸਥਿਤ ਅਮਨਦੀਪ ਹਸਪਤਾਲ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਲਗਾਇਆ ਜਾਵੇਗਾ। ਕੈਂਪ ਦੌਰਾਨ ਇੰਟਰਨਲ ਮੈਡੀਸਨ ਵਿਭਾਗ ਦੇ ਮਾਹਰ ਡਾਕਟਰ ਚਰਨਜੀਤ ਸਿੰਘ ਤੇ ਡਾ. ਪ੍ਰਦੀਪ ਕੁਮਾਰ ਮਿੱਤਲ ਮਰੀਜ਼ਾਂ ਦੀ ਜਾਂਚ ਕਰਨਗੇ ਅਤੇ ਉਨ੍ਹਾਂ ਨੂੰ ਲੀਵਰ ਤੇ ਪੇਟ ਨਾਲ ਸਬੰਧਤ ਬਿਮਾਰੀਆਂ ਬਾਰੇ ਡਾਕਟਰੀ ਸਲਾਹ ਦੇਣਗੇ। ਕੈਂਪ ਦੀ ਖਾਸ ਗੱਲ ਇਹ ਹੈ ਕਿ ਆਮ ਤੌਰ 'ਤੇ ਲਗਭਗ 4000 ਰੁਪਏ ਦੀ ਲਾਗਤ ਵਾਲਾ ਫਾਈਬਰੋ ਸਕੈਨ ਟੈਸਟ ਇਸ ਮੌਕੇ ਬਿਲਕੁਲ ਮੁਫ਼ਤ ਕੀਤਾ ਜਾਵੇਗਾ।

ਰਿਸੋਰਸ ਸੈਂਟਰ ਤੇ ਪ੍ਰਾਇਮਰੀ ਸਕੂਲ ਵਿਖੇ ਬਾਲ ਦਿਵਸ ਮਨਾਇਆ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਡਾ. ਸ਼ਿਵਾਨੀ ਨਾਗਪਾਲ ਦੀ ਅਗਵਾਈ ਹੇਠ ਰਿਸੋਰਸ ਸੈਂਟਰ ਤੇ ਸਰਕਾਰੀ ਪ੍ਰਾਇਮਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਤੇ ਖੁਸ਼ੀ ਦੇ ਮਾਹੌਲ ਵਿੱਚ ਮਨਾਇਆ ਗਿਆ।ਇਸ ਮੌਕੇ ਡਾ. ਸ਼ਿਵਾਨੀ ਨਾਗਪਾਲ ਵੱਲੋਂ ਬੱਚਿਆਂ ਨੂੰ ਬਾਲ ਦਿਵਸ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਉਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ, ਸਿੱਖਿਆ ਦੀ ਮਹੱਤਤਾ ਤੇ ਸਰਬਪੱਖੀ ਵਿਕਾਸ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਬੱਚਿਆਂ ਦੇ ਉੱਜਵਲ ਭਵਿੱਖ ਲਈ ਉਨ੍ਹਾਂ ਨੂੰ ਸਿੱਖਿਆ ਦੇ ਨਾਲ-ਨਾਲ ਆਪਣੀ ਪ੍ਰਤਿਭਾ ਨੂੰ ਨਿਖਾਰਨ ਦੇ ਮੌਕੇ ਪ੍ਰਦਾਨ ਕਰਨਾ ਵੀ ਬਹੁਤ ਜ਼ਰੂਰੀ ਹੈ।ਪ੍ਰੋਗਰਾਮ ਦੌਰਾਨ ਬੱਚਿਆਂ ਵੱਲੋਂ ਵੱਖ-ਵੱਖ ਰਚਨਾਤਮਕ ਤੇ ਮਨੋਰੰਜਕ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ ਗਿਆ।ਇਸ ਮੌਕੇ ਬੱਚਿਆਂ ਨੇ ਸੁੰਦਰ ਚਾਰਟ ਮੇਕਿੰਗ, ਪੇਪਰ ਕਟਿੰਗ ਤੇ ਹੋਰ ਕਲਾਤਮਕ ਗਤੀਵਿਧੀਆਂ ਰਾਹੀਂ ਆਪਣੀ ਸਿਰਜਣਾਤਮਕ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਤੋਂ ਇਲਾਵਾ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੇ ਵੀ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈ ਕੇ ਆਪਣੀ ਕਲਾ ਤੇ ਹੁਨਰ ਦਾ ਪ੍ਰਦਰਸ਼ਨ ਕੀਤਾ।ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸ. ਜਸਦੀਪ ਸਿੰਘ, ਜ਼ਿਲ੍ਹਾ ਮੁਫ਼ਤ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰ ਸ੍ਰੀ ਜੀਵਨ, ਸੀ.ਐੱਚ.ਟੀ. ਸ੍ਰੀਮਤੀ ਮਮਤਾ ਰਾਣੀ, ਸਪੈਸ਼ਲ ਐਜੂਕੇਟਰ ਸ. ਗੁਰਮੀਤ ਸਿੰਘ ਤੇ ਸ੍ਰੀਮਤੀ ਜਗਦੀਪ ਕੌਰ ਨੇ ਬੱਚਿਆਂ ਵੱਲੋਂ ਪੇਸ਼ ਕੀਤੀਆਂ ਗਈਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਦਾ ਹੌਂਸਲਾ ਵਧਾਇਆ।ਇਸ ਦੌਰਾਨ ਬੱਚਿਆਂ ਨੂੰ ਖਾਣ-ਪੀਣ ਦਾ ਸਾਮਾਨ ਵੀ ਵੰਡਿਆ ਗਿਆ।

ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਔਰਤ ਸਮੇਤ 4 ਕਾਬੂ

ਮਲੋਟ (ਰਜਿੰਦਰ ਜੁਨੇਜਾ)-ਪੁਲਸ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਸਿਟੀ ਮਲੋਟ ਪੁਲਸ ਨੇ ਦੋ ਵੱਖ-ਵੱਖ ਮਾਮਲਿਆਂ ਵਿੱਚ ਇੱਕ ਔਰਤ ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਕੁੱਲ 7 ਗ੍ਰਾਮ ਹੈਰੋਇਨ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਥਾਣਾ ਸਿਟੀ ਮਲੋਟ ਦੀ ਪੁਲਸ ਟੀਮ ਜਦੋਂ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ, ਤਾਂ ਹਰਜਿੰਦਰ ਨਗਰ ਵਿੱਚੋਂ ਦੋ ਨੌਜਵਾਨਾਂ ਨੂੰ ਸ਼ੱਕੀ ਹਾਲਤ ਵਿੱਚ ਕਾਬੂ ਕੀਤਾ ਗਿਆ। ਮੁਲਜ਼ਮਾਂ ਦੀ ਪਛਾਣ ਬਲਜਿੰਦਰ ਸਿੰਘ ਉਰਫ਼ ਬੌਬੀ ਤੇ ਸੋਨੂੰ ਸਿੰਘ ਉਰਫ਼ ਘੁੱਲਾ ਵਾਸੀ ਮਲੋਟ ਵਜੋਂ ਹੋਈ ਹੈ। ਤਲਾਸ਼ੀ ਦੌਰਾਨ ਇਨ੍ਹਾਂ ਕੋਲੋਂ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸੇ ਤਰ੍ਹਾਂ ਸਿਟੀ ਮਲੋਟ ਪੁਲਸ ਨੇ ਟੀ-ਪੁਆਇੰਟ ਨੇੜਿਓਂ ਸ਼ੱਕ ਦੇ ਆਧਾਰ 'ਤੇ ਇੱਕ ਨੌਜਵਾਨ ਤੇ ਇੱਕ ਔਰਤ ਨੂੰ ਕਾਬੂ ਕੀਤਾ। ਪੁੱਛਗਿੱਛ ਦੌਰਾਨ ਇਨ੍ਹਾਂ ਦੀ ਪਛਾਣ ਅਮਨਦੀਪ ਸਿੰਘ ਉਰਫ਼ ਲਾਡੀ ਤੇ ਕ੍ਰਿਸ਼ਨਾ ਦੇਵੀ ਵਾਸੀ ਮਲੋਟ ਵਜੋਂ ਹੋਈ ਹੈ। ਪੁਲਸ ਨੇ ਇਨ੍ਹਾਂ ਦੇ ਕਬਜ਼ੇ ਵਿੱਚੋਂ 4 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਪੁਲਸ ਨੇ ਦੋਵਾਂ ਮਾਮਲਿਆਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਖ਼ਿਲਾਫ਼ ਮੁਕੱਦਮੇ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਬਸਪਾ ਦੀ ਸਰਕਾਰ ਬਣਾਉਣ ਲਈ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ



ਦੋਰਾਹਾ (ਹਰਮਿੰਦਰ ਸੇਠ)-ਬਹੁਜਨ ਸਮਾਜ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਪਾਇਲ ਵਿੱਚ ਪਾਰਟੀ ਦੀ ਜਥੇਬੰਦਕ ਮਜ਼ਬੂਤੀ ਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਨੂੰ ਲੈ ਕੇ ਸਰਗਰਮੀਆਂ ਤੇਜ਼ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਬਸਪਾ ਸੀਨੀਅਰ ਆਗੂਆਂ ਨੇ ਕਿਹਾ ਕਿ ਹਲਕਾ ਪਾਇਲ ਦੇ ਨੌਜਵਾਨ ਆਗੂਆਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ ਤੇ ਪਾਰਟੀ ਵੱਲੋਂ ਉਨ੍ਹਾਂ ਨੂੰ ਹਰ ਪੱਧਰ 'ਤੇ ਪੂਰਨ ਸਹਿਯੋਗ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਪਾਰਟੀ ਲਈ ਮਿਹਨਤ ਤੇ ਸਮਰਪਣ ਨਾਲ ਕੰਮ ਕਰ ਰਹੇ ਚੇਅਰਮੈਨ ਰਣਜੀਤ ਸਿੰਘ ਨੋਨਾ ਬਰਮਾਲੀਪੁਰ, ਮੀਡੀਆ ਇੰਚਾਰਜ ਵਿਧਾਨ ਸਭਾ ਹਲਕਾ ਪਾਇਲ ਨੂੰ ਸੀਨੀਅਰ ਆਗੂਆਂ ਤੇ ਪਾਰਟੀ ਦੇ ਤਜਰਬੇਕਾਰ ਵਰਕਰਾਂ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਜਾਵੇਗਾ। ਹਲਕੇ ਦੇ ਵੱਖ-ਵੱਖ ਪਿੰਡਾਂ ਦੇ ਪਾਰਟੀ ਅਹੁਦੇਦਾਰਾਂ ਨੇ ਵੀ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਰਣਜੀਤ ਸਿੰਘ ਨੋਨਾ ਬਰਮਾਲੀਪੁਰ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਲੋਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਉਹ ਲੋਕਾਂ ਨੂੰ ਬਹੁਜਨ ਸਮਾਜ ਪਾਰਟੀ ਦੇ ਹੱਕ ਵਿੱਚ ਇਕਜੁੱਟ ਹੋਣ ਤੇ 2027 ਦੀਆਂ ਚੋਣਾਂ ਵਿੱਚ ਬਸਪਾ ਦੀ ਸਰਕਾਰ ਬਣਾਉਣ ਲਈ ਸਹਿਯੋਗ ਦੇਣ ਦੀ ਅਪੀਲ ਕਰ ਰਹੇ ਹਨ। ਉਨ੍ਹਾਂ ਲੋਕਾਂ ਨੂੰ ਬਸਪਾ ਦੀ ਕੌਮੀ ਆਗੂ ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਭੈਣ ਮਾਇਆਵਤੀ ਦੀ ਅਗਵਾਈ ਹੇਠ ਸਰਬ-ਸਾਂਝੀ ਤੇ ਲੋਕ-ਹਿੱਤੈਸ਼ੀ ਸਰਕਾਰ ਬਣਾਉਣ ਲਈ ਇਕੱਠੇ ਹੋਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪਾਰਟੀ ਦਾ ਮੁੱਖ ਉਦੇਸ਼ ਸਮਾਜ ਦੇ ਹਰ ਵਰਗ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕਰਨਾ, ਪੜ੍ਹੇ-ਲਿਖੇ ਨੌਜਵਾਨਾਂ ਨੂੰ ਬਿਹਤਰ ਭਵਿੱਖ ਵੱਲ ਪ੍ਰੇਰਿਤ ਕਰਨਾ, ਉਨ੍ਹਾਂ ਨੂੰ ਉੱਚ ਅਹੁਦਿਆਂ ਤੱਕ ਪਹੁੰਚਣ ਲਈ ਉਤਸ਼ਾਹਿਤ ਕਰਨਾ ਅਤੇ ਪੰਜਾਬ ਨੂੰ ਨਸ਼ਾ-ਮੁਕਤ ਤੇ ਹਰਿਆ-ਭਰਿਆ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ, ਸਮਾਜਿਕ ਬਰਾਬਰੀ ਤੇ ਭਾਈਚਾਰਕ ਸਾਂਝ ਰਾਹੀਂ ਹੀ ਇੱਕ ਮਜ਼ਬੂਤ ਤੇ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

ਨਾਇਬ ਤਹਿਸੀਲਦਾਰ ਰਮੇਸ਼ ਢੀਂਗਰਾ ਨੇ ਅਹੁਦਾ ਸੰਭਾਲਿਆ



ਜਗਰਾਉਂ (ਸੰਜੀਵ ਅਰੋੜਾ)-ਸਥਾਨਕ ਤਹਿਸੀਲ ਦਫ਼ਤਰ ਵਿਖੇ ਨਵ-ਨਿਯੁਕਤ ਨਾਇਬ ਤਹਿਸੀਲਦਾਰ ਰਮੇਸ਼ ਢੀਂਗਰਾ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਉਪਰੰਤ ਉਨ੍ਹਾਂ ਦਾ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਤੇ ਸਟਾਫ਼ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਐਡਵੋਕੇਟ ਐੱਸ. ਐੱਸ. ਛਾਬੜਾ, ਆਰ. ਸੀ. ਜਤਿੰਦਰ ਸਿੰਘ, ਮੋਹਿੰਦਰ ਸਿੰਘ, ਪਰਮਜੀਤ ਸਿੰਘ ਤੇ ਜੁਗਨੂੰ ਵੱਲੋਂ ਨਾਇਬ ਤਹਿਸੀਲਦਾਰ ਰਮੇਸ਼ ਢੀਂਗਰਾ ਨੂੰ ਜੀ ਆਇਆਂ ਆਖਦਿਆਂ ਗੁਲਦਸਤੇ ਭੇਟ ਕੀਤੇ ਗਏ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਮੁਬਾਰਕਬਾਦ ਦਿੱਤੀ ਗਈ। ਅਹੁਦਾ ਸੰਭਾਲਣ ਉਪਰੰਤ ਨਾਇਬ ਤਹਿਸੀਲਦਾਰ ਰਮੇਸ਼ ਢੀਂਗਰਾ ਨੇ ਗੱਲਬਾਤ ਕਰਦਿਆਂ ਆਖਿਆ ਕਿ ਤਹਿਸੀਲ ਦਫ਼ਤਰ ਵਿਖੇ ਆਉਣ ਵਾਲੇ ਆਮ ਲੋਕਾਂ ਦੇ ਕੰਮਕਾਜ ਨੂੰ ਪਹਿਲ ਦੇ ਆਧਾਰ 'ਤੇ ਅਤੇ ਪਾਰਦਰਸ਼ੀ ਢੰਗ ਨਾਲ ਨਿਪਟਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਜਨਤਾ ਨੂੰ ਕਿਸੇ ਵੀ ਕਿਸਮ ਦੀ ਖੱਜਲ-ਖੁਆਰੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਨੇ ਨਾਇਬ ਤਹਿਸੀਲਦਾਰ ਸ੍ਰੀ ਢੀਂਗਰਾ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।

ਫੋਕ ਇੰਸਟਰੂਮੈਂਟਲ (ਸਾਰੰਗੀ) ਤੇ ਫੋਕ ਆਰਕੈਸਟਰਾ ਟੀਮ ਪਹਿਲੇ ਸਥਾਨ 'ਤੇ ਰਹੀ




ਮਲੋਟ (ਰਜਿੰਦਰ ਜੁਨੇਜਾ)-ਕਾਮਰੇਡ ਗੁਰਮੀਤ ਮੋਹਲਾਂ (ਸੀ.ਜੀ.ਐੱਮ.) ਕਾਲਜ ਦੇ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐੱਸ.ਜੀ.ਜੀ.ਐੱਸ. ਖਾਲਸਾ ਕਾਲਜ ਮਾਹਿਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਕਰਵਾਏ ਅੰਤਰ-ਜ਼ੋਨਲ ਯੁਵਕ ਤੇ ਵਿਰਾਸਤੀ ਮੇਲੇ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਆਪਣਾ ਤੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।ਵੱਖ-ਵੱਖ ਵੰਨਗੀਆਂ ਵਿੱਚ ਹਿੱਸਾ ਲੈਂਦਿਆਂ ਗੁਰਬਖ਼ਸ਼ ਸਿੰਘ, ਅਸ਼ੀਸ਼ਦੀਪ ਸਿੰਘ, ਧਰਮ ਸਿੰਘ, ਅੰਮ੍ਰਿਤਪਾਲ ਸਿੰਘ, ਜਗਦੀਪ ਸਿੰਘ, ਬਲਕਾਰ ਸਿੰਘ, ਗੁਰਸੇਵਕ ਸਿੰਘ, ਅਨਮੋਲ ਰਤਨ, ਸੁਖਹਰਮਨਦੀਪ ਸਿੰਘ, ਨਾਜ਼ਮਪ੍ਰੀਤ ਕੌਰ, ਕਿਰਨਦੀਪ ਕੌਰ ਤੇ ਲਵਪ੍ਰੀਤ ਸਿੰਘ ਦੀ ਟੀਮ ਨੇ ਫੋਕ ਆਰਕੈਸਟਰਾ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ।ਇਸ ਦੇ ਨਾਲ ਹੀ ਫੋਕ ਇੰਸਟਰੂਮੈਂਟਲ (ਸਾਰੰਗੀ) ਵਿੱਚੋਂ ਗੁਰਬਖ਼ਸ਼ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਕਲੀ ਗਾਇਨ (ਕਲੀ ਸਿੰਗਿੰਗ) ਵਿੱਚ ਗੁਰਬਖ਼ਸ਼ ਸਿੰਘ, ਬਾਦਸ਼ਾਹ ਖਾਨ ਤੇ ਉਦੈ ਨੇ ਵਧੀਆ ਪ੍ਰਦਰਸ਼ਨ ਕੀਤਾ, ਜਿਸ ਵਿੱਚ ਗੁਰਬਖ਼ਸ਼ ਸਿੰਘ ਨੇ ਵਿਅਕਤੀਗਤ ਤੌਰ 'ਤੇ ਦੂਜਾ ਸਥਾਨ ਹਾਸਲ ਕੀਤਾ।ਜੇਤੂ ਵਿਦਿਆਰਥੀਆਂ ਦੇ ਕਾਲਜ ਪਹੁੰਚਣ 'ਤੇ ਚੇਅਰਮੈਨ ਸਤਪਾਲ ਮੋਹਲਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ ਹੌਸਲਾ ਅਫਜ਼ਾਈ ਕੀਤੀ।ਕਾਲਜ ਮੈਨੇਜਮੈਂਟ ਕਮੇਟੀ ਮੈਂਬਰਾਂ ਨਵਜੀਤ ਮੋਹਲਾ, ਜਗਤਾਰ ਬਰਾੜ ਤੇ ਰਾਜ ਕੁਮਾਰ ਨੇ ਵੀ ਜੇਤੂਆਂ ਨੂੰ ਵਧਾਈ ਦਿੰਦਿਆਂ ਇਸ ਪ੍ਰਾਪਤੀ ਦੀ ਸ਼ਲਾਘਾ ਕੀਤੀ।ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।ਕਾਲਜ ਨੋਡਲ ਇੰਚਾਰਜ ਤੇ ਸੰਗੀਤ ਵਿਭਾਗ ਦੇ ਇੰਚਾਰਜ ਪ੍ਰੋ. ਗੁਰਨੇਕ ਸਿੰਘ ਦੀ ਦੇਖ-ਰੇਖ ਹੇਠ ਸਾਰੀਆਂ ਟੀਮਾਂ ਨੇ ਤਿਆਰੀ ਕੀਤੀ, ਜਿਨ੍ਹਾਂ ਦੇ ਨਾਲ ਵਿਸ਼ੇਸ਼ ਤੌਰ 'ਤੇ ਸੁਰਪ੍ਰੀਤ ਸਿੰਘ, ਨਿਰਮਲ ਸਿੰਘ, ਮਨਿੰਦਰ ਪਾਲ, ਹਨੀ, ਸੁਰਿੰਦਰ ਸਿੰਘ ਤੇ ਮਨੀ ਦੀ ਸਖ਼ਤ ਮਿਹਨਤ ਸਦਕਾ ਕਾਲਜ ਦਾ ਨਾਮ ਚਮਕਿਆ ਹੈ।ਜ਼ਿਕਰਯੋਗ ਹੈ ਕਿ ਹੁਣ ਕਾਮਰੇਡ ਗੁਰਮੀਤ ਮੋਹਲਾਂ ਕਾਲਜ ਦੀ ਇਹ ਜੇਤੂ ਟੀਮ ਪੰਜਾਬ ਯੂਨੀਵਰਸਿਟੀ ਦੀ ਨੁਮਾਇੰਦਗੀ ਕਰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 28 ਯੂਨੀਵਰਸਿਟੀਆਂ ਦੇ ਹੋਣ ਵਾਲੇ ਅੰਤਰ-ਯੂਨੀਵਰਸਿਟੀ ਮੁਕਾਬਲੇ ਵਿੱਚ ਹਿੱਸਾ ਲਵੇਗੀ।

ਹਿੰਦੀ ਨਾਟਕ 'ਮੈਂ ਸੇ ਹਮ ਤੱਕ' ਦਾ ਮੰਚਨ ਅੱਜ

ਮਲੋਟ (ਰਜਿੰਦਰ ਜੁਨੇਜਾ)-ਰੰਗਮੰਚ ਦੀ ਦੁਨੀਆ ਵਿੱਚ ਮਲੋਟ ਦਾ ਨਾਮ ਬੁਲੰਦੀਆਂ 'ਤੇ ਪਹੁੰਚਾਉਣ ਵਾਲੇ ਪਲੇਅ ਹਾਊਸ ਥੀਏਟਰ ਗਰੁੱਪ ਵੱਲੋਂ ਡਾਇਰੈਕਟਰ ਗੌਰਵ ਭਠੇਜਾ ਦੀ ਯੋਗ ਅਗਵਾਈ ਹੇਠ ਗਰੁੱਪ ਦੇ 16ਵੇਂ ਹਿੰਦੀ ਨਾਟਕ 'ਮੈਂ ਸੇ ਹਮ ਤੱਕ' ਦਾ ਮੰਚਨ 15 ਨਵੰਬਰ ਨੂੰ ਪੰਜਾਬ ਪੈਲੇਸ ਮਲੋਟ ਵਿਖੇ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗਰੁੱਪ ਦੇ ਪ੍ਰਧਾਨ ਰਾਜ ਵਾਟਸ ਤੇ ਕੋਆਰਡੀਨੇਟਰ ਮਨੋਜ ਅਸੀਜਾ ਨੇ ਦੱਸਿਆ ਕਿ ਇਹ ਨਾਟਕ ਐਡਵੋਕੇਟ ਅਮਿਤ ਸ਼ਰਮਾ ਵੱਲੋਂ ਲਿਖਿਆ ਗਿਆ ਹੈ, ਜੋ ਕਿ ਇੱਕ ਪੂਰੀ ਤਰ੍ਹਾਂ ਪਰਿਵਾਰਕ ਕਾਮੇਡੀ ਨਾਟਕ ਹੈ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਲਾਇਨਜ਼ ਕਲੱਬ ਇੰਟਰਨੈਸ਼ਨਲ ਦੇ ਪ੍ਰਧਾਨ ਸੁਨਿਸ਼ ਗੋਇਲ ਨੀਟਾ, ਇੰਪੀਰੀਅਲ ਇੰਟਰਪ੍ਰਾਈਜ਼ਿਜ਼ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਪ੍ਰਦੀਪ ਧੂੜੀਆ, ਚਰਨਜੀਤ ਸਿੰਘ ਤੇ ਅਜੈ ਸਿੱਕਰੀ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਪੰਜਾਬ ਪੈਲੇਸ ਦੇ ਐੱਮ. ਡੀ. ਗੁਲਸ਼ਨ ਭਠੇਜਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚਣਗੇ। ਨਾਟਕ ਦੌਰਾਨ ਮੰਚ 'ਤੇ ਅਮਿਤ ਸੁਧਾ, ਰਾਹੁਲ ਵਲੇਚਾ, ਨਜ਼ਮ, ਸਿਮਰਨ ਸ਼ਰਮਾ, ਰਾਖੀ ਰਾਣੀ, ਅਰਾਧੀਆ ਵਾਟਸ, ਵੰਸ਼ਮੀਤ ਕੌਰ, ਹਰਗੁਣ, ਅਲੀਨਾ ਬਾਂਸਲ, ਮਾਨਿਕ ਅਰੋੜਾ, ਗੁਰਪ੍ਰੀਤ ਕਾਕਾ, ਸੰਜੈ ਤੇ ਸਾਗਰ ਕਥੂਰੀਆ ਆਪਣੀ ਕਲਾ ਦੇ ਜੌਹਰ ਦਿਖਾਉਣਗੇ।

ਓ ਐੱਸ ਡੀ ਵੱਲੋਂ 55 ਲੱਖ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ



ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸ਼ਹਿਰੀ ਤੇ ਪੇਂਡੂ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਓ.ਐੱਸ.ਡੀ. ਸੁਖਵੀਰ ਸਿੰਘ ਵੱਲੋਂ ਧੂਰੀ ਵਿਖੇ ਕਰੀਬ 55 ਲੱਖ ਰੁਪਏ ਦੀ ਲਾਗਤ ਵਾਲੇ ਦੋ ਸੜਕੀ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਉਣ ਮੌਕੇ ਕੀਤਾ।ਇਸ ਮੌਕੇ ਬੀ.ਐੱਸ.ਐੱਨ.ਐੱਲ. ਰੋਡ 'ਤੇ ਕਰੀਬ 38.81 ਲੱਖ ਰੁਪਏ ਦੀ ਲਾਗਤ ਨਾਲ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ ਗਈ।ਇਸ ਤੋਂ ਇਲਾਵਾ ਅਗਰਸੈਨ ਨਗਰ ਦੀ ਮੁੱਖ ਸੜਕ ਦਾ ਨਿਰਮਾਣ ਕਾਰਜ ਵੀ 15.99 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕਰਵਾਇਆ ਗਿਆ।ਇਸ ਮੌਕੇ ਓ.ਐੱਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਧੂਰੀ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਪੰਜਾਬ ਸਰਕਾਰ ਦੀ ਮੁੱਖ ਤਰਜੀਹ ਹੈ ਤੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਕਾਰਜਾਂ ਨੂੰ ਜੰਗੀ ਪੱਧਰ 'ਤੇ ਅੱਗੇ ਵਧਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸੜਕਾਂ ਦੇ ਨਿਰਮਾਣ ਤੇ ਨਵੀਨੀਕਰਨ ਨਾਲ ਲੋਕਾਂ ਨੂੰ ਆਵਾਜਾਈ ਵਿੱਚ ਵੱਡੀ ਸਹੂਲਤ ਮਿਲੇਗੀ ਤੇ ਇਲਾਕੇ ਦੇ ਬੁਨਿਆਦੀ ਢਾਂਚੇ ਵਿੱਚ ਹੋਰ ਸੁਧਾਰ ਹੋਵੇਗਾ।ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜਾਂ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਉੱਚ ਗੁਣਵੱਤਾ ਨਾਲ ਤੇ ਤੈਅ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਇਨ੍ਹਾਂ ਦਾ ਜਲਦ ਤੋਂ ਜਲਦ ਲਾਭ ਮਿਲ ਸਕੇ।ਇਸ ਮੌਕੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਐਡਵੋਕੇਟ ਹੈਪੀ ਗਰਗ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਤੇ ਹੋਰ ਪਤਵੰਤੇ ਮੌਜੂਦ ਸਨ।

ਬੇਰੁਜ਼ਗਾਰੀ ਤੇ ਨਸ਼ਿਆਂ ਕਰਕੇ ਹੋ ਰਹੀਆਂ ਮੌਤਾਂ ਲਈ ਸਰਕਾਰਾਂ ਜ਼ਿੰਮੇਵਾਰ : ਚੌਹਾਨ

ਸੀ ਪੀ ਆਈ ਵੱਲੋਂ ਜੇਲ੍ਹ ਭਰੋ ਅੰਦੋਲਨ ਪਹਿਲੀ ਤੋਂ, ਜਨਰਲ ਬਾਡੀ ਤਿਆਰੀ ਸਬੰਧੀ ਮੀਟਿੰਗ 21 ਨੂੰ



ਮਾਨਸਾ (ਆਤਮਾ ਸਿੰਘ ਪਮਾਰ)-ਸੂਬਾ ਇਸ ਸਮੇਂ ਆਰਥਿਕ ਮੰਦਹਾਲੀ ਦਾ ਪੂਰੀ ਤਰ੍ਹਾਂ ਸ਼ਿਕਾਰ ਹੋ ਚੁੱਕਾ ਹੈ, ਸੱਤਾਧਾਰੀ ਧਿਰ ਝੂਠੀਆਂ ਗਾਰੰਟੀਆਂ ਦਾ ਹਵਾਲਾ ਦੇ ਕੇ ਦੂਸਰੀ ਵਾਰ ਸੱਤਾ ਹਥਿਆਉਣ ਲਈ ਤਰਲੋ ਮੱਛੀ ਹੁੰਦੀ ਵਿਖਾਈ ਦੇ ਰਹੀ ਹੈ, ਜਦੋਂ ਕਿ ਭ੍ਰਿਸ਼ਟਾਚਾਰ ਪਹਿਲਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਵਧ ਚੁੱਕਾ ਹੈ ਅਤੇ ਪੰਜਾਬ ਦੀ ਮਾਨ ਸਰਕਾਰ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਿਆਂਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਬਿਨਾਂ ਕਿਸੇ ਹੀਲ ਹੁੱਜਤ ਦੇ ਲਾਗੂ ਕਰ ਰਹੀ ਹੈ। ਬੇਰੁਜ਼ਗਾਰੀ ਤੇ ਨਸ਼ਿਆਂ ਕਰਕੇ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਲਈ ਕੇਂਦਰ ਤੇ ਸੂਬਾ ਸਰਕਾਰ ਦੋਵੇਂ ਬਰਾਬਰ ਦੀਆਂ ਜ਼ਿੰਮੇਵਾਰ ਹਨ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਸਿੰਘ ਚੌਹਾਨ ਨੇ ਇਥੋਂ ਨੇੜਲੇ ਪਿੰਡ ਦਲੇਲ ਸਿੰਘ ਵਾਲਾ ਵਿਖੇ ਪਾਰਟੀ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਵਿਦਿਆਰਥੀਆਂ ਤੇ ਔਰਤਾਂ ਸਮੇਤ ਛੋਟੇ ਕਾਰੋਬਾਰੀਆਂ ਦੇ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਧਰਮ ਤੇ ਜ਼ਾਤੀ ਵਿਵਾਦ ਪੈਦਾ ਕਰਕੇ ਭਾਈਚਾਰਕ ਸਾਂਝ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਨੌਜਵਾਨਾਂ ਨੂੰ ਰੁਜ਼ਗਾਰ ਦੇਣ, ਕਰਜ਼ ਮੁਆਫੀ, ਮਨਰੇਗਾ ਕਾਨੂੰਨ ਦੀ ਬਹਾਲੀ ਆਦਿ ਮੰਗਾਂ ਲਈ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਪਹਿਲੀ ਦਸੰਬਰ ਤੋਂ ਜੇਲ੍ਹ ਭਰੋ ਅੰਦੋਲਨ ਦੀ ਤਿਆਰੀ ਸਬੰਧੀ 21 ਨਵੰਬਰ ਨੂੰ ਮਾਨਸਾ ਵਿਖੇ ਪਾਰਟੀ ਦੀ ਜਨਰਲ ਬਾਡੀ ਮੀਟਿੰਗ 'ਚ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ ਗਈ। ਇਸ ਤੋਂ ਇਲਾਵਾ ਮੀਟਿੰਗ ਦੌਰਾਨ ਝੋਨੇ ਦੀ ਸਰਕਾਰੀ ਖਰੀਦ ਨਾ ਹੋਣ ਦਾ ਨੋਟਿਸ ਲੈਂਦਿਆਂ ਫੌਰੀ ਖ਼ਰੀਦ ਕਰਨ ਦੀ ਮੰਗ ਵੀ ਕੀਤੀ ਗਈ। ਮੁਜ਼ਾਰਾ ਲਹਿਰ ਦੇ ਮੋਢੀ, ਮਹਾਨ ਦੇਸ਼ ਭਗਤ, ਉੱਘੇ ਕਮਿਊਨਿਸਟ ਤੇ ਸਾਬਕਾ ਵਿਧਾਇਕ ਕਾਮਰੇਡ ਧਰਮ ਸਿੰਘ ਦੀ ਬਰਸੀ ਸਮਾਗਮ 6 ਦਸੰਬਰ ਨੂੰ ਮਨਾਉਣ ਦਾ ਫੈਸਲਾ ਵੀ ਕੀਤਾ ਗਿਆ, ਜਿਸ ਦੀਆਂ ਤਿਆਰੀਆਂ ਹੁਣੇ ਤੋਂ ਅਰੰਭ ਕਰ ਦਿੱਤੀਆਂ ਗਈਆਂ ਹਨ। ਮੀਟਿੰਗ 'ਚ ਪਾਰਟੀ ਦੇ ਮੀਤ ਸਕੱਤਰ ਕਾਮਰੇਡ ਬਲਵੰਤ ਸਿੰਘ ਫੱਕਰ, ਗੁਰਦਿਆਲ ਸਿੰਘ, ਗੁਰਦੇਵ ਸਿੰਘ, ਕ੍ਰਿਸ਼ਨ ਸ਼ਰਮਾ, ਸੁਖਦੇਵ ਸਿੰਘ ਭੱਠਲ, ਬੱਕਰ ਸਿੰਘ, ਦਰਸ਼ਨ ਸਿੰਘ ਆਦਿ ਆਗੂ ਹਾਜ਼ਰ ਸਨ।

ਸਮਾਜਿਕ, ਆਰਥਿਕ ਤੇ ਰਾਜਨੀਤਕ ਗੰਧਲੇਪਨ ਦੀ ਸਫ਼ਾਈ ਲਈ ਗੁਰੂਆਂ-ਪੀਰਾਂ ਦੀ ਵਿਚਾਰਧਾਰਾ ਨੂੰ ਅਪਨਾਉਣਾ ਜ਼ਰੂਰੀ : ਹਮੀਰ ਸਿੰਘ

ਨੌਜਵਾਨ ਨਸ਼ਿਆਂ ਨੂੰ ਤਿਆਗ ਕੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਹੋਣ ਸੁਚੇਤ : ਖੇਪਲ/ਧਨੇਠਾ



ਮਾਨਸਾ (ਆਤਮਾ ਸਿੰਘ ਪਮਾਰ)

ਇੰਟਰਨੈਸ਼ਨਲਿਸਟ ਡੈਮੋਕ੍ਰੇਟਿਕ ਪਲੇਟਫਾਰਮ ਵੱਲੋਂ ਜਨਤਕ ਮੁਹਿੰਮ ਤਹਿਤ ਆ ਰਹੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬੀਆਂ ਦਾ ਸਿਆਸੀ ਏਜੰਡਾ ਕੀ ਹੋਵੇ ? 'ਤੇ ਵਿਚਾਰ ਚਰਚਾ ਕਰਨ ਲਈ ਇੱਕ ਖੁੱਲ੍ਹਾ ਸੈਸ਼ਨ ਗੁਰਦੁਆਰਾ ਚੌਕ ਮਾਨਸਾ ਵਿਖੇ ਕਰਾਇਆ ਗਿਆ।ਇਸ ਪ੍ਰੋਗਰਾਮ ਨੂੰ ਇੰਟਰਨੈਸ਼ਨਲਿਸਟ ਡੈਮੋਕ੍ਰੇਟਿਕ ਪਲੇਟਫਾਰਮ ਦੇ ਸੂਬਾ ਪ੍ਰਧਾਨ ਸ੍. ਦਰਸ਼ਨ ਸਿੰਘ ਧਨੇਠਾ, ਕੌਮੀ ਪ੍ਰਧਾਨ ਕਰਨੈਲ ਸਿੰਘ ਜਖੇਪਲ ਤੇ ਪ੍ਰਸਿੱਧ ਪੱਤਰਕਾਰ ਹਮੀਰ ਸਿੰਘ ਨੇ ਸੰਬੋਧਨ ਕੀਤਾ।ਇਸ ਮੌਕੇ ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਕਿਹਾ ਕਿ ਪੰਜਾਬ ਇਸ ਵਕਤ ਡੂੰਘੇ ਆਰਥਿਕ ਸੱਭਿਆਚਾਰਕ ਤੇ ਰਾਜਨੀਤਕ ਸੰਕਟ 'ਚੋਂ ਗੁਜ਼ਰ ਰਿਹਾ ਹੈ। ਸੂਬੇ ਦੀਆਂ ਸਿਆਸੀ ਪਾਰਟੀਆਂ ਕੋਲ ਇਸ ਸੰਕਟ 'ਚੋਂ ਨਿੱਕਲਣ ਦਾ ਕੋਈ ਪ੍ਰੋਗਰਾਮ ਨਹੀਂ, ਸਗੋਂ ਨਸ਼ੇ ਤੇ ਗੈਂਗਸਟਰਵਾਦ ਦਾ ਬਿਰਤਾਂਤ ਸਿਰਜ ਕੇ ਮਿਸ਼ਨ 27 ਰਾਹੀਂ ਸੱਤਾ ਹਾਸਲ ਕਰਨਾ ਚਾਹੁੰਦੀਆਂ ਹਨ, ਜੋ ਸੂਬੇ ਲਈ ਚੰਗਾ ਸੰਕੇਤ ਨਹੀਂ।ਉਨ੍ਹਾਂ ਕਿਹਾ ਕਿ ਪੰਜਾਬ, ਜਿਸ ਨੂੰ ਗੁਰੂਆਂ, ਪੀਰਾਂ, ਪੈਗੰਬਰਾਂ, ਸੰਤਾਂ ਤੇ ਮਹਾਨ ਯੋਧਿਆਂ ਦੀ ਧਰਤੀ ਹੋਣ ਦਾ ਮਾਣ ਪ੍ਰਾਪਤ ਹੈ, ਅੱਜ ਅਨੇਕਾਂ ਸਮਾਜਿਕ, ਆਰਥਿਕ, ਰਾਜਨੀਤਕ ਤੇ ਵਾਤਾਵਰਨਕ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਹਮੀਰ ਸਿੰਘ ਨੇ ਕਿਹਾ ਕਿ ਇਸ ਸਮਾਜਿਕ, ਆਰਥਿਕ ਤੇ ਰਾਜਨੀਤਕ ਗੰਧਲੇਪਨ ਦੀ ਸਫ਼ਾਈ ਲਈ ਗੁਰੂਆਂ ਪੀਰਾਂ ਦੀ ਵਿਚਾਰਧਾਰਾ ਨੂੰ ਅਪਨਾਉਣਾ ਅਤਿ ਜ਼ਰੂਰੀ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ, ਭਾਈਚਾਰਕ ਏਕਤਾ, ਸਰਬੱਤ ਦੇ ਭਲੇ ਤੇ ਵੰਡ ਕੇ ਛਕਣ ਦੀ ਅਦੁੱਤੀ ਮਿਸਾਲ ਹੈ। ਬੇਰੁਜ਼ਗਾਰੀ, ਨਸ਼ਾਖੋਰੀ, ਭ੍ਰਿਸ਼ਟਾਚਾਰ, ਕਿਸਾਨੀ ਸੰਕਟ, ਨੌਜਵਾਨਾਂ ਦਾ ਵਿਦੇਸ਼ਾਂ ਵੱਲ ਵਧਦਾ ਪ੍ਰਵਾਸ, ਸਿੱਖਿਆ ਤੇ ਸਿਹਤ ਸਹੂਲਤਾਂ ਦੀ ਘਾਟ ਵਰਗੀਆਂ ਸਮੱਸਿਆਵਾਂ ਨੇ ਪੰਜਾਬ ਦੇ ਭਵਿੱਖ ਸਾਹਮਣੇ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ।ਅਜਿਹੇ ਸਮੇਂ ਪੰਜਾਬ ਨੂੰ ਇੱਕ ਸਪੱਸ਼ਟ ਦਿਸ਼ਾ, ਦੂਰਅੰਦੇਸ਼ੀ ਸੋਚ ਤੇ ਸਾਂਝੇ ਯਤਨਾਂ ਦੀ ਸਖ਼ਤ ਲੋੜ ਹੈ।ਇਸੇ ਦੌਰਾਨ ਆਈ ਡੀ ਪੀ ਦੇ ਕੌਮੀ ਪ੍ਰਧਾਨ ਕਰਨੈਲ ਸਿੰਘ ਜਖੇਪਲ ਤੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਧਨੇਠਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦਾ ਤਿਆਗ ਕਰਕੇ ਆਪਣੀ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪੰਜਾਬ ਦੇ ਸ਼ਾਨਾਮੱਤੇ ਇਤਿਹਾਸ ਨੂੰ ਨਹੀਂ ਭੁੱਲਣਾ ਚਾਹੀਦਾ।ਉਨ੍ਹਾਂ ਕਿਹਾ ਕਿ 'ਮਿਸ਼ਨ ਪੰਜਾਬ-ਪੰਜਾਬੀਆਂ ਦਾ ਰੋਡਮੈਪ' ਦਾ ਸੰਕਲਪ ਸਾਹਮਣੇ ਲਿਆਉਣ ਤੇ ਚਰਚਾ ਕਰਨਾ ਅੱਜ ਸਮੇਂ ਦੀ ਮੁੱਖ ਜ਼ਰੂਰਤ ਹੈ।ਇਸ ਦਾ ਉਦੇਸ਼ ਸਿਰਫ਼ 2027 ਦੀਆਂ ਚੋਣਾਂ ਜਾਂ ਸੱਤਾ ਪ੍ਰਾਪਤੀ ਤੱਕ ਸੀਮਤ ਨਹੀਂ ਹੋਣਾ ਚਾਹੀਦਾ, ਬਲਕਿ ਪੰਜਾਬ ਦੀਆਂ ਸਮੱਸਿਆਵਾਂ ਦਾ ਸਥਾਈ ਹੱਲ ਹੋਣਾ ਚਾਹੀਦਾ ਹੈ।ਪੰਜਾਬ ਦੀ ਜਰਖੇਜ਼ ਮਿੱਟੀ ਅੰਮ੍ਰਿਤ ਵਰਗਾ ਪਾਣੀ ਸ਼ਬਦ ਗੁਰੂ ਦੀ ਧਰਤੀ ਕਾਰਨ ਬੌਧਿਕ ਚੇਤਨਾ ਤੇ ਬਹਾਦਰੀ ਨਾਲ ਲਵਰੇਜ ਲੋਕ ਮਨ ਨੂੰ ਚੁਫੇਰਿਓਂ ਬਰਬਾਦ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਕਾਰਪੋਰੇਟ ਵਿਕਾਸ ਮਾਡਲ ਕਰਕੇ ਜ਼ਮੀਨ ਪਾਣੀ ਤੇ ਸਭ ਕੁੱਝ ਕਾਰਪੋਰੇਟ ਦੇ ਕਬਜ਼ੇ ਦੀ ਵਿਆਪਕ ਨੀਤੀ ਤਹਿਤ ਹੀ ਸਿਆਸੀ ਧਿਰਾਂ ਆਪਣੀ ਡੰਗ ਟਪਾਈ ਕਰ ਰਹੀਆਂ ਹਨ ਖੇਤੀ ਨੂੰ ਪੂਰੀ ਤਰ੍ਹਾਂ ਘਾਟੇ ਦਾ ਸੌਦਾ ਬਣਾ ਦਿੱਤਾ ਗਿਆ ਹੈ।ਹਮੇਸ਼ਾ ਹੀ ਫੈਡਰਲ ਢਾਂਚੇ ਦੀ ਮਜ਼ਬੂਤੀ ਲਈ ਵਕਾਲਤ ਕਰਦੇ ਜੇਲ੍ਹਾਂ ਭਰਦੇ ਪੰਜਾਬ ਦੀਆਂ ਸਿਆਸੀ ਧਿਰਾਂ ਇਸ ਮੁੱਦੇ ਬਾਰੇ ਚੁੱਪ ਵੱਟੀ ਬੈਠੀਆਂ ਹਨ।ਵੰਨਸੁਪੰਨੇ ਦੇਸ਼ 'ਚ ਬੋਲੀ ਸੱਭਿਆਚਾਰ ਵਿਰਾਸਤ ਵਰਗੇ ਵਖਰੇਵਿਆਂ ਲਈ ਮਜ਼ਬੂਤ ਸੂਬਿਆਂ ਨਾਲ ਹੀ ਮਜ਼ਬੂਤ ਦੇਸ਼ ਦੀ ਕਲਪਨਾ ਕੀਤੀ ਜਾ ਸਕਦੀ ਹੈ।ਪੰਜਾਬ ਦੀ ਆਰਥਿਕਤਾ ਦਾ ਮੁੱਖ ਆਧਾਰ ਖੇਤੀਬਾੜੀ ਹੈ।ਇਸ ਲਈ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ, ਖੇਤੀਬਾੜੀ ਨੂੰ ਲਾਹੇਵੰਦ ਬਣਾਉਣਾ, ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨਾ ਤੇ ਪਾਣੀ ਵਰਗੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਵਾਤਾਵਰਨ ਦੀ ਸੰਭਾਲ, ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣਾ, ਪ੍ਰਦੂਸ਼ਣ ਦੀ ਸਮੱਸਿਆ ਦਾ ਹੱਲ, ਪਿੰਡਾਂ ਤੇ ਸ਼ਹਿਰਾਂ ਦਾ ਯੋਜਨਾਬੱਧ ਵਿਕਾਸ ਤੇ ਬੁਨਿਆਦੀ ਸਹੂਲਤਾਂ 'ਚ ਸੁਧਾਰ ਕਰਨਾ ਵੀ ਬੇਹੱਦ ਜ਼ਰੂਰੀ ਹੈ।ਪੰਜਾਬ ਦੀ ਤਰੱਕੀ ਲਈ ਸਿਆਸੀ ਪਾਰਟੀਆਂ ਦੇ ਨਾਲ-ਨਾਲ ਸਮਾਜਿਕ, ਧਾਰਮਿਕ, ਵਿੱਦਿਅਕ ਤੇ ਬੁੱਧੀਜੀਵੀ ਵਰਗ ਦੀ ਭੂਮਿਕਾ ਵੀ ਮਹੱਤਵਪੂਰਨ ਹੈ।ਕਿਸਾਨਾਂ, ਮਜ਼ਦੂਰਾਂ, ਵਪਾਰੀਆਂ, ਉਦਯੋਗਪਤੀਆਂ, ਨੌਜਵਾਨਾਂ, ਔਰਤਾਂ ਤੇ ਵਿਦੇਸ਼ਾਂ 'ਚ ਵੱਸਦੇ ਪੰਜਾਬੀਆਂ ਨੂੰ ਇੱਕ ਸਾਂਝੇ ਮੰਚ 'ਤੇ ਲਿਆ ਕੇ ਪੰਜਾਬ ਦੇ ਭਵਿੱਖ ਲਈ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ।ਮਿਸ਼ਨ ਪੰਜਾਬ 2027 ਦਾ ਅਸਲ ਮਕਸਦ ਸਿਰਫ਼ ਸਰਕਾਰ ਬਦਲਣਾ ਨਹੀਂ, ਸਗੋਂ ਪੰਜਾਬ ਦੀ ਤਸਵੀਰ ਤੇ ਤਕਦੀਰ ਬਦਲਣਾ ਹੋਣਾ ਚਾਹੀਦਾ ਹੈ।ਇਸ ਲਈ ਲੋੜ ਹੈ ਕਿ ਪੰਜਾਬ ਦੇ ਹਰ ਵਰਗ ਦੇ ਲੋਕ ਇਸ ਮਿਸ਼ਨ ਨਾਲ ਜੁੜਨ ਤੇ ਆਪਣੇ ਸੁਝਾਵਾਂ, ਤਜਰਬਿਆਂ ਤੇ ਯੋਗਦਾਨ ਰਾਹੀਂ ਪੰਜਾਬ ਦੇ ਸੁਨਹਿਰੀ ਭਵਿੱਖ ਦੀ ਨੀਂਹ ਰੱਖਣ।ਇਸ ਮੌਕੇ ਆਈਡੀਪੀ ਦੇ ਜ਼ਿਲ੍ਹਾ ਆਗੂ ਗੁਰਮੇਲ ਸਿੰਘ ਅੱਕਾਂਵਾਲੀ, ਬਲਜੀਤ ਸਿੰਘ ਸੰਗਰੂਰ, ਤਾਰਾ ਸਿੰਘ ਫੱਗੂਵਾਲਾ, ਵਿਸਾਖਾ ਸਿੰਘ ਬੋਹਾ, ਪੰਜਾਬ ਦੀ ਭਲਾਈ ਲੋਚਦੇ ਤੇ ਇਨਸਾਫ਼ ਪਸੰਦ ਹੋਰ ਆਗੂ ਅਤੇ ਸ਼ਹਿਰੀ ਵੀ ਹਾਜ਼ਰ ਸਨ।

ਨਰੇਗਾ ਕੰਮ ਦੀ ਅਦਾਇਗੀ ਨਾ ਹੋਣ 'ਤੇ ਕਰਾਂਗੇ ਸੰਘਰਸ਼ : ਗੋਰਾ ਪਿਪਲੀ



ਕੋਟਕਪੂਰਾ (ਰਛਪਾਲ ਭੁੱਲਰ)

ਨਰੇਗਾ/ਵੀ ਬੀ ਜੀ ਰਾਮ ਜੀ ਅਧੀਨ ਕੰਮ ਕਰਦੇ ਨਰੇਗਾ ਵਰਕਰਾਂ ਤੇ ਆਗੂਆਂ ਦਾ ਵਫਦ ਨਰੇਗਾ/ਵੀ ਬੀ ਜੀ ਰਾਮ ਜੀ, ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਗੋਰਾ ਸਿੰਘ ਪਿਪਲੀ ਦੀ ਅਗਵਾਈ ਵਿੱਚ ਬੀਡੀਪੀਓ ਜੈਤੋ ਇਕਬਾਲ ਸਿੰਘ ਨੂੰ ਮਿਲਿਆ ਅਤੇ ਨਰੇਗਾ ਵਰਕਰਾਂ ਦੀਆਂ ਸਮੱਸਿਆਵਾਂ 'ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ। ਬੀਡੀਪੀਓ ਇਕਬਾਲ ਸਿੰਘ ਨੇ ਸਾਰੀਆਂ ਮੰਗਾਂ ਮੰਨਣ ਤੇ ਅਦਾਇਗੀ ਇੱਕ ਹਫਤੇ ਦੇ ਅੰਦਰ ਕਰਨ ਦਾ ਭਰੋਸਾ ਦਿਵਾਇਆ।

ਬੀਡੀਪੀਓ ਨਾਲ ਮੀਟਿੰਗ ਤੋਂ ਬਾਅਦ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਜੇਕਰ ਨਰੇਗਾਂ ਮਜ਼ਦੂਰਾਂ ਦੀਆਂ ਮੰਗਾਂ ਅਤੇ ਕੀਤੇ ਕੰਮਾਂ ਦੇ ਪੈਸੇ ਨਾ ਮਿਲੇ ਤਾਂ ਨਰੇਗਾ ਵਰਕਰ ਧਰਨਾ ਦੇਣ ਲਈ ਮਜਬੂਰ ਹੋਣਗੇ। ਪਿਛਲੀ ਇੱਕ ਜੁਲਾਈ ਤੋਂ ਵੀ ਬੀ ਜੀ ਰਾਮ ਜੀ ਨਵਾਂ ਕਾਨੂੰਨ ਲਾਗੂ ਹੋ ਗਿਆ ਹੈ, ਪਰ ਜੈਤੋ ਤੇ ਕੋਟਕਪੂਰਾ ਬਲਾਕ ਵਿੱਚ ਅਦਾਇਗੀ ਦੀ ਸਮੱਸਿਆ ਆ ਰਹੀ ਹੈ। ਕੁਝ ਮਜ਼ਦੂਰਾਂ ਨੂੰ ਪਿਛਲੇ ਚਾਰ ਮਹੀਨਿਆਂ ਤੋਂ ਇੱਕ ਵੀ ਪੈਸਾ ਨਸੀਬ ਨਹੀਂ ਹੋਇਆ, ਜਿਸ ਕਰਕੇ ਮਜ਼ਦੂਰ ਕੰਮ ਕਰਨ ਦੇ ਬਾਵਜੂਦ ਫਾਕੇ ਕੱਟਣ ਲਈ ਮਜਬੂਰ ਹਨ।

ਨਰੇਗਾ ਆਗੂਆਂ ਨੇ ਦੱਸਿਆ ਕਿ ਨਰੇਗਾ ਵਿੱਚ ਕੰਮ ਕਰਨ ਵਾਲੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਛੇ ਦਸੰਬਰ ਨੂੰ ਮੁੱਖ ਮੰਤਰੀ ਦੀ ਕੋਠੀ ਸੰਗਰੂਰ ਵਿਖੇ ਨਰੇਗਾ ਮਜ਼ਦੂਰਾਂ ਦੀ ਮਹਾਂ ਪੰਚਾਇਤ ਕੀਤੀ ਜਾ ਰਹੀ ਹੈ, ਜਿਸ ਵਿੱਚ ਫਰੀਦਕੋਟ ਤੋਂ ਸੈਂਕੜੇ ਵਰਕਰ ਸ਼ਾਮਲ ਹੋਣਗੇ। ਜੇਕਰ ਜੈਤੋ ਤੇ ਕੋਟਕਪੂਰਾ ਵਿੱਚ ਕੀਤੇ ਕੰਮਾਂ ਦੀ ਅਦਾਇਗੀ ਨਾ ਹੋਈ ਤਾਂ ਜ਼ਿਲ੍ਹਾ ਪੱਧਰੀ ਧਰਨਾ ਦੇ ਕੇ ਪੰਜਾਬ ਪੱਧਰੀ ਮਹਾਂ ਪੰਚਾਇਤ ਦੀ ਵੀ ਤਿਆਰੀ ਕੀਤੀ ਜਾਵੇਗੀ। ਇਸ ਸਮੇਂ ਬਲਾਕ ਪ੍ਰਧਾਨ ਰੇਸ਼ਮ ਸਿੰਘ ਮੱਤਾ, ਹੁਸ਼ਿਆਰ ਸਿੰਘ ਮੱਤਾ, ਰਾਜਵਿੰਦਰ ਸਿੰਘ ਸਰਾਵਾਂ, ਹਰਪਾਲ ਸਿੰਘ, ਅਜਿੱਤ ਗਿੱਲ ਅਤੇ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਛੇਤੀ ਪਛਾਣ ਬਾਰੇ ਕੌਮੀ ਕਾਨਫਰੰਸ

ਪਹਿਲੇ ਦਿਨ 150 ਪ੍ਰਤੀਭਾਗੀਆਂ ਨੇ ਲਿਆ ਹਿੱਸਾ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਸਹਾਰਾ ਐਜੂਕੇਸ਼ਨ ਐਂਡ ਰੀਹੈਬਿਲੀਟੇਸ਼ਨ ਸੋਸਾਇਟੀ ਬਠਿੰਡਾ ਵੱਲੋਂ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਕਰਵਾਈ ਜਾ ਰਹੀ ਤਿੰਨ ਰੋਜ਼ਾ ਕੌਮੀ ਕਾਨਫਰੰਸ ਦਾ ਪਹਿਲਾ ਦਿਨ ਸੰਪੰਨ ਹੋਇਆ।13 ਤੋਂ 15 ਨਵੰਬਰ ਤੱਕ ਚੱਲ ਰਹੀ ਇਸ ਕਾਨਫਰੰਸ ਦਾ ਵਿਸ਼ਾ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਛੇਤੀ ਪਛਾਣ, ਮੁਲਾਂਕਣ ਤੇ ਸਮੇਂ ਸਿਰ ਸਹਾਇਤਾ ਦੀਆਂ ਰਣਨੀਤੀਆਂ ਹੈ।ਇਹ ਭਾਰਤੀ ਪੁਨਰਵਾਸ ਪ੍ਰੀਸ਼ਦ (ਆਰਸੀਆਈ) ਵੱਲੋਂ ਮਨਜ਼ੂਰਸ਼ੁਦਾ ਜ਼ੋਨਲ ਕੰਟੀਨਿਊਇੰਗ ਰੀਹੈਬਿਲੀਟੇਸ਼ਨ ਐਜੂਕੇਸ਼ਨ (ਸੀਆਰਈ) ਪ੍ਰੋਗਰਾਮ ਹੈ।ਕਾਨਫਰੰਸ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਬਠਿੰਡਾ ਜ਼ਿਲ੍ਹਾ ਦਫ਼ਤਰ ਦੇ ਸਹਿਯੋਗ ਨਾਲ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਕਰਵਾਈ ਜਾ ਰਹੀ ਹੈ।ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਪਰਵਾਰਾਂ ਤੱਕ ਸਰਕਾਰੀ ਭਲਾਈ ਯੋਜਨਾਵਾਂ, ਸਮਾਜਿਕ ਸੁਰੱਖਿਆ ਤੇ ਪੁਨਰਵਾਸ ਸੇਵਾਵਾਂ ਦੀ ਜਾਣਕਾਰੀ ਪਹੁੰਚਾਉਣ ਵਿੱਚ ਵਿਭਾਗ ਦੀ ਅਹਿਮ ਭੂਮਿਕਾ ਹੈ।ਕਾਨਫਰੰਸ ਵਿੱਚ ਵਿਭਾਗ ਦੀ ਸ਼ਮੂਲੀਅਤ ਨਾਲ ਮਾਪਿਆਂ, ਅਧਿਆਪਕਾਂ ਤੇ ਪੁਨਰਵਾਸ ਪੇਸ਼ੇਵਰਾਂ ਨੂੰ ਉਪਲਬਧ ਸੇਵਾਵਾਂ ਤੱਕ ਪਹੁੰਚ ਬਾਰੇ ਵਿਚਾਰ ਸਾਂਝੇ ਕਰਨ ਦਾ ਮੌਕਾ ਮਿਲਿਆ।ਵਿਭਾਗ ਤੇ ਜ਼ਿਲ੍ਹਾ ਪੱਧਰੀ ਸਹਿਯੋਗ ਨਾਲ ਜੁੜੇ ਨੁਮਾਇੰਦਿਆਂ ਵਿੱਚ ਸ੍ਰੀ ਪੰਕਜ ਕੁਮਾਰ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਬਠਿੰਡਾ, ਸੁਸ਼੍ਰੀ ਅਰਸ਼ਦੀਪ ਕੌਰ, ਸੁਪਰਡੈਂਟ, ਵੋਕੇਸ਼ਨਲ ਰੀਹੈਬਿਲੀਟੇਸ਼ਨ ਸੈਂਟਰ, ਬਠਿੰਡਾ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਤੇ ਸ੍ਰੀ ਗੁਰਪ੍ਰੀਤ ਸਿੰਘ ਜ਼ਿਲ੍ਹਾ ਸਮਾਜਿਕ ਸੁਰੱਖਿਆ ਵਿਭਾਗ ਬਠਿੰਡਾ ਸ਼ਾਮਲ ਰਹੇ।ਕਾਨਫਰੰਸ ਦੇ ਪਹਿਲੇ ਦਿਨ ਕੁੱਲ 150 ਪ੍ਰਤੀਭਾਗੀਆਂ ਨੇ ਹਿੱਸਾ ਲਿਆ।ਇਨ੍ਹਾਂ ਵਿੱਚ ਵਿਸ਼ੇਸ਼ ਅਧਿਆਪਕ, ਕਲੀਨੀਕਲ ਮਨੋਵਿਗਿਆਨੀ, ਮਾਪੇ, ਖੋਜਾਰਥੀ ਤੇ ਦਿਵਿਆਂਗ ਵਿਅਕਤੀ ਸ਼ਾਮਲ ਸਨ। ਪਹਿਲੇ ਦਿਨ ਸਪੈਸ਼ਲ ਐਜੂਕੇਸ਼ਨ ਤੇ ਡਿਸਬਿਲਟੀ ਮਾਹਰ ਅਤੇ ਬੁਲਾਰੇ ਹਾਜ਼ਰ ਰਹੇ।ਇਨ੍ਹਾਂ ਵਿੱਚ ਡਾ. ਰਮੇਸ਼ ਕੁਮਾਰ ਪਾਂਡੇ, ਡਾ. ਸ਼ੁਭਾ ਟਾਕ, ਡਾ. ਪ੍ਰਗਟ ਸਿੰਘ, ਡਾ. ਡੀ. ਐੱਨ. ਪਾਂਡੇ, ਸ੍ਰੀਮਤੀ ਸ਼ੈਰੈਨ ਰਤਨ, ਡਾ. ਵਿਪੁਲ ਵਿਠਲ, ਸੁਸ਼੍ਰੀ ਚੇਤਨਾ ਖੰਡੇਲਵਾਲ, ਮਨਪ੍ਰੀਤ ਸਿੰਘ, ਆਸ਼ਿਮ ਮਿੱਤਲ, ਡਾ. ਸੰਤੋਸ਼ ਕੁਮਾਰ, ਸ੍ਰੀਮਤੀ ਸ਼ਕੁਨ ਸੇਠ, ਡਾ. ਸੁਖਦੀਪ ਕੌਰ, ਸ੍ਰੀਮਤੀ ਰਾਜਵੀਰ ਕੌਰ, ਸੀਆਰਈ ਕੋਆਰਡੀਨੇਟਰ ਸ੍ਰੀਮਤੀ ਨਿਸ਼ਾ ਰਾਠੌਰ, ਅਸ਼ੋਕ ਗੁਰਜਰ, ਸੰਦੀਪ ਕੁਮਾਰ, ਜਿਤੇਸ਼ ਭਾਟੀਆ, ਦੇਵੇਂਦਰ ਕੁਮਾਰ, ਗੁਰਤੇਜ ਸਿੰਘ, ਅਮਨਦੀਪ ਸਿੰਘ, ਬੇਅੰਤ ਕੌਰ ਤੇ ਸ੍ਰੀਮਤੀ ਸ਼ਾਲੂ ਸ਼ਾਮਲ ਸਨ।ਬਾਲ ਸੁਰੱਖਿਆ ਤੇ ਬਾਲ ਅਧਿਕਾਰਾਂ ਦੇ ਖੇਤਰ ਨਾਲ ਜੁੜੇ ਡਾ. ਗੁਰਪ੍ਰੀਤ ਕੌਰ (ਸਿਰਸਾ) ਤੇ ਸ੍ਰੀਮਤੀ ਰਵਨੀਤ ਕੌਰ (ਬਠਿੰਡਾ) ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ।ਇਸ ਤੋਂ ਇਲਾਵਾ ਅਰੋੜਾ ਕਲਾਸਿਜ਼ ਦੇ ਸੰਸਥਾਪਕ ਸ੍ਰੀ ਆਰ. ਕੇ. ਅਰੋੜਾ, ਸਰਕਾਰੀ ਰਾਜਿੰਦਰਾ ਕਾਲਜ, ਬਠਿੰਡਾ ਦੇ ਪ੍ਰਿੰਸੀਪਲ ਡਾ. ਜੋਤਸਨਾ ਤੇ ਨਗਰ ਨਿਗਮ ਬਠਿੰਡਾ ਤੋਂ ਸ੍ਰੀ ਬਲਜੀਤ ਸਿੰਘ ਸਰਾ ਹਾਜ਼ਰ ਰਹੇ।

ਆਸਰਾ ਗਰੁੱਪ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਸਕਾਲਰਸ਼ਿਪ ਟੈਸਟ

ਹੋਣਹਾਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਲਈ ਵੰਡੇ ਲੱਖਾਂ ਰੁਪਏ ਦੇ ਵਜ਼ੀਫ਼ੇ



ਭਵਾਨੀਗੜ੍ਹ (ਰਾਜ ਖੁਰਮੀ)-ਸਿੱਖਿਆ ਦੇ ਖੇਤਰ ਵਿੱਚ ਵਿਦਿਆਰਥੀਆਂ ਨੂੰ ਉਤਸ਼ਾਹਤ ਕਰਨ ਅਤੇ ਹੋਣਹਾਰ ਤੇ ਲੋੜਵੰਦ ਬੱਚਿਆਂ ਲਈ ਉੱਚ ਸਿੱਖਿਆ ਦੇ ਰਾਹ ਖੋਲ੍ਹਣ ਦੇ ਉਦੇਸ਼ ਨਾਲ ਆਸਰਾ ਗਰੁੱਪ ਵੱਲੋਂ ਪਿੰਡ ਰਾਜਪੁਰਾ ਵਿਖੇ ਸਥਿਤ ਆਸਰਾ ਕਾਲਜ ਵਿੱਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਤ ਇੰਜੀਨੀਅਰਿੰਗ ਸਕਾਲਰਸ਼ਿਪ ਟੈਸਟ ਕਰਵਾਇਆ ਗਿਆ।ਇਹ ਉਪਰਾਲਾ ਸੰਸਥਾ ਦੇ ਸੰਸਥਾਪਕ ਸਵਰਗੀ ਸ੍ਰੀ ਰਾਮ ਆਸਰਾ ਗੋਇਲ ਦੀ ਯਾਦ ਨੂੰ ਸਮਰਪਤ ਸੀ।ਇਸ ਮੌਕੇ ਆਮ ਵਰਗ ਨਾਲ ਸਬੰਧਤ ਹੋਣਹਾਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਲੱਖਾਂ ਰੁਪਏ ਦੇ ਸਕਾਲਰਸ਼ਿਪ ਵਜ਼ੀਫ਼ੇ ਵੀ ਵੰਡੇ ਗਏ।ਪਟਿਆਲਾ-ਸੰਗਰੂਰ ਨੈਸ਼ਨਲ ਹਾਈਵੇਅ 'ਤੇ ਸਥਿਤ ਆਸਰਾ ਕਾਲਜ ਵਿਖੇ ਕਰਵਾਏ ਗਏ ਇਸ ਸਕਾਲਰਸ਼ਿਪ ਟੈਸਟ ਵਿੱਚ ਇਲਾਕੇ ਦੇ ਲਗਭਗ 50 ਸਕੂਲਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋ. ਵਿਕਾਸ ਗੋਇਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਇੰਜੀਨੀਅਰਿੰਗ ਦਾ ਖੇਤਰ ਨੌਜਵਾਨਾਂ ਲਈ ਤਰੱਕੀ ਤੇ ਨਵੇਂ ਮੌਕਿਆਂ ਦੇ ਅਨੇਕ ਰਾਹ ਖੋਲ੍ਹ ਰਿਹਾ ਹੈ।ਵਿਦਿਆਰਥੀਆਂ ਨੂੰ ਮਿਹਨਤ, ਲਗਨ ਤੇ ਦ੍ਰਿੜ੍ਹ ਇਰਾਦੇ ਨਾਲ ਆਪਣੇ ਟੀਚੇ ਮਿੱਥਣੇ ਚਾਹੀਦੇ ਹਨ ਤਾਂ ਜੋ ਉਹ ਉੱਚ ਸਿੱਖਿਆ ਹਾਸਲ ਕਰਕੇ ਆਪਣੇ ਸੁਨਹਿਰੀ ਭਵਿੱਖ ਦੀ ਉਸਾਰੀ ਕਰ ਸਕਣ।ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਆਰ. ਕੇ. ਗੋਇਲ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਸਮਾਜ ਤੇ ਦੇਸ਼ ਦੀ ਤਰੱਕੀ ਦਾ ਸਭ ਤੋਂ ਮਜ਼ਬੂਤ ਆਧਾਰ ਹੈ।ਆਰਥਿਕ ਤੰਗੀਆਂ ਕਾਰਨ ਕਿਸੇ ਵੀ ਹੋਣਹਾਰ ਵਿਦਿਆਰਥੀ ਦੀ ਪੜ੍ਹਾਈ ਪ੍ਰਭਾਵਿਤ ਨਹੀਂ ਹੋਣੀ ਚਾਹੀਦੀ।ਉਨ੍ਹਾਂ ਕਿਹਾ ਕਿ ਮਿਹਨਤੀ ਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੇ ਮੌਕੇ ਪ੍ਰਦਾਨ ਕਰਨਾ ਸੰਸਥਾ ਦੀ ਮੁੱਖ ਤਰਜੀਹ ਹੈ।ਇਸ ਦੌਰਾਨ ਐੱਮ.ਡੀ. ਡਾ. ਕੇਸ਼ਵ ਗੋਇਲ ਨੇ ਟੈਸਟ ਵਿੱਚ ਭਾਗ ਲੈਣ ਵਾਲੇ ਸਮੂਹ ਸਕੂਲਾਂ ਦੇ ਪ੍ਰਬੰਧਕਾਂ, ਅਧਿਆਪਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਸਾਰੇ ਪ੍ਰਤੀਯੋਗੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਕੈਂਪਸ ਡਾਇਰੈਕਟਰ ਅਰਪਿਤ ਗੋਇਲ ਨੇ ਕਿਹਾ ਕਿ ਆਸਰਾ ਗਰੁੱਪ ਵੱਲੋਂ ਭਵਿੱਖ ਵਿੱਚ ਵੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਗੁਣਵੱਤਾ ਭਰਪੂਰ ਸਿੱਖਿਆ ਤੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅਜਿਹੇ ਸਾਰਥਕ ਉਪਰਾਲੇ ਜਾਰੀ ਰੱਖੇ ਜਾਣਗੇ।

ਪੰਜਾਬ ਕੋ-ਐਜੂਕੇਸ਼ਨ ਸਕੂਲ ਵਿਖੇ 'ਬਚਪਨ ਉਤਸਵ-2026' ਦਾ ਸ਼ਾਨਦਾਰ ਆਯੋਜਨ



ਬਾਘਾ ਪੁਰਾਣਾ (ਮਨੀ ਸਿੰਗਲਾ)

ਮੋਗਾ ਜ਼ਿਲ੍ਹੇ ਦੀ ਸਿਰਮੌਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜੋ ਸੰਸਥਾ ਦੇ ਬਾਨੀ ਸਵ. ਸ. ਗੁਰਦੇਵ ਸਿੰਘ ਦੇ ਆਸ਼ੀਰਵਾਦ ਤੇ ਪ੍ਰਿੰਸੀਪਲ ਸ੍ਰੀ ਸੰਦੀਪ ਮਹਿਤਾ ਦੀ ਅਗਾਂਹਵਧੂ ਸੋਚ ਤੇ ਅਗਵਾਈ ਵਿੱਚ ਪੜ੍ਹਾਈ ਦੇ ਨਾਲ ਵਿਦਿਆਰਥੀਆਂ ਦੇ ਸੱਭਿਆਚਾਰਕ ਦ੍ਰਿਸ਼ਟੀਕੋਣ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹੈ, ਵਿਖੇ 14 ਨਵੰਬਰ ਨੂੰ ਬਾਲ ਦਿਵਸ ਬੜੇ ਉਤਸ਼ਾਹ ਤੇ ਧੂਮ-ਧਾਮ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਵੱਲੋਂ 'ਬਚਪਨ ਉਤਸਵ-2026' ਦੇ ਨਾਮ ਹੇਠ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਕਰਾਇਆ ਗਿਆ।ਇਸ ਸਮਾਗਮ ਦੌਰਾਨ ਵਿਦਿਆਰਥੀਆਂ ਨੇ ਆਪਣੀ ਕਲਾ ਪ੍ਰਤਿਭਾ ਤੇ ਹੁਨਰ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬੱਚਿਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਗਤੀਵਿਧੀਆਂ ਨਾਟਕ, ਕਵਿਤਾਵਾਂ, ਡਾਂਸ, ਭੰਗੜਾ ਤੇ ਗਿੱਧੇ ਦੀਆਂ ਮਨਮੋਹਕ ਪੇਸ਼ਕਾਰੀਆਂ ਕੀਤੀਆਂ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦੇ ਭੰਗੜੇ ਤੇ ਗਿੱਧੇ ਨੇ ਦਰਸ਼ਕਾਂ ਦਾ ਮਨ ਮੋਹ ਲਿਆ।

ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਬੱਚਿਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਮੰਚ ਪ੍ਰਦਾਨ ਕਰਨਾ ਤੇ ਪੜ੍ਹਾਈ ਦੇ ਨਾਲ-ਨਾਲ ਸੱਭਿਆਚਾਰਕ ਰਚਨਾਤਮਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਤ ਕਰਨਾ ਸੀ।ਇਸ ਮੌਕੇ ਪ੍ਰਿੰਸੀਪਲ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਤੇ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਉਨ੍ਹਾਂ ਨੇ ਬੱਚਿਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਇਸ ਮੌਕੇ ਬੋਰਡ ਦੀਆਂ ਜਮਾਤਾਂ ਅੱਠਵੀਂ, ਦਸਵੀਂ ਤੇ ਬਾਰ੍ਹਵੀਂ ਵਿੱਚੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਹਰਦੀਪ ਕੌਰ ਤੇ ਹਰਜਿੰਦਰ ਪਾਲ ਸਿੰਘ ਨੇ ਨਿਭਾਈ।ਇਸ ਪ੍ਰੋਗਰਾਮ ਨੂੰ ਖ਼ੂਬਸੂਰਤ ਬਣਾਉਣ ਵਿੱਚ ਮੈਡਮ ਰਾਜਵਿੰਦਰ ਕੌਰ, ਮੈਡਮ ਗੀਤੂ ਅਰੋੜਾ, ਮੈਡਮ ਅਨੂ ਮਲਹੋਤਰਾ, ਮੈਡਮ ਅਲਕਾ ਅਰੋੜਾ, ਮੈਡਮ ਸੋਨੀਆਂ ਚਾਵਲਾ, ਮੈਡਮ ਸੰਦੀਪ ਕੌਰ ਬਰਾੜ, ਮੈਡਮ ਰੂਪਾਲੀ, ਮੰਜੂ ਸ਼ਰਮਾ ਤੇ ਮੈਡਮ ਗੁਰਪ੍ਰੀਤ ਕੌਰ ਦਾ ਅਹਿਮ ਯੋਗਦਾਨ ਰਿਹਾ।ਅਨੁਸ਼ਾਸਨ ਦੀ ਡਿਊਟੀ ਡੀ.ਪੀ.ਈ. ਬਲਰਾਜ ਸਿੰਘ ਤੇ ਸ੍. ਨਵਨੀਤ ਸਿੰਘ ਵੱਲੋਂ ਨਿਭਾਈ ਗਈ।ਇਸ ਮੌਕੇ ਡਾਇਰੈਕਟਰ ਕਿਡਜ਼ੀ ਮੈਡਮ ਸੁਧਾ ਮਹਿਤਾ, ਕੋਆਰਡੀਨੇਟਰ ਸ੍ਰੀ ਮੁਕੇਸ਼ ਅਰੋੜਾ, ਮੈਡਮ ਖੁਸ਼ਪ੍ਰੀਤ ਕੌਰ ਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

ਵਾਰਡ ਚੋਣਾਂ ਦੇ ਮੱਦੇਨਜ਼ਰ ਅਸਲਾ ਚੁੱਕਣ 'ਤੇ ਪਾਬੰਦੀ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਨਗਰ ਨਿਗਮ ਪਟਿਆਲਾ ਦੇ 30 ਵਾਰਡਾਂ ਦੀਆਂ ਮੁੜ ਕਰਵਾਈਆਂ ਜਾ ਰਹੀਆਂ ਚੋਣਾਂ ਨੂੰ ਅਮਨ-ਅਮਾਨ, ਨਿਰਪੱਖ ਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਚੋਣ ਪ੍ਰਕਿਰਿਆ ਦੌਰਾਨ ਅਸਲਾ ਚੁੱਕਣ 'ਤੇ ਪਾਬੰਦੀ ਲਗਾਉਣ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ।ਏਡੀਸੀ (ਦਿਹਾਤੀ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਸੁਨੀਲ ਫੋਗਾਟ ਨੇ ਦੱਸਿਆ ਕਿ ਵਾਰਡ ਨੰਬਰ 1, 4, 6, 12, 14, 15, 16, 22, 26, 29, 32, 33, 34, 36, 37, 38, 40, 41, 43, 44, 45, 46, 48, 50, 51, 52, 53, 55, 57 ਤੇ 58 ਲਈ ਮੁੜ ਚੋਣਾਂ ਦੇ ਸਬੰਧੀ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਬੰਧਤ ਰਿਟਰਨਿੰਗ ਅਧਿਕਾਰੀਆਂ ਤੇ ਪੁਲਸ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਗਏ ਹਨ।ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਤਾਂ ਜੋ ਚੋਣਾਂ ਦੌਰਾਨ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ ਤੇ ਵੋਟਰ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ।ਜ਼ਿਲ੍ਹਾ ਪ੍ਰਸ਼ਾਸਨ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਚੋਣ ਪ੍ਰਕਿਰਿਆ ਨੂੰ ਸ਼ਾਂਤੀਪੂਰਨ ਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣ ਤੇ ਜਾਰੀ ਕੀਤੇ ਗਏ ਹੁਕਮਾਂ ਦੀ ਪਾਲਣਾ ਕਰਨ।

ਵਿਗਿਆਨਕ ਸੋਚ ਵਕਤ ਦੀ ਮੁੱਖ ਲੋੜ : ਮਾਸਟਰ ਪਰਮਵੇਦ

ਤਰਕਸ਼ੀਲਾਂ ਵੱਲੋਂ 'ਅਗਿਆਨਤਾ ਤੋਂ ਵਿਗਿਆਨ ਵੱਲ' ਵਿਸ਼ੇ 'ਤੇ ਪ੍ਰੋਗਰਾਮ



ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਆਦਰਸ਼ (ਮਾਡਲ) ਸੀਨੀਅਰ ਸੈਕੰਡਰੀ ਸਕੂਲ ਵਿਖੇ ਚੱਲ ਰਹੇ 7 ਰੋਜ਼ਾ ਐੱਨ ਐੱਸ ਐੱਸ ਕੈਂਪ ਦੇ ਦੌਰਾਨ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ 'ਅਗਿਆਨਤਾ ਤੋਂ ਵਿਗਿਆਨ ਵੱਲ' ਵਿਸ਼ੇ 'ਤੇ ਵਿਸ਼ੇਸ਼ ਪ੍ਰੋਗਰਾਮ ਦਿੱਤਾ ਗਿਆ।ਇਸ ਸਮਾਗਮ ਵਿੱਚ ਬਹੁਤ ਸਾਰੇ ਵਲੰਟੀਅਰ ਵਿਦਿਆਰਥੀਆਂ ਨੇ ਭਾਗ ਲਿਆ।ਸਮਾਗਮ ਦੀ ਸ਼ੁਰੂਆਤ ਐੱਨ.ਐੱਸ.ਐੱਸ. ਕੈਂਪ ਦੇ ਪ੍ਰੋਗਰਾਮ ਅਫ਼ਸਰ ਗੁਰਪ੍ਰੀਤ ਕੌਰ ਵੱਲੋਂ ਤਰਕਸ਼ੀਲ ਟੀਮ ਦਾ ਨਿੱਘਾ ਸਵਾਗਤ ਕਰਕੇ ਕੀਤੀ ਗਈ।ਉਨ੍ਹਾਂ ਕਿਹਾ ਕਿ ਅੱਜ ਦੇ ਬੱਚਿਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਵਿਗਿਆਨਕ ਸੋਚ ਦੀ ਵੀ ਬਹੁਤ ਲੋੜ ਹੈ।ਇਸ ਮੌਕੇ ਮੁੱਖ ਬੁਲਾਰੇ ਮਾਸਟਰ ਪਰਮਵੇਦ ਨੇ ਲਗਭਗ ਇੱਕ ਘੰਟਾ ਬੱਚਿਆਂ ਨਾਲ ਗੱਲਬਾਤ ਕੀਤੀ।ਉਨ੍ਹਾਂ ਨੇ ਬੜੀ ਸਰਲ ਤੇ ਰੌਚਕ ਭਾਸ਼ਾ ਵਿੱਚ ਦੱਸਿਆ ਕਿ ਜਦੋਂ ਮਨੁੱਖ ਨੂੰ ਕਿਸੇ ਘਟਨਾ ਦਾ ਕਾਰਨ ਨਹੀਂ ਪਤਾ ਹੁੰਦਾ, ਤਾਂ ਉਹ ਡਰ ਜਾਂਦਾ ਹੈ ਤੇ ਅੰਧ-ਵਿਸ਼ਵਾਸ ਵਿੱਚ ਫਸ ਜਾਂਦਾ ਹੈ।ਜਦੋਂ ਉਸੇ ਚੀਜ਼/ਘਟਨਾ ਦਾ ਕਾਰਨ ਪਤਾ ਲੱਗ ਜਾਂਦਾ ਹੈ, ਤਾਂ ਉਹ ਡਰ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰ ਦਾ ਮਾਲਕ ਬਣ ਜਾਂਦਾ ਹੈ।ਉਨ੍ਹਾਂ ਨੇ ਉਦਾਹਰਨਾਂ ਦੇ ਕੇ ਸਮਝਾਇਆ ਪਹਿਲਾਂ ਜਿਸ ਬਿਮਾਰੀ ਨੂੰ ਭੂਤ-ਪ੍ਰੇਤ ਦਾ ਅਸਰ ਸਮਝਿਆ ਜਾਂਦਾ ਸੀ, ਅੱਜ ਵਿਗਿਆਨ ਨੇ ਦੱਸ ਦਿੱਤਾ ਕਿ ਬਿਮਾਰੀ ਕੀਟਾਣੂਆਂ ਨਾਲ ਹੁੰਦੀ ਹੈ ਤੇ ਉਸ ਦਾ ਇਲਾਜ ਡਾਕਟਰ ਕੋਲ ਹੈ, ਬਾਬੇ ਕੋਲ ਨਹੀਂ।ਕਿਸੇ ਵੀ ਅਖੌਤੀ ਸਿਆਣੇ ਕੋਲ ਕੋਈ ਗੈਬੀ ਸ਼ਕਤੀ ਨਹੀਂ, ਸਾਰੇ ਭਰਮਾਂ ਦਾ ਜਾਲ ਚੱਕੀ ਫਿਰਦੇ ਸਨ, ਜਿਸ ਵਿੱਚ ਭੋਲੀ ਭਾਲੀ ਲਾਈਲੱਗ ਜਨਤਾ ਨੂੰ ਪਾ ਕੇ ਹਰ ਪੱਖੋਂ ਲੁੱਟੀ ਜਾ ਰਹੇ ਹਨ।ਉਨ੍ਹਾਂ ਨੇ ਹਵਾ, ਪਾਣੀ, ਮਨੁੱਖ ਕਿਵੇਂ ਬਣਿਆ ਤੇ ਸੂਰਜ ਤੋਂ ਦੂਰੀ ਅਨੁਸਾਰ 8 ਗ੍ਰਹਿਆਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਵਲੰਟੀਅਰਜ਼ ਨੂੰ ਕਿਹਾ ਕਿ ਪੇਪਰ ਮਿਹਨਤ ਨਾਲ ਪਾਸ ਹੁੰਦਾ ਹੈ, ਸੁੱਖਾਂ ਸੁੱਖਣ ਨਾਲ ਨਹੀਂ।ਬਿੱਲੀ ਦੇ ਰਸਤਾ ਕੱਟਣ ਦਾ, ਛਿੱਕ ਆਉਣ ਦਾ ਤੁਹਾਡੀ ਜ਼ਿੰਦਗੀ ਨਾਲ ਕੋਈ ਸੰਬੰਧ ਨਹੀਂ।ਉਨ੍ਹਾਂ ਬੱਚਿਆਂ ਨੂੰ ਤਿੰਨ ਸੁਨਹਿਰੀ ਨਿਯਮ ਦਿੱਤੇ-ਸਵਾਲ ਪੁੱਛੋ, ਸਬੂਤ ਮੰਗੋ, ਪਰਖ ਕੇ ਮੰਨੋ।ਉਨ੍ਹਾਂ ਹਾਜ਼ਰੀਨ ਨੂੰ ਅੰਧਵਿਸ਼ਵਾਸਾਂ, ਵਹਿਮਾਂ-ਭਰਮਾਂ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਸੋਚ ਦੀ ਰੋਸ਼ਨੀ ਵਿੱਚ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਵਿਗਿਆਨਕ ਸੋਚ ਵਕਤ ਦੀ ਮੁੱਖ ਲੋੜ ਹੈ ਅਸੀਂ ਮਸਨੂਈ ਬੁੱਧੀ ਦੇ ਯੁੱਗ ਵਿੱਚ ਪੈਰ ਧਰ ਲਿਆ ਹੈ।ਇਸ ਮੌਕੇ ਉਨ੍ਹਾਂ ਨਾਲ ਤਰਕਸ਼ੀਲ ਟੀਮ ਵਿੱਚ ਮਾਸਟਰ ਰਣਜੀਤ ਸਿੰਘ, ਲੈਕਚਰਾਰ ਮੇਵਾ ਸਿੰਘ ਤੇ ਅਮਰੀਕ ਸਿੰਘ ਖੋਖਰ ਸ਼ਾਮਲ ਸਨ।ਇਸ ਸਮੇਂ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਾਂ ਵਾਲਾ ਸਾਹਿਤ ਵੀ ਵੰਡਿਆ।ਸਮਾਗਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਜੋਗਾ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦਾ ਭਾਸ਼ਣ ਬੱਚਿਆਂ ਲਈ ਬਹੁਤ ਲਾਭਦਾਇਕ ਰਿਹਾ।ਉਨ੍ਹਾਂ ਬੱਚਿਆਂ ਨੂੰ ਵਿਗਿਆਨਕ ਸੋਚ ਅਪਣਾਉਣ, ਅੰਧ-ਵਿਸ਼ਵਾਸ ਤੋਂ ਦੂਰ ਰਹਿਣ ਅਤੇ ਮਿਹਨਤ ਤੇ ਸਿੱਖਿਆ 'ਤੇ ਭਰੋਸਾ ਕਰਨ ਦਾ ਸੁਨੇਹਾ ਦਿੱਤਾ।ਉਨ੍ਹਾਂ ਤਰਕਸ਼ੀਲ ਟੀਮ ਦਾ ਸਕੂਲ ਪਹੁੰਚਣ 'ਤੇ ਵਿਸ਼ੇਸ਼ ਧੰਨਵਾਦ ਕੀਤਾ।

ਮੇਰਾ ਕੰਮ ਲੋਕਾਂ ਨੂੰ ਕਾਂਗਰਸ ਦੀ ਨੀਤੀ ਤੋਂ ਜਾਣੂ ਕਰਵਾਉਣਾ ਤੇ ਜੋੜਨਾ : ਮਲੂਕਾ

ਬਠਿੰਡਾ (ਰਾਜੀਵ ਗੋਇਲ)



ਹਲਕਾ ਬਾਘਾ ਪੁਰਾਣਾ ਤੋਂ ਕਾਂਗਰਸ ਪਾਰਟੀ ਲਈ ਦਿਨ-ਰਾਤ ਇੱਕ ਕਰਕੇ ਮਿਹਨਤ ਕਰਨ ਵਾਲੇ ਕਲੇਰ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਚੇਅਰਮੈਨ ਕੁਲਵੰਤ ਸਿੰਘ ਮਲੂਕਾ ਵੱਲੋਂ ਇਨ੍ਹੀਂ ਦਿਨੀਂ ਘਰ ਘਰ ਜਾ ਕੇ ਲੋਕਾਂ ਨਾਲ ਰਾਬਤਾ ਕਾਇਮ ਕਰਦੇ ਹੋਏ ਉਨ੍ਹਾਂ ਨੂੰ ਕਾਂਗਰਸ ਦੀਆਂ ਲੋਕ-ਪੱਖੀ ਨੀਤੀਆਂ ਤੋਂ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਨੂੰ ਪਾਰਟੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਬੀਤੇ ਕੱਲ੍ਹ ਉਨ੍ਹਾਂ ਵੱਲੋਂ ਕਰੀਬ 50 ਪਰਵਾਰਾਂ ਨੂੰ ਕਾਂਗਰਸ ਦੇ ਖੇਮੇ 'ਚ ਸ਼ਾਮਲ ਵੀ ਕੀਤਾ ਗਿਆ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਅਜਿਹੇ ਲੀਡਰਾਂ ਦੇ ਚੂੰਡੀ ਭਰਦਿਆਂ ਕਿਹਾ ਕਿ 'ਮੇਰਾ ਮਕਸਦ ਕਾਂਗਰਸ ਪਾਰਟੀ ਦੇ ਕਾਫਲੇ ਵਿੱਚ ਵਾਧਾ ਕਰਨਾ ਹੈ, ਨਾ ਕਿ ਸਿਰਫ ਸੋਫਿਆਂ 'ਤੇ ਬੈਠ ਕੇ ਹੁਕਮ ਦੇਣਾ।' ਉਨ੍ਹਾਂ ਕਿਹਾ ਕਿ ਭਾਵੇਂ ਹੀ ਬਾਘਾ ਪੁਰਾਣਾ ਹਲਕੇ ਦੀ ਟਿਕਟ ਦਾ ਫੈਸਲਾ ਪਾਰਟੀ ਹਾਈਕਮਾਨ ਵੱਲੋਂ ਕੀਤਾ ਜਾਣਾ ਹੈ ਤੇ ਪਾਰਟੀ ਵੱਲੋਂ ਕੀਤੇ ਜਾਣ ਫੈਸਲੇ 'ਤੇ ਉਹ ਫੁੱਲ ਵੀ ਚੜ੍ਹਾਉਣਗੇ, ਪਰ ਜੇਕਰ ਪਾਰਟੀ ਸੇਵਾ ਦਾ ਮੌਕਾ ਦਿੰਦੀ ਵੀ ਹੈ ਤਾਂ ਉਹ ਹਲਕੇ ਦੇ ਲੋਕਾਂ ਲਈ ਅਜਿਹੇ ਕਦਮ ਚੁੱਕਣਗੇ ਕਿ ਬਾਘਾ ਪੁਰਾਣੇ ਦੇ ਲੋਕ ਕਾਂਗਰਸ ਪਾਰਟੀ ਨੂੰ ਹਮੇਸ਼ਾ ਤਰਜੀਹ ਦੇਣ ਤੋਂ ਪਿੱਛੇ ਨਹੀਂ ਹਟਣਗੇ।


ਗੁਰੂ ਨਾਨਕ ਸਕੂਲ ਦੀਆਂ ਵਿਦਿਆਰਥਣਾਂ ਨੇ ਹਾਕੀ 'ਚ ਜਿੱਤਿਆ ਚਾਂਦੀ ਤਮਗਾ



ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੀਆਂ ਤਿੰਨ ਹੋਣਹਾਰ ਵਿਦਿਆਰਥਣਾਂ ਨੇ 11 ਨਵੰਬਰ ਤੋਂ 13 ਨਵੰਬਰ 2026 ਤੱਕ ਮੋਹਾਲੀ ਸਟੇਡੀਅਮ ਵਿਖੇ ਕਰਵਾਈਆਂ ਗਈਆਂ 46ਵੀਆਂ ਪ੍ਰਾਇਮਰੀ ਸਕੂਲ ਖੇਡਾਂ ਅੰਡਰ-11 (ਲੜਕੀਆਂ) ਦੇ ਹਾਕੀ ਟੂਰਨਾਮੈਂਟ ਵਿੱਚ ਜ਼ਿਲ੍ਹਾ ਲੁਧਿਆਣਾ ਦੀ ਨੁਮਾਇੰਦਗੀ ਕਰਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਸਕੂਲ ਦੀਆਂ ਇਨ੍ਹਾਂ ਖਿਡਾਰਨਾਂ ਵਿੱਚ ਚੌਥੀ ਜਮਾਤ ਦੀ ਅਸ਼ਮੀਤ ਕੌਰ ਤੇ ਸਹਿਜਪ੍ਰੀਤ ਕੌਰ ਅਤੇ ਪੰਜਵੀਂ ਜਮਾਤ ਦੀ ਸਹਿਜਪ੍ਰੀਤ ਕੌਰ ਸਿੱਧੂ ਸ਼ਾਮਲ ਸਨ।ਟੂਰਨਾਮੈਂਟ ਦੌਰਾਨ ਜ਼ਿਲ੍ਹਾ ਲੁਧਿਆਣਾ ਦੀ ਟੀਮ ਨੇ ਸ਼ੁਰੂ ਤੋਂ ਹੀ ਆਪਣਾ ਦਬਦਬਾ ਬਣਾਈ ਰੱਖਿਆ।ਪ੍ਰੀ-ਕੁਆਰਟਰ ਫਾਈਨਲ ਮੁਕਾਬਲੇ ਵਿੱਚ ਮਲੇਰਕੋਟਲਾ ਦੀ ਟੀਮ ਨੂੰ 5-0 ਦੇ ਵੱਡੇ ਫਰਕ ਨਾਲ ਹਰਾਇਆ।ਇਸ ਤੋਂ ਬਾਅਦ ਕੁਆਰਟਰ ਫਾਈਨਲ ਵਿੱਚ ਤਰਨਤਾਰਨ ਸਾਹਿਬ ਦੀ ਟੀਮ ਨੂੰ 1-0 ਤੇ ਸੈਮੀਫਾਈਨਲ ਵਿੱਚ ਪਟਿਆਲਾ ਦੀ ਟੀਮ ਨੂੰ 2-0 ਨਾਲ ਮਾਤ ਦੇ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ।ਫਾਈਨਲ ਦਾ ਸ਼ਾਨਦਾਰ ਮੁਕਾਬਲਾ ਸ੍ਰੀ ਮੁਕਤਸਰ ਸਾਹਿਬ ਦੀ ਟੀਮ ਨਾਲ ਖੇਡਿਆ ਗਿਆ, ਜਿੱਥੇ 3-2 ਦੇ ਫਰਕ ਨਾਲ ਸਖ਼ਤ ਟੱਕਰ ਦਿੰਦਿਆਂ ਟੀਮ ਨੇ ਦੂਜਾ ਸਥਾਨ ਹਾਸਲ ਕਰਕੇ ਚਾਂਦੀ ਦਾ ਤਮਗਾ ਆਪਣੇ ਨਾਮ ਕੀਤਾ।ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਖਿਡਾਰਨਾਂ ਅਸ਼ਮੀਤ ਕੌਰ, ਸਹਿਜਪ੍ਰੀਤ ਕੌਰ ਤੇ ਸਹਿਜਪ੍ਰੀਤ ਕੌਰ ਸਿੱਧੂ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਦੱਸਿਆ ਕਿ ਮੋਹਾਲੀ ਦੇ ਵੱਡੇ ਸਟੇਡੀਅਮ ਵਿੱਚ ਖੇਡਣਾ ਉਨ੍ਹਾਂ ਲਈ ਇੱਕ ਯਾਦਗਾਰ ਅਤੇ ਮਾਣ ਵਾਲਾ ਅਨੁਭਵ ਰਿਹਾ।ਉਨ੍ਹਾਂ ਕਿਹਾ ਕਿ ਸੂਬਾ ਪੱਧਰ 'ਤੇ ਦੂਜੇ ਜ਼ਿਲ੍ਹਿਆਂ ਦੀਆਂ ਟੀਮਾਂ ਨਾਲ ਖੇਡ ਕੇ ਉਨ੍ਹਾਂ ਦਾ ਆਤਮ-ਵਿਸ਼ਵਾਸ ਬਹੁਤ ਵਧਿਆ ਹੈ ਤੇ ਉਨ੍ਹਾਂ ਨੂੰ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਿਆ ਹੈ।ਇਸ ਸ਼ਾਨਦਾਰ ਪ੍ਰਾਪਤੀ ਤੇ ਗੁਰੂ ਨਾਨਕ ਪ੍ਰਬੰਧਕ ਬੋਰਡ ਦੇ ਪ੍ਰਧਾਨ ਸ੍. ਹਰਪ੍ਰਤਾਪ ਸਿੰਘ ਬਰਾੜ ਨੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਤੇ ਹਾਕੀ ਕੋਚ ਤਲਵਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਛੋਟੀ ਉਮਰ ਵਿੱਚ ਸੂਬਾ ਪੱਧਰੀ ਮੁਕਾਬਲਿਆਂ ਵਿੱਚ ਤਮਗਾ ਜਿੱਤਣਾ ਪੂਰੇ ਇਲਾਕੇ ਤੇ ਸੰਸਥਾ ਲਈ ਮਾਣ ਵਾਲੀ ਗੱਲ ਹੈ।ਸਕੂਲ ਡਾਇਰੈਕਟਰ ਸ੍ਰੀਮਤੀ ਰੁਪਿੰਦਰ ਕੌਰ ਬਰਾੜ ਨੇ ਬੱਚੀਆਂ ਦੀ ਖੇਡ ਭਾਵਨਾ ਤੇ ਕੋਚ ਤਲਵਿੰਦਰ ਸਿੰਘ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਕੂਲ ਹਮੇਸ਼ਾ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਵਚਨਬੱਧ ਹੈ ਤਾਂ ਜੋ ਬੱਚਿਆਂ ਦਾ ਸਰਬਪੱਖੀ ਵਿਕਾਸ ਹੋ ਸਕੇ।

ਸਕੂਲ ਪ੍ਰਿੰਸੀਪਲ ਡਾ. ਡੀ. ਪੀ. ਠਾਕੁਰ ਨੇ ਜੇਤੂ ਵਿਦਿਆਰਥਣਾਂ ਤੇ ਕੋਚ ਦਾ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਜਾਰੀ ਰੱਖਣ ਤੇ ਹੋਰ ਵੱਡੀਆਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।

ਡੀ ਟੀ ਐੱਫ ਵੱਲੋਂ 19 ਨੂੰ ਸੰਗਰੂਰ ਪੱਕੇ ਮੋਰਚੇ 'ਚ ਭਰਵੀ ਸ਼ਮੂਲੀਅਤ ਦਾ ਐਲਾਨ




ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਬਲਾਕ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਅਮਨਦੀਪ ਮਾਛੀਕੇ, ਬਲਾਕ ਸਕੱਤਰ ਗੁਰਮੀਤ ਝੋਰੜਾਂ, ਮੀਤ ਪ੍ਰਧਾਨ ਸੁਖਜੀਤ ਕੁੱਸਾ, ਵਿੱਤ ਸਕੱਤਰ ਜਸਵੀਰ ਸੈਦੋਕੇ, ਪ੍ਰੈੱਸ ਸਕੱਤਰ ਹੀਰਾ ਸਿੰਘ ਢਿੱਲੋਂ ਤੇ ਲੇਡੀਜ਼ ਵਿੰਗ ਦੇ ਆਗੂ ਅਮਰਜੀਤ ਕੌਰ ਪੱਤੋ ਤੇ ਲਖਵੀਰ ਕੌਰ ਬੁਰਜ ਹਮੀਰਾ ਨੇ ਕਿਹਾ ਕਿ ਜੋ 13 ਨਵੰਬਰ ਤੋਂ 19 ਨਵੰਬਰ ਤੱਕ ਸੰਗਰੂਰ ਡੀ ਸੀ ਦਫਤਰ ਮੂਹਰੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਸਾਂਝਾ ਪੱਕਾ ਮੋਰਚਾ ਲੱਗਿਆ ਹੈ, ਉਸ ਵਿੱਚ ਬਲਾਕ ਨਿਹਾਲ ਸਿੰਘ ਵਾਲਾ ਵੱਲੋਂ 19 ਨਵੰਬਰ ਨੂੰ ਅਧਿਆਪਕ ਵੱਡੀ ਗਿਣਤੀ ਵਿੱਚ ਛੁੱਟੀ ਲੈ ਕੇ ਸ਼ਮੂਲੀਅਤ ਕਰਨਗੇ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਚੋਣਾਂ ਮੌਕੇ ਜੋ ਅਧਿਆਪਕਾਂ ਤੇ ਮੁਲਾਜ਼ਮਾਂ ਨਾਲ ਚੋਣ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਹੋਏ ਅਤੇ ਸਰਕਾਰ ਲੋਕਾਂ ਵਿੱਚ ਗਰੰਟੀਆਂ ਪੂਰੀਆਂ ਕਰਨ ਦਾ ਝੂਠਾ ਪ੍ਰਚਾਰ ਕਰ ਰਹੀ ਹੈ।ਆਗੂਆਂ ਨੇ ਮੰਗ ਕੀਤੀ ਕਿ ਚੋਣ ਵਾਅਦੇ ਮੁਤਾਬਕ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, 15-01-15 ਦਾ ਮਾਰੂ ਪੱਤਰ ਰੱਦ ਕੀਤਾ ਜਾਵੇ, 17-07-20 ਦਾ ਅਧਿਆਪਕ ਦੋਖੀ ਪੱਤਰ ਵਾਪਸ ਲਿਆ ਜਾਵੇ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਜਾਵੇ, ਕੱਚੇ ਅਧਿਆਪਕਾਂ ਨੂੰ ਰੈਗੂਲਰ ਕੀਤਾ ਜਾਵੇ, ਮਾਣ ਭੱਤਾ ਵਰਕਰਾਂ ਦੇ ਮਾਣ ਭੱਤੇ ਨੂੰ ਦੁੱਗਣਾ ਕੀਤਾ ਜਾਵੇ, ਡੀ ਏ ਦੇ ਮੁਕੰਮਲ ਬਕਾਏ ਜਾਰੀ ਕੀਤੇ ਜਾਣ।

ਅਧਿਆਪਕ ਆਗੂਆਂ ਨੇ ਅਪੀਲ ਕੀਤੀ ਕਿ ਬਲਾਕ ਨਿਹਾਲ ਸਿੰਘ ਵਾਲਾ ਦੇ ਸਮੂਹ ਅਧਿਆਪਕ 19 ਨਵੰਬਰ ਨੂੰ ਵੱਡੀ ਗਿਣਤੀ ਵਿੱਚ ਛੁੱਟੀ ਲੈ ਕੇ ਸੰਗਰੂਰ ਪੱਕੇ ਮੋਰਚੇ ਵਿੱਚ ਸ਼ਾਮਲ ਹੋਣ ਤਾਂ ਜੋ ਸਰਕਾਰ ਤੋਂ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਮਨਵਾਈਆਂ ਜਾ ਸਕਣ।ਇਸ ਸਮੇਂ ਬਲਾਕ ਕਮੇਟੀ ਮੈਂਬਰ ਨਵਦੀਪ ਧੂੜਕੋਟ, ਕੁਲਵਿੰਦਰ ਚੁੱਘੇ, ਜਸਵਿੰਦਰ ਸਿੰਘ ਸਿੱਧੂ ਡੀਪੀਈ, ਇੰਦਰਜੀਤ ਦੀਦਾਰੇਵਾਲਾ, ਹਰਪ੍ਰੀਤ ਰਾਮਾਂ, ਕਮਲ ਮਾਨ, ਹਰਜੀਵਨ ਸਿੰਘ, ਕਰਮਜੀਤ ਬੁਰਜ ਹਮੀਰਾ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

ਦਿੱਲੀ ਮਹਾਂਪੜਾਅ ਤੇ ਸੰਸਦ ਘਿਰਾਓ ਦੀਆਂ ਤਿਆਰੀਆਂ ਸੰਬੰਧੀ ਸੀਟੂ ਵੱਲੋਂ ਕਨਵੈਨਸ਼ਨ


ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਵੱਡੀ ਗਿਣਤੀ 'ਚ ਕੀਤੀ ਜਾਵੇਗੀ ਸ਼ਮੂਲੀਅਤ : ਹਰਜੀਤ ਕੌਰ, ਸੁਭਾਸ਼ ਰਾਣੀ



ਲੁਧਿਆਣਾ (ਰਾਜ ਸਿੰਗਲਾ)-ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ 1 ਤੋਂ 3 ਦਸੰਬਰ ਨੂੰ ਦਿੱਲੀ ਵਿਖੇ ਹੋਣ ਵਾਲੇ ਮਹਾਂਪੜਾਅ ਤੇ ਸੰਸਦ ਘਿਰਾਓ ਦੀਆਂ ਤਿਆਰੀਆਂ ਸਬੰਧੀ ਵਿਸ਼ੇਸ਼ ਕਨਵੈਨਸ਼ਨ ਕੀਤੀ ਗਈ।ਇਸ ਕਨਵੈਨਸ਼ਨ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਹਰਜੀਤ ਕੌਰ ਪੰਜੋਲਾ ਨੇ ਕੀਤੀ।ਕਨਵੈਨਸ਼ਨ ਨੂੰ ਵਿਸ਼ੇਸ਼ ਤੌਰ 'ਤੇ ਆਲ ਇੰਡੀਆ ਫੈਡਰੇਸ਼ਨ ਆਫ ਆਂਗਣਵਾੜੀ ਵਰਕਰਜ਼ ਐਂਡ ਹੈਲਪਰਜ਼ ਦੇ ਕੌਮੀ ਪ੍ਰਧਾਨ ਕਾਮਰੇਡ ਏ. ਆਰ. ਸਿੰਧੂ ਨੇ ਸੰਬੋਧਨ ਕੀਤਾ।ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਏ ਆਰ ਸਿੰਧੂ ਨੇ ਕਿਹਾ ਕਿ ਆਈਸੀਡੀਐੱਸ ਸਕੀਮ ਦੇਸ਼ ਦੇ ਬੱਚਿਆਂ ਦੇ ਭਵਿੱਖ, ਔਰਤਾਂ ਦੀ ਸਿਹਤ ਤੇ ਪੋਸ਼ਣ ਦੇ ਅਧਿਕਾਰਾਂ ਨਾਲ ਜੁੜੀ ਇੱਕ ਮਹੱਤਵਪੂਰਨ ਜਨਤਕ ਭਲਾਈ ਸਕੀਮ ਹੈ।ਇਸ ਸਕੀਮ ਨੂੰ ਸ਼ੁਰੂ ਹੋਇਆਂ 51 ਸਾਲ ਪੂਰੇ ਹੋ ਚੁੱਕੇ ਹਨ, ਪਰ ਇੰਨੇ ਲੰਮੇ ਸਮੇਂ ਤੋਂ ਸੇਵਾਵਾਂ ਦੇਣ ਦੇ ਬਾਵਜੂਦ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਅਜੇ ਤੱਕ ਸਰਕਾਰੀ ਮੁਲਾਜ਼ਮ ਦਾ ਦਰਜਾ ਨਹੀਂ ਦਿੱਤਾ ਗਿਆ ਅਤੇ ਨਾ ਹੀ ਉਨ੍ਹਾਂ ਨੂੰ ਘੱਟ-ਘੱਟ ਉਜ਼ਰਤ, ਪੈਨਸ਼ਨ ਤੇ ਹੋਰ ਸਮਾਜਿਕ ਸੁਰੱਖਿਆ ਦੇ ਲਾਭ ਦਿੱਤੇ ਜਾ ਰਹੇ ਹਨ।ਮੋਦੀ ਸਰਕਾਰ ਵੱਲੋਂ ਪਿਛਲੇ ਬਾਰਾਂ ਸਾਲਾਂ ਤੋਂ ਦੇਸ਼ ਦੀ ਪੂੰਜੀ ਚੰਦ ਕਾਰਪੋਰੇਟ ਘਰਾਣਿਆਂ ਨੂੰ ਲੁੱਟਿਆ ਜਾ ਰਿਹਾ ਹੈ।ਬਜਟ ਨੂੰ ਵਧਾਉਣ ਦੀ ਥਾਂ ਕੱਟਿਆ ਜਾ ਰਿਹਾ ਹੈ ਅਤੇ ਸਿਰਫ ਐਡਵਰਟਾਈਜ਼ਮੈਂਟ ਉੱਤੇ ਹੀ ਜ਼ਿਆਦਾ ਫੋਕਸ ਕੀਤਾ ਜਾ ਰਿਹਾ ਹੈ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸੀਟੂ ਦੇ ਸੂਬਾ ਪ੍ਰਧਾਨ ਕਾਮਰੇਡ ਚੰਦਰ ਸ਼ੇਖਰ ਨੇ ਦੇਸ਼ ਦੀ ਮੌਜੂਦਾ ਰਾਜਨੀਤਕ ਸਥਿਤੀ ਉੱਤੇ ਵਿਸਥਾਰ ਨਾਲ ਚਰਚਾ ਕੀਤੀ।ਉਨ੍ਹਾਂ ਕਿਹਾ ਕਿ ਮੌਜੂਦਾ ਹਾਕਮਾਂ ਦੀਆਂ ਨੀਤੀਆਂ ਮਜ਼ਦੂਰਾਂ, ਮੁਲਾਜ਼ਮਾਂ ਤੇ ਆਮ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਹਨ।ਮਜ਼ਦੂਰ ਜਮਾਤ ਦੇ ਹੱਕਾਂ ਦੀ ਰਾਖੀ ਲਈ ਜਥੇਬੰਦਕ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਆਈਸੀਡੀਐੱਸ ਦੇ ਬਜਟ ਵਿੱਚ ਲੋੜ ਅਨੁਸਾਰ ਵਾਧਾ ਨਹੀਂ ਕੀਤਾ ਜਾ ਰਿਹਾ।ਬੱਚਿਆਂ ਅਤੇ ਗਰਭਵਤੀ ਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਲਈ ਪੋਸ਼ਣ ਦੀਆਂ ਦਰਾਂ ਪਿਛਲੇ ਲੰਮੇ ਸਮੇਂ ਤੋਂ ਨਹੀਂ ਵਧਾਈਆਂ ਗਈਆਂ।ਦੂਜੇ ਪਾਸੇ ਪੋਸ਼ਣ ਟਰੈਕਰ, ਐੱਫਆਰਐੱਸ ਤੇ ਈ-ਕੇਵਾਈਸੀ ਵਰਗੀਆਂ ਡਿਜੀਟਲ ਪ੍ਰਣਾਲੀਆਂ ਰਾਹੀਂ ਲਾਭਪਾਤਰੀਆਂ ਨੂੰ ਸਹੂਲਤਾਂ ਤੋਂ ਵਾਂਝਾ ਕਰਨ ਤੇ ਵਰਕਰਾਂ ਉੱਤੇ ਵਾਧੂ ਕੰਮ ਦਾ ਬੋਝ ਪਾਉਣ ਦੀਆਂ ਸ਼ਿਕਾਇਤਾਂ ਸਾਹਮਣੇ ਆ ਰਹੀਆਂ ਹਨ।ਨਵੀਂ ਸਿੱਖਿਆ ਨੀਤੀ ਦੇ ਨਾਂ ਹੇਠ ਆਂਗਣਵਾੜੀ ਕੇਂਦਰਾਂ ਦੀ ਭੂਮਿਕਾ ਨੂੰ ਸੀਮਤ ਕਰਨ ਤੇ ਸਕੀਮ ਦੇ ਨਿੱਜੀਕਰਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ।

ਸੂਬਾਈ ਜਨਰਲ ਸਕੱਤਰ ਸੁਭਾਸ਼ ਰਾਣੀ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਨੇ ਕੋਰੋਨਾ ਮਹਾਂਮਾਰੀ ਸਮੇਤ ਹਰ ਮੁਸ਼ਕਲ ਸਮੇਂ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ ਹਨ।ਇਸ ਦੇ ਬਾਵਜੂਦ ਵਰਕਰਾਂ ਤੇ ਹੈਲਪਰਾਂ ਨੂੰ ਉਨ੍ਹਾਂ ਦੀ ਮਿਹਨਤ ਦੇ ਮੁਤਾਬਕ ਉਜ਼ਰਤ ਤੇ ਸਨਮਾਨ ਨਹੀਂ ਮਿਲ ਰਿਹਾ।ਅਪ੍ਰੈਲ 2022 ਵਿੱਚ ਸੁਪਰੀਮ ਕੋਰਟ ਵੱਲੋਂ ਗ੍ਰੈਚੁਟੀ ਸਬੰਧੀ ਦਿੱਤੇ ਫੈਸਲੇ ਨੂੰ ਵੀ ਪੂਰੀ ਤਰ੍ਹਾਂ ਲਾਗੂ ਕਰਨ ਦੀ ਲੋੜ ਹੈ।ਕਨਵੈਨਸ਼ਨ ਵਿੱਚ ਮੰਗ ਕੀਤੀ ਗਈ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਰੈਗੂਲਰ ਕੀਤਾ ਜਾਵੇ।ਜਦੋਂ ਤੱਕ ਰੈਗੂਲਰ ਨਹੀਂ ਕੀਤਾ ਜਾਂਦਾ, ਉਨ੍ਹਾਂ ਨੂੰ ਘੱਟੋ-ਘੱਟ 42 ਹਜ਼ਾਰ ਰੁਪਏ ਮਹੀਨਾ ਉਜ਼ਰਤ, 21 ਹਜ਼ਾਰ ਰੁਪਏ ਮਹੀਨਾ ਪੈਨਸ਼ਨ ਤੇ ਗ੍ਰੈਚੁਟੀ ਦਿੱਤੀ ਜਾਵੇ।ਇਸ ਤੋਂ ਇਲਾਵਾ 45ਵੀਂ ਤੇ 46ਵੀਂ ਭਾਰਤੀ ਕਿਰਤ ਸੰਮੇਲਨ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ, ਚਾਰ ਲੇਬਰ ਕੋਡ ਰੱਦ ਕਰਨ, ਸਕੀਮਾਂ ਦੇ ਨਿੱਜੀਕਰਨ ਤੇ ਐਨਜੀਓਕਰਨ ਨੂੰ ਬੰਦ ਕਰਨ, ਐੱਫਆਰਐੱਸ ਤੇ ਈ-ਕੇਵਾਈਸੀ ਦੇ ਨਾਂ 'ਤੇ ਲਾਭਪਾਤਰੀਆਂ ਨੂੰ ਸੂਚੀਆਂ ਵਿੱਚੋਂ ਬਾਹਰ ਕਰਨ ਦੀ ਪ੍ਰਕਿਰਿਆ ਰੋਕਣ ਤੇ ਵਰਕਰਾਂ ਤੋਂ ਵਾਧੂ ਕੰਮ ਲੈਣਾ ਬੰਦ ਕਰਨ ਦੀ ਮੰਗ ਕੀਤੀ ਗਈ।ਆਗੂਆਂ ਨੇ ਸਮੂਹ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਰੁਜ਼ਗਾਰ, ਸਨਮਾਨ ਤੇ ਸਮਾਜਿਕ ਸੁਰੱਖਿਆ ਦੇ ਅਧਿਕਾਰਾਂ ਦੀ ਰਾਖੀ ਦੇ ਨਾਲ-ਨਾਲ ਬੱਚਿਆਂ ਤੇ ਔਰਤਾਂ ਦੇ ਪੋਸ਼ਣ ਦੇ ਅਧਿਕਾਰਾਂ ਦੀ ਰਾਖੀ ਲਈ ਵੀ ਸੰਘਰਸ਼ ਨੂੰ ਹੋਰ ਮਜ਼ਬੂਤ ਕਰਨ।ਕਨਵੈਨਸ਼ਨ ਨੇ ਸੱਦਾ ਦਿੱਤਾ ਕਿ 1 ਤੋਂ 3 ਦਸੰਬਰ 2026 ਨੂੰ ਵੱਡੀ ਗਿਣਤੀ ਵਿੱਚ ਦਿੱਲੀ ਪਹੁੰਚ ਕੇ ਸੰਸਦ ਘਿਰਾਓ ਦੇ ਪ੍ਰੋਗਰਾਮ ਨੂੰ ਸਫ਼ਲ ਬਣਾਇਆ ਜਾਵੇ।ਅੱਜ ਦੀ ਕਨਵੈਨਸ਼ਨ ਨੂੰ ਜਥੇਬੰਦੀ ਦੇ ਵਿੱਤ ਸਕੱਤਰ ਅੰਮ੍ਰਿਤਪਾਲ ਕੌਰ, ਮੀਤ ਪ੍ਰਧਾਨ ਕ੍ਰਿਸ਼ਨਾ ਕੁਮਾਰੀ, ਸਕੱਤਰ ਭਿੰਦਰ ਕੌਰ ਗੋਸਲ, ਸਰਜੀਤ ਕੌਰ, ਨਿਰਲੇਪ ਕੌਰ, ਸੀਟੂ ਦੇ ਸੂਬਾਈ ਵਿੱਤ ਸਕੱਤਰ ਸੁਖਵਿੰਦਰ ਸਿੰਘ ਲੋਟੇ, ਦਲਜੀਤ ਕੁਮਾਰ ਗੋਰਾ, ਅਮਰਨਾਥ ਕੂੰਮਕਲਾਂ ਸ਼ੇਰ ਸਿੰਘ ਫਰਵਾਹੀ ਨੇ ਸੰਬੋਧਨ ਕੀਤਾ।

ਬਲਾਕ ਧਰਮਕੋਟ-2 ਦੇ ਸਹਿ-ਵਿੱਦਿਅਕ ਮੁਕਾਬਲੇ ਉਤਸ਼ਾਹਪੂਰਵਕ ਮਾਹੌਲ 'ਚ ਸੰਪੰਨ



ਕੋਟ ਈਸੇ ਖਾਂ (ਅਰੋੜਾ)-ਬਲਾਕ ਧਰਮਕੋਟ-2 ਦੇ ਸਮੂਹ ਸੈਂਟਰਾਂ ਵਿੱਚ ਬਲਾਕ ਪੱਧਰੀ ਸਹਿ-ਵਿੱਦਿਅਕ ਮੁਕਾਬਲੇ ਬੜੇ ਉਤਸ਼ਾਹਪੂਰਨ ਮਾਹੌਲ ਵਿੱਚ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਬਲਾਕ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਸ਼ਮੂਲੀਅਤ ਕਰਦਿਆਂ ਆਪਣੀ ਕਲਾ, ਪ੍ਰਤਿਭਾ ਤੇ ਸਿਰਜਣਾਤਮਕ ਯੋਗਤਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਮੁਕਾਬਲਿਆਂ ਦੌਰਾਨ ਸੋਲੋ ਗੀਤ, ਗਰੁੱਪ ਗੀਤ, ਸੋਲੋ ਡਾਂਸ ਤੇ ਗਰੁੱਪ ਡਾਂਸ ਸਮੇਤ ਵੱਖ-ਵੱਖ ਕਲਾਤਮਕ ਵੰਨਗੀਆਂ ਦੇ ਮੁਕਾਬਲੇ ਕਰਵਾਏ ਗਏ।ਵਿਦਿਆਰਥੀਆਂ ਨੇ ਪੂਰੇ ਆਤਮ-ਵਿਸ਼ਵਾਸ ਤੇ ਲਗਨ ਨਾਲ ਆਪਣੀ ਪੇਸ਼ਕਾਰੀ ਦਿੱਤੀ ਅਤੇ ਦਰਸ਼ਕਾਂ ਦੀ ਖ਼ੂਬ ਵਾਹ-ਵਾਹ ਖੱਟੀ।ਇਸ ਸਮਾਗਮ ਦੀ ਅਗਵਾਈ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਮੈਡਮ ਕੰਚਨ ਬਾਲਾ (ਸਟੇਟ ਐਵਾਰਡੀ) ਵੱਲੋਂ ਕੀਤੀ ਗਈ, ਜਦਕਿ ਸਮਾਗਮ ਦੀ ਮੇਜ਼ਬਾਨੀ ਮੰਦਰ ਸੈਂਟਰ ਵੱਲੋਂ ਕੀਤੀ ਗਈ।ਇਸ ਮੌਕੇ ਸੈਂਟਰ ਹੈੱਡ ਟੀਚਰ ਮੈਡਮ ਵੀਨਾ ਰਾਣੀ ਤੇ ਮੰਦਰ ਸੈਂਟਰ ਦੇ ਸਮੂਹ ਅਧਿਆਪਕਾਂ ਨੇ ਪੂਰੀ ਤਨਦੇਹੀ ਤੇ ਸਾਂਝੇ ਯਤਨਾਂ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਈਆਂ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੈਂਟਰ ਹੈੱਡ ਟੀਚਰ ਮੈਡਮ ਰੁਬਿੰਦਰ ਕੌਰ, ਮੈਡਮ ਕਿਰਨ ਲਤਾ ਤੇ ਮੈਡਮ ਜਸਕੀਰਤ ਕੌਰ ਹਾਜ਼ਰ ਰਹੇ।ਮੁਕਾਬਲਿਆਂ ਦੇ ਨਿਰਪੱਖ ਤੇ ਸੁਚੱਜੇ ਫ਼ੈਸਲੇ ਕਰਨ ਦੀ ਜ਼ਿੰਮੇਵਾਰੀ ਗੌਰਵ ਸ਼ਰਮਾ, ਗੁਰਮੀਤ ਸਿੰਘ ਸੋਢੀ ਤੇ ਕੁਲਦੀਪ ਸਿੰਘ ਦਾਤੇਵਾਲਾ ਵੱਲੋਂ ਬਾਖ਼ੂਬੀ ਨਿਭਾਈ ਗਈ।ਮੰਚ ਸੰਚਾਲਨ ਦੀ ਭੂਮਿਕਾ ਮੈਡਮ ਦਰਸ਼ਨਪਾਲ ਕੌਰ ਤੇ ਯੋਗੇਸ਼ ਠਾਕੁਰ ਨੇ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈ।ਸਮਾਗਮ ਦੇ ਅੰਤ ਵਿੱਚ ਬੀ.ਪੀ.ਈ.ਓ. ਮੈਡਮ ਕੰਚਨ ਬਾਲਾ ਨੇ ਸਮੂਹ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਵੱਲੋਂ ਜੇਤੂ ਵਿਦਿਆਰਥੀਆਂ ਤੇ ਟੀਮਾਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਤੇ ਲਗਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਗਿਆ।

ਟੀਨੂੰ ਨੂੰ ਉਮੀਦਵਾਰ ਐਲਾਨਣ 'ਤੇ ਵਰਕਰਾਂ 'ਚ ਭਾਰੀ ਉਤਸ਼ਾਹ

ਆਦਮਪੁਰ (ਪਰਮਜੀਤ ਸਿੰਘ)- ਆਮ ਆਦਮੀ ਪਾਰਟੀ (ਆਪ) ਵੱਲੋਂ ਆਗਾਮੀ ਚੋਣਾਂ ਲਈ ਜਾਰੀ ਕੀਤੀ ਗਈ ਉਮੀਦਵਾਰਾਂ ਦੀ ਸੂਚੀ ਵਿੱਚ ਵਿਧਾਨ ਸਭਾ ਹਲਕਾ ਆਦਮਪੁਰ ਤੋਂ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਨੂੰ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਇਲਾਕੇ ਦੇ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਟਿਕਟ ਦਾ ਐਲਾਨ ਹੁੰਦਿਆਂ ਹੀ ਵੱਡੀ ਗਿਣਤੀ ਵਿੱਚ ਪਾਰਟੀ ਆਗੂ, ਵਰਕਰ ਅਤੇ ਹਲਕੇ ਦੇ ਲੋਕ ਦਫਤਰ ਆਦਮਪੁਰ ਵਿਖੇ



ਪਹੁੰਚੇ ਅਤੇ ਪਵਨ ਕੁਮਾਰ ਟੀਨੂੰ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ। ?ਪਾਰਟੀ ਦਫ਼ਤਰ ਵਿਖੇ ਪਹੁੰਚੇ ਸਮਰਥਕਾਂ ਨੇ ਪਾਰਟੀ ਹਾਈਕਮਾਂਡ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਨਾਅਰੇਬਾਜ਼ੀ ਕੀਤੀ ਅਤੇ ਪਵਨ ਕੁਮਾਰ ਟੀਨੂ ਨੂੰ ਪੂਰਨ ਸਮਰਥਨ ਦੇਣ ਦਾ ਭਰੋਸਾ ਦਿਵਾਇਆ। ਇਸ ਮੌਕੇ ਹਾਜ਼ਰ ਆਗੂਆਂ, ਪਾਰਟੀ ਵਰਕਰਾਂ ਅਤੇ ਹਾਜ਼ਰ ਇਲਾਕਾ ਨਿਵਾਸੀਆਂ ਸਮਰਥਕਾਂ ਵੱਲੋ ਟੀਨੂੰ ਦਾ ਪੂਰਨ ਸਾਥ ਦੇਣ ਦਾ ਭਰੋਸਾ ਦਿੱਤਾ। ?ਇਸ ਦੌਰਾਨ ਪਵਨ ਕੁਮਾਰ ਟੀਨੂ ਨੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਹਲਕਾ ਨਿਵਾਸੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਚਰਨਜੀਤ ਸ਼ੇਰੀ, ਦਲਜੀਤ ਸਿੰਘ ਮਿਨਹਾਸ ਚੇਅਰਮੈਨ ਬਲਾਕ ਸੰਮਤੀ, ਹਰਕੀਤ ਸਿੰਘ ਨਿੱਝਰ ਸਿੰਘ ਚੇਅਰਮੈਨ ਮਾਰਕੀਟ ਕਮੇਟੀ, ਅਮਰੀਕ ਸਿੰਘ ਸੈਣੀ ਵਾਈਸ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ, ਪਰਮਜੀਤ ਪੰਮਾ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਕਮਲਜੀਤ ਸਲਾਲਾ ਵਾਈਸ ਪ੍ਰਧਾਨ, ਜਸਦਿਆਲ ਸਿੰਘ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਸਰਬਜੀਤ ਹੈਪੀ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜੰਡੂ ਸਿੰਘਾ, ਅਸ਼ੋਕ ਕੁਮਾਰ ਸਰਪੰਚ ਕਪੂਰ ਪਿੰਡ, ਜੱਸਾ ਸਿੰਘਵਾਲ, ਰਜੀਵ ਸਿੰਘਲਾ ਪ੍ਰਧਾਨ ਅਗਰਵਾਲ ਸਭਾ, ਲਖਬੀਰ ਸਿੰਘ ਸਾਰੋਵਾਦ, ਅਨੂਪ ਸਿੰਘ ਨੂਪੀ, ਨੰਬਰਦਾਰ ਬਲਵਿੰਦਰ ਸ਼ੌਕੀ, ਨੰਬਰਦਾਰ ਸੁਖਬੀਰ ਕੁਮਾਰ ਅਲਾਵਲਪੁਰ, ਨਰਿੰਦਰ ਸਿੰਘ, ਸੇਵਾ ਸਿੰਘ, ਅਮਰੀਕ ਸਿੰਘ ਮੂਸਾਪੁਰ, ਅਜੇ ਕੁਮਾਰ, ਇੰਦਰਜੀਤ ਸਿੰਘ, ਪੰਕਜ ਹਨੀ, ਆਕਾਸ਼ਦੀਪ ਆਸ਼ੂ, ਸੁਖਵਿੰਦਰ ਬੱਲਾ, ਮਨਜੀਤ ਸਿੰਘ, ਨਿਰਮਲ ਸਿੰਘ, ਅਮਰੀਕ ਲਾਲ, ਪਰਮਜੀਤ ਪੱਪੀ, ਹੈਪੀ ਗੁਰਾਇਆ ਸਮੂਹ ਬਲਾਕ ਪ੍ਰਧਾਨ, ਪਿੰਡ, ਰਾਜਕੁਮਾਰ ਰਾਜਾ ਪ੍ਰਧਾਨ ਭੋਗਪੁਰ, ਜੋਗਿੰਦਰ ਪਾਲ, ਦਵਿੰਦਰ ਸੂਰੀ, ਬਿਕਰਮ ਬੱਧਣ, ਬਿੰਦਾ ਗਰੇਵਾਲ ਪਵਿੱਤਰ ਸਿੰਘ, ਅਮਰੀਕ ਸਿੰਘ, ਸਮੂਹ ਕੌਂਸਲਰ, ਕਰਨੈਲ ਸਿੰਘ ਰਾਣਾ, ਦਿਲਬਾਗ ਸਿੰਘ, ਮਨਦੀਪ ਸਿੰਘ, ਗੁਰਚਰਨ ਸਿੰਘ ਸਿੱਖਿਆ ਕ੍ਰਾਂਤੀ, ਰਕੇਸ਼ ਅਗਰਵਾਲ, ਸੂਬੇਦਾਰ ਸੁਖਦੇਵ ਸਿੰਘ, ਸਤਵਿੰਦਰ ਅਰੋੜਾ, ਸੁਖਜੀਤ ਸਿੰਘ ਸਰਪੰਚ, ਬੀਬੀ ਸਤਵਿੰਦਰ ਕੌਰ, ਕੁਲਵੀਰ ਕੌਰ ਸਮਤੀ ਮੈਂਬਰ, ਨਿਧੀ ਤਿਵਾੜੀ, ਕੁਲਵਿੰਦਰ ਕੌਰ ਕੋਟਲਾ, ਜੇਠਪੁਰ, ਮੰਗਾ ਰਾਮ, ਮਦਨ ਸਿੰਘ ਜ਼ਿਲ੍ਹਾ ਸੈਕਟਰੀ, ਦਵਿੰਦਰ ਸਿੰਘ ਮਿੰਟਾ, ਗੁਰਚਰਨ ਕੋਟਲੀ, ਬਲਜੀਤ ਸਿੰਘ ਬਡਾਲਾ, ਹਰ ਸੁਲਿੰਦਰ ਸਿੰਘ ਢਿੱਲੋ, ਜਸਕਰਨ ਸਿੰਘ, ਮਨਜੀਤ ਸਿੰਘ, ਵੱਖ-ਵੱਖ ਪਿੰਡਾਂ ਅਤੇ ਸ਼ਹਿਰ ਦੇ ਪਤਵੰਤੇ ਸੱਜਣ, ਬਲਾਕ ਪ੍ਰਧਾਨ, ਯੂਥ ਵਿੰਗ ਦੇ ਆਗੂ ਅਤੇ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।

ਹਿੱਲ ਟੌਪ ਪਬਲਿਕ ਸਕੂਲ ਸੜੋਆ ਵਿਖੇ ਮਾਡਲ ਮੇਕਿੰਗ ਮੁਕਾਬਲੇ ਕਰਵਾਏ

ਪੋਜੇਵਾਲ (ਰਾਮ ਲਾਲ) ਬਾਲ ਦਿਵਸ ਦੇ ਮੌਕੇ ਹਿੱਲ ਟੌਪ ਪਬਲਿਕ ਸਕੂਲ ਸੜੋਆ ਵਿਖੇ ਵਿਦਿਆਰਥੀਆਂ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਨਿਖਾਰਨ ਅਤੇ ਉਨ੍ਹਾਂ ਅੰਦਰ ਵਿਗਿਆਨਕ



ਸੋਚ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਮਾਡਲ ਮੇਕਿੰਗ ਮੁਕਾਬਲਾ ਕਰਵਾਇਆ ਗਿਆ।ਮੁਕਾਬਲੇ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲੈਂਦਿਆਂ ਆਪਣੀ ਕਲਾ, ਮਿਹਨਤ ਅਤੇ ਨਵੇਂ ਵਿਚਾਰਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਜਸਵੀਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜਿਹੇ ਮੁਕਾਬਲੇ ਕਰਵਾਉਣ ਦਾ ਮੁੱਖ ਮਕਸਦ ਬੱਚਿਆਂ ਦੀ ਲੁਕੀ ਹੋਈ ਪ੍ਰਤਿਭਾ ਨੂੰ ਸਾਹਮਣੇ ਲਿਆਉਣਾ ਅਤੇ ਉਨ੍ਹਾਂ ਵਿੱਚ ਨਵੀਆਂ ਚੀਜ਼ਾਂ ਸਿੱਖਣ ਦੀ ਰੁਚੀ ਪੈਦਾ ਕਰਨਾ ਹੈ।ਉਨ੍ਹਾਂ ਕਿਹਾ ਕਿ ਕਿਤਾਬੀ ਗਿਆਨ ਦੇ ਨਾਲ-ਨਾਲ ਪ੍ਰੈਕਟੀਕਲ ਗਤੀਵਿਧੀਆਂ ਵੀ ਬੱਚਿਆਂ ਦੇ ਸਰਬਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਰਿਟਾਇਰਡ ਮਾਸਟਰ ਨਰਿੰਦਰ ਕੁਮਾਰ ਬੇਗਮਪੁਰ ਵਿਸ਼ੇਸ਼ ਤੌਰ 'ਤੇ ਪਹੁੰਚੇ।ਉਨ੍ਹਾਂ ਨੇ ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਵੱਖ-ਵੱਖ ਮਾਡਲਾਂ ਦਾ ਨਿਰੀਖਣ ਕੀਤਾ ਅਤੇ ਬੱਚਿਆਂ ਦੀ ਕਲਾਕਾਰੀ, ਮਿਹਨਤ ਤੇ ਸਿਰਜਣਾਤਮਕ ਸੋਚ ਦੀ ਭਰਪੂਰ ਸ਼ਲਾਘਾ ਕੀਤੀ। ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ।ਇਹ ਮੁਕਾਬਲਾ ਵਿਦਿਆਰਥੀਆਂ ਲਈ ਸਿੱਖਣ, ਸੋਚਣ ਅਤੇ ਆਪਣੀ ਪ੍ਰਤਿਭਾ ਨੂੰ ਪ੍ਰਗਟਾਉਣ ਦਾ ਇੱਕ ਵਧੀਆ ਮੌਕਾ ਸਾਬਤ ਹੋਇਆ।ਇਸ ਮੌਕੇ ਮਨਜੀਤ ਸਿੰਘ,ਮਨਜਿੰਦਰ ਕੌਰ ,ਦਵਿੰਦਰ ਕੌਰ, ਕਲਸ਼ ਰਾਣੀ ਅਤੇ ਗੀਤੂ ਦੇਵੀ ਆਦਿ ਸਕੂਲ ਸਟਾਫ ਹਾਜ਼ਰ ਸਨ।

ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

ਪਾਰਟੀ ਅਸੂਲਾਂ ਦੇ ਪਹਿਰੇਦਾਰ ਰਹੇ ਡਾ. ਪਵਨ ਸ਼ਰਮਾ

ਉਂਜ ਤਾਂ ਇਸ ਫਾਨੀ ਸੰਸਾਰ 'ਚ ਜੋ ਵੀ ਆਇਆ ਹੈ, ਉਸ ਨੇ ਇੱਕ ਦਿਨ ਚਲੇ ਹੀ ਜਾਣਾ ਹੈ।ਪਰ ਕੁਝ ਲੋਕ ਜਾਂਦੇ ਨਹੀਂ, ਉਹ ਯਾਦਾਂ ਵਿੱਚ ਵੱਸ ਜਾਂਦੇ ਹਨ।ਡਾ. ਪਵਨ ਸ਼ਰਮਾ ਅਜਿਹੀ ਹੀ ਇੱਕ ਮਿਸਾਲ ਸਨ।ਉਹ ਸਿਰਫ਼ ਇੱਕ ਡਾਕਟਰ ਨਹੀਂ ਸਨ, ਉਹ ਨੰਗਲ ਦਾ ਮਾਣ ਸਨ।ਖਿੜੇ ਮੱਥੇ ਹੱਸਦੇ-ਹੱਸਾਉਂਦੇ, ਹਰ ਇੱਕ ਦੇ ਦੁੱਖ-ਸੁੱਖ ਵਿੱਚ ਸਭ ਤੋਂ ਪਹਿਲਾਂ ਪਹੁੰਚਣ ਵਾਲੇ, ਗਰੀਬ ਹੋਵੇ ਜਾਂ ਅਮੀਰ, ਸਭ ਨੂੰ ਇੱਕੋ ਜਿਹਾ ਪਿਆਰ ਤੇ ਸਤਿਕਾਰ ਦੇਣ ਵਾਲੇ।ਕਮੀਜ਼-ਪਜਾਮਾ ਉਨ੍ਹਾਂ ਨੂੰ ਐਨਾ ਫੱਬਦਾ ਸੀ ਕਿ ਕਿਸੇ ਵੀ ਸਮਾਗਮ ਵਿੱਚ ਦਾਖਲ ਹੁੰਦਿਆਂ ਹੀ ਪਤਾ ਲੱਗ ਜਾਂਦਾ ਸੀ, ਨੰਗਲ ਦਾ ਮਸ਼ਹੂਰ ਡਾ. ਪਵਨ ਸ਼ਰਮਾ ਆ ਗਿਆ ਹੈ। ਮੜ੍ਹਕ ਨਾਲ ਤੁਰਨਾ, ਅੱਖਾਂ ਵਿੱਚ ਪਿਆਰ, ਗੱਲਾਂ ਵਿੱਚ ਸਚਾਈ।ਉਨ੍ਹਾਂ ਕੋਲ ਬੈਠ ਕੇ ਘੜੀ ਦਾ ਪਤਾ ਹੀ ਨਹੀਂ ਲੱਗਦਾ ਸੀ।ਗੱਲਾਂ ਛੋਟੀਆਂ ਹੁੰਦੀਆਂ, ਪਰ ਅਰਥ ਬੜੇ ਡੂੰਘੇ।ਇੰਝ ਲੱਗਦਾ ਜਿਵੇਂ ਉਹ ਗੱਲ ਨਹੀਂ ਕਰ ਰਹੇ, ਝੋਲੀ ਭਰ ਰਹੇ ਹੋਣ।ਜਦੋਂ ਨੰਗਲ ਵਿਖੇ ਫਲਾਈਓਵਰ ਦੇ ਕੰਮ ਵਿੱਚ ਦੇਰੀ ਹੋ ਰਹੀ ਸੀ ਤਾਂ ਸ਼ਹਿਰ ਵਾਸੀਆਂ ਵੱਲੋਂ ਲੜੇ ਜਾ ਰਹੇ ਸੰਘਰਸ਼ ਵਿੱਚ ਭਰਪੂਰ ਸਹਿਯੋਗ ਦਿੱਤਾ। ਜਦੋਂ ਪਾਰਟੀ ਦਾ ਕੋਈ ਵੀ ਐਕਸ਼ਨ ਹੋਵੇ ਤਾਂ ਉਹ ਆਪਣਾ ਕੀਮਤੀ ਸਮਾਂ ਵੀ ਪਾਰਟੀ ਨੂੰ ਦਿੰਦੇ ਸਨ। ਸਾਰੀ ਉਮਰ ਉਨ੍ਹਾਂ ਨੇ ਸੀ ਪੀ ਆਈ ਐਮ ਦਾ ਲੜ ਫੜ ਕੇ, ਪਾਰਟੀ ਦੇ ਅਸੂਲਾਂ ਤੇ ਚੱਟਾਨ ਵਾਂਗ ਪਹਿਰਾ ਦਿੱਤਾ।ਜਦੋਂ ਪਾਰਟੀ ਅੰਦਰ ਫੁੱਟ ਪਈ, ਤਾਂ ਪਿੰਡ ਦੁਬੇਟਾ ਦੀ ਪੂਰੀ ਬਰਾਂਚ ਉਨ੍ਹਾਂ ਦੀ ਅਗਵਾਈ ਵਿੱਚ ਪਾਰਟੀ ਨਾਲ ਡੱਟ ਕੇ ਖੜ੍ਹੀ ਰਹੀ। ਚੋਣਾਂ ਵਿੱਚ ਜੋ ਵੀ ਡਿਊਟੀ ਲੱਗੀ, ਉਸ ਨੂੰ ਉਨ੍ਹਾਂ ਨੇ ਮਿਸਾਲ ਬਣਾ ਕੇ ਨਿਭਾਇਆ।ਤਹਿਸੀਲ ਕਮੇਟੀ ਦੇ ਲੰਬੇ ਸਮੇਂ ਮੈਂਬਰ ਰਹੇ, ਕੋਆਪਰੇਟਿਵ ਬੈਂਕ ਦੇ ਚੇਅਰਮੈਨ ਰਹੇ, ਪਰ ਕਦੇ ਮਿੰਨਤ-ਤਰਲਾ ਨਹੀਂ ਕੀਤਾ, ਕਦੇ ਹਲੀਮੀ ਦਾ ਪੱਲਾ ਨਹੀਂ ਛੱਡਿਆ।ਉਨ੍ਹਾਂ ਦਾ ਜੀਵਨ ਸੰਘਰਸ਼ ਦੀ ਕਹਾਣੀ ਹੈ।20 ਅਪ੍ਰੈਲ 1954 ਨੂੰ ਪਿੰਡ ਦੁਬੇਟਾ ਵਿਖੇ ਮਾਤਾ ਕ੍ਰਿਸ਼ਨਾ ਦੇਵੀ ਦੀ ਕੁੱਖੋਂ ਅਤੇ ਪਿਤਾ ਸ਼ਿਵ ਕੁਮਾਰ ਦੇ ਘਰ ਜਨਮ ਹੋਇਆ।ਛੋਟੀ ਉਮਰੇ ਮਾਂ ਦਾ ਸਾਇਆ ਸਿਰ ਤੋਂ ਉੱਠ ਗਿਆ। ਪਿਤਾ ਨੇ ਬੜੀ ਮੁਸ਼ਕਲ ਨਾਲ ਪਾਲਿਆ ਅਤੇ ਪਿੰਡ ਦੇ



ਪ੍ਰਸਿੱਧ ਕਮਿਊਨਿਸਟ ਡਾਕਟਰ ਮਹਿੰਦਰ ਪਾਲ ਗੌਤਮ ਕੋਲ ਡਾਕਟਰੀ ਸਿੱਖਣ ਲਈ ਛੱਡ ਦਿੱਤਾ।ਇਥੋਂ ਹੀ ਪਾਰਟੀ ਦੀ ਲਗਨ ਲੱਗ ਗਈ। ਦਿਨ-ਰਾਤ ਮਿਹਨਤ, ਕਿਤਾਬਾਂ ਦਾ ਅਧਿਐਨ ਅਤੇ ਗੁਰੂ ਦੀ ਸੰਗਤ ਨੇ ਉਨ੍ਹਾਂ ਨੂੰ ਡਾਕਟਰ ਬਣਾ ਦਿੱਤਾ। 1975 ਵਿੱਚ ਉਹ ਸੀ ਪੀ ਆਈ ਐਮ ਦੇ ਮੈਂਬਰ ਬਣੇ ਅਤੇ 1978 ਵਿੱਚ ਰੇਲਵੇ ਰੋਡ, ਨੰਗਲ ਵਿਖੇ ਆਪਣੀ ਪ੍ਰੈਕਟਿਸ ਸ਼ੁਰੂ ਕੀਤੀ।ਪਤਨੀ ਆਸ਼ਾ ਰਾਣੀ, ਵੱਡੇ ਪੁੱਤਰ ਡਾ. ਦਿਨੇਸ਼ ਸ਼ਰਮਾ ਜੋ ਮੋਹਾਲੀ ਵਿਖੇ ਡੈਂਟਲ ਸਰਜਨ ਵਜੋਂ ਸੇਵਾ ਕਰ ਰਹੇ ਹਨ, ਛੋਟੇ ਪੁੱਤਰ ਵਿਸ਼ਾਲ ਸ਼ੈਲੀ ਜੋ ਅੱਜ ਪਾਰਟੀ ਦੀ ਤਹਿਸੀਲ ਕਮੇਟੀ ਦਾ ਮੈਂਬਰ ਹੈ।ਨੂੰਹ ਸ਼ਾਲੂ ਸ਼ਰਮਾ ਚੰਡੀਗੜ੍ਹ ਦੇ ਵੱਡੇ ਕਾਲਜ ਵਿੱਚ ਪ੍ਰੋਫੈਸਰ ਹੈ, ਦੂਜੀ ਨੂੰਹ ਸੋਨੀ ਸ਼ਰਮਾ ਘਰ ਸੰਭਾਲ ਰਹੀ ਹੈ।

ਅਜੇ ਕੁਝ ਦਿਨ ਪਹਿਲਾਂ ਮੈਂ ਖਬਰਸਾਰ ਲਈ ਘਰ ਗਿਆ।ਉਹ ਚੜ੍ਹਦੀ ਕਲਾ ਵਿੱਚ ਸਨ, ਪਰ 4 ਨਵੰਬਰ ਨੂੰ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਮੌਤ 'ਤੇ ਹੋਇਆ ਇਕੱਠ ਹੀ ਦੱਸਦਾ ਸੀ ਕਿ ਉਨ੍ਹਾਂ ਨੇ ਕਿੰਨੇ ਦਿਲ ਜਿੱਤੇ ਸਨ।ਅਜਿਹੇ ਬੰਦੇ ਰੋਜ਼-ਰੋਜ਼ ਨਹੀਂ ਜੰਮਦੇ।ਉਨ੍ਹਾਂ ਕੋਲ ਬੈਠ ਕੇ ਮਨ ਨੂੰ ਸਕੂਨ ਮਿਲਦਾ ਸੀ।ਨਾ ਕੋਈ ਦਿਖਾਵਾ, ਨਾ ਕੋਈ ਬਣਾਵਟ, ਬਸ ਸੱਚ ਦੇ ਮਾਰਗ 'ਤੇ ਚੱਲਣ ਦੀ ਨਸੀਹਤ।ਅੱਜ 15 ਨਵੰਬਰ, ਦਿਨ ਐਤਵਾਰ ਨੂੰ ਉਨ੍ਹਾਂ ਦਾ ਸ਼ਰਧਾਂਜਲੀ ਸਮਾਗਮ ਤੇ ਪਾਠ ਦਾ ਭੋਗ ਉਨ੍ਹਾਂ ਦੇ ਗ੍ਰਹਿ ਰਾਮ ਨਗਰ, ਮਕਾਨ ਨੰਬਰ 9, ਨੰਗਲ ਵਿਖੇ ਪਵੇਗਾ।

-ਸੁਰਜੀਤ ਸਿੰਘ ਢੇਰ

ਸਕੂਲ 'ਚ ਸੈਂਟਰ ਪੱਧਰੀ ਵਿਦਿਅਕ ਮੁਕਾਬਲੇ ਕਰਵਾਏ

ਸੁਲਤਾਨਪੁਰ ਲੋਧੀ (ਹਨੀ) ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਮਮਤਾ ਬਜਾਜ, ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ, ਬਲਾਕ ਸਿੱਖਿਆ ਅਧਿਕਾਰੀ ਕਮਲਜੀਤ ਦੀ ਅਗਵਾਈ ਤੇ ਸੈਂਟਰ ਹੈਡ ਟੀਚਰ



ਕੁਲਦੀਪ ਸਿੰਘ, ਗੁਰਪ੍ਰੀਤ ਸਿੰਘ ਮੰਗੂਪੁਰ ਬੀ ਆਰ ਸੀ ਮਸੀਤਾਂ ਦੀ ਦੇਖ ਰੇਖ ਹੇਠ ਸੈਂਟਰ ਪੱਧਰੀ ਕਲੱਸਟਰ ਮੁਹੱਬਲੀਪੁਰ ਵਿਖੇ ਵਿਦਿਅਕ ਮੁਕਾਬਲੇ ਆਯੋਜਿਤ ਕੀਤੇ ਗਏ।ਇਸ ਦੌਰਾਨ ਸੈਂਟਰ ਮੁਹੱਬਲੀਪੁਰ ਦੇ ਕੁੱਲ 11 ਸਕੂਲਾਂ ਦੇ ਵੱਖ-ਵੱਖ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਇਹਨਾਂ ਮੁਕਾਬਲਿਆਂ ਵਿੱਚ ਭਾਗ ਲਿਆ। ਇਸ ਦੌਰਾਨ ਭਾਸ਼ਣ, ਲਿਖਾਈ, ਕਹਾਣੀ ਸੁਣਾਉਣਾ, ਅੰਗਰੇਜ਼ੀ ਸੁੰਦਰ ਲਿਖਾਈ, ਕੁਇੱਜ਼ ਮੁਕਾਬਲਾ, ਪਿਕਚਰ ਕੰਪਰੀਹੈਂਸ਼ਨ, ਬੈਸਟ ਆਊਟ ਆਫ਼ ਵੇਸਟ, ਕਵਿਤਾ ਗਾਇਨ, ਪਹਾੜੇ ਆਦਿ ਦੇ ਮੁਕਾਬਲੇ ਕਰਵਾਏ ਗਏ। ਜਿਹਨਾਂ ਵਿੱਚ ਪਹਿਲੀ, ਦੂਸਰੀ ਤੇ ਤੀਸਰੀ ਪੁਜੀਸ਼ਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਗੁਰਪ੍ਰੀਤ ਸਿੰਘ ਮੰਗੂਪੁਰ ਬੀ ਆਰਸੀ ਮਸੀਤਾਂ, ਹੈੱਡ ਟੀਚਰ ਚਰਨਜੀਤ ਕੌਰ, ਹੈਡ ਟੀਚਰ ਕੁਲਵਿੰਦਰ ਕੌਰ, ਬਰਿੰਦਰ ਸਿੰਘ ਮਾਨ, ਕਮਲਜੀਤ ਸਿੰਘ, ਕੰਵਲਪ੍ਰੀਤ ਸਿੰਘ ਕੌੜਾ, ਅਰੁਨ ਹਾਂਡਾ, ਚੰਦਨ ਮਨਚੰਦਾ, ਅਮਨਦੀਪ ਸਿੰਘ ਆਦਿ ਦੀ ਹਾਜ਼ਰੀ ਵਿੱਚ ਵਿਸੇਸ ਸਨਮਾਨ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਸਨਮਾਨਤ ਕਰਨ ਉਪਰੰਤ ਸੈਂਟਰ ਹੈੱਡ ਟੀਚਰ ਕੁਲਦੀਪ ਸਿੰਘ ਨੇ ਸਾਰੇ ਹੀ ਜੇਤੂ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਬਲਾਕ ਪੱਧਰੀ ਤੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਪ੍ਰੇਰਿਤ ਕਰਦੇ ਹੋਏ ਉਹਨਾਂ ਨੂੰ ਮੁਬਾਰਕਬਾਦ ਦਿੱਤੀ।ਇਹਨਾਂ ਮੁਕਾਬਲਿਆਂ ਦੌਰਾਨ ਹੈਡ ਟੀਚਰ ਚਰਨਜੀਤ ਕੌਰ, ਹੈਡ ਟੀਚਰ ਕੁਲਵਿੰਦਰ ਕੌਰ, ਰਾਜਦੀਪ ਕੌਰ, ਕੰਵਲਪ੍ਰੀਤ ਸਿੰਘ ਕੌੜਾ, ਅਰੁਨ ਹਾਂਡਾ, ਰੁਪਿੰਦਰ ਕੌਰ, ਸਮਾਇਲਪ੍ਰੀਤ ਕੌਰ, ਬਰਿੰਦਰ ਸਿੰਘ ਮਾਨ ਕਮਲਜੀਤ ਸਿੰਘ ਆਦਿ ਨੇ ਜੱਜਮੈਂਟ ਦੀ ਭੂਮਿਕਾ ਬਖੂਬੀ ਨਿਭਾਈ।

ਵੋਟਰ ਜਾਗਰੂਕਤਾ ਸੰਬੰਧੀ ਕੁਇੱਜ਼ ਮੁਕਾਬਲਾ ਕਰਵਾਇਆ

ਬਲਾਚੌਰ, (ਜਸਵਿੰਦਰ ਬੈਂਸ): ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚੂਐਂਟ ਕਾਲਜ, ਬਲਾਚੌਰ ਵਿਖੇ ਵਿਦਿਆਰਥੀਆਂ ਵਿੱਚ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਪ੍ਰਫੁੱਲਤ ਕਰਨ, ਚੋਣ ਪ੍ਰਕਿਰਿਆ ਦੀ ਜਾਣਕਾਰੀ ਦੇਣ ਅਤੇ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਮਕਸਦ ਨਾਲ ਵਿਸ਼ੇਸ਼ ਕੁਇੱਜ਼ ਮੁਕਾਬਲਾ ਕਰਵਾਇਆ ਗਿਆ।ਇਸ ਮੁਕਾਬਲੇ ਵਿੱਚ ਕਾਲਜ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਅਤੇ ਦਿਲਚਸਪੀ ਨਾਲ ਭਾਗ ਲਿਆ।ਮੁਕਾਬਲੇ ਦੌਰਾਨ ਵਿਦਿਆਰਥੀਆਂ ਨੂੰ ਲੋਕਤੰਤਰ ਦੀ ਮਹੱਤਤਾ, ਭਾਰਤੀ ਚੋਣ ਪ੍ਰਣਾਲੀ, ਵੋਟ ਪਾਉਣ ਦੀ ਪ੍ਰਕਿਰਿਆ ਅਤੇ ਇੱਕ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੇ ਸੰਵਿਧਾਨਕ ਅਧਿਕਾਰਾਂ ਤੇ ਫਰਜ਼ਾਂ ਬਾਰੇ ਵੱਖ-ਵੱਖ ਸਵਾਲਾਂ ਰਾਹੀਂ



ਜਾਣਕਾਰੀ ਦਿੱਤੀ ਗਈ।ਇਸ ਗਤੀਵਿਧੀ ਰਾਹੀਂ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਲੋਕਤੰਤਰੀ ਪ੍ਰਕਿਰਿਆ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕੀਤਾ ਗਿਆ।ਇਸ ਪ੍ਰੋਗਰਾਮ ਦਾ ਆਯੋਜਨ ਪ੍ਰੋ. ਗੁਰਦੀਪ ਕੌਰ ਅਤੇ ਜਗਵਿੰਦਰ ਕੌਰ ਦੀ ਅਗਵਾਈ ਹੇਠ ਕੀਤਾ ਗਿਆ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰ ਨਾਗਰਿਕ ਦੀ ਭਾਗੀਦਾਰੀ ਬੇਹੱਦ ਮਹੱਤਵਪੂਰਨ ਹੈ।ਵੋਟ ਸਿਰਫ਼ ਇੱਕ ਅਧਿਕਾਰ ਹੀ ਨਹੀਂ, ਸਗੋਂ ਦੇਸ਼ ਦੇ ਭਵਿੱਖ ਨੂੰ ਨਿਰਧਾਰਤ ਕਰਨ ਵਿੱਚ ਨਾਗਰਿਕ ਦੀ ਅਹਿਮ ਜ਼ਿੰਮੇਵਾਰੀ ਵੀ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਬਿਨਾਂ ਕਿਸੇ ਲਾਲਚ, ਦਬਾਅ ਜਾਂ ਭੇਦਭਾਵ ਤੋਂ ਸੁਤੰਤਰ ਅਤੇ ਸਮਝਦਾਰੀ ਨਾਲ ਕਰਨ ਅਤੇ ਆਪਣੇ ਪਰਿਵਾਰਕ ਮੈਂਬਰਾਂ ਤੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨ।

ਇਸ ਤਰ੍ਹਾਂ ਇਹ ਕੁਇੱਜ਼ ਮੁਕਾਬਲਾ ਵਿਦਿਆਰਥੀਆਂ ਲਈ ਗਿਆਨਵਰਧਕ ਅਤੇ ਪ੍ਰੇਰਨਾਦਾਇਕ ਸਾਬਤ ਹੋਇਆ, ਜਿਸ ਰਾਹੀਂ ਨੌਜਵਾਨ ਪੀੜ੍ਹੀ ਨੂੰ ਜਾਗਰੂਕ, ਜ਼ਿੰਮੇਵਾਰ ਅਤੇ ਸਰਗਰਮ ਨਾਗਰਿਕ ਬਣਨ ਦਾ ਸੁਨੇਹਾ ਦਿੱਤਾ ਗਿਆ।

ਸੰਗਰਾਂਦ ਦਾ ਦਿਹਾੜਾ ਭਲਕੇ

ਆਦਮਪੁਰ, (ਪਰਮਜੀਤ ਸਿੰਘ)- ਆਦਮਪੁਰ ਦੋਆਬਾ ਦੇ ਇਤਿਹਾਸਕ ਗੁਰਦੁਆਰਾ ਧੰਨ-ਧੰਨ ਸ਼ਹੀਦ ਬਾਬਾ ਮਤੀ ਜੀ ਡਰੋਲੀ ਕਲਾਂ ਵਿਖੇ ਮੱਘਰ ਮਹੀਨੇ ਦੀ ਸੰਗਰਾਂਦ ਦਾ ਪਵਿੱਤਰ ਦਿਹਾੜਾ 16 ਨਵੰਬਰ ਨੂੰ ਸਵੇਰੇ 8 ਵਜੇ ਤੋਂ 1:30 ਵਜੇ ਤਕ ਸਮੂਹ ਨਗਰ ਨਿਵਾਸੀ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਦੀ ਅਗਵਾਈ ਹੇਠ ਤੇ ਕਮੇਟੀ ਪ੍ਰਬੰਧਕਾਂ ਦੇ ਸਹਿਯੋਗ ਨਾਲ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ



ਰਿਹਾ ਹੈ। ਇਸ ਮੌਕੇ ਕਥਾਵਾਚਕ ਤੇ ਰਾਗੀ ਜੱਥਾ ਵਲੋਂ ਆਈਆਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਨੂੰ ਪਰਵਾਰਾਂ ਸਮੇਤ ਪਹੁੰਚ ਕੇ ਸਮਾਗਮ ਦੀ ਸੋਭਾ ਨੂੰ ਵਧਾਉਣ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ। ਸਟੇਜ ਸਕੱਤਰ ਦੀ ਸੇਵਾ ਮਾਸਟਰ ਸੁਰਜੀਤ ਸਿੰਘ ਵੱਲੋਂ ਨਿਭਾਈ ਜਾਵੇਗੀ। ਗੁਰੂ ਕਾ ਅਤੁੱਟ ਲੰਗਰ ਵੀ ਵਰਤਾਇਆ ਜਾਵੇਗਾ।

ਸਾਲਾਨਾ ਖੇਡ ਮੇਲੇ ਦਾ ਸ਼ਾਨਦਾਰ ਆਗਾਜ਼


ਚੰਡੀਗੜ੍ਹ (ਸੁਰਜੀਤ ਸੁਮਨ) ਏ.ਪੀ.ਜੇ. ਪਬਲਿਕ ਸਕੂਲ ਮੰਡੀ ਖਰੜ ਵਿਖੇ 13 ਨਵੰਬਰ 2016 ਨੂੰ ਸਾਲਾਨਾ ਖੇਡ ਮੇਲੇ-2026 ਦਾ ਉਦਘਾਟਨੀ ਸਮਾਰੋਹ ਬੜੇ ਉਤਸ਼ਾਹ, ਜੋਸ਼ ਅਤੇ ਖੇਡ ਭਾਵਨਾ ਨਾਲ ਕਰਵਾਇਆ ਗਿਆ।ਇਸ ਮੌਕੇ ਸਕੂਲ ਦਾ ਮੈਦਾਨ ਖਿਡਾਰੀਆਂ ਦੇ ਜੋਸ਼, ਉਤਸਾਹ ਅਤੇ ਰੌਣਕਾਂ ਨਾਲ ਭਰਿਆ ਹੋਇਆ ਸੀ। ਵਿਦਿਆਰਥੀਆਂ ਨੇ ਵੱਖ-ਵੱਖ ਖੇਡ ਗਤੀਵਿਧੀਆਂ ਵਿੱਚ ਭਾਗ ਲਿਆ।ਖੇਡ ਮੇਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸਰੀਰਕ ਤੰਦਰੁਸਤੀ, ਅਨੁਸ਼ਾਸਨ, ਟੀਮ ਭਾਵਨਾ, ਅਗਵਾਈ ਦੇ ਗੁਣ ਅਤੇ ਖੇਡ ਭਾਵਨਾ ਨੂੰ ਉਤਸ਼ਾਹਤ ਕਰਨਾ ਸੀ।ਵਿਦਿਆਰਥੀਆਂ ਨੇ ਆਪਣੀ ਖੇਡ ਪ੍ਰਤਿਭਾ, ਆਤਮ ਵਿਸ਼ਵਾਸ ਅਤੇ ਮਿਹਨਤ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਜਸਬੀਰ ਚੰਦਰ ਨੇ ਵਿਦਿਆਰਥੀਆਂ ਦੀ ਹੌਸਲਾ-ਅਫਜਾਈ ਕਰਦਿਆਂ ਕਿਹਾ ਕਿ ਖੇਡਾਂ ਮਨੁੱਖ ਦੇ



ਸਰਬਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਉਹਨਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।ਇਸ ਸਮਾਗਮ ਨੂੰ ਸਫਲ ਬਣਾਉਣ ਲਈ ਅਧਿਆਪਕਾਂ ਅਤੇ ਖੇਡ ਵਿਭਾਗ ਨੇ ਵਿਸ਼ੇਸ਼ ਯੋਗਦਾਨ ਪਾਇਆ।

ਵਿਦਿਆਰਥੀਆ ਲਈ ਟਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ ਕਰਵਾਇਆ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ) ਸੀਨੀਅਰ ਪੁਲਸ ਕਪਤਾਨ ਸੰਦੀਪ ਕੁਮਾਰ ਮਾਲਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਨੋਹਰ ਚੰਦ ਟ੍ਰੈਫਿਕ ਐਜੂਕੇਸ਼ਨ ਸੈਲ ਹੁਸਿਆਰਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਾਮ ਹੁਸਿਆਰਪੁਰ ਵਿਖੇ ਪ੍ਰਿੰਸੀਪਲ ਪਰਮਿੰਦਰ ਜੀਤ ਸਿੰਘ ਅਤੇ ਸਕੂਲ ਸਟਾਫ ਦੀ ਹਾਜ਼ਰੀ ਵਿੱਚ ਵਿਦਿਆਰਥੀਆ ਨਾਲ ਟਰੈਫਿਕ ਨਿਯਮਾਂ ਸੰਬੰਧੀ ਸੈਮੀਨਾਰ ਲਗਾਇਆ ਗਿਆ।ਜਿਸ ਵਿਚ ਬੱਚਿਆਂ ਨੂੰ ਪੰਜਾਬ ਸਰਕਾਰ ਵੱਲੋਂ ਆਈਆਂ ਹਦਾਇਤਾਂ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਵੱਲੋਂ ਕੋਈ ਵੀ ਗੇਅਰ ਵਾਲਾ ਵਹੀਕਲ ਨਾ



ਚਲਾਉਣ ਅਤੇ ਫ਼ਰਿਸ਼ਤੇ ਸਕੀਮ 2024 ਤੇ ਰਾਹ-ਵੀਰ ਯੋਜਨਾ ਤਹਿਤ ਜ਼ਖਮੀਆਂ ਵਿਆਕਤੀਆਂ ਨੂੰ ਮੁਢਲੀ ਸਹਾਇਤਾ ਦੇਣ ਅਤੇ ਹਸਪਤਾਲ ਵਿਚ ਦਾਖਲ ਕਰਵਾਕੇ ਸਰਕਾਰ ਪਾਸੋਂ 25,000/-ਰੁਪਏ ਦਾ ਇਨਾਮ ਹਾਸਲ ਕਰਨ ਬਾਰੇ ਪੀ ਐਮ ਰਾਹਤ ਸਕੀਮ ਦਾ ਫਾਇਦਾ ਲੈਣ ਬਾਰੇ ਵੀ ਜਾਗਰੂਕ ਕੀਤਾ ਗਿਆ ਅਤੇ ਸਾਈਬਰ ਕ੍ਰਾਇਮ ਦੁਆਰਾ ਹੋ ਰਹੀਆਂ ਠੱਗੀਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

ਨਸ਼ਾ ਮੁਕਤੀ ਜਾਗਰੂਕਤਾ ਰੈਲੀ ਕੱਢੀ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸਮਾਜ ਵਿੱਚ ਦਿਨੋਂ-ਦਿਨ ਵਧ ਰਹੀ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਇਸ ਗੰਭੀਰ ਸਮਾਜਿਕ ਬੁਰਾਈ ਤੋਂ ਬਚਾਉਣ ਲਈ ਰਯਾਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵੱਲੋਂ ਪਿੰਡ ਬਹਾਦਰਪੁਰ ਬਾਹੀਆਂ ਵਿਖੇ ਨਸ਼ਾ ਮੁਕਤੀ ਜਾਗਰੂਕਤਾ ਰੈਲੀ ਕੱਢੀ ਗਈ।

ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵੱਲੋਂ ਕਰਵਾਈ ਗਈ ਇਸ ਰੈਲੀ ਦਾ ਮੁੱਖ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਖ਼ਤਰਨਾਕ ਨਤੀਜਿਆਂ ਤੋਂ ਜਾਣੂ ਕਰਵਾਉਣਾ ਅਤੇ ਨੌਜਵਾਨਾਂ ਨੂੰ ਸਿਹਤਮੰਦ ਤੇ ਅਨੁਸ਼ਾਸਿਤ ਜੀਵਨ ਜਿਊਣ ਲਈ ਪ੍ਰੇਰਿਤ ਕਰਨਾ ਸੀ। ਰੈਲੀ ਦੌਰਾਨ ਵਿਦਿਆਰਥੀਆਂ ਨੇ ਪਿੰਡ ਦੇ ਵੱਖ-ਵੱਖ ਇਲਾਕਿਆਂ ਵਿੱਚ ਪਹੁੰਚ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ।ਇਸ ਮੌਕੇ 47 ਵਿਦਿਆਰਥੀਆਂ ਅਤੇ ਇੱਕ ਅਧਿਆਪਕ ਨੇ ਭਾਗ ਲੈਂਦਿਆਂ ਲੋਕਾਂ ਨੂੰ ਸਮਝਾਇਆ ਕਿ ਨਸ਼ਿਆਂ ਦੀ ਲਤ ਨਾ ਸਿਰਫ਼ ਮਨੁੱਖੀ ਸਿਹਤ ਨੂੰ ਤਬਾਹ ਕਰਦੀ ਹੈ, ਸਗੋਂ ਪਰਿਵਾਰਕ ਖੁਸ਼ਹਾਲੀ, ਸਮਾਜਿਕ ਰਿਸ਼ਤਿਆਂ ਅਤੇ ਨੌਜਵਾਨਾਂ ਦੇ ਭਵਿੱਖ ਉੱਤੇ ਵੀ ਬਹੁਤ ਮਾੜਾ ਅਸਰ ਪਾਉਂਦੀ ਹੈ। ਵਿਦਿਆਰਥੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀਆਂ ਗਤੀਵਿਧੀਆਂ ਪ੍ਰਤੀ ਸੁਚੇਤ ਰਹਿਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਨੌਜਵਾਨਾਂ ਨੂੰ ਸਹੀ ਦਿਸ਼ਾ ਦਿਖਾਉਣ। ਇਸ ਮੌਕੇ ਵਿਦਿਆਰਥੀਆਂ ਨੇ ਇਹ ਸੰਦੇਸ਼ ਵੀ ਦਿੱਤਾ ਕਿ ਨਸ਼ਿਆਂ ਵਿਰੁੱਧ ਲੜਾਈ ਕੇਵਲ ਸਰਕਾਰ ਜਾਂ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨਹੀਂ, ਬਲਕਿ ਸਮਾਜ ਦੇ ਹਰੇਕ ਵਰਗ ਨੂੰ ਇਸ ਮੁਹਿੰਮ ਵਿੱਚ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਰੈਲੀ ਦਾ ਆਯੋਜਨ ਵਾਈਸ ਚਾਂਸਲਰ ਡਾ. ਚੰਦਰ ਮੋਹਨ ਅਤੇ ਵਿਭਾਗ ਮੁਖੀ ਡਾ. ਪ੍ਰਿਯੰਕਾ ਪੁਰੀ ਦੀ ਅਗਵਾਈ ਹੇਠ ਕੀਤਾ ਗਿਆ, ਜਦਕਿ ਇਸ ਦੀ ਜ਼ਿੰਮੇਵਾਰੀ ਇਤਿਹਾਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਜਤਿੰਦਰ ਕੁਮਾਰ ਨੇ ਨਿਭਾਈ।

ਵਾਈਸ ਚਾਂਸਲਰ ਡਾ. ਚੰਦਰ ਮੋਹਨ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਦਾ ਫਰਜ਼ ਸਿਰਫ਼ ਵਿਦਿਆਰਥੀਆਂ ਨੂੰ ਪੜ੍ਹਾਈ ਤੱਕ ਸੀਮਤ ਰੱਖਣਾ ਨਹੀਂ, ਸਗੋਂ ਉਨ੍ਹਾਂ ਨੂੰ ਸਮਾਜ ਪ੍ਰਤੀ ਜ਼ਿੰਮੇਵਾਰ ਨਾਗਰਿਕ ਬਣਾਉਣਾ ਵੀ ਹੈ।

ਪੰਜਾਬ ਤੇ ਪੰਥ ਦੇ ਹਿੱਤਾਂ ਦੀ ਰਾਖੀ ਲਈ ਸਿਧਾਂਤਕ ਖੇਤਰੀ ਪਾਰਟੀ ਦੀ ਅਤਿਅੰਤ ਜ਼ਰੂਰਤ : ਵਡਾਲਾ


ਨਕੋਦਰ, ਨੂਰਮਹਿਲ (ਮਨਜੀਤ ਮਾਨ, ਬਾਲ ਕ੍ਰਿਸ਼ਨ ਬਾਲੀ)- ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਹਲਕਾ ਨਕੋਦਰ ਦੀ ਇੱਕ ਅਹਿਮ ਅਤੇ ਵਿਸ਼ੇਸ਼ ਮੀਟਿੰਗ ਨਕੋਦਰ ਸਥਿਤ ਪਾਰਟੀ ਦਫ਼ਤਰ ਵਿਖੇ ਸੀਨੀਅਰ ਆਗੂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਯੋਗ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਹਲਕੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਮੋਹਤਬਰ ਵਿਅਕਤੀਆਂ, ਸੀਨੀਅਰ ਵਰਕਰਾਂ ਅਤੇ ਪਾਰਟੀ ਅਹੁਦੇਦਾਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਦਾ ਮੁੱਖ ਮੰਤਵ ਮੌਜੂਦਾ ਸਿਆਸੀ ਹਾਲਾਤ ਦਾ ਜਾਇਜ਼ਾ ਲੈਣਾ ਅਤੇ ਹਲਕੇ ਵਿੱਚ ਪਾਰਟੀ ਦੀਆਂ ਗਤੀਵਿਧੀਆਂ ਨੂੰ ਹੋਰ ਤੇਜ਼ ਕਰਨਾ ਸੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਪੰਜਾਬ ਦੀ ਮੌਜੂਦਾ ਸਿਆਸੀ ਹਲਚਲ ਅਤੇ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਵਿੱਚ ਪੰਜਾਬ ਅਤੇ ਪੰਥ ਦੇ ਹਿੱਤਾਂ ਦੀ ਰਾਖੀ ਲਈ ਇੱਕ ਮਜ਼ਬੂਤ ਅਤੇ ਸਿਧਾਂਤਕ ਖੇਤਰੀ ਪਾਰਟੀ ਦੀ ਅਤਿਅੰਤ ਲੋੜ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਹਮੇਸ਼ਾ ਪੰਥਕ ਕਦਰਾਂ-ਕੀਮਤਾਂ, ਪੰਜਾਬ ਦੇ ਹੱਕਾਂ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਇਸ ਮੌਕੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਦੀ ਰਣਨੀਤੀ ਅਤੇ ਨੀਤੀਆਂ ਬਾਰੇ ਹਾਜ਼ਰ ਮੋਹਤਬਰ ਸੱਜਣਾਂ ਨਾਲ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਜਥੇਦਾਰ ਵਡਾਲਾ ਨੇ ਸਮੂਹ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ-ਪਿੰਡ ਅਤੇ ਘਰ-ਘਰ ਜਾ ਕੇ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਦਾ ਪ੍ਰਚਾਰ ਕਰਨ।ਮੀਟਿੰਗ ਦੌਰਾਨ ਪੰਥਕ ਏਕਤਾ ਦੇ ਮੁੱਦੇ 'ਤੇ ਵੀ



ਗੰਭੀਰਤਾ ਨਾਲ ਚਰਚਾ ਕੀਤੀ ਗਈ। ਅੰਤ ਵਿੱਚ ਹਲਕਾ ਨਕੋਦਰ ਦੇ ਸਮੂਹ ਮੋਹਤਬਰ ਵਿਅਕਤੀਆਂ ਅਤੇ ਵਰਕਰਾਂ ਵੱਲੋਂ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਮੀਟਿੰਗ ਵਿੱਚ ਵੱਖ-ਵੱਖ ਪਿੰਡਾਂ ਤੋਂ ਅਹੁਦੇਦਾਰ ਅਤੇ ਵਰਕਰ ਜਿਨਾਂ ਅਵਤਾਰ ਸਿੰਘ ਕਲੇਰ ਸੁਰਤੇਜ ਸਿੰਘ ਬਾਸੀ ਲਸ਼ਕਰ ਸਿੰਘ ਰਹੀਮਪੁਰ ਸੁਖਵੰਤ ਸਿੰਘ ਰੌਲੀ ਲੰਬਰਦਾਰ ਹਰਪਾਲ ਸਿੰਘ ਮੁੱਧ ਲੰਬਰਦਾਰ ਸੁਰਜੀਤ ਸਿੰਘ ਹੇਰਾਂ ਹਰਜੋਤ ਸਿੰਘ ਫਰਵਾਲਾ ਤਰਸੇਮ ਸਿੰਘ ਲਿਤਰਾਂ ਰਾਣਾ ਲਿਤਰਾਂ ਹਰਿੰਦਰ ਸਿੰਘ ਸਰੀਂਹ ਪਰਮਿੰਦਰ ਸਿੰਘ ਚੱਕ ਕਲਾਂ ਮਹਿੰਦਰ ਸਿੰਘ ਮੁਹੇਮਾਂ ਨਿਰਮਲ ਸਿੰਘ ਫੌਜੀ ਚੱਕ ਖੁਰਦ ਸਰਵਣ ਸਿੰਘ ਬਾਠ ਗਗਨ ਆਧੀ ਮਲਕੀਤ ਸਿੰਘ ਰਸੂਲਪੁਰ ਬਲਵਿੰਦਰ ਸਿੰਘ ਆਲੇਵਾਲੀ ਜਸਜੀਤ ਸਿੰਘ ਦਿਲਬਾਗ ਸਿੰਘ ਬਿੱਲਾ ਨਵਾਬ ਅਵਤਾਰ ਸਿੰਘ ਲਾਲ ਕੋਠੀ ਸਰਪੰਚ ਜੱਸਲ ਕੰਗ ਸਾਬੂ ਸਰਪੰਚ ਨਾਥੀ ਰਾਮ ਮਾਲੜੀ ਜੀਤਾ ਮੱਲੀਆਂ ਬੂਟਾ ਸਿੰਘ ਚੱਕ ਵੇਡੰਲ ਅਵਤਾਰ ਸਿੰਘ ਸੰਧੂ ਨਕੋਦਰ ਸੋਨੂੰ ਖੀਵਾ ਜੋਗਿੰਦਰ ਸਿੰਘ ਗਿੱਲ ਨਕੋਦਰ ਬੱਬੂ ਹੁਸੈਨਪੁਰ ਹਰਦੀਪ ਸਿੰਘ ਡਿੰਪੀ ਕਲਿਆਣਪੁਰ ਸਰਪੰਚ ਸੁਖਵੀਰ ਸਿੰਘ ਸੁੱਖਾ ਜੱਟ ਸ਼ਾਹਕੋਟ ਸੱਤਪਾਲ ਟੰਡਨ ਨਕੋਦਰ ਦੀਪਾ ਐਰੀ ਨਕੋਦਰ ਆਦਿ ਹਾਜ਼ਰ ਸਨ।

ਸਾਬਕਾ ਵਿਧਾਇਕ ਦੀ ਪਤਨੀ ਨੇ ਜਨ ਸੰਪਰਕ ਮੁਹਿੰਮ ਕੀਤੀ ਸ਼ੁਰੂ

ਲਾਲੜੂ (ਵਿਨੈ ਕੁਮਾਰ ਜੈਨ)- ਸ਼੍ਰੋਮਣੀ ਅਕਾਲੀ ਦਲ ਦੀ ਮਹਿਲਾ ਆਗੂ ਅਤੇ ਸਾਬਕਾ ਵਿਧਾਇਕ ਐੱਨ ਕੇ ਸ਼ਰਮਾ ਦੀ ਪਤਨੀ ਬਬੀਤਾ ਸ਼ਰਮਾ ਨੇ ਔਰਤਾਂ ਨੂੰ ਮੌਜੂਦਾ ਸਰਕਾਰ ਵਿਰੁੱਧ ਇੱਕਜੁੱਟ ਹੋਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਅਕਾਲੀ ਦਲ ਹੀ ਇੱਕੋ ਇੱਕ ਪਾਰਟੀ ਹੈ ਜਿਸ ਨੇ ਹਮੇਸ਼ਾ ਔਰਤਾਂ ਨੂੰ ਸਤਿਕਾਰ ਦਿੱਤਾ ਹੈ। ਆਪਣੀ ਜਨ ਸੰਪਰਕ ਮੁਹਿੰਮ ਦੇ ਹਿੱਸੇ ਵਜੋਂ, ਬਬੀਤਾ ਸ਼ਰਮਾ ਨੇ ਲਾਲੜੂ ਦੇ ਪਿੰਡ ਹੁਮਾਯੂੰਪੁਰ ਅਤੇ ਤਸਿੰਬਲੀ ਵਿੱਚ ਔਰਤਾਂ ਨਾਲ ਮੁਲਾਕਾਤ ਕੀਤੀ। ਔਰਤਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ, ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਔਰਤਾਂ ਨੂੰ



ਸੁਰੱਖਿਆ ਅਤੇ ਸਤਿਕਾਰ ਦੇਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਡੇਰਾਬੱਸੀ ਹਲਕੇ ਵਿੱਚ ਹਰ ਰੋਜ਼ ਔਰਤਾਂ ਨਾਲ ਛੇੜਛਾੜ, ਝਪਟਮਾਰੀ ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ। ਸਰਕਾਰ ਨੇ ਚਾਰ ਸਾਲ ਤੱਕ ਔਰਤਾਂ ਨੂੰ ਸਨਮਾਨ ਭੱਤੇ ਦੇ ਨਾਂਅ 'ਤੇ ਗੁੰਮਰਾਹ ਕੀਤਾ ਅਤੇ ਹੁਣ ਚੋਣਾਂ ਤੋਂ ਪਹਿਲਾਂ ਭੱਤਾ ਦੇ ਕੇ ਉਨ੍ਹਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਬਬੀਤਾ ਸ਼ਰਮਾ ਨੇ ਕਿਹਾ ਕਿ ਪੰਜਾਬ ਵਿੱਚ ਅਕਾਲੀ ਦਲ ਦੀ ਸਰਕਾਰ ਆਉਣ ਤੋਂ ਬਾਅਦ ਔਰਤਾਂ ਦੀ ਸੁਰੱਖਿਆ ਲਈ ਪਹਿਲ ਦੇ ਆਧਾਰ 'ਤੇ ਨੀਤੀ ਬਣਾਈ ਜਾਵੇਗੀ। ਇਸ ਮੌਕੇ ਮਹਿਲਾ ਆਗੂ ਜਸਵਿੰਦਰ ਕੌਰ, ਕੁਲਵਿੰਦਰ ਕੌਰ, ਭੁਪਿੰਦਰ ਕੌਰ, ਬਲਜੀਤ ਕੌਰ, ਸਤਵਿੰਦਰ ਕੌਰ, ਗੁਰਦਿਆਲ ਕੌਰ, ਸੇਜਲਪ੍ਰੀਤ ਕੌਰ, ਅਭਿਨੂਰ ਕੌਰ ਅਤੇ ਹੋਰ ਬਹੁਤ ਸਾਰੀਆਂ ਮਹਿਲਾ ਆਗੂ ਮੌਜੂਦ ਸਨ।

ਬਜਵਾੜਾ ਕਲਾਂ ਵਿਖੇ ਗੁਰਮਤਿ ਸਮਾਗਮ ਭਲਕੇ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪਿੰਡ ਬਜਵਾੜਾ ਕਲਾਂ ਵਿਖੇ ਗੁਰਦੁਆਰਾ ਗੁਰਦੁਆਰਾ ਸ੍ਰੀ ਸਿੰਘ ਸਭਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਦੇ ਅਸਥਾਨ ਸਮੂਹ ਨਗਰ ਨਿਵਾਸੀ, ਐਨ ਆਰ ਆਈ ਵੀਰਾਂ ਅਤੇ ਇਲਾਕੇ ਦੇ ਸਹਿਯੋਗ ਨਾਲ ਜਥੇਬੰਦੀ ਵੱਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਨੂੰ ਸਮਰਪਤ 16 ਨਵੰਬਰ ਨੂੰ ਮਹਾਨ ਗੁਰਮਤਿ ਸਮਾਗਮ ਜਥੇਬੰਦੀ ਦੇ ਮੁੱਖ ਸੇਵਾਦਾਰ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਤਰਨਾ ਦਲ ਬਜਵਾੜਾ ਕਲਾਂ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ



ਕਰਵਾਏ ਜਾ ਰਹੇ ਹਨ। ਇਸ ਮੌਕੇ ਸੇਵਾਦਾਰ ਰਾਜਵੀਰ ਸਿੰਘ ਹੁਸ਼ਿਆਰਪੁਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਸਿੰਘ ਸਾਹਿਬ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਭਾਈ ਨਾਰੇਸ਼ ਸਿੰਘ ਮੁੱਖ ਗ੍ਰੰਥੀ ਬਜਵਾੜਾ ਕਲਾਂ, ਭਾਈ ਅਵਤਾਰ ਸਿੰਘ ਕੀਰਤਨੀਏ ਜੱਥਾ, ਭਾਈ ਸਿਮਰਨਜੀਤ ਸਿੰਘ, ਭਾਈ ਬਲਜੋਤ ਸਿੰਘ ਕਵੀਸ਼ਰ ਜੱਥਾ ਚੱਬੇਵਾਲ ਆਦਿ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

'ਤੇਰਾ ਸਿੰਘ ਚੰਨ ਯਾਦਗਾਰੀ ਸਨਮਾਨ-2026' ਗੁਰਨਾਮ ਕੰਵਰ ਤੇ ਮਲਕੀਤ ਰੌਣੀ ਨੂੰ

ਚੰਡੀਗੜ੍ਹ (ਸੁਰਜੀਤ ਸੁਮਨ) ਪੰਜਾਬੀ ਲੇਖਕ ਸਭਾ (ਰਜਿ:) ਚੰਡੀਗੜ੍ਹ ਵੱਲੋਂ ਸਭਾ ਦੇ ਬਾਨੀ ਤੇਰਾ ਸਿੰਘ ਚੰਨ ਦੀ ਯਾਦ ਨੂੰ ਸਮਰਪਿਤ 'ਤੇਰਾ ਸਿੰਘ ਚੰਨ ਯਾਦਗਾਰੀ ਸਾਹਿਤਕ ਮੇਲਾ-2026' ਨਵੰਬਰ 15, ਦਿਨ ਐਤਵਾਰ ਨੂੰ ਸਵੇਰੇ



10.00 ਵਜੇ, ਪੰਜਾਬ ਕਲਾ ਭਵਨ ਸੈਕਟਰ 16, ਚੰਡੀਗੜ੍ਹ ਵਿਖੇ ਲਾਇਆ ਜਾ ਰਿਹਾ ਹੈ। ਉੱਘੇ ਸ਼ਾਇਰ ਤੇ ਫ਼ਿਲਮ ਉਦਯੋਗ ਵਿੱਚ ਪੰਜਾਬ ਦੀ ਮਾਨਮੱਤੀ ਨੁਮਾਇੰਦਗੀ ਕਰਕੇ ਆਪਣਾ ਉਚੇਰਾ ਨਾਮ ਸਥਾਪਿਤ ਕਰਨ ਵਾਲ਼ੇ ਗੀਤਕਾਰ ਇਰਸ਼ਾਦ ਕਾਮਿਲ ਇਸ ਮੌਕੇ ਮੁੱਖ ਮਹਿਮਾਨ ਹੋਣਗੇ, ਜਦਕਿ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ ਵਿਸ਼ੇਸ਼ ਮਹਿਮਾਨ ਹੋਣਗੇ।ਮੇਲੇ ਦੀ ਰੂਪ-ਰੇਖਾ ਬਾਰੇ ਹੋਰ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ ਅਤੇ ਜਨਰਲ ਸਕੱਤਰ ਭੁਪਿੰਦਰ ਮਲਿਕ ਨੇ ਦੱਸਿਆ ਕਿ ਇਸ ਵਾਰ ਤੇਰਾ ਸਿੰਘ ਚੰਨ ਯਾਦਗਾਰੀ ਸਨਮਾਨ-2026, ਗੁਰਨਾਮ ਕੰਵਰ ਤੇ ਮਲਕੀਤ ਰੌਣੀ ਨੂੰ ਪ੍ਰਦਾਨ ਕੀਤੇ ਜਾਣਗੇ।ਇਸ ਸਾਹਿਤਕ ਮੇਲੇ ਵਿੱਚ ਪੰਜਾਬੀ ਸਾਹਿਤ, ਸਭਿਆਚਾਰ, ਕਲਾਵਾਂ, ਖਾਣ ਅਤੇ ਪਹਿਰਾਵੇ ਦੀਆਂ ਪ੍ਰਦਰਸ਼ਨੀਆਂ ਲਾਈਆਂ ਜਾਣਗੀਆਂ।

ਤਾਜਪੁਰ 'ਚ ਸਿਹਤ ਤੇ ਪੋਸ਼ਣ ਵਿਸ਼ੇ 'ਤੇ ਲੈਕਚਰ ਕਰਵਾਇਆ

ਜਲੰਧਰ (ਸ਼ੈਲੀ ਐਲਬਰਟ) ਪ੍ਰਿੰਸੀਪਲ ਡਾ. (ਸ਼੍ਰੀਮਤੀ) ਏਕਤਾ ਖੋਸਲਾ ਦੀ ਯੋਗ ਅਗਵਾਈ ਅਤੇ ਨਿਰੰਤਰ ਉਤਸ਼ਾਹ ਸਦਕਾ, ਹੰਸਰਾਜ ਮਹਿਲਾ ਮਹਾਂਵਿਦਿਆਲਾ, ਜਲੰਧਰ ਦੀ ਉੱਨਤ ਭਾਰਤ ਅਭਿਆਨ ਟੀਮ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ, ਤਾਜਪੁਰ ਵਿਖੇ ਸਿਹਤ ਅਤੇ ਪੋਸ਼ਣ ਵਿਸ਼ੇ 'ਤੇ ਇੱਕ



ਜਾਗਰੂਕਤਾ ਲੈਕਚਰ ਕਰਵਾਇਆ ਗਿਆ। ਸੈਸ਼ਨ ਦੌਰਾਨ ਯੂ.ਬੀ.ਏ. ਕੋਆਰਡੀਨੇਟਰ ਸ਼ੇਫਾਲੀ ਕਸ਼ਯਪ ਨੇ ਇੱਕ ਖੁਸ਼ਹਾਲ, ਚੁਸਤ ਅਤੇ ਸੰਤੁਸ਼ਟ ਜੀਵਨ ਜਿਊਣ ਲਈ ਚੰਗੀ ਸਿਹਤ ਅਤੇ ਸਹੀ ਪੋਸ਼ਣ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਫਲ, ਸਬਜ਼ੀਆਂ, ਅਨਾਜ ਅਤੇ ਦਾਲਾਂ ਵਾਲੀ ਸੰਤੁਲਿਤ ਖੁਰਾਕ ਲੈਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਭਰਪੂਰ ਮਾਤਰਾ ਵਿੱਚ ਸਾਫ਼ ਪਾਣੀ ਪੀਣ, ਕਦੇ ਵੀ ਨਾਸ਼ਤਾ ਨਾ ਛੱਡਣ ਅਤੇ ਚਿਪਸ, ਬਰਗਰ ਅਤੇ ਚਾਕਲੇਟ ਵਰਗੇ ਜੰਕ ਫੂਡ ਦੇ ਜ਼ਿਆਦਾ ਸੇਵਨ ਤੋਂ ਬਚਣ ਲਈ ਵੀ ਪ੍ਰੇਰਿਤ ਕੀਤਾ। ਇਸ ਤੋਂ ਇਲਾਵਾ, ਉਨ੍ਹਾਂ ਨੇ ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥ ਧੋਣ, ਨਿਯਮਤ ਕਸਰਤ ਕਰਨ, ਬਾਹਰੀ ਖੇਡਾਂ ਵਿੱਚ ਹਿੱਸਾ ਲੈਣ, ਹਰ ਰਾਤ 8-10 ਘੰਟੇ ਦੀ ਨੀਂਦ ਲੈਣ ਅਤੇ ਆਪਣੇ ਸਰੀਰ ਅਤੇ ਆਲੇ-ਦੁਆਲੇ ਨੂੰ ਸਾਫ਼ ਰੱਖ ਕੇ ਨਿੱਜੀ ਸਫਾਈ ਬਣਾਈ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਅਪਣਾਉਣ ਅਤੇ ਸਿਹਤਮੰਦ ਖਾਓ, ਸਿਹਤਮੰਦ ਰਹੋ ਅਤੇ ਖੁਸ਼ ਰਹੋ ਦੇ ਮੰਤਰ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਬੀ.ਵੋਕ. ਸਮੈਸਟਰ ਤੀਜਾ ਦੀ ਵਿਦਿਆਰਥਣ ਪ੍ਰੇਕਸ਼ਾ ਨੇ ਚੰਗੀ ਸਿਹਤ ਅਤੇ ਸਮੁੱਚੀ ਤੰਦਰੁਸਤੀ ਬਣਾਈ ਰੱਖਣ ਵਿੱਚ ਸੰਤੁਲਿਤ ਖੁਰਾਕ ਦੀ ਮਹੱਤਤਾ ਬਾਰੇ ਦੱਸਿਆ। ਸ਼ੇਫਾਲੀ ਕਸ਼ਯਪ ਨੇ ਪਿੰਡ ਤਾਜਪੁਰ ਦੀ ਸਰਪੰਚ ਸਰਬਜੀਤ ਕੌਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਹੈੱਡ ਟੀਚਰ ਰਤਿਕਾ ਕਪੂਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪ੍ਰਿੰਸੀਪਲ ਡਾ. ਏਕਤਾ ਖੋਸਲਾ ਨੇ ਯੂ.ਬੀ.ਏ. ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ । ਇਸ ਮੌਕੇ ਯੂ.ਬੀ.ਏ. ਟੀਮ ਦੇ ਮੈਂਬਰ ਪਰਮਿੰਦਰ ਸਿੰਘ ਵੀ ਹਾਜ਼ਰ ਸਨ।

ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੈ ਕੇ ਸਰਕਾਰ ਖ਼ਿਲਾਫ਼ ਜਥੇਬੰਦੀ ਨੇ ਪ੍ਰਗਟਾਇਆ ਰੋਸ



ਬਲਾਚੌਰ (ਜਸਵਿੰਦਰ ਬੈਂਸ) ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਤਹਿਸੀਲ ਬਲਾਚੌਰ ਦੀ ਮਾਸਿਕ ਮੀਟਿੰਗ ਗੁਰਦੁਆਰਾ ਸਿੰਘ ਸਭਾ ਮਹਿੰਦੀਪੁਰ (ਬਲਾਚੌਰ) ਵਿਖੇ ਜ਼ਿਲ੍ਹਾ ਪ੍ਰਧਾਨ ਸੋਮ ਲਾਲ ਥੋਪੀਆ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਨਾਰਾਜ਼ਗੀ ਪ੍ਰਗਟਾਈ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਸੋਮ ਲਾਲ ਥੋਪੀਆ ਨੇ ਕਿਹਾ ਕਿ ਸਰਕਾਰ ਵੱਲੋਂ ਬਾਰ-ਬਾਰ ਮੀਟਿੰਗਾਂ ਕਰਨ ਦੇ ਭਰੋਸੇ ਦਿੱਤੇ ਗਏ, ਪਰ ਇਨ੍ਹਾਂ ਦਾ ਕੋਈ ਠੋਸ ਨਤੀਜਾ ਸਾਹਮਣੇ ਨਹੀਂ ਆਇਆ। ਇਸ ਮੌਕੇ ਜਥੇਬੰਦੀ ਦੇ ਆਗੂ ਸੋਮ ਲਾਲ ਤੱਕਲਾ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦਾ ਕਹਿਰ ਲਗਾਤਾਰ ਜਾਰੀ ਹੈ ਅਤੇ ਹਰ ਰੋਜ਼ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ। ਆਗੂ ਗਿਆਨ ਸਿੰਘ ਰੱਕੜਾ ਬੇਟ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਸਮੇਤ ਸੁਪਰੀਮ ਕੋਰਟ ਵੱਲੋਂ ਬਾਰ-ਬਾਰ ਕੀਤੀਆਂ ਗਈਆਂ ਟਿੱਪਣੀਆਂ ਅਤੇ ਨਿਰਦੇਸ਼ਾਂ ਦੇ ਬਾਵਜੂਦ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀ ਡੀ ਏ ਦੀ ਬਕਾਇਆ ਰਾਸ਼ੀ ਜਾਰੀ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਲਾਰੇ-ਲੱਪੇ ਲਾ ਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਲਗਾਤਾਰ ਉਡੀਕ ਕਰਵਾ ਰਹੀ ਹੈ। ਇਸ ਮੌਕੇ ਕੁਲਦੀਪ ਸਿੰਘ, ਮਨੋਹਰ ਲਾਲ, ਜਰਨੈਲ ਸਿੰਘ, ਜਗਦੀਸ਼ ਰਾਮ, ਗੁਰਮੀਤ ਰਾਮ, ਹਰਜਿੰਦਰ ਸਿੰਘ, ਐਮ.ਪੀ. ਸਿੰਘ, ਭਜਨ ਲਾਲ, ਦਰਸ਼ਨ ਦੇਵ, ਹਰਭਜਨ ਸਿੰਘ, ਰਾਮ ਨਾਥ ਅਤੇ ਸੋਹਣ ਸਿੰਘ ਸਮੇਤ ਹੋਰ ਪੈਨਸ਼ਨਰ ਵੀ ਹਾਜ਼ਰ ਸਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਬਾਲ ਦਿਵਸ ਮਨਾਇਆ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ



ਵਿਖੇ ਬਾਲ ਦਿਵਸ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਲਈ ਬਾਲ ਸਭਾ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਵੱਖ-ਵੱਖ ਪੇਸ਼ਕਾਰੀਆਂ ਕੀਤੀਆਂ ਗਈਆਂ, ਜਿਨ੍ਹਾਂ ਰਾਹੀਂ ਉਨ੍ਹਾਂ ਨੇ ਆਪਣੀ ਕਲਾ ਅਤੇ ਪ੍ਰਤਿਭਾ ਦਾ ਪ੍ਰਗਟਾਵਾ ਕੀਤਾ। ਸਮਾਗਮ ਦੌਰਾਨ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਰਲ ਕੇ ਬਾਲ ਦਿਵਸ ਮਨਾਇਆ ਅਤੇ ਇਸ ਦਿਨ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ। ਸਕੂਲ ਵੱਲੋਂ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ ।ਇਸ ਮੌਕੇ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨ, ਚੰਗੇ ਸੰਸਕਾਰ ਅਪਣਾਉਣ ਅਤੇ ਆਪਣੇ ਮਾਪਿਆਂ ਤੇ ਅਧਿਆਪਕਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਰਣਜੋਧ ਸਿੰਘ ਡੀਪੀਈ, ਮੁਕੇਸ਼ ਕੁਮਾਰ, ਬਲਦੀਪ ਕੌਰ, ਸੰਦੀਪ ਕੌਰ, ਆਂਸ਼ੂ, ਮਮਤਾ ਦੇਵੀ, ਰਜਿੰਦਰ ਕੌਰ, ਸਤਿੰਦਰ ਕੌਰ, ਕੰਵਲਜੀਤ ਕੌਰ, ਜਸਪ੍ਰੀਤ ਕੌਰ, ਸਪਨਾ ਰਾਣੀ, ਦੀਪਾਂਜਲੀ ਸ਼ਰਮਾ, ਸ਼ਾਂਤੀ ਦੇਵੀ, ਨਰਿੰਦਰ ਕੌਰ, ਡੇਜੀ,ਅਮਰਜੀਤ ਕੌਰ, ਕਰਮਜੀਤ ਕੌਰ, ਮੋਨਿਕਾ, ਰਾਕੇਸ਼ ਬੇਦੀ ਤੋਂ ਇਲਾਵਾ ਸਮੂਹ ਵਿਦਿਆਰਥੀ ਹਾਜ਼ਰ ਸਨ ।

ਸੀਟੀ ਗਰੁੱਪ ਤੇ ਜੀ ਡੀ ਜੀ ਵੱਲੋਂ ਡੈਵਫੈਸਟ ਜਲੰਧਰ 2026 ਦਾ ਆਯੋਜਨ

ਜਲੰਧਰ (ਸ਼ੈਲੀ ਐਲਬਰਟ)- ਉਦਯੋਗਿਕ ਮੁਹਾਰਤ, ਉੱਭਰ ਰਹੀਆਂ ਤਕਨੀਕਾਂ ਅਤੇ ਵਿਹਾਰਕ ਸਿਖਲਾਈ ਨੂੰ ਇੱਕ ਛੱਤ ਹੇਠ ਲਿਆਉਂਦਿਆਂ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਸ਼ਾਹਪੁਰ (ਜਲੰਧਰ) ਨੇ ਗੂਗਲ ਡਿਵੈਲਪਰ ਗਰੁੱਪਸ ਜਲੰਧਰ ਦੇ ਸਹਿਯੋਗ ਨਾਲ 'ਡੈਵਫੈਸਟ ਜਲੰਧਰ 2026' ਦਾ ਸਫਲਤਾਪੂਰਵਕ ਆਯੋਜਨ ਕੀਤਾ। ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਅਤੇ ਕੰਪਿਊਟਰ ਐਪਲੀਕੇਸ਼ਨਜ਼ ਵਿਭਾਗ ਵੱਲੋਂ ਕਰਵਾਏ ਗਏ ਇਸ ਸੰਮੇਲਨ ਨੇ ਵਿਦਿਆਰਥੀਆਂ ਨੂੰ ਪ੍ਰਮੁੱਖ ਤਕਨੀਕੀ ਮਾਹਿਰਾਂ ਨਾਲ ਵਿਚਾਰ-ਵਟਾਂਦਰਾ ਕਰਨ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (19), ਮਸ਼ੀਨ ਲਰਨਿੰਗ ਤੇ ਸਾਫਟਵੇਅਰ ਡਿਵੈਲਪਮੈਂਟ ਦੇ



ਤੇਜ਼ੀ ਨਾਲ ਬਦਲ ਰਹੇ ਖੇਤਰ ਬਾਰੇ ਡੂੰਘੀ ਜਾਣਕਾਰੀ ਹਾਸਲ ਕਰਨ ਦਾ ਮੌਕਾ ਪ੍ਰਦਾਨ ਕੀਤਾ। ?ਐਨੀਬਡੀ ਕੈਨ ਕੋਡ' (ਕੋਈ ਵੀ ਕੋਡਿੰਗ ਕਰ ਸਕਦਾ ਹੈ) ਦੇ ਸਰਬ-ਸਾਂਝੇ ਦ੍ਰਿਸ਼ਟੀਕੋਣ 'ਤੇ ਆਧਾਰਿਤ ਇਸ ਸਮਾਗਮ ਵਿੱਚ ਮਾਈਕ੍ਰੋਸਾਫਟ ਦੀ ਸੀਨੀਅਰ ਸਾਫਟਵੇਅਰ ਇੰਜੀਨੀਅਰ ਪ੍ਰਿਅੰਕਾ ਤਨੇਜਾ, ਨਿਵੀ.ਏਆਈ ਦੇ ਸਹਿ-ਸੰਸਥਾਪਕ ਅਤੇ ਸੀ.ਟੀ.ਓ ਗੌਰਵ ਮਦਾਨ, ਗਲੋਬੈਂਟ ਦੇ ਡੇਟਾ ਸਾਇੰਟਿਸਟ ਯਸ਼ ਕਵੱਈਆ ਅਤੇ ਮਾਈਕੋਮ ਦੀ ਫਰੰਟਐਂਡ ਆਰਕੀਟੈਕਟ ਅਪਰਾਜਿਤਾ ਵਰਮਾ ਨੇ ਵਿਸ਼ੇਸ਼ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ। ਮਾਹਿਰ ਸੈਸ਼ਨਾਂ, ਤਕਨੀਕੀ ਪ੍ਰਦਰਸ਼ਨਾਂ ਅਤੇ ਸੰਵਾਦ ਰਾਹੀਂ ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਆਧੁਨਿਕ ਉਦਯੋਗਿਕ ਕਾਰਜ-ਪ੍ਰਣਾਲੀਆਂ, ਅਸਲ ਜ਼ਿੰਦਗੀ ਵਿੱਚ ਤਕਨੀਕ ਦੀ ਵਰਤੋਂ ਅਤੇ ਭਵਿੱਖ ਦੀਆਂ ਲੋੜਾਂ ਅਨੁਸਾਰ ਤਕਨੀਕੀ ਹੱਲ ਤਿਆਰ ਕਰਨ ਦੇ ਹੁਨਰਾਂ ਤੋਂ ਜਾਣੂ ਕਰਵਾਇਆ। ਸੰਮੇਲਨ ਦਾ ਮੁੱਖ ਆਕਰਸ਼ਣ ਪ੍ਰਿਅੰਕਾ ਤਨੇਜਾ ਨੇ ਦੱਸਿਆ ਕਿ ਕਿਵੇਂ ਇੰਟੈਲੀਜੈਂਟ ਏਜੰਟ ਅਤੇ ਆਧੁਨਿਕ ਡਿਵੈਲਪਮੈਂਟ ਟੂਲ ਐਂਟਰਪ੍ਰਾਈਜ਼ ਐਪਲੀਕੇਸ਼ਨਜ਼ ਦੀ ਨੁਹਾਰ ਬਦਲ ਰਹੇ ਹਨ। ਗੌਰਵ ਮਦਾਨ ਨੇ ਸਟਾਰਟਅੱਪਸ ਲਈ ਸਕੇਲੇਬਲ ਟੈਕਨਾਲੋਜੀ ਸਟੈਕ ਤਿਆਰ ਕਰਨ ਬਾਰੇ ਅਹਿਮ ਨੁਕਤੇ ਸਾਂਝੇ ਕੀਤੇ, ਜਦਕਿ ਯਸ਼ ਕਵੱਈਆ ਨੇ ਮਸ਼ੀਨ ਲਰਨਿੰਗ ਪਾਈਪਲਾਈਨਜ਼ ਅਤੇ ਡੇਟਾ ਸਾਇੰਸ ਦੀ ਵਿਹਾਰਕ ਵਰਤੋਂ 'ਤੇ ਚਾਨਣਾ ਪਾਇਆ। ਅਪਰਾਜਿਤਾ ਵਰਮਾ ਨੇ ਆਧੁਨਿਕ ਫਰੰਟਐਂਡ ਆਰਕੀਟੈਕਚਰ, ਮਜ਼ਬੂਤ ਯੂਜ਼ਰ ਇੰਟਰਫੇਸ ਡਿਜ਼ਾਈਨ ਅਤੇ ਉੱਚ-ਪ੍ਰਦਰਸ਼ਨ ਵਾਲੇ ਡਿਜੀਟਲ ਅਨੁਭਵ ਵਿਕਸਿਤ ਕਰਨ ਬਾਰੇ ਜਾਣਕਾਰੀ ਦਿੱਤੀ।ਜੀ.ਡੀ.ਜੀ. ਜਲੰਧਰ ਨਾਲ ਇਸ ਸਾਂਝ ਨੇ ਅਕਾਦਮਿਕ ਸਿੱਖਿਆ ਅਤੇ ਪੇਸ਼ੇਵਰ ਡਿਵੈਲਪਰ ਈਕੋਸਿਸਟਮ ਵਿਚਕਾਰ ਸਬੰਧਾਂ ਨੂੰ ਹੋਰ ਮਜ਼ਬੂਤ ਕੀਤਾ। ਇਹ ਸਮਾਗਮ ਸੀ.ਟੀ.ਆਈ.ਟੀ. ਦੀ ਪ੍ਰਿੰਸੀਪਲ ਡਾ. ਅੰਕਿਤਾ ਗੁਪਤਾ ਅਤੇ ਸੀ.ਟੀ.ਆਈ.ਈ.ਐਮ.ਟੀ. ਦੇ ਪ੍ਰਿੰਸੀਪਲ ਡਾ. ਸੰਦੀਪ ਰੰਜਨ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਸੀ ਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਪੰਜਾਬ ਨੂੰ ਤਕਨੀਕੀ ਪ੍ਰਤਿਭਾ, ਨਵੀਨਤਾ ਅਤੇ ਉੱਦਮਤਾ ਦੇ ਧੁਰੇ ਵਜੋਂ ਵਿਕਸਿਤ ਕਰਨ ਲਈ ਸਹਿਯੋਗੀ ਤਕਨੀਕੀ ਈਕੋਸਿਸਟਮ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਜਰਨੈਲ ਸਿੰਘ ਧੀਰ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) 'ਚ ਸ਼ਾਮਲ

ਹੁਸ਼ਿਆਰਪੁਰ, ਮੇਹਟੀਆਣਾ (ਬਲਵੀਰ ਸਿੰਘ ਸੈਣੀ, ਜਗਤਾਰ ਸਿੰਘ ਭੁੰਗਰਨੀ)- ਸਿੱਖਿਆ ਦੇ ਖੇਤਰ ਵਿੱਚ ਲੰਮਾ ਸਮਾਂ ਸੇਵਾਵਾਂ ਦੇਣ ਅਤੇ ਅੰਗਹੀਣਤਾ ਤੋਂ ਪ੍ਰਭਾਵਿਤ ਲੋਕਾਂ ਲਈ 53 ਸਾਲਾਂ ਤੋਂ ਵੱਡੀਆਂ ਸੇਵਾਵਾਂ ਕਰਨ ਵਾਲੇ ਉੱਘੇ ਸਮਾਜ ਸੇਵੀ ਰਿਟਾਇਰਡ ਹੈਡ ਮਾਸਟਰ ਪ੍ਰਾਈਮਰੀ ਜਰਨੈਲ ਸਿੰਘ ਧੀਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀਆਂ ਸਿੱਖ ਕੌਮ,ਪੰਜਾਬ ਅਤੇ ਮਨੁੱਖਤਾ ਪੱਖੀ ਨੀਤੀਆਂ ਅਤੇ ਕਾਰਵਾਈਆਂ ਨੂੰ ਮੁੱਖ ਰੱਖਦੇ ਹੋਏ ਸਰਦਾਰ ਸਿਮਰਨਜੀਤ ਸਿੰਘ ਮਾਨ ਕੌਮੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਇਮਾਨ ਸਿੰਘ ਮਾਨ ਕਾਰਜਕਾਰੀ ਪ੍ਰਧਾਨ



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਡਾਕਟਰ ਹਰਜਿੰਦਰ ਸਿੰਘ ਜੱਖੂ ਦੁਆਬਾ ਇੰਚਾਰਜ ਅਤੇ ਜਨਰਲ ਸਕੱਤਰ ਦੀ ਹਾਜ਼ਰੀ 'ਚ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਅਤੇ ਹਰਵਿੰਦਰ ਸਿੰਘ ਹੀਰਾ ਜ਼ਿਲ੍ਹਾ ਕੋਆਰਡੀਨੇਟਰ ਦੀ ਪ੍ਰੇਰਨਾ ਨਾਲ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) 'ਚ ਸ਼ਾਮਿਲ ਹੋ ਗਏ। ਇਸ ਸਮੇਂ ਹੈਡ ਮਾਸਟਰ ਜਰਨੈਲ ਸਿੰਘ ਧੀਰ ਨੇ ਕਿਹਾ ਕਿ ਉਹ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਸਿੱਖ ਕੌਮ ਅਤੇ ਪੰਜਾਬ ਦੇ ਹੱਕਾਂ ਲਈ ਕੀਤੇ ਜਾ ਰਹੇ ਸੰਘਰਸ਼ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਦਾ ਯਤਨ ਕਰਨਗੇ। ਇਸ ਸਮੇਂ ਭਾਈ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਅਤੇ ਹਰਵਿੰਦਰ ਸਿੰਘ ਹੀਰਾ ਜ਼ਿਲ੍ਹਾ ਕੋਆਰਡੀਨੇਟਰ ਨੇ ਸਾਂਝੇ ਤੌਰ ਤੇ ਮਾਸਟਰ ਜਰਨੈਲ ਸਿੰਘ ਧੀਰ ਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਿੱਚ ਸ਼ਾਮਿਲ ਹੋਣ ਤੇ ਜ਼ੋਰਦਾਰ ਸ਼ਬਦਾਂ ਵਿੱਚ ਸਵਾਗਤ ਕਰਦੇ ਹੋਏ ਕਿਹਾ ਕਿ ਮਾਸਟਰ ਜਰਨੈਲ ਸਿੰਘ ਧੀਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਜਥੇਬੰਦੀ ਵਿੱਚ ਸਿੱਖ ਕੌਮ ਅਤੇ ਪੰਜਾਬ ਦੇ ਲੋਕਾਂ ਲਈ ਵੱਡੀਆਂ ਸੇਵਾਵਾਂ ਦੇਣਗੇ। ਮਾਸਟਰ ਜਰਨੈਲ ਸਿੰਘ ਧੀਰ ਦਾ ਸ਼ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸ਼ਾਮਿਲ ਹੋਣ ਤੇ ਜਥੇਦਾਰ ਗੁਰਦੀਪ ਸਿੰਘ ਖੁਣ ਖੁਣ, ਬੀਬੀ ਰਾਜਵਿੰਦਰ ਕੌਰ ਢੱਡੇ ਫਤਿਹ ਸਿੰਘ ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ, ਪਰਮਿੰਦਰ ਸਿੰਘ ਮੁਕੇਰੀਆਂ, ਮਹਿਤਾਬ ਸਿੰਘ ਹੁੰਦਲ, ਸਤਨਾਮ ਸਿੰਘ ਧਾਮੀਆਂ, ਕੁਲਵੀਰ ਸਿੰਘ ਮੰਜੀਪੁਰ ਜ਼ਿਲ੍ਹਾ ਪ੍ਰਧਾਨ ਯੂਥ ਵਿੰਗ, ਪ੍ਰਿੰਸੀਪਲ ਗੁਰਨਾਮ ਸਿੰਘ, ਗੁਰਵਿੰਦਰ ਸਿੰਘ ਮਿਆਣੀ, ਮਨਜਿੰਦਰ ਸਿੰਘ ਜੌਹਲ, ਅਮਨਦੀਪ ਸਿੰਘ ਜੌਹਲ, ਪ੍ਰਿਤਪਾਲ ਸਿੰਘ ਮੁਰਾਦਪੁਰ, ਇੰਦਰਜੀਤ ਸਿੰਘ ਬਸੀ ਮਰੂਫ, ਸੁਖਜਿੰਦਰ ਸਿੰਘ ਸਾਬੀ ਦਸ਼ਮੇਸ਼ ਨਗਰ, ਸਤਵੰਤ ਸਿੰਘ ਮੁਰਾਦਪੁਰ, ਪਰਮਜੀਤ ਸਿੰਘ ਮਿੰਟੂ ਹੁਸ਼ਿਆਰਪੁਰ, ਅਮਰਜੀਤ ਸਿੰਘ ਨਿੱਕਾ, ਪਰਮਜੀਤ ਸਿੰਘ ਮੇਗੋਵਾਲ ਦੁਆਬਾ, ਜਗਦੀਸ ਸਿੰਘ ਚੱਬੇਵਾਲ, ਸੁਖਦੇਵ ਸਿੰਘ ਕਾਹਰੀ, ਲਾਭ ਸਿੰਘ ਨਸਰਾਲਾ ਆਦਿ ਨੇ ਜੋਰਦਾਰ ਸਵਾਗਤ ਕੀਤਾ।

ਪੰਜਾਬ 'ਚ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰ ਦਿਆਂਗੇ : ਚੰਨੀ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਪੰਜਾਬ ਵਿੱਚ ਦਿਨੋ ਦਿਨ ਨਸ਼ੇ ਨਾਲ ਗੁਲਤਾਨ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਕਾਂਗਰਸ ਪਾਰਟੀ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਨੂਰਮਹਿਲ ਵਿਖੇ ਜਵਾਨੀ ਸੰਭਾਲ ਯਾਤਰਾ ਸ਼ੁਰੂ ਕੀਤੀ ਗਈ। ਚੰਨੀ ਨੇ ਕਿਹਾ ਕਿ ਸਾਡੀ ਸਰਕਾਰ ਆਉਣ 'ਤੇ ਅਸੀਂ ਪੰਜਾਬ ਵਿੱਚ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰ ਦਿਆਂਗੇ। ਇਸ ਮੌਕੇ ਚੰਨੀ ਤੋਂ ਇਲਾਵਾ ਹਲਕਾ ਨਕੋਦਰ ਦੇ ਇੰਚਾਰਜ ਡਾਕਟਰ ਨਵਜੋਤ ਸਿੰਘ ਦਹੀਆ, ਲਾਡੀ ਸ਼ੇਰੋਵਾਲੀਆ, ਗੁਰਦੀਪ ਸਿੰਘ ਦੀਪਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬਿਲਗਾ, ਅੰਮ੍ਰਿਤਪਾਲ ਭੌਂਸਲੇ ਫ਼ਿਲੌਰ, ਨਵਜੀਤ ਸਿੰਘ ਚੰਨੀ, ਭਾਰਤ ਭੂਸ਼ਨ ਆਸ਼ੂ ਸਾਬਕਾ ਮੰਤਰੀ, ਬਲਜੀਤ ਸਿੰਘ ਜੌਹਲ ਬਲਾਕ ਪ੍ਰਧਾਨ ਨੂਰਮਹਿਲ,



ਜੰਗ ਬਹਾਦਰ ਕੋਹਲੀ ਐਮ ਸੀ ਨੂਰਮਹਿਲ, ਰਕੇਸ਼ ਕਲੇਰ ਕੌਂਸਲਰ ਨੂਰਮਹਿਲ, ਸੰਦੀਪ ਕੁਮਾਰ ਸਿਟੀ ਪ੍ਰਧਾਨ ਨੂਰਮਹਿਲ, ਚੇਅਰਮੈਨ ਹਰਚਰਨ ਸਿੰਘ ਰਾਜੋਵਾਲ, ਅਮਰਜੀਤ ਸਿੰਘ ਬਲਾਕ ਸੰਮਤੀ ਮੈਂਬਰ ਉੱਪਲ ਜਗੀਰ, ਹੈਪੀ ਸੰਧੂ, ਪੱਪੀ ਮੋਹਨ, ਬੀਬੀ ਸੁਰਜੀਤ ਕੌਰ ਨੂਰਮਹਿਲ, ਪਰਮਜੀਤ ਸਿੰਘ ਸਰਪੰਚ ਬਾਠਾ,ਅਨੋਖ ਸਿੰਘ ਚੀਮਾ ਸਾਬਕਾ ਸਰਪੰਚ, ਆਦਿ ਵਰਕਰ ਅਤੇ ਆਗੂ ਹਾਜ਼ਰ ਸਨ।

ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਵੱਲੋਂ 18 ਨੂੰ ਸੰਗਰੂਰ ਮੋਰਚੇ 'ਚ ਭਰਵੀਂ ਸ਼ਮੂਲੀਅਤ ਕਰਨ ਦਾ ਐਲਾਨ



ਦਸੂਹਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਸਮੇਤ ਬਕਾਇਆ ਪ੍ਰਮੁੱਖ ਮੰਗਾਂ ਦੇ ਹੱਲ ਲਈ ਸਾਂਝੀ ਤਾਲਮੇਲ ਕਮੇਟੀ ਦੀ ਅਗਵਾਈ ਹੇਠ 13 ਤੋਂ 19 ਨਵੰਬਰ ਤੱਕ ਸੰਗਰੂਰ ਵਿਖੇ ਲੱਗਣ ਵਾਲੇ ਪੱਕੇ ਮੋਰਚੇ ਵਿੱਚ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ (ਪੀ.ਪੀ.ਪੀ.ਐੱਫ.) ਅਤੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ਼.) ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਵੱਲੋਂ 18 ਨਵੰਬਰ ਨੂੰ ਭਰਵੀਂ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਹੈ। ਸੰਗਰੂਰ ਮੋਰਚੇ ਦੀ ਤਿਆਰੀ ਸਬੰਧੀ ਪੀ.ਪੀ.ਪੀ. ਐੱਫ. ਅਤੇ ਡੀ.ਟੀ.ਐੱਫ. ਦੀ ਸਾਂਝੀ ਮੀਟਿੰਗ ਸ਼ਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਮਨਜੀਤ ਸਿੰਘ ਦਸੂਹਾ ਅਤੇ 6635 ਅਧਿਆਪਕ ਯੂਨੀਅਨ ਦੀ ਆਗੂ ਮੈਡਮ ਅੰਜੂ ਸਹਿਗਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਆਗੂਆਂ ਨੇ ਕਿਹਾ ਕਿ ਫ਼ਰੰਟ ਵਲੋਂ ਸੰਗਰੂਰ ਮੋਰਚੇ ਵਿੱਚ ਰੋਜ਼ਾਨਾ ਸ਼ਮੂਲੀਅਤ ਕਰਨ ਲਈ ਜ਼ਿਲ੍ਹੇਵਾਰ ਜ਼ਿੰਮੇਵਾਰੀਆਂ ਤੈਅ ਕੀਤੀਆਂ ਗਈਆਂ ਹਨ। ਜਿਸ ਤਹਿਤ ਦਿਨ ਦੀ ਸਟੇਜ ਵੇਲੇ ਅਤੇ ਰਾਤ ਸਮੇਂ ਮੋਰਚੇ ਵਿੱਚ ਹਾਜ਼ਰੀ ਰੱਖਣ ਲਈ ਜ਼ਿਲ੍ਹਾ ਕਮੇਟੀਆਂ ਲਈ ਕੋਟਾ ਤੈਅ ਕੀਤਾ ਗਿਆ ਹੈ। ਮੋਰਚੇ ਦੀ ਲਾਮਬੰਦੀ ਲਈ ਅਗਲੇ ਦਿਨਾਂ ਦੌਰਾਨ ਜ਼ਮੀਨੀ ਅਤੇ ਆਨਲਾਈਨ ਸੰਪਰਕ ਮੁਹਿੰਮ ਚਲਾਈ ਜਾਵੇਗੀ। ਉਹਨਾਂ ਕਿਹਾ ਕਿ ਸੰਗਰੂਰ ਮੋਰਚੇ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਭਰਵਾਂ ਹੁੰਗਾਰਾ ਮਿਲਣਾ ਯਕੀਨੀ ਹੈ ਕਿਉਂਕਿ ਪੁਰਾਣੀ ਪੈਨਸ਼ਨ ਸਮੇਤ ਪੰਜਾਬ ਪੇ-ਸਕੇਲ ਦੀ ਬਹਾਲੀ, ਪੈਨਸ਼ਨਰਾਂ ਲਈ 2.59 ਗੁਣਾਂਕ ਜਾਰੀ ਕਰਵਾਉਣ, ਕੱਟੇ ਭੱਤਿਆਂ ਦਾ ਲਾਭ ਬਹਾਲ ਕਰਵਾਉਣ, ਘੱਟੋ ਘੱਟ ਉਜਰਤਾਂ ਲਾਗੂ ਕਰਵਾਉਣ ਅਤੇ ਪੂਰੀਆਂ ਤਨਖਾਹਾਂ ਸਮੇਤ ਪੱਕੇ ਰੁਜ਼ਗਾਰ ਦੀਆਂ ਮੰਗਾਂ ਨੂੰ ਲੈ ਕੇ ਸੂਬੇ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਮੁਲਾਜ਼ਮ ਘੋਲ਼ ਵੱਡੇ ਉਭਾਰ ਵਿੱਚ ਹੈ। ਇਸ ਸਾਂਝੇ ਘੋਲ਼ ਦੇ ਅਗਲੇ ਪੜਾਅ ਤਹਿਤ ਲੱਗਣ ਜਾ ਰਹੇ 7 ਦਿਨਾਂ ਸੰਗਰੂਰ ਮੋਰਚੇ ਰਾਹੀਂ ਜਿਉਂ ਦੇ ਤਿਉਂ ਲਟਕੇ ਹੋਏ ਪੁਰਾਣੀ ਪੈਨਸ਼ਨ, ਪੰਜਾਬ ਪੇ-ਸਕੇਲ ਆਦਿ ਪ੍ਰਮੁੱਖ ਵਿੱਤੀ ਮਸਲਿਆਂ ਤੇ ਸਰਕਾਰ ਨੂੰ ਘੇਰਿਆ ਜਾਵੇਗਾ ਜਿਸ ਵਿੱਚ ਜ਼ਿਲ੍ਹੇ ਵਲੋਂ 18 ਨਵੰਬਰ ਨੂੰ ਸ਼ਮੂਲੀਅਤ ਕੀਤੀ ਜਾਵੇਗੀ। ਆਗੂਆਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਦੌਰਾਨ ਮੁਲਾਜ਼ਮ ਮੰਗਾਂ ਨੂੰ ਅਜੰਡੇ ਵੱਜੋਂ ਸਥਾਪਤ ਕਰਨ ਲਈ ਸੰਗਰੂਰ ਮੋਰਚਾ ਨਿਰਣਾਇਕ ਭੂਮਿਕਾ ਅਦਾ ਕਰੇਗਾ। ਇਹ ਮੋਰਚਾ ਜਿੱਥੇ ਆਪ ਸਰਕਾਰ ਦੀ ਮੁਲਾਜ਼ਮ ਸੰਘਰਸ਼ਾਂ ਤੇ ਕੀਤੇ ਪੁਲਿਸ ਜਬਰ, ਮੁਲਾਜ਼ਮ ਮੰਗਾਂ ਤੇ ਕੀਤੀ ਵਾਅਦਾ ਖਿਲਾਫੀ ਅਤੇ ਅਦਾਲਤਾਂ ਵਿੱਚ ਮੁਲਾਜ਼ਮ ਮੰਗਾਂ ਦਾ ਕੀਤੇ ਧੁਰ ਵਿਰੋਧ ਤੇ ਘੇਰਾਬੰਦੀ ਕਰੇਗਾ, ਓਥੇ ਹੀ ਸੱਤਾ ਲਈ ਜ਼ੋਰ-ਅਜ਼ਮਾਇਸ਼ ਕਰ ਰਹੀਆਂ ਬਾਕੀ ਰਾਜਸੀ ਪਾਰਟੀਆਂ ਨੂੰ ਵੀ ਮੁਲਾਜ਼ਮ ਮੰਗਾਂ ਤੇ ਸਪਸ਼ਟ ਨੀਤੀ ਜਨਤਕ ਕਰਨ ਲਈ ਜਵਾਬਦੇਹ ਬਣਾਏਗਾ। ਮੀਟਿੰਗ ਵਿੱਚ ਬਲਜੀਤ ਸਿੰਘ ਮਹਿਮੋਵਾਲ, ਨੰਦ ਰਾਮ, ਪ੍ਰਵੀਨ ਸ਼ੇਰਪੁਰ, ਵਰਿੰਦਰ ਸੈਣੀ, ਰੇਸ਼ਮ ਸਿੰਘ ਧੁੱਗਾ, ਮਨਜੀਤ ਸਿੰਘ ਬਾਬਾ, ਬਲਬੀਰ ਸਿੰਘ ਧਾਮੀ, ਦਿਨੇਸ਼ ਕੱਕੋਂ, ਸੁਖਵੰਤ ਸਿੰਘ ਜਨੌੜੀ, ਰੰਗੀ ਸਹਿਗਲ, ਰਣਜੀਤ ਕੌਰ ਅਤੇ ਲੱਧਾ ਸਿੰਘ ਵੀ ਸ਼ਾਮਲ ਰਹੇ।

ਦੇਸ਼ ਦੇ ਸਾਰੇ ਸਕੂਲਾਂ 'ਚ ਪੜ੍ਹਾਇਆ ਜਾਵੇ ਚਾਰ ਸਾਹਿਬਜ਼ਾਦਿਆਂ ਦਾ ਇਤਿਹਾਸ : ਚਾਹਲ

ਕਪੂਰਥਲਾ (ਮਨਜੀਤ ਮਾਨ)- ਦੇਸ਼ ਦੇ ਸਾਰੇ ਗੈਰ-ਸਰਕਾਰੀ ਤੇ ਸਰਕਾਰੀ ਸਕੂਲ ਪ੍ਰਬੰਧਕਾਂ ਨੂੰ ਸਾਹਿਬਜ਼ਾਦਿਆਂ ਦੇ ਇਤਿਹਾਸ ਨੂੰ ਪੜ੍ਹਾਉਣ ਦੀ ਅਪੀਲ ਅਜਾਦ ਉਮੀਦਵਾਰ ਮਲਵਿੰਦਰ ਸਿੰਘ ਚਾਹਲ (ਮੰਮੂ ਚਾਹਲ) ਨੇ ਕਿਹਾ ਸਾਰੇ ਸਕੂਲਾਂ ਵਿਚ ਸਾਹਿਬਜ਼ਾਦਿਆਂ (ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ) ਦੀ ਜੀਵਨੀ ਸਕੂਲਾਂ ਦੇ ਸਿਲੇਬਸ ਵਿੱਚ ਸ਼ਾਮਲ ਕਰਨ ਨਾਲ ਬੱਚਿਆਂ ਵਿੱਚ ਇਤਿਹਾਸਕ ਜਾਣਕਾਰੀ, ਨੈਤਿਕ ਕਦਰਾਂ-ਕੀਮਤਾਂ ਅਤੇ ਹਿੰਮਤ ਪੈਦਾ ਕਰਨ ਲਈ ਇੱਕ ਬਹੁਤ ਹੀ ਸਾਰਥਕ ਅਤੇ ਮਹੱਤਵਪੂਰਨ ਕਦਮ ਸਾਬਤ ਹੋਵੇਗਾ।ਉਨ੍ਹਾਂ ਦੀ ਛੋਟੀ ਉਮਰ ਵਿੱਚ ਦਿੱਤੀ ਗਈ ਲਾਸਾਨੀ ਸ਼ਹਾਦਤ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਇੱਕ ਵੱਡਾ ਸਰੋਤ ਬਣ ਸਕਦੀ ਹੈ।ਮੰਮੂ ਚਾਹਲ ਨੇ ਕਿਹਾ ਕਿ ਸਾਹਿਬਜ਼ਾਦਿਆਂ ਦਾ ਜੀਵਨ ਬੱਚਿਆਂ ਨੂੰ ਸੱਚ, ਧਰਮ ਅਤੇ ਇਨਸਾਫ਼ ਦੇ ਰਾਹ 'ਤੇ ਡਟੇ ਰਹਿਣ ਦੀ ਸਿੱਖਿਆ ਦਿੰਦਾ ਹੈ।ਇਹ ਕਦਰਾਂ-ਕੀਮਤਾਂ ਵਿਦਿਆਰਥੀਆਂ ਦੇ ਚਰਿੱਤਰ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਛੋਟੇ ਸਾਹਿਬਜ਼ਾਦਿਆਂ (7 ਅਤੇ 9 ਸਾਲ ਦੀ ਉਮਰ) ਦੀ ਨਿਡਰਤਾ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਦੀ ਜੰਗ ਵਿੱਚ ਬਹਾਦਰੀ ਵਿਦਿਆਰਥੀਆਂ ਨੂੰ ਔਖੇ ਹਾਲਾਤਾਂ ਦਾ ਡਟ ਕੇ ਸਾਹਮਣਾ ਕਰਨ ਦਾ ਹੌਸਲਾ ਦਿੰਦੀ ਹੈ।ਸਕੂਲੀ ਪੱਧਰ ਤੇ



ਇਹ ਇਤਿਹਾਸ ਪੜ੍ਹਾਉਣ ਨਾਲ ਨਵੀਂ ਪੀੜ੍ਹੀ ਆਪਣੀਆਂ ਜੜ੍ਹਾਂ, ਕੁਰਬਾਨੀਆਂ ਅਤੇ ਅਮੀਰ ਵਿਰਸੇ ਤੋਂ ਜਾਣੂ ਹੁੰਦੀ ਹੈ। ਉਨ੍ਹਾ ਕਿਹਾ ਕਿ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਇਤਿਹਾਸ ਬੱਚਿਆਂ ਨੂੰ ਪੜ੍ਹਾਇਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਜਾਣ ਸਕਣ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਕੌਣ ਸਨ, ਉਨ੍ਹਾਂ ਨੂੰ ਅਤੇ ਮਾਤਾ ਗੁਜਰੀ ਜੀ ਨੂੰ ਕਿਉਂ ਜ਼ਾਲਮ ਹਕੂਮਤ ਨੇ ਸ਼ਹੀਦ ਕੀਤਾ। ਮੰਮੂ ਚਾਹਲ ਨੇ ਕਿਹਾ ਕਿ ਇਸ ਦਿਸ਼ਾ ਵਿਚ ਸਾਡੀ ਖਾਸ ਕਰਕੇ ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਬੱਚਿਆਂ ਨੂੰ ਇਤਿਹਾਸ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਜਾਵੇ।ਮੰਮੂ ਚਾਹਲ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਮੁੱਚੇ ਦੇਸ਼ ਦੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਚਾਰ ਸਾਹਿਬਜ਼ਾਦਿਆਂ ਬਾਰੇ ਇਤਿਹਾਸ ਪੜ੍ਹਾਇਆ ਜਾਵੇ ਕਿਉਂਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਮਿਸਾਲ ਦੁਨੀਆ ਵਿਚ ਹੋਰ ਕੋਈ ਨਹੀਂ।

ਭਾਰਤ ਵਿਕਾਸ ਪ੍ਰੀਸ਼ਦ ਮਨੁੱਖਤਾ ਦੀ ਸੇਵਾ ਤੇ ਰਾਸ਼ਟਰਵਾਦ ਦੀ ਭਾਵਨਾ ਦੀ ਜੀਵੰਤ ਮਿਸਾਲ : ਸੈਣੀ

ਚੰਡੀਗੜ੍ਹ (ਗਰਗ)- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤ ਵਿਕਾਸ ਪਰਿਸ਼ਦ ਮਨੁੱਖਤਾ ਦੀ ਸੇਵਾ ਅਤੇ ਰਾਸ਼ਟਰਵਾਦ ਦੀ ਭਾਵਨਾ ਦੀ ਜੀਵੰਤ ਮਿਸਾਲ



ਹੈ। ਪਰਿਸ਼ਦ ਸੇਵਾ ਨੂੰ ਦਾਨ ਜਾਂ ਅਹਿਸਾਨ ਨਹੀਂ, ਸਗੋਂ ਸੱਭਿਆਚਾਰਕ ਸੰਸਕਾਰਾਂ ਵਿੱਚ ਨਿਹਿਤ ਫ਼ਰਜ਼ ਮੰਨਦਿਆਂ ਸਮਾਜ ਦੇ ਲੋੜਵੰਦ ਵਰਗਾਂ ਦੀ ਸਹਾਇਤਾ ਕਰ ਰਹੀ ਹੈ। ਉਨ੍ਹਾਂ ਨੇ ਪਰਿਸ਼ਦ ਦੇ ਸੇਵਾ ਕਾਰਜਾਂ ਦੀ ਸ਼ਲਾਘਾ ਕਰਦਿਆਂ ਸੰਸਥਾ ਨੂੰ 21 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਮੁੱਖ ਮੰਤਰੀ ਸ਼ਨੀਵਾਰ ਨੂੰ ਪਠਾਨਕੋਟ ਦੇ ਛਤਵਾਲ ਵਿਖੇ ਭਾਰਤ ਵਿਕਾਸ ਪਰਿਸ਼ਦ ਉੱਤਰ ਖੇਤਰ-1 ਦੇ ਖੇਤਰੀ ਦਫ਼ਤਰ ਅਤੇ ਆਰੋਗਿਆ ਕੇਂਦਰ ਦੇ ਉਦਘਾਟਨ ਮੌਕੇ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਪਰਿਸ਼ਦ ਦੇ ਦੋਵਾਂ ਪ੍ਰੋਜੈਕਟਾਂ ਦੇ ਉਦਘਾਟਨ 'ਤੇ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਵਧਾਈ ਦਿੱਤੀ।

ਇਸ ਮੌਕੇ ਭਾਰਤ ਵਿਕਾਸ ਪਰਿਸ਼ਦ, ਉੱਤਰ ਖੇਤਰ ਦੇ ਸਰਪ੍ਰਸਤ ਸ੍ਰੀ ਐਸ.ਐਸ. ਗਿੱਲ, ਖੇਤਰੀ ਪ੍ਰਧਾਨ ਸੁਸ਼ੀਲ ਸ਼ਰਮਾ, ਟੀਬੀਆਰ ਐਗਰੋਟੈਕ ਲਿਮਟਿਡ ਦੇ ਚੇਅਰਮੈਨ ਈਸ਼ਵਰ ਕੁਮਾਰ ਗੁਪਤਾ, ਭਾਰਤ ਵਿਕਾਸ ਪਰਿਸ਼ਦ ਦੇ ਰਾਸ਼ਟਰੀ ਸੰਗਠਨ ਮੰਤਰੀ ਸੁਰੇਸ਼ ਜੈਨ ਸਮੇਤ ਪਰਿਸ਼ਦ ਦੇ ਹੋਰ ਅਹੁਦੇਦਾਰ ਅਤੇ ਪਤਵੰਤੇ ਵਿਅਕਤੀ ਮੌਜੂਦ ਸਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਉਹ ਇਤਿਹਾਸਕ ਸ਼ਹਿਰ ਪਠਾਨਕੋਟ ਨੂੰ ਨਮਨ ਕਰਨ ਆਏ ਹਨ।

ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਬਾਲ ਦਿਵਸ ਉਤਸ਼ਾਹ ਨਾਲ ਮਨਾਇਆ



ਡੇਰਾਬੱਸੀ (ਵਿਨੈ ਕੁਮਾਰ ਜੈਨ)- ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਬਾਲ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਬਾਲ ਦਿਵਸ ਹਰ ਸਾਲ 14 ਨਵੰਬਰ ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਦੇ ਮੌਕੇ 'ਤੇ ਮਨਾਇਆ ਜਾਂਦਾ ਹੈ, ਜਿਨ੍ਹਾਂ ਨੂੰ ਬੱਚਿਆਂ ਨਾਲ ਅਥਾਹ ਪਿਆਰ ਸੀ ਅਤੇ ਉਹ ਦੇਸ਼ ਦਾ ਭਵਿੱਖ ਮੰਨਦੇ ਸਨ। ਸਕੂਲ ਦੇ ਬੱਚਿਆਂ ਨੇ ਇਸ ਵਿਸ਼ੇਸ਼ ਦਿਨ 'ਤੇ ਨਾਟਕ, ਕਵਿਤਾਵਾਂ ਅਤੇ ਗੀਤ ਸਮੇਤ ਵੱਖ-ਵੱਖ ਪੇਸ਼ਕਾਰੀਆਂ ਪੇਸ਼ ਕੀਤੀਆਂ। ਇਸ ਤੋਂ ਇਲਾਵਾ ਰੱਸਾਕਸ਼ੀ ਦਾ ਆਯੋਜਨ ਕੀਤਾ ਗਿਆ । ਉਪਰੰਤ ਬੱਚਿਆਂ ਨੂੰ ਮੈਡਲ ਨਾਲ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਅਤੇ ਅਧਿਆਪਕਾਂ ਨੇ ਵੀ ਪ੍ਰੋਗਰਾਮ ਵਿੱਚ ਹਿੱਸਾ ਲਿਆ ਅਤੇ ਪ੍ਰੇਰਨਾਦਾਇਕ ਸੰਦੇਸ਼ ਸਾਂਝੇ ਕੀਤੇ। ਪ੍ਰਿੰਸੀਪਲ ਕਵਿਤਾ ਅਤਰੀ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਬੱਚੇ ਸਾਡੇ ਭਵਿੱਖ ਦੇ ਨਿਰਮਾਤਾ ਹਨ। ਸਾਨੂੰ ਉਨ੍ਹਾਂ ਨੂੰ ਬਿਹਤਰ ਨਾਗਰਿਕ ਬਣਾਉਣਾ ਚਾਹੀਦਾ ਹੈ, ਉਨ੍ਹਾਂ ਵਿੱਚ ਸਹੀ ਸਿੱਖਿਆ ਅਤੇ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਨੀਆਂ ਚਾਹੀਦੀਆਂ ਹਨ।ਅੰਤ ਵਿੱਚ ਪ੍ਰਿੰਸੀਪਲ ਕਵਿਤਾ ਅਤਰੀ ਨੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਵਿਸ਼ਵਾਸ ਪ੍ਰਗਟ ਕੀਤਾ ਕਿ ਬੱਚੇ ਉਹਨਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਗੇ।ਸਕੂਲ ਪ੍ਰਬੰਧਕ ਕਮੇਟੀ ਦੇ ਉਪ-ਪ੍ਰਧਾਨ ਅੰਮ੍ਰਿਤ ਪਾਲ ਸਿੰਘ ਅਤੇ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ ਸਾਹਿਬਾਨ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਦਸਮ ਪਿਤਾ ਦਾ ਜੋਤੀ ਜੋਤ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ

ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)- ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਮ ਪਿਤਾ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ



ਜੋਤ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ ।

ਇਸ ਧਾਰਮਿਕ ਸਮਾਗਮ ਵਿੱਚ ਭਾਈ ਪ੍ਰਿਤਪਾਲ ਸਿੰਘ ਮਲੇਰਕੋਟਲੇ ਵਾਲਿਆ ਦੇ ਢਾਡੀ ਜੱਥੇ ਨੇ ਸਰਬੰਸਦਾਨੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ 1708 ਈ ਵਿੱਚ ਜੋਤੀ ਜੋਤ ਸਮਾਉਣ ਬਾਰੇ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਸਰਵਣ ਕਰਵਾਇਆ। ਭਾਈ ਗੁਰਸੇਵਕ ਸਿੰਘ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲੁਧਿਆਣੇ ਵਾਲਿਆਂ ਦੇ ਰਾਗੀ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ ।ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਆਪਣੇ ਪਰਵਚਨਾਂ ਰਾਹੀਂ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਜੀ ਦੁਆਰਾ ਖਾਲਸਾ ਪੰਥ ਸਿਰਜਨਾ ਕਰਨੀ, ਦੇਸ਼, ਕੌਮ ਅਤੇ ਧਰਮ ਦੇ ਖਾਤਰ ਸਰਬੰਸ ਕੁਰਬਾਨ ਕਰਨ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ। ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁ: ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ। ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਰ ਵਿਖੇ ਨਤਮਸਤਕ ਹੋਏ ਡਾ. ਚੱਬੇਵਾਲ

ਫਗਵਾੜਾ (ਜਸਵਿੰਦਰ ਢੱਡਾ)- ਆਮ ਆਦਮੀ ਪਾਰਟੀ ਵੱਲੋਂ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਫਗਵਾੜਾ ਹਲਕੇ ਤੋਂ ਉਮੀਦਵਾਰ ਐਲਾਨੇ ਗਏ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ



ਚੱਬੇਵਾਲ ਨੇ ਸ਼੍ਰੋਮਣੀ ਸ੍ਰੀ ਵਿਸ਼ਵਕਰਮਾ ਮੰਦਰ ਫਗਵਾੜਾ ਵਿਖੇ ਪਹੁੰਚ ਕੇ ਭਗਵਾਨ ਸ੍ਰੀ ਵਿਸ਼ਵਕਰਮਾ ਜੀ ਦੇ ਚਰਨਾਂ ਵਿੱਚ ਮੱਥਾ ਟੇਕਿਆ ਅਤੇ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਫਗਵਾੜਾ ਦੇ ਮੇਅਰ ਰਾਮਪਾਲ ਉੱਪਲ ਵੀ ਮੌਜੂਦ ਸਨ। ਮੰਦਰ ਕਮੇਟੀ ਅਤੇ ਸ੍ਰੀ ਵਿਸ਼ਵਕਰਮਾ ਧੀਮਾਨ ਸਭਾ ਦੇ ਪ੍ਰਧਾਨ ਪ੍ਰਦੀਪ ਧੀਮਾਨ ਅਤੇ ਸਮੂਹ ਮੈਂਬਰਾਂ ਵੱਲੋਂ ਡਾ. ਰਾਜ ਕੁਮਾਰ ਚੱਬੇਵਾਲ ਅਤੇ ਮੇਅਰ ਰਾਮਪਾਲ ਉੱਪਲ ਨੂੰ ਸਿਰੋਪੇ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਮੰਦਰ ਦਰਬਾਰ ਵਿਖੇ ਲਗਾਈ ਗਈ ਡਿਵਾਈਨ ਆਰਟ ਪ੍ਰਦਰਸ਼ਨੀ ਦਾ ਵੀ ਦੌਰਾ ਕੀਤਾ। ਡਾ. ਚੱਬੇਵਾਲ ਨੇ ਕਿਹਾ ਕਿ ਭਗਵਾਨ ਵਿਸ਼ਵਕਰਮਾ ਜੀ ਦੇ ਜੀਵਨ, ਸਿੱਖਿਆਵਾਂ ਅਤੇ ਕਲਾਕ੍ਰਿਤੀਆਂ ਨੂੰ ਸੰਭਾਲ ਕੇ ਰੱਖਣਾ ਉਨ੍ਹਾਂ ਦੀ ਮਹਾਨ ਵਿਰਾਸਤ ਅਤੇ ਸੰਦੇਸ਼ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਬਿਹਤਰੀਨ ਜ਼ਰੀਆ ਹੈ।ਇਸ ਮੌਕੇ ਸੀਨੀਅਰ ਵਾਈਸ ਪ੍ਰਧਾਨ ਜਸਪਾਲ ਸਿੰਘ ਲਾਲ, ਸੁਰਿੰਦਰ ਪਾਲ ਧੀਮਾਨ, ਜਨਰਲ ਸਕੱਤਰ ਗੁਰਨਾਮ ਸਿੰਘ ਜੁਤਲਾ, ਕੈਸ਼ੀਅਰ ਸੁਭਾਸ਼ ਧੀਮਾਨ, ਪ੍ਰਸ਼ਾਂਤ ਧੀਮਾਨ, ਅਰੁਣ ਰੂਪਰਾਏ, ਭੁਪਿੰਦਰ ਸਿੰਘ ਜੰਡੂ, ਅਮੋਲਕ ਸਿੰਘ ਝੀਤਾ, ਅਸ਼ੋਕ ਧੀਮਾਨ, ਨਰਿੰਦਰ ਸਿੰਘ ਭੱਚੂ, ਸੁਖਵਿੰਦਰ ਸਿੰਘ ਕੁੰਦੀ, ਰਵਿੰਦਰ ਸਿੰਘ ਪਨੇਸਰ, ਰਜਿੰਦਰ ਸਿੰਘ ਰੂਪਰਾਏ, ਪਰਮਜੀਤ ਸਿੰਘ ਭੋਗਲ, ਹਰਪ੍ਰੀਤ ਪਾਲ ਸਿੰਘ, ਹਰਜੀਤ ਸਿੰਘ ਭਮਰਾ, ਸਬਲਵਿੰਦਰ ਸਿੰਘ ਹਠੂਰ, ਜਤਿਨ ਰੂਪਰਾਏ ਤੋਂ ਇਲਾਵਾ ਹੋਰ ਮੈਂਬਰ ਵੀ ਹਾਜ਼ਰ ਸਨ।

ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਵਿਖੇ ਬਾਲ ਦਿਵਸ ਮਨਾਇਆ

ਕਰਤਾਰਪੁਰ (ਹਰਮੇਸ਼ ਦੱਤ)- ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਕਰਤਾਰਪੁਰ ਵਿਖੇ 14 ਨਵੰਬਰ ਨੂੰ ਬਾਲ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਸੁੰਦਰ ਭਾਸ਼ਣ, ਗੀਤ ਅਤੇ ਮਨਮੋਹਕ ਸੱਭਿਆਚਾਰਕ ਨਾਚ ਪੇਸ਼ ਕੀਤੇ ਗਏ। ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਨਾਚ



ਦੀਆਂ ਪੇਸ਼ਕਾਰੀਆਂ ਵਿੱਚ ਉਤਸ਼ਾਹ ਨਾਲ ਭਾਗ ਲੈ ਕੇ ਸਭ ਦਾ ਮਨ ਮੋਹ ਲਿਆ। ਐੱਲ.ਕੇ.ਜੀ. ਦੇ ਨੰਨ੍ਹੇ-ਮੁੰਨੇ ਬੱਚਿਆਂ ਨੇ ਹਿੰਦੀ ਗੀਤ ਪੇਸ਼ ਕੀਤਾ। ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਨੇ ਆਕਰਸ਼ਕ ਮਾਡਲਿੰਗ ਦੀ ਪੇਸ਼ਕਾਰੀ ਕੀਤੀ। ਇਸ ਤੋਂ ਇਲਾਵਾ ਛੇਵੀਂ ਜਮਾਤ ਦੇ ਵਿਦਿਆਰਥੀਆਂ ਲਈ ਮਿਊਜ਼ੀਕਲ ਚੇਅਰ ਖੇਡ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦਾ ਵਿਸ਼ੇਸ਼ ਆਕਰਸ਼ਣ ਅਧਿਆਪਕਾਵਾਂ ਵੱਲੋਂ ਪੇਸ਼ ਕੀਤੀ ਗਈ ਮਾਡਲਿੰਗ ਰਹੀ । ਅਮਨਾ ਮੈਮ ਨੇ ਹਿੰਦੀ ਵਿੱਚ ਅਤੇ ਸੁਰਭੀ ਮੈਮ ਨੇ ਅੰਗਰੇਜ਼ੀ ਵਿੱਚ ਆਪਣੇ ਵਿਚਾਰ ਪੇਸ਼ ਕੀਤੇ। ਇਸ ਸ਼ੁਭ ਮੌਕੇ ਸਕੂਲ ਦੇ ਚੇਅਰਮੈਨ ਡਾ. ਚਰਨ ਸਿੰਘ, ਚੇਅਰਪਰਸਨ ਸੁਰਿੰਦਰ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ, ਡਾ. ਪਿਆਰਾ ਸਿੰਘ ਅਤੇ ਮਨਦੀਪ ਕੌਰ ਨੇ ਆਪਣੀ ਉਤਸ਼ਾਹਪੂਰਵਕ ਹਾਜ਼ਰੀ ਲਗਵਾਈ। ਸਕੂਲ ਦੇ ਪ੍ਰਿੰਸੀਪਲ ਹਰਵਿਸ਼ਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਮਿਹਨਤ, ਅਨੁਸ਼ਾਸਨ ਅਤੇ ਚੰਗੇ ਸੰਸਕਾਰ ਅਪਣਾਉਣ ਲਈ ਪ੍ਰੇਰਿਤ ਕੀਤਾ।

ਬੇਗੋਵਾਲ ਵਿਖੇ ਅੱਜ ਪਹੁੰਚਣਗੇ ਸੁਖਬੀਰ ਸਿੰਘ ਬਾਦਲ

ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 15 ਨਵੰਬਰ ਨੂੰ ਦੁਪਹਿਰ 1:30 ਵਜੇ ਬੇਗੋਵਾਲ ਵਿਖੇ ਪਹੁੰਚ ਰਹੇ ਹਨ। ਇਸ ਸਬੰਧੀ ਬੀਬੀ ਜਗੀਰ ਕੌਰ ਵੱਲੋਂ ਇਲਾਕੇ ਦੀ ਸੰਗਤ ਅਤੇ ਪਾਰਟੀ ਵਰਕਰਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਗੁਰਦੁਆਰਾ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪਵਿੱਤਰ ਅਸਥਾਨ ਵਿਖੇ ਪਹੁੰਚ ਕੇ ਆਪਣੇ ਵਿਚਾਰ ਸਾਂਝੇ ਕਰਨਗੇ। ਉਨ੍ਹਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਨਿਮਰਤਾ ਸਹਿਤ ਸੱਦਾ ਦਿੱਤਾ ਕਿ ਉਹ ਹੁੰਮ-ਹੁਮਾ ਕੇ ਪਹੁੰਚਣ ਅਤੇ ਪਾਰਟੀ ਪ੍ਰਧਾਨ ਦੇ ਵਿਚਾਰ ਸੁਣਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਬਾਲ ਦਿਵਸ ਮਨਾਇਆ

ਕਪੂਰਥਲਾ (ਹਨੀ)- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਦੀ ਅਗਵਾਈ ਹੇਠ ਬਾਲ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ ਤੋਂ ਜਾਣੂ ਕਰਵਾਇਆ।

ਇਸ ਮੌਕੇ ਕੇ.ਜੀ. ਵਿੰਗ ਦੇ ਬੱਚਿਆਂ ਲਈ ਬਲੂ ਡੇ ਵੀ ਮਨਾਇਆ ਗਿਆ, ਜਿਸ ਵਿੱਚ ਬੱਚੇ ਨੀਲੇ ਰੰਗ ਦੇ ਸੁੰਦਰ ਕੱਪੜੇ ਪਹਿਨ ਕੇ ਸਕੂਲ ਪਹੁੰਚੇ। ਯੂ.ਕੇ.ਜੀ. ਦੇ ਬੱਚਿਆਂ ਵੱਲੋਂ ਰੇਨ ਡ੍ਰੌਪ ਅੰਬਰੇਲਾ ਗਤੀਵਿਧੀ ਤਿਆਰ ਕੀਤੀ ਗਈ ਅਤੇ ਉਨ੍ਹਾਂ ਵਿਚਕਾਰ ਬਟਰਫਲਾਈ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਪਹਿਲੀ ਜਮਾਤ ਦੇ ਵਿਦਿਆਰਥੀਆਂ ਲਈ



ਬਾਲ ਦਿਵਸ ਨਾਲ ਸੰਬੰਧਿਤ ਕੁਇਜ਼ ਮੁਕਾਬਲਾ ਕਰਵਾਇਆ ਗਿਆ, ਜਦਕਿ ਨਰਸਰੀ ਜਮਾਤ ਦੇ ਬੱਚਿਆਂ ਲਈ ਬਲੂ ਟੌਏ ਸਰਚ ਗਤੀਵਿਧੀ ਕਰਵਾਈ ਗਈ। ਇਸ ਮੌਕੇ ਸਕੂਲ ਵਿੱਚ ਵਿਸ਼ੇਸ਼ ਅਸੈਂਬਲੀ ਕਰਵਾਈ ਗਈ, ਇਸ ਦੌਰਾਨ ਇੰਜ. ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਪਹਿਲੀ ਜਮਾਤ ਦੀ ਵਿਦਿਆਰਥਣ ਸਹਿਜ ਕੌਰ ਨੇ ਕਵਿਤਾ ਗਾਇਨ ਕੀਤੀ ਅਤੇ ਯੂ.ਕੇਜੀ ਦੀ ਵਿਦਿਆਰਥਣ ਗੁਰਕੀਰਤ ਕੌਰ ਨੇ ਭਾਸ਼ਣ ਰਾਹੀਂ ਬਾਲ ਦਿਵਸ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਅਧਿਆਪਕਾ ਹਰਪ੍ਰੀਤ ਕੌਰ ਅਤੇ ਮਨਦੀਪ ਕੌਰ ਨੇ ਵੀ ਵਿਸ਼ੇਸ਼ ਭਾਸ਼ਣ ਦਿੱਤੇ ਅਤੇ ਇਸ ਮੌਕੇ ਸਕੂਲ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਬੱਚਿਆਂ ਨੂੰ ਬਾਲ ਦਿਵਸ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਡੀ ਈ ਓ ਨੇ ਸਟਾਫ਼ ਨਾਲ ਸਾਂਝਾ ਕੀਤਾ ਬਿਹਤਰ ਸਿੱਖਿਆ ਦਾ ਵਿਜ਼ਨ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸਰਕਾਰੀ ਸਕੂਲਾਂ ਦੀ ਪਛਾਣ ਸਿਰਫ਼ ਬਿਹਤਰ ਬੁਨਿਆਦੀ ਸਹੂਲਤਾਂ ਨਾਲ ਹੀ ਨਹੀਂ, ਸਗੋਂ ਉੱਥੇ ਮਿਲਣ ਵਾਲੀ ਗੁਣਵੱਤਾਪੂਰਨ ਸਿੱਖਿਆ ਅਤੇ ਅਧਿਆਪਕਾਂ ਦੇ ਸਮਰਪਣ ਨਾਲ ਬਣਦੀ ਹੈ। ਇਸੇ ਦਿਸ਼ਾ ਵਿੱਚ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ ਸਿੱਖਿਆ ਹਰਜਿੰਦਰ ਕੌਰ ਨੇ ਸਰਕਾਰੀ ਹਾਈ ਸਕੂਲ ਡੰਡੋ ਔਰਾਹ ਅਤੇ ਸਰਕਾਰੀ ਹਾਈ ਸਕੂਲ ਅਤਵਾਰਾਪੁਰ ਦਾ ਦੌਰਾ ਕਰਕੇ ਸਕੂਲਾਂ



ਦੀਆਂ ਸਿੱਖਿਆ ਸਬੰਧੀ ਗਤੀਵਿਧੀਆਂ ਅਤੇ ਕਾਰਜਪ੍ਰਣਾਲੀ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਸਕੂਲ ਸਟਾਫ਼ ਨਾਲ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਉਨ੍ਹਾਂ ਨੂੰ ਸਕਾਰਾਤਮਕ ਸੋਚ, ਆਪਸੀ ਤਾਲਮੇਲ ਅਤੇ ਸਮੂਹਿਕ ਯਤਨਾਂ ਨਾਲ ਸਿੱਖਿਆ ਦੇ ਪੱਧਰ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਲਈ ਪ੍ਰੇਰਿਤ ਕੀਤਾ।ਨਿਰੀਖਣ ਦੌਰਾਨ ਡੀ ਈ ਓ ਨੇ ਵੱਖ-ਵੱਖ ਜਮਾਤਾਂ ਵਿੱਚ ਜਾ ਕੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੀ ਪੜ੍ਹਾਈ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਤੋਂ ਵਿਸ਼ਿਆਂ ਨਾਲ ਸੰਬੰਧਤ ਸਵਾਲ ਪੁੱਛ ਕੇ ਉਨ੍ਹਾਂ ਦੇ ਸਿੱਖਣ ਦੇ ਪੱਧਰ ਅਤੇ ਵਿਸ਼ਿਆਂ ਦੀ ਸਮਝ ਨੂੰ ਪਰਖਿਆ। ਇਸ ਦੇ ਨਾਲ ਹੀ ਅਧਿਆਪਕਾਂ ਤੋਂ ਪਾਠਕ੍ਰਮ ਦੀ ਪ੍ਰਗਤੀ, ਜਮਾਤ ਵਿੱਚ ਪੜ੍ਹਾਉਣ ਦੇ ਢੰਗ ਅਤੇ ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ ਬਾਰੇ ਵੀ ਜਾਣਕਾਰੀ ਲਈ।ਸਕੂਲ ਸਟਾਫ਼ ਨਾਲ ਗੱਲਬਾਤ ਦੌਰਾਨ ਹਰਜਿੰਦਰ ਕੌਰ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਹਰੇਕ ਅਧਿਆਪਕ ਦੀ ਭੂਮਿਕਾ ਬੇਹੱਦ ਅਹਿਮ ਹੈ। ਅਧਿਆਪਕ ਸਿਰਫ਼ ਪਾਠਕ੍ਰਮ ਪੂਰਾ ਕਰਵਾਉਣ ਤੱਕ ਹੀ ਸੀਮਤ ਨਾ ਰਹਿਣ, ਸਗੋਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਰਚਨਾਤਮਕ ਸੋਚ ਅਤੇ ਜੀਵਨ ਵਿੱਚ ਅੱਗੇ ਵਧਣ ਦਾ ਜਜ਼ਬਾ ਪੈਦਾ ਕਰਨ ਲਈ ਵੀ ਯਤਨ ਕਰਨ।ਉਨ੍ਹਾਂ ਅਧਿਆਪਕਾਂ ਨੂੰ ਸੁਝਾਅ ਦਿੱਤਾ ਕਿ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਪ੍ਰਗਤੀ ਦਾ ਨਿਯਮਿਤ ਮੁਲਾਂਕਣ ਕੀਤਾ ਜਾਵੇ ਅਤੇ ਮਾਪਿਆਂ ਨਾਲ ਵੀ ਲਗਾਤਾਰ ਸੰਪਰਕ ਬਣਾਈ ਰੱਖਿਆ ਜਾਵੇ। ਇਸ ਮੌਕੇ ਉਨ੍ਹਾਂ ਦੇ ਨਾਲ ਸਿੱਖਿਆ ਦਫ਼ਤਰ ਤੋਂ ਨਿਰਮਲਾ ਅਤੇ ਅਨਿਰੁੱਧ ਮੋਡਗਿਲ ਵੀ ਮੌਜੂਦ ਸਨ।

ਰਿਆਤ ਕਾਲਜ ਨੇੜੇ ਸੜਕ ਹਾਦਸੇ 'ਚ ਐਕਟਿਵਾ ਸਵਾਰ ਜ਼ਖ਼ਮੀ

ਬਲਾਚੌਰ, (ਜਸਵਿੰਦਰ ਬੈਂਸ)- ਰਿਆਤ ਕਾਲਜ ਨੇੜੇ ਸੜਕ ਹਾਦਸਾ ਵਾਪਰਨ ਦੀ ਸੂਚਨਾ ਮਿਲਣ 'ਤੇ ਸੜਕ ਸੁਰੱਖਿਆ ਫੋਰਸ ਦੀ ਟੀਮ ਤੁਰੰਤ ਮੌਕੇ 'ਤੇ ਪਹੁੰਚੀ। ਮੌਕੇ 'ਤੇ ਪਹੁੰਚ ਕੇ ਟੀਮ ਵੱਲੋਂ ਹਾਦਸੇ ਦਾ ਜਾਇਜ਼ਾ ਲਿਆ ਗਿਆ।



ਜਾਣਕਾਰੀ ਅਨੁਸਾਰ ਇੱਕ ਐਕਟਿਵਾ ਸਕੂਟਰੀ ਰੋਪੜ ਤੋਂ ਬਲਾਚੌਰ ਵੱਲ ਆ ਰਹੀ ਸੀ। ਸੜਕ ਦੀ ਉਚਾਈ ਵਿੱਚ ਅਚਾਨਕ ਆਏ ਫਰਕ ਕਾਰਨ ਐਕਟਿਵਾ ਸਵਾਰ ਦਾ ਸੰਤੁਲਨ ਵਿਗੜ ਗਿਆ ਅਤੇ ਸਕੂਟਰੀ ਕਿਨਾਰੇ ਵੱਲ ਡਿਗ ਪਈ। ਇਸ ਹਾਦਸੇ ਵਿੱਚ ਐਕਟਿਵਾ ਚਾਲਕ ਜ਼ਖਮੀ ਹੋ ਗਿਆ। ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋਂ ਤੁਰੰਤ ਰਾਹਤ ਕਾਰਜ ਕਰਦਿਆਂ ਨੈਸ਼ਨਲ ਹਾਈਵੇਅ ਦੀ ਐਂਬੂਲੈਂਸ ਰਾਹੀਂ ਜ਼ਖਮੀ ਨੂੰ ਸਿਵਲ ਹਸਪਤਾਲ ਰੋਪੜ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਇਸ ਹਾਦਸੇ ਸਬੰਧੀ ਹੰਸਰੋਂ ਪੁਲਸ ਚੌਂਕੀ ਨੂੰ ਵੀ ਸੂਚਿਤ ਕਰ ਦਿੱਤਾ ਗਿਆ। ਸੜਕ ਸੁਰੱਖਿਆ ਫੋਰਸ ਦੀ ਤੁਰੰਤ ਕਾਰਵਾਈ ਕਾਰਨ ਜ਼ਖਮੀ ਨੂੰ ਸਮੇਂ ਸਿਰ ਹਸਪਤਾਲ ਪਹੁੰਚਾਇਆ ਗਿਆ।

ਕਾਂਗਰਸੀਆਂ ਮਨਾਇਆ ਪੰਡਤ ਨਹਿਰੂ ਦਾ ਜਨਮ ਦਿਨ



ਜਲੰਧਰ (ਇਕਬਾਲ ਸਿੰਘ ਉਭੀ)- ਸਥਾਨਕ ਕਾਂਗਰਸ ਭਵਨ ਵਿਖੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ ਬਾਲ ਦਿਵਸ ਦੇ ਤੌਰ 'ਤੇ ਮਨਾਇਆ ਗਿਆ। ਇਸ ਮੌਕੇ ਰਜਿੰਦਰ ਬੇਰੀ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਨੇ ਕਿਹਾ ਕਿ ਪੰਡਿਤ ਨਹਿਰੂ ਨੇ ਆਪਣੀ ਸਾਰੀ ਜ਼ਿੰਦਗੀ ਦੇਸ਼ ਦੀ ਆਜ਼ਾਦੀ ਤੇ ਦੇਸ਼ ਦੀ ਸੇਵਾ ਲਈ ਸਮਰਪਤ ਕਰ ਦਿੱਤੀ। ਉਨ੍ਹਾਂ ਆਜ਼ਾਦੀ ਦੀ ਲੜਾਈ ਵਿਚ ਅਹਿਮ ਭੂਮਿਕਾ ਨਿਭਾਈ ਤੇ ਕਈ ਵਾਰ ਜੇਲ੍ਹਾਂ ਵੀ ਕੱਟੀਆਂ। ਉਹਨਾਂ ਲੋਕਤੰਤਰ ਨੂੰ ਮਜ਼ਬੂਤ ਕੀਤਾ, ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਨੂੰ ਸੰਭਾਲਿਆ ਤੇ ਸਭ ਧਰਮਾਂ, ਸਭ ਜਾਤਾਂ ਨੂੰ ਨਾਲ ਲੈ ਕੇ ਚੱਲਣ ਦਾ ਸੁਨੇਹਾ ਦਿੱਤਾ। ਬੱਚੇ ਉਹਨਾਂ ਨੂੰ ਪਿਆਰ ਨਾਲ ਚਾਚਾ ਨਹਿਰੂ ਕਹਿੰਦੇ ਸਨ। ਉਹ ਹਮੇਸ਼ਾ ਕਹਿੰਦੇ ਸਨ ਕਿ ਅੱਜ ਦੇ ਬੱਚੇ ਹੀ ਕੱਲ੍ਹ ਦਾ ਭਾਰਤ ਹਨ। ਇਸੇ ਕਰਕੇ ਉਹਨਾਂ ਦੇ ਜਨਮ ਦਿਨ ਨੂੰ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ, ਵਿਗਿਆਨ, ਖੇਤੀ ਤੇ ਉਦਯੋਗ ਦੇ ਖੇਤਰ ਵਿਚ ਦੇਸ਼ ਨੂੰ ਅੱਗੇ ਲਿਜਾਣ ਲਈ ਨਹਿਰੂ ਨੇ ਵੱਡੇ-ਵੱਡੇ ਕਦਮ ਚੁੱਕੇ। ਆਈ ਆਈ ਟੀ, ਏਮਜ਼ ਵਰਗੇ ਵੱਡੇ ਅਦਾਰੇ, ਡੈਮ, ਕਾਰਖਾਨੇ ਤੇ ਵਿਗਿਆਨਕ ਸੰਸਥਾਵਾਂ ਉਹਨਾਂ ਦੀ ਦੂਰਦਰਸ਼ੀ ਸੋਚ ਦੀ ਹੀ ਦੇਣ ਹਨ। ਇਸ ਮੌਕੇ ਪ੍ਰੇਮ ਪਾਲ ਡੁਮੇਲੀ, ਰਵਿੰਦਰ ਸਿੰਘ ਲਾਡੀ, ਸੁਦੇਸ਼ ਕੁਮਾਰ ਭਗਤ , ਅਰੁਣ ਰਤਨ , ਸੁਭਾਸ਼ ਢੱਲ, ਵਿਪਨ ਕੁਮਾਰ, ਗੁਲਸ਼ਨ ਮਿੱਡਾ , ਡਾ ਜਸਲੀਨ ਸੇਠੀ, ਕੀਮਤੀ ਸੈਣੀ, ਯਸ਼ਪਾਲ ਸਫਰੀ, ਨਵਦੀਪ ਜਰੇਵਾਲ, ਹੁਸਨ ਲਾਲ, ਕਿਸ਼ੋਰੀ ਲਾਲ, ਰਾਕੇਸ਼ ਕੁਮਾਰ, ਰਵੀ ਬੱਗਾ, ਅਸ਼ੋਕ ਹੰਸ, ਹਰਦੀਪ ਸਿੰਘ, ਮੁਖਤਾਰ ਅਹਿਮਦ, ਹੈਦਰ ਅਲੀ, ਰਿਆਨ ਹੈਰਿਸ, ਯਸ਼ ਪਾਲ, ਅਸ਼ੋਕ ਖੰਨਾ, ਗੁਰਪ੍ਰੀਤ ਸਿੱਧੂ, ਅਸ਼ਵਨੀ ਸ਼ਰਮਾ, ਪੱਲਵੀ, ਗੁਰਮੀਤ ਜੱਸੀ, ਸ਼ਬਨਮ ਆਦਿ ਮੌਜੂਦ ਸਨ।

ਝੂਠੇ ਪਰਚਿਆਂ ਦਾ ਜਵਾਬ ਵਿਧਾਨ ਸਭਾ 2027 ਚੋਣਾਂ 'ਚ ਦੇਵਾਂਗੇ : ਕੋਹਲੀ



ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਸਾਡੇ 'ਤੇ ਝੂਠੇ ਪਰਚੇ ਇੱਕ ਨਹੀਂ, ਦੋ ਨਹੀਂ ਭਾਵੇਂ ਦਸ ਹੋਰ ਹੋ ਜਾਣ, ਮੈਨੂੰ ਪਰਚਿਆਂ ਦੀ ਕੋਈ ਪ੍ਰਵਾਹ ਨਹੀਂ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਨੂਰਮਹਿਲ ਦੇ ਕੌਂਸਲਰ ਜੰਗ ਬਹਾਦਰ ਕੋਹਲੀ ਨੇ ਕੀਤਾ। ਪੰਜਾਬ ਦੀ ਜਵਾਨੀ ਸੰਭਾਲ ਯਾਤਰਾ ਦੀ ਰੈਲੀ ਦੌਰਾਨ ਜੰਗ ਬਹਾਦਰ ਕੋਹਲੀ ਨੇ ਆਪਣਾ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਪਿਛਲੀਆਂ ਐਮ ਸੀ ਦੀਆਂ ਚੋਣਾਂ ਦੌਰਾਨ ਮੇਰੇ 'ਤੇ ਮੌਜੂਦਾ ਸਰਕਾਰ ਦੇ ਨਕੋਦਰ ਦੇ ਵਿਧਾਇਕ ਨੇ ਝੂਠੇ ਪਰਚੇ ਕਰਵਾ ਕੇ ਸਾਨੂੰ ਡਰਾ ਧਮਕਾ ਕੇ ਵੋਟਾਂ ਹਥਿਆਉਣ ਦੀ ਕੋਸ਼ਿਸ਼ ਕੀਤੀ ਸੀ।ਪਰ ਅਸੀਂ ਡਰਨ ਵਾਲੇ ਵਰਕਰ ਨਹੀਂ ਹਾਂ। ਉਨ੍ਹਾਂ ਕਿਹਾ ਕਿ ਬੀਬੀ ਮਾਨ ਜਿੰਨੇ ਵੀ ਪਰਚੇ ਕਰਨੇ ਹੈ, ਕਰ ਲਵੇ। ਅਸੀਂ ਡਰਦੇ ਨਹੀਂ। ਇਨ੍ਹਾਂ ਪਰਚਿਆਂ ਦਾ ਜਵਾਬ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਵਾਬ ਦੇਵਾਂਗੇ।

ਬੈਸਟ ਫ਼ਿਲਮ ਐਵਾਰਡ ਲਈ ਫ਼ਿਲਮ 'ਚਾਨਣ' ਦਾ ਨਾਮਜ਼ਦ ਹੋਣਾ ਸਮੂਹ ਟੀਮ ਲਈ ਮਾਣ ਦੀ ਗੱਲ

ਬੰਗਾ (ਅਵਤਾਰ ਕਲੇਰ)- ਅਗਲੇ ਮਹੀਨੇ ਹੋਣ ਜਾ ਰਹੇ ਇਸ ਵਰ੍ਹੇ ਦੇ ਬਠਿੰਡਾ ਫ਼ਿਲਮ ਫੈਸਟੀਵਲ ਲਈ ਨਟਰੰਗੀ ਪ੍ਰੋਡਕਸ਼ਨ ਦੀ ਪੇਸ਼ਕਸ਼ ਪੰਜਾਬੀ ਫਿਲਮ ਚਾਨਣ ਦਾ ਬੈਸਟ ਫ਼ਿਲਮ ਐਵਾਰਡ ਲਈ ਨਾਮਜ਼ਦ ਹੋਣਾ ਫਿਲਮ ਦੀ ਸਮੁੱਚੀ ਟੀਮ ਲਈ ਮਾਣ ਦੀ ਗੱਲ ਹੈ।ਪੰਜਾਬੀ ਫ਼ਿਲਮ ਡਾਇਰੈਕਟਰ ਮਨੀਸ਼ ਮਦਾਨ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਪ੍ਰੈਸ ਨੂੰ ਦੱਸਿਆ ਕਿ ਪੰਜਾਬੀ ਫੀਚਰ ਫ਼ਿਲਮ ਚਾਨਣ ਜਾਣੇ ਪਹਿਚਾਣੇ ਪੰਜਾਬੀ ਲੇਖਕ ਅਤੇ ਮੇਰੇ ਅਜੀਜ਼ ਰਾਜ ਹੀਉਂ ਦੁਆਰਾ



ਲਿਖੀ ਹੋਈ ਹੈ। 'ਨਸ਼ਿਆਂ ਦੇ ਮਾਰੂ ਅਸਰ' ਵਿਸ਼ੇ 'ਤੇ ਲਿਖੀ ਇਸ ਫਿਲਮ ਰਾਹੀਂ ਪੰਜਾਬ ਦੀ ਅਸਲ ਤਸਵੀਰ ਪੇਸ਼ ਕੀਤੀ ਗਈ ਹੈ। ਫਿਲਮ ਚਾਨਣ ਦੇ ਨਿਰਦੇਸ਼ਕ ਮਨੀਸ਼ ਮਦਾਨ ਅਨੁਸਾਰ ਬਠਿੰਡਾ ਫ਼ਿਲਮ ਫਾਉਂਡੇਸ਼ਨ ਦੇ ਪ੍ਰਧਾਨ ਦੀਪਕ ਸੈਣੀ ਅਤੇ ਬਠਿੰਡਾ ਫ਼ਿਲਮ ਫੈਸਟੀਵਲ ਦੇ ਡਾਇਰੈਕਟਰ ਰਣਜੀਤ ਸਿੰਘ ਸੰਧੂ ਦੇ ਦਸਤਖਤਾਂ ਹੇਠ ਪ੍ਰਾਪਤ ਹੋਏ ਸੱਦਾ ਪੱਤਰ ਤਹਿਤ ਛੇਵਾਂ ਬਠਿੰਡਾ ਫ਼ਿਲਮ ਫੈਸਟੀਵਲ ਇਸ ਵਰ੍ਹੇ 15 ਦਸੰਬਰ ਨੂੰ ਬਲਵੰਤ ਗਾਰਗੀ ਆਡੀਟੋਰੀਅਮ, ਬਠਿੰਡਾ ਵਿਖੇ ਹੋਣ ਜਾ ਰਿਹਾ ਹੈ। ਇਸ ਫੈਸਟੀਵਲ ਦੌਰਾਨ ਬੈਸਟ ਫਿਲਮ ਐਵਾਰਡ ਲਈ ਵਿਸ਼ੇਸ਼ ਚੋਣ ਕਮੇਟੀ ਵੱਲੋਂ ਗਿਆਰਾਂ ਫ਼ੀਚਰ ਫਿਲਮਾਂ ਨਾਮਜ਼ਦ ਕੀਤੀਆਂ ਗਈਆਂ ਹਨ। ਉਹਨਾਂ ਵਿੱਚ ਨਟਰੰਗੀ ਪ੍ਰੋਡਕਸ਼ਨ ਦੀ ਪੰਜਾਬੀ ਫਿਲਮ ਚਾਨਣ ਵੀ ਚੁਣੀ ਗਈ ਹੈ।ਫਿਲਮ ਨਿਰਦੇਸ਼ਕ ਮਨੀਸ਼ ਅਨੁਸਾਰ ਪਿੰਡ ਆਲਮਗੜ੍ਹ ਦੇ ਸਰਪੰਚ ਜਾਗੀਰ ਸਿੰਘ ਹਾਂਡਾ ਦੇ ਵਿਸ਼ੇਸ਼ ਸ਼ਹਿਯੋਗ ਸਦਕਾ ਫ਼ਿਲਮਾਈ ਗਈ ਫ਼ਿਲਮ ਚਾਨਣ ਵਿੱਚ ਮੁੱਖ ਭੂਮਿਕਾ ਭੰਗੜਾ ਕੋਚ ਜੁਝਾਰ ਸੰਧੂ, ਗੁਰਜੰਟ ਬਰਾੜ, ਚਿਰਾਗ ਨਾਗਪਾਲ, ਮੈਡਮ ਰੀਟਾ ਚੌਹਾਨ, ਨੀਰਜ ਕਾਲਰਾ, ਕੁਲਦੀਪ ਛਾਬੜਾ, ਸੁਪਨਦੀਪ ਕੌਰ ਅਤੇ ਰਵੀ ਕੁਮਾਰ ਨੇ ਨਿਭਾਈ ਹੈ ਅਤੇ ਆਪਣੀ ਆਵਾਜ਼ ਦਾ ਜਾਦੂ ਹਰਜਿੰਦਰ ਬਹਾਵਾਲੀਆ ਨੇ ਵਿਖਾਇਆ ਹੈ।

ਫਿਲਮ ਵਾਸਤੇ ਮੈਨੇਜਰ ਪ੍ਰਿੰਸ ਸਡਾਨਾ ਅਤੇ ਸਹਿ ਨਿਰਦੇਸ਼ਕ ਵਜੋਂ ਇਸ਼ੂ ਸੇਠੀ ਅਤੇ ਪ੍ਰਭਾਤ ਮਦਾਨ ਨੇ ਬਾਂਹ ਫੜ੍ਹੀ ਹੈ ਅਤੇ ਫਿਲਮ ਦੇ ਕੈਮਰਾਮੈਨ ਅਤੇ ਆਡੀਟਰ ਗੋਰਾ ਪਰੁਥੀ ਹਨ। ਮਨੀਸ਼ ਮਦਾਨ ਅਨੁਸਾਰ ਚਾਨਣ ਨੂੰ ਇਹ ਮੁਕਾਮ ਹਾਸਲ ਕਰਵਾਉਣ ਲਈ ਲੇਖਕ ਰਾਜ ਹੀਉਂ ਸਮੇਤ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।

ਵਿਸ਼ਵ ਸ਼ੂਗਰ ਦਿਵਸ ਮੌਕੇ ਜ਼ਿਲ੍ਹੇ 'ਚ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ

ਮੋਹਾਲੀ (ਗੁਰਜੀਤ ਬਿੱਲਾ)- ਵਿਸ਼ਵ ਸ਼ੂਗਰ ਦਿਵਸ ਮੌਕੇ ਜ਼ਿਲ੍ਹਾ ਐੱਸ.ਏ.ਐੱਸ. ਨਗਰ ਦੇ ਵੱਖ-ਵੱਖ ਸਿਹਤ ਬਲਾਕਾਂ ਅਤੇ ਜ਼ਿਲ੍ਹਾ ਪੱਧਰ 'ਤੇ ਵਿਸ਼ੇਸ਼ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਆਮ ਲੋਕਾਂ ਨੂੰ ਸ਼ੂਗਰ ਦੀ ਬਿਮਾਰੀ ਦੇ ਕਾਰਨਾਂ, ਲੱਛਣਾਂ, ਬਚਾਅ ਅਤੇ ਇਲਾਜ ਸਬੰਧੀ ਜਾਣਕਾਰੀ ਦਿੱਤੀ ਗਈ।

ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਕਿਹਾ ਕਿ ਸ਼ੂਗਰ ਇੱਕ ਅਜਿਹੀ ਬਿਮਾਰੀ ਹੈ, ਜਿਸ ਨੂੰ ਸਹੀ ਜੀਵਨ ਸ਼ੈਲੀ, ਸੰਤੁਲਿਤ ਖ਼ੁਰਾਕ, ਨਿਯਮਤ ਕਸਰਤ ਅਤੇ ਸਮੇਂ-ਸਮੇਂ 'ਤੇ ਜਾਂਚ ਕਰਵਾ ਕੇ ਕਾਫ਼ੀ ਹੱਦ ਤੱਕ ਕੰਟਰੋਲ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਅੱਜ ਦੇ ਰੁਝੇਵਿਆਂ ਭਰੇ ਜੀਵਨ ਵਿੱਚ ਸਰੀਰਕ ਗਤੀਵਿਧੀਆਂ ਦੀ ਘਾਟ, ਗਲਤ ਖਾਣ-ਪੀਣ ਦੀਆਂ ਆਦਤਾਂ, ਮੋਟਾਪਾ ਅਤੇ ਤਣਾਅ ਵੀ ਸ਼ੂਗਰ ਦੇ ਖ਼ਤਰੇ ਨੂੰ ਵਧਾ ਸਕਦੇ ਹਨ। ਇਸ ਲਈ ਹਰ ਵਿਅਕਤੀ ਨੂੰ ਆਪਣੀ ਸਿਹਤ ਪ੍ਰਤੀ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਸ਼ੂਗਰ ਦੇ ਆਮ ਲੱਛਣਾਂ ਵਿੱਚ ਵਾਰ-ਵਾਰ ਪਿਸ਼ਾਬ ਆਉਣਾ, ਬਹੁਤ ਜ਼ਿਆਦਾ ਪਿਆਸ ਲੱਗਣਾ, ਭੁੱਖ ਵਧਣਾ, ਬਿਨਾਂ ਕਿਸੇ ਕਾਰਨ ਭਾਰ ਘਟਣਾ, ਥਕਾਵਟ ਮਹਿਸੂਸ ਹੋਣਾ ਅਤੇ ਜ਼ਖ਼ਮਾਂ ਦਾ ਦੇਰ ਨਾਲ ਠੀਕ ਹੋਣਾ ਸ਼ਾਮਲ ਹਨ। ਕਈ ਵਾਰ ਇਸ ਬਿਮਾਰੀ ਦੇ ਸ਼ੁਰੂਆਤੀ



ਪੜਾਅ ਵਿੱਚ ਕੋਈ ਖ਼ਾਸ ਲੱਛਣ ਵੀ ਦਿਖਾਈ ਨਹੀਂ ਦਿੰਦੇ। ਇਸ ਲਈ ਖ਼ਾਸ ਕਰਕੇ ਵਧੇਰੇ ਜੋਖ਼ਮ ਵਾਲੇ ਵਿਅਕਤੀਆਂ ਨੂੰ ਸਮੇਂ-ਸਮੇਂ 'ਤੇ ਬਲੱਡ ਸ਼ੂਗਰ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਘੱਟੋ-ਘੱਟ 30 ਮਿੰਟ ਸੈਰ ਜਾਂ ਹੋਰ ਸਰੀਰਕ ਕਸਰਤ ਨੂੰ ਜ਼ਰੂਰ ਸ਼ਾਮਲ ਕਰਨ। ਮਿੱਠੇ ਪਦਾਰਥਾਂ, ਕੋਲਡ ਡਰਿੰਕਸ, ਤਲੀਆਂ ਹੋਈਆਂ ਚੀਜ਼ਾਂ ਅਤੇ ਵੱਧ ਚਰਬੀ ਵਾਲੇ ਭੋਜਨ ਤੋਂ ਪਰਹੇਜ਼ ਕਰਨ ਦੇ ਨਾਲ-ਨਾਲ ਹਰੀਆਂ ਸਬਜ਼ੀਆਂ, ਮੌਸਮੀ ਫਲ, ਦਾਲਾਂ ਅਤੇ ਫਾਈਬਰ ਵਾਲੀ ਖ਼ੁਰਾਕ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਸਿਵਲ ਸਰਜਨ ਨੇ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਨੂੰ ਪਹਿਲਾਂ ਹੀ ਸ਼ੂਗਰ ਦੀ ਬਿਮਾਰੀ ਹੈ, ਉਹ ਡਾਕਟਰ ਦੀ ਸਲਾਹ ਅਨੁਸਾਰ ਦਵਾਈਆਂ ਲੈਣ, ਆਪਣੀ ਬਲੱਡ ਸ਼ੂਗਰ ਦੀ ਨਿਯਮਤ ਜਾਂਚ ਕਰਵਾਉਣ ਅਤੇ ਬਿਨਾਂ ਡਾਕਟਰੀ ਸਲਾਹ ਤੋਂ ਦਵਾਈ ਬੰਦ ਨਾ ਕਰਨ। ਸ਼ੂਗਰ ਨੂੰ ਅਣਗੌਲਿਆ ਕਰਨ ਨਾਲ ਦਿਲ, ਗੁਰਦਿਆਂ, ਅੱਖਾਂ ਅਤੇ ਨਸਾਂ 'ਤੇ ਮਾੜਾ ਅਸਰ ਪੈ ਸਕਦਾ ਹੈ। ਵੱਖ-ਵੱਖ ਸਿਹਤ ਕੇਂਦਰਾਂ ਵਿੱਚ ਜਾਗਰੂਕਤਾ ਸੰਦੇਸ਼ਾਂ ਰਾਹੀਂ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਦਾ ਸੱਦਾ ਦਿੱਤਾ ਗਿਆ। ਅੰਤ ਵਿੱਚ ਡਾ. ਜੈਨ ਨੇ ਕਿਹਾ ਕਿ ਸ਼ੂਗਰ ਦੀ ਰੋਕਥਾਮ ਅਤੇ ਕੰਟਰੋਲ ਲਈ ਲੋਕਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ।

ਪੰਜਾਬ ਦੀ ਖ਼ੁਸ਼ਹਾਲੀ ਲਈ ਕਾਂਗਰਸ ਪਾਰਟੀ ਦਾ ਆਉਣਾ ਜ਼ਰੂਰੀ : ਮਨੀਸ਼ ਚੱਡਾ


ਦਸੂਹਾ (ਕਰਨੈਲ ਮਾਂਗਟ)- ਵਿਧਾਨ ਸਭਾ ਦਸੂਹਾ ਕਾਂਗਰਸ ਦੇ ਸਰਗਰਮ ਆਗੂ ਤੇ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਮਨੀਸ਼ ਚੱਡਾ ਨੇ ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਦੇ ਲੋਕ ਇਸ ਵਾਰ ਕਾਂਗਰਸ ਪਾਰਟੀ ਨੂੰ ਜਿਤਾਉਣਗੇ ਅਤੇ ਲੋਕ 2027 ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਆਉਣ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਕਾਂਗਰਸ ਪਾਰਟੀ ਦੀ ਸਰਕਾਰ ਵਾਲਾ ਉਹ ਪੁਰਾਣਾ ਦੌਰ



ਯਾਦ ਕਰਦੇ ਹਨ ਜਦੋਂ ਪੰਜਾਬ ਪੂਰੀ ਤਰ੍ਹਾਂ ਖੁਸ਼ਹਾਲ ਪੰਜਾਬ ਸੀ ਅਤੇ ਵਪਾਰੀ ਵਰਗ ਪੂਰੀ ਤਰ੍ਹਾਂ ਸੰਤੁਸ਼ਟ ਸੀ ਅਤੇ ਵਪਾਰੀ ਵਰਗ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਡਰ ਤੇ ਦਬਾਅ ਨਹੀਂ ਸੀ।

ਉਨਾਂ ਕਿਹਾ ਅੱਜ ਪੰਜਾਬ ਦੇ ਲੋਕਾਂ ਦੇ ਅੰਦਰ ਡਰ, ਦਹਿਸ਼ਤ ਤੇ ਸਹਿਮ ਵਾਲਾ ਮਾਹੌਲ ਬਣਿਆ ਹੋਇਆ ਹੈ ਅਤੇ ਇੱਕ ਆਮ ਵਿਅਕਤੀ ਦਾ ਰਾਤ ਦੇ ਸਮੇ ਇਕੱਲੇ ਘਰੋਂ ਨਿਕਲਣਾ ਵੀ ਮੁਸ਼ਕਲ ਹੋ ਚੁੱਕਿਆ ਹੈ। ਲੋਕਾਂ ਦਾ ਆਪ ਸਰਕਾਰ ਤੋਂ ਵਿਸ਼ਵਾਸ ਟੁੱਟ ਚੁੱਕਿਆ ਹੈ ਅਤੇ ਲੋਕਾਂ ਨੇ ਇਸ ਵਾਰ ਕਾਂਗਰਸ ਪਾਰਟੀ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ ਅਤੇ 2027 ਵਿੱਚ ਕਾਂਗਰਸ ਪਾਰਟੀ ਭਾਰੀ ਬਹੁਮਤ ਨਾਲ ਜਿੱਤੇਗੀ ਅਤੇ ਸਰਕਾਰ ਬਣਾਏਗੀ।

ਭਾਜਪਾ ਵੱਲੋਂ ਚੋਣ ਲੜਨ ਵਾਲੇ ਆਗੂ ਇੱਕ-ਦੂਜੇ ਤੋਂ ਅੱਗੇ ਨਿਕਲਣ ਲਈ ਹੋਏ ਪੱਬਾਂ ਭਾਰ



ਦਸੂਹਾ (ਕਰਨੈਲ ਮਾਂਗਟ)- ਪੰਜਾਬ ਵਿੱਚ ਹੋਣ ਜਾ ਰਹੀਆਂ 2027 ਦੀਆਂ ਵਿਧਾਨ ਸਭਾ ਸਭਾ ਚੋਣਾਂ ਦਾ ਸਮਾਂ ਜਿਵੇਂ ਜਿਵੇਂ ਨੇੜੇ ਆ ਰਿਹਾ ਹੈ ਤਿਵੇਂ ਤਿਵੇਂ ਚੋਣ ਲੜਨ ਵਾਲਿਆਂ ਲਈ ਟਿਕਟ ਨੂੰ ਲੈ ਕੇ ਧੜਕਣਾਂ ਤੇਜ਼ ਹੁੰਦੀਆਂ ਜਾ ਰਹੀਆਂ ਹਨ।

ਜੇਕਰ ਗੱਲ ਕਰੀਏ ਵਿਧਾਨ ਸਭਾ ਹਲਕਾ ਦਸੂਹਾ ਦੀ ਤਾਂ ਭਾਜਪਾ ਵੱਲੋਂ ਕਰੀਬ 7 ਦੇ ਕਰੀਬ ਨੇਤਾ ਟਿਕਟ ਦੀ ਪ੍ਰਮੁੱਖ ਦਾਅਵੇਦਾਰੀ ਪੇਸ਼ ਕਰ ਰਹੇ ਹਨ । ਇਸ ਸੰਬੰਧੀ ਸਾਡੇ ਪੱਤਰਕਾਰ ਵੱਲੋਂ ਵਿਧਾਨ ਸਭਾ ਦਸੂਹਾ ਦੇ ਵੋਟਰਾਂ ਕੋਲੋਂ ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ ਭਾਜਪਾ ਵੱਲੋਂ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਡਾ. ਹਰਸਿਮਰਤ ਸਿੰਘ ਸੰਨੀ ਸਾਹੀ ਨੂੰ ਦਸੂਹਾ ਦੇ ਲੋਕ ਜ਼ਿਆਦਾ ਪਸੰਦ ਕਰਦੇ ਦੇਖੇ ਗਏ ਹਨ ਕਿਉਕਿ ਉਨਾਂ ਦਾ ਪਿਛੋਕੜ ਰਾਜਨੀਤਿਕ ਹੋਣ ਕਰਕੇ ਅਤੇ ਨੌਜਵਾਨ ਆਗੂ ਅਤੇ ਸਾਬਕਾ ਵਿਧਾਇਕ ਮਰਹੂਮ ਅਮਰਜੀਤ ਸਿੰਘ ਸ਼ਾਹੀ ਅਤੇ ਸਾਬਕਾ ਵਿਧਾਇਕ ਬੀਬੀ ਸੁਖਜੀਤ ਕੌਰ ਸ਼ਾਹੀ ਦੇ ਸਪੁੱਤਰ ਹੋਣ ਕਰਕੇ ਉਹ ਹਲਕੇ ਦੇ ਲੋਕਾਂ ਵਿੱਚ ਆਪਣੀ ਪੈਂਠ ਬਣਾਉਣ ਵਿੱਚ ਸਫਲ ਹੋ ਰਹੇ ਹਨ। ਨੌਜਵਾਨ ਆਗੂ ਅੰਕਿਤ ਰਾਣਾ ਵੀ ਸੋਸ਼ਲ ਮੀਡੀਆ ਦੇ ਕਾਫੀ ਸਰਗਮ ਹਨ ਅਤੇ ਨੌਜਵਾਨਾਂ ਦੀ ਪਸੰਦ ਵੀ ਹਨ। ਉਨ੍ਹਾਂ ਵੱਲੋਂ ਭਾਜਪਾ ਲਈ ਲੰਬੇ ਸਮੇਂ ਤੋਂ ਰਾਤ ਦਿਨ ਮਿਹਨਤ ਕੀਤੀ ਜਾ ਰਹੀ ਹੈ ਅਤੇ ਉਹ ਵੀ ਟਿਕਟ ਦੀ ਦੌੜ 'ਚ ਹਨ।

ਭਾਜਪਾ ਦੇ ਦਸੂਹਾ ਦੇ ਹਲਕਾ ਇੰਚਾਰਜ ਰਘੂਨਾਥ ਸਿੰਘ ਰਾਣਾ ਵੀ ਟਿਕਟ ਦੀ ਦਾਅਵੇਦਾਰੀ ਵਿੱਚ ਪ੍ਰਮੁੱਖ ਹਨ। ਉਨ੍ਹਾਂ ਨੇ 2022 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਟਿਕਟ ਦੇ ਕੇ ਨਿਵਾਜਿਆ ਪਰ ਰਘੂਨਾਥ ਸਿੰਘ ਰਾਣਾ ਕੋਈ ਵਧੀਆ ਪ੍ਰਦਰਸ਼ਨ ਨਹੀਂ ਕਰ ਪਾਏ ਅਤੇ ਹਾਰ ਦਾ ਸਾਹਮਣਾ ਕਰਨਾ ਪਿਆ । ਭਾਜਪਾ ਆਗੂ ਸੁਸ਼ੀਲ ਕੁਮਾਰ ਪਿੰਕੀ ਵੀ ਆਪਣੀ ਦਾਅਵੇਦਾਰੀ ਰੱਖਦੇ ਹਨ ਅਤੇ ਇਲਾਕੇ ਵਿੱਚ ਸਰਗਰਮ ਵੀ ਹਨ।

ਮਹੰਤ ਰਾਜ ਗਿਰ ਵੀ ਟਿਕਟ ਦੇ ਪ੍ਰਮੁੱਖ ਦਾਅਵੇਦਾਰ ਹਨ ਅਤੇ ਲੋਕਾਂ ਵਿੱਚ ਕਾਫੀ ਪ੍ਰਭਾਵ ਨਜ਼ਰ ਆਉਂਦਾ ਹੈ ।ਐਡਵੋਕੇਟ ਸ਼ੁੱਭ ਸਰੋਚ ਵਕੀਲ ਹਨ ਅਤੇ ਆਪਣੀ ਦਾਅਵੇਦਾਰੀ ਵੀ ਮਜ਼ਬੂਤ ਦੱਸਦੇ ਹਨ । ਜ਼ਿਲ੍ਹਾ ਦਿਹਾਤੀ ਪ੍ਰਧਾਨ ਸੰਜੀਵ ਮਿਨਹਾਸ ਵੀ ਦਸੂਹਾ ਵਿਧਾਨ ਸਭਾ ਵਿੱਚ ਟਿਕਟ ਦੀ ਦਾਅਵੇਦਾਰੀ ਰੱਖਦੇ ਹਨ । ਤਲਵਾੜਾ ਦੇ ਸੀਨੀਅਰ ਭਾਜਪਾ ਆਗੂ ਪਰਮਜੀਤ ਠਾਕੁਰ ਵੀ ਆਪਣੀ ਦਾਅਵੇਦਾਰੀ ਰੱਖਦੇ ਹਨ ਅਤੇ ਕਾਫੀ ਸਮੇ ਤੋ ਪਾਰਟੀ ਦਾ ਪ੍ਰਚਾਰ ਕਰ ਰਹੇ ਹਨ। ਹੁਣ ਦੇਖਣਾ ਇਹ ਹੋਵੇਗਾ ਕਿ ਆਉਣ ਵਾਲੇ ਦਿਨਾਂ ਵਿੱਚ ਭਾਜਪਾ ਹਾਈਕਮਾਨ ਕਿਸ ਉਮੀਦਵਾਰ ਦੇ ਨਾਮ 'ਤੇ ਮੋਹਰ ਲਗਾਉਂਦੀ ਹੈ ਅਤੇ ਕੌਣ ਟਿਕਟ ਕੱਢਣ ਵਿੱਚ ਕਾਮਯਾਬ ਰਹਿੰਦਾ ਹੈ।

ਸਾਈਕਲ ਯਾਤਰਾ ਰਾਹੀਂ ਲੋਕਾਂ ਦੀ ਆਵਾਜ਼ ਬਣਨ ਦੀ ਕੋਸ਼ਿਸ਼ ਕਰ ਰਹੇ ਹਾਂ : ਚੰਨੀ


ਨਕੋਦਰ (ਬਲਵਿੰਦਰ ਸਿੰਘ ਧਾਲੀਵਾਲ)- ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਚਰਨਜੀਤ ਸਿੰਘ ਚੰਨੀ ਆਪਣੀ ਸਾਈਕਲ ਯਾਤਰਾ ਲੈ ਕੇ ਨਕੋਦਰ ਪਹੁੰਚੇ, ਜਿੱਥੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਉਨ੍ਹਾਂ ਦਾ ਭਰਵਾਂ



ਸਵਾਗਤ ਕੀਤਾ ਗਿਆ। ਇਸ ਮੌਕੇ ਚੰਨੀ ਨੇ ਕਿਹਾ ਕਿ ਸਾਈਕਲ ਯਾਤਰਾ ਨੂੰ ਲੋਕਾਂ ਵੱਲੋਂ ਲਗਾਤਾਰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਹਰ ਰੋਜ਼ ਨਵੇਂ ਲੋਕ ਇਸ ਯਾਤਰਾ ਨਾਲ ਜੁੜ ਰਹੇ ਹਨ। ਅੱਜ ਵੀ ਵੱਖ-ਵੱਖ ਥਾਵਾਂ ਤੋਂ ਕਰੀਬ 50 ਵਿਅਕਤੀ ਇਸ ਯਾਤਰਾ ਵਿੱਚ ਸ਼ਾਮਲ ਹੋਏ। ਚੰਨੀ ਨੇ ਕਿਹਾ ਕਿ ਇਹ ਯਾਤਰਾ ਸਿਰਫ਼ ਸਾਈਕਲ ਚਲਾਉਣ ਤੱਕ ਸੀਮਤ ਨਹੀਂ, ਸਗੋਂ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਉਨ੍ਹਾਂ ਦੀ ਆਵਾਜ਼ ਬਣਨ ਦਾ ਇੱਕ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਲੋਕ ਹੁਣ ਇਹ ਮਹਿਸੂਸ ਕਰਨ ਲੱਗੇ ਹਨ ਕਿ ਪਿਛਲੀ ਵਾਰ ਜਿਸ ਬਦਲਾਅ ਦੀ ਉਮੀਦ ਨਾਲ ਸਰਕਾਰ ਬਣਾਈ ਗਈ ਸੀ, ਉਸ ਦਾ ਖ਼ਮਿਆਜ਼ਾ ਅੱਜ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਸ਼ਿਕਾਇਤਾਂ ਨੂੰ ਇੱਕ ਮੰਚ 'ਤੇ ਲਿਆਉਣ ਲਈ ਬਦਲਾਅ ਦਾ ਸੱਚ ਨਾਮ ਦੀ ਐਪ ਸ਼ੁਰੂ ਕੀਤੀ ਗਈ ਹੈ। ਇਸ ਰਾਹੀਂ ਲੋਕ ਆਪਣੀਆਂ ਸਮੱਸਿਆਵਾਂ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਸੱਤਾਧਾਰੀ ਧਿਰ ਵੱਲੋਂ ਕਥਿਤ ਤੌਰ 'ਤੇ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਜਾਂ ਜਿਹੜੇ ਹੋਰ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਉਹ ਆਪਣੀਆਂ ਸ਼ਿਕਾਇਤਾਂ ਇਸ ਐਪ 'ਤੇ ਦਰਜ ਕਰਵਾ ਸਕਦੇ ਹਨ। 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਦੇ ਚਿਹਰੇ ਬਾਰੇ ਪੁੱਛੇ ਜਾਣ 'ਤੇ ਚੰਨੀ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਵੱਲੋਂ ਜੋ ਵੀ ਫ਼ੈਸਲਾ ਜਾਵੇਗਾ, ਉਹ ਉਨ੍ਹਾਂ ਨੂੰ ਮਨਜ਼ੂਰ ਹੋਵੇਗਾ।ਇਸ ਮੌਕੇ ਡਾਕਟਰ ਨਵਜੋਤ ਦਹੀਆ ਹਲਕਾ ਇੰਚਾਰਜ ਨਕੋਦਰ, ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਧਾਇਕ ਹਲਕਾ ਸ਼ਾਹਕੋਟ, ਜ਼ਿਲ੍ਹਾ ਪਰਿਸ਼ਦ ਮੈਂਬਰ ਮੁਖਤਿਆਰ ਹੇਅਰ, ਬਲਾਕ ਪ੍ਰਧਾਨ ਤਰਲੋਚਨ ਸਿੰਘ ਸੰਘਾ, ਭਿੰਦਾ ਲਿੱਤਰਾਂ, ਗੁਰਪ੍ਰੀਤ ਸੰਧੂ, ਬੱਬੂ ਭਾਟੀਆ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਅਤੇ ਵਰਕਰ ਹਾਜ਼ਰ ਸਨ।

ਗੁਰਦੁਆਰਾ ਟਾਹਲੀ ਸਾਹਿਬ ਤੋਂ ਅੱਜ ਸਜਾਇਆ ਜਾਵੇਗਾ ਪਹਿਲਾ ਨਗਰ ਕੀਰਤਨ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮਾਂ ਦੀ ਆਰੰਭਤਾ 15 ਨਵੰਬਰ ਨੂੰ ਗੁਰਦੁਆਰਾ ਟਾਹਲੀ ਸਾਹਿਬ ਪਿੰਡ ਬਲੇਰਖਾਨਪੁਰ ਤੋਂ ਸਜਾਏ ਜਾਣ ਵਾਲੇ ਪਹਿਲੇ



ਮਹਾਨ ਨਗਰ ਕੀਰਤਨ ਨਾਲ ਹੋਵੇਗੀ। ਪ੍ਰਕਾਸ਼ ਪੁਰਬ ਦੇ ਸੰਬੰਧ ਵਿੱਚ ਇਲਾਕੇ ਅੰਦਰ ਪੰਜ ਵਿਸ਼ਾਲ ਨਗਰ ਕੀਰਤਨ ਸਜਾਏ ਜਾਣਗੇ। ਪਹਿਲੇ ਨਗਰ ਕੀਰਤਨ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਇਸ ਦੇ ਨਾਲ ਹੀ ਵਾਤਾਵਰਣ ਦੀ ਸੰਭਾਲ ਅਤੇ ਹਰਿਆਵਲ ਦਾ ਸੁਨੇਹਾ ਘਰ-ਘਰ ਪਹੁੰਚਾਉਣ ਦੇ ਮਕਸਦ ਨਾਲ ਸੰਗਤਾਂ ਨੂੰ ਬੂਟਿਆਂ ਦਾ ਪ੍ਰਸ਼ਾਦ ਵੀ ਵੰਡਿਆ ਜਾਵੇਗਾ। ਸੰਤ ਸੀਚੇਵਾਲ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਪਵਿੱਤਰ ਨਗਰ ਕੀਰਤਨਾਂ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰਬੱਤ ਦੇ ਭਲੇ, ਸੇਵਾ, ਸਾਂਝੀਵਾਲਤਾ ਅਤੇ ਕੁਦਰਤ ਨਾਲ ਪਿਆਰ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾਉਣ। ਸੰਤ ਸੁਖਜੀਤ ਸਿੰਘ ਸੀਚੇਵਾਲ ਨੇ ਦੱਸਿਆ ਕਿ ਪਹਿਲਾ ਨਗਰ ਕੀਰਤਨ ਗੁਰਦੁਆਰਾ ਟਾਹਲੀ ਸਾਹਿਬ, ਪਿੰਡ ਬਲੇਰਖਾਨਪੁਰ ਤੋਂ ਆਰੰਭ ਹੋਵੇਗਾ। ਇਹ ਨਗਰ ਕੀਰਤਨ ਪਿੰਡ ਬਲੇਰਖਾਨਪੁਰ, ਧੰਦਲ, ਨੱਥੂਚਾਹਲ, ਰਜ਼ਾਪੁਰ, ਅਰਾਈਆਂਵਾਲ, ਵਰਿਆ ਦੋਨਾ, ਕੱਸੋਚਾਹਲ, ਭੰਡਾਲ ਦੋਨਾ, ਸਿੱਧਵਾਂ ਦੋਨਾ, ਕਾਹਲਵਾਂ, ਥਿਗਲੀ, ਮਾਛੀਪਾਲ, ਕਲਾਰਾਂ, ਮੋਠਾਂਵਾਲ, ਅੱਲਾਦਿੱਤਾ, ਡਡਵਿੰਡੀ, ਚੱਕ ਕੋਟਲਾ ਅੱਡਾ, ਜੈਨਪੁਰ ਅੱਡਾ, ਫੌਜੀ ਕਲੋਨੀ, ਝੱਲ ਲੇਈਵਾਲ ਅਤੇ ਰਣਧੀਰਪੁਰ ਤੋਂ ਹੁੰਦਾ ਹੋਇਆ ਸੁਲਤਾਨਪੁਰ ਲੋਧੀ ਸ਼ਹਿਰ ਵਿੱਚ ਪ੍ਰਵੇਸ਼ ਕਰੇਗਾ। ਇਸ ਉਪਰੰਤ ਤਲਵੰਡੀ ਚੌਧਰੀਆਂ ਪੁਲ ਤੋਂ ਹੁੰਦਾ ਹੋਇਆ ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਪਹੁੰਚ ਕੇ ਸੰਪੂਰਨ ਹੋਵੇਗਾ।

ਵਰ੍ਹੇਗੰਢ ਮੁਬਾਰਕ



ਤਰਸੇਮ ਸਿੰਘ ਅਤੇ ਰਾਜ ਰਾਣੀ ਨੇ ਆਪਣੇ ਵਿਆਹ ਦੀ 23ਵੀਂ ਵਰ੍ਹੇਗੰਢ ਮਨਾਈ।

ਗ੍ਰੰਥੀ ਸਿੰਘਾਂ ਦੀ ਘੱਟ ਤਨਖਾਹ ਨੂੰ ਲੈ ਕੇ ਛੱਜੂਪੁਰ ਨੇ ਹਿਊਮਨ ਰਾਈਟਸ ਪੰਜਾਬ ਕੋਲ ਕੀਤੀ ਪਹੁੰਚ

ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)- ਗੁਰੂ ਕੇ ਵਜ਼ੀਰ ਚੜ੍ਹਦੀਕਲਾ ਸੇਵਾ ਸੋਸਾਇਟੀ ਭੋਗਪੁਰ ਦੇ ਮੁੱਖ ਸੇਵਾਦਾਰ ਅਮਨਪ੍ਰੀਤ ਸਿੰਘ ਮਾਨ ਨੇ ਕਿਹਾ ਕਿ ਬਾਬਾ ਬੁੱਢਾ ਜੀ ਜੋ ਪਹਿਲੇ ਗ੍ਰੰਥੀ ਸਨ ਉਨ੍ਹਾਂ ਦੀ ਗੱਦੀ 'ਤੇ ਡਿਊਟੀ ਨਿਭਾਅ ਰਹੇ ਗ੍ਰੰਥੀ ਸਿੰਘਾਂ ਲਈ ਸਾਡੀ ਸੇਵਾ ਸੋਸਾਇਟੀ ਭੋਗਪੁਰ ਦੇ ਗ੍ਰੰਥੀ ਸਿੰਘਾਂ ਦੀ ਘੱਟ ਤਨਖਾਹ ਨੂੰ ਲੈ ਕੇ ਹਮੇਸ਼ਾ ਚਿੰਤਤ ਹਾਂ। ਉਨ੍ਹਾਂ ਕਿਹਾ ਕੇ ਸੇਵਾ ਸੋਸਾਇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਹਰ ਮਹੀਨੇ ਭੋਗਪੁਰ ਦੇ 6 ਗ੍ਰੰਥੀ ਸਿੰਘਾਂ ਨੂੰ 2100 ਰੁ. ਤੋਂ 5100 ਰੁਪਏ ਤੱਕ ਦੀ ਭੇਟਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਡਾ ਮੁੱਖ ਮੰਤਵ ਗ੍ਰੰਥੀ ਸਿੰਘਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨਾ ਹੈ। ਇਸੇ ਮੁੱਦੇ ਨੂੰ ਮੁੱਖ ਰੱਖਦਿਆਂ ਹਰਿਆਣਾ ਦੇ ਸੇਵਾਦਾਰ ਜਸਬੀਰ ਸਿੰਘ ਬਾਵਾ ਨੇ ਪੰਜਾਬ ਹਿਊਮਨ ਰਾਈਟਸ ਕੋਲ ਪਹੁੰਚ ਕਰ ਆਪਣੀ ਅਵਾਜ਼ ਨੂੰ ਬੁਲੰਦ ਕਰਦਿਆਂ ਪ੍ਰਬੰਧਕ ਕਮੇਟੀਆਂ ਨੂੰ ਕਿਹਾ ਕਿ ਗ੍ਰੰਥੀ ਸਿੰਘਾਂ ਦੀ ਤਨਖਾਹ ਘਟੋ ਘੱਟ 18000 ਰੁ. ਤੋਂ 25000 ਰੁ. ਤੱਕ ਕੀਤੀ ਜਾਵੇ।



ਇਸੇ ਤਰਾਂ ਗ੍ਰੰਥੀ ਸਿੰਘਾਂ ਨੂੰ ਵੀ ਬੇਨਤੀ ਹੈ ਕਿ ਗੁਰੂ ਘਰਾਂ 'ਚ ਘੱਟ ਤਨਖਾਹ 'ਤੇ ਡਿਊਟੀ ਨਾ ਨਿਭਾਉਣ। ਮਾਨ ਸਿੰਘ ਨੇ ਕਿਹਾ ਅਸੀਂ ਹਮੇਸ਼ਾ ਗ੍ਰੰਥੀ ਸਿੰਘਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ।

2027 ਦੀਆਂ ਚੋਣਾਂ ਨੂੰ ਲੈ ਕੇ ਕਾਂਗਰਸ ਪਾਰਟੀ ਦੇ ਹੌਸਲੇ ਬੁਲੰਦ : ਸੱਚਰ



ਜੈਂਤੀਪੁਰ, (ਸੁਖਬੀਰ ਸਿੱਧੂ)-ਪੰਜਾਬ ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾ 2027 ਨੂੰ ਲੈ ਕੇ ਪਾਰਟੀਆਂ ਨੇ ਕਮਰ ਕੱਸੇ ਕੱਸੇ ਲਏ ਹਨ। ਇਸੇ ਤਹਿਤ ਹਾਈ ਕਮਾਂਡ ਦੇ ਹੁਕਮਾਂ ਅਨੁਸਾਰ ਪੰਜਾਬ ਵਿੱਚ ਕਾਂਗਰਸ ਪਾਰਟੀ ਨੇ ਵੀ ਸਰਗਰਮੀਆਂ ਨੂੰ ਤੇਜ਼ ਕਰਦਿਆਂ ਹੋਇਆਂ ਘਰ ਘਰ ਪਿੰਡ ਪਿੰਡ ਚੋਣ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ ਹੈ ਤਾਂ ਕਿ ਆਉਣ ਵਾਲੀਆਂ ਚੋਣਾਂ ਕਾਂਗਰਸ ਪਾਰਟੀ ਵੱਲੋਂ ਆਸਾਨੀ ਨਾਲ ਜਿੱਤੀਆਂ ਜਾ ਸਕਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਮਜੀਠਾ ਹਲਕਾ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਹਲਕੇ ਦੇ ਪਿੰਡ ਕੋਟਲੀ ਢੋਲੇਸ਼ਾਹ ਦੇ ਸਾਬਕਾ ਸਰਪੰਚ ਬਲਬੀਰ ਸਿੰਘ ਦੇ ਗ੍ਰਹਿ ਵਿਖੇ ਕਾਂਗਰਸੀ ਵਰਕਰਾਂ ਦੀ ਹੋਈ ਮੀਟਿੰਗ ਨੂੰ ਸੰਬੋਧਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਸੱਚਰ ਨੇ ਕਿਹਾ ਕਿ ਅੱਜ ਕਾਂਗਰਸ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਜਿੱਤਣ ਲਈ ਇੱਕਮੁੱਠ ਹੈ ਅਤੇ ਪੰਜਾਬ ਦੇ ਲੋਕਾਂ ਦਾ ਫਤਵਾ ਲੈ ਕੇ ਇਸ ਵਾਰ ਕਾਂਗਰਸ ਪਾਰਟੀ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਵਿਰੋਧੀ ਪਾਰਟੀਆਂ ਨੂੰ ਮਾਤ ਦੇਵੇਗੀ ਕਿਉਂਕਿ ਆਮ ਆਦਮੀ ਪਾਰਟੀ ਦਾ ਪੰਜਾਬ ਵਿੱਚ ਬਿਲਕੁੱਲ ਅਧਾਰ ਖਤਮ ਹੋ ਚੁੱਕਾ ਹੈ। ਅਤੇ ਅਕਾਲੀ ਦਲ ਨੂੰ ਲੋਕ ਮੂੰਹ ਨਹੀਂ ਲਗਾ ਰਹੇ ਜਿਸ ਕਰਕੇ ਕਾਗਰਸ ਪਾਰਟੀ ਸਰਕਾਰ ਬਣਨ ਲਈ ਰਾਹ ਪੱਧਰਾ ਦਿਖਾਈ ਦੇ ਰਿਹਾ ਹੈ ਕਿਉਂਕਿ ਜਦੋਂ ਵੀ ਪੰਜਾਬ ਵਿੱਚ ਕਾਂਗਰਸ ਪਾਰਟੀ ਨੇ ਰਾਜ ਕੀਤਾ ਉਸ ਨੇ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਈ ਅਤੇ ਦੂਸਰੀਆਂ ਪਾਰਟੀਆਂ ਸੁਪਨੇ ਵਿੱਚ ਵੀ ਨਹੀਂ ਦੇ ਸਕੀਆਂ। ਉਨ੍ਹਾਂ ਨੇ ਮਜੀਠੇ ਹਲਕੇ ਦੀ ਗੱਲ ਕਰਦਿਆਂ ਕਿਹਾ ਕਿ ਲੋਕ ਮਜੀਠੇ ਹਲਕੇ ਵਿਚ ਇਸ ਵਾਰ ਕਾਂਗਰਸ ਦਾ ਉਮੀਦਵਾਰ ਲਿਆਉਣ ਲਈ ਉਤਾਵਲੇ ਦਿਖਾਈ ਦੇ ਰਹੇ ਹਨ।ਇਸ ਮੌਕੇ ਦਲਜੀਤ ਸਿੰਘ ਔਲਖ ਪਾਖਰਪੁਰ, ਤਲਵਿੰਦਰ ਸਿੰਘ ਪਾਖਰਪੁਰ, ਸੁਲੱਖਣ ਸਿੰਘ ਕੱਥੂ ਨੰਗਲ, ਡਾ. ਮੋਹਣ ਸਿੰਘ, ਹਰਿੰਦਰ ਸਿੰਘ, ਸਰਬਜੀਤ ਸਿੰਘ, ਆਦਿ ਹਾਜ਼ਰ ਸਨ।

ਆਂਗਣਵਾੜੀ ਵਰਕਰ ਸਿਹਤ ਤੇ ਬਾਲ ਵਿਕਾਸ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ : ਡਾ. ਅਰੋੜਾ



ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਔਰਤਾਂ ਦੇ ਸਨਮਾਨ, ਆਰਥਿਕ ਸਸ਼ਕਤੀਕਰਨ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਬਣਦਾ ਮਾਣ-ਸਤਿਕਾਰ ਦੇਣ ਦੇ ਉਦੇਸ਼ ਨਾਲ ਲਗਾਤਾਰ ਲੋਕ ਭਲਾਈ ਦੇ ਕਦਮ ਚੁੱਕੇ ਜਾ ਰਹੇ ਹਨ। ਇਸੇ ਲੜੀ ਤਹਿਤ ਪੰਜਾਬ ਸਰਕਾਰ ਦੀ ਮਹੱਤਵਪੂਰਨ 'ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਅਧੀਨ ਵਿਧਾਨ ਸਭਾ ਹਲਕਾ ਮੋਗਾ ਦੀਆਂ ਆਂਗਣਵਾੜੀ ਵਰਕਰਾਂ ਨੂੰ ਕੁੱਲ 17 ਲੱਖ 75 ਹਜ਼ਾਰ ਰੁਪਏ ਦੀ ਸਨਮਾਨ ਰਾਸ਼ੀ ਵੰਡੀ ਗਈ।ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਆਂਗਣਵਾੜੀ ਵਰਕਰਾਂ ਨੂੰ ਸਨਮਾਨ ਰਾਸ਼ੀ ਭੇਟ ਕੀਤੀ ਅਤੇ ਸਮਾਜ ਪ੍ਰਤੀ ਉਨ੍ਹਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ (ਸੀ.ਡੀ.ਪੀ.ਓ.) ਬਹਾਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪ੍ਰੋਗਰਾਮ ਦੌਰਾਨ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਸਰਕਾਰ ਦੀਆਂ ਵੱਖ-ਵੱਖ ਲੋਕ ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਅਤੇ ਲੋੜਵੰਦ ਪਰਿਵਾਰਾਂ ਤੱਕ ਇਨ੍ਹਾਂ ਦਾ ਲਾਭ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਂਗਣਵਾੜੀ ਵਰਕਰ ਸਾਡੀ ਸਿਹਤ ਅਤੇ ਬਾਲ ਵਿਕਾਸ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ। ਉਹ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਬੱਚਿਆਂ, ਗਰਭਵਤੀ ਔਰਤਾਂ ਅਤੇ ਮਾਵਾਂ ਦੀ ਦੇਖਭਾਲ ਕਰਨ ਦੇ ਨਾਲ-ਨਾਲ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਵੀ ਨਿਰੰਤਰ ਸੇਵਾਵਾਂ ਨਿਭਾ ਰਹੀਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹੈ ਕਿ ਔਰਤਾਂ ਨੂੰ ਸਮਾਜ ਵਿੱਚ ਬਰਾਬਰ ਦਾ ਮਾਣ-ਸਤਿਕਾਰ ਮਿਲੇ ਅਤੇ ਉਨ੍ਹਾਂ ਦੇ ਕੰਮਾਂ ਨੂੰ ਬਣਦੀ ਪਛਾਣ ਪ੍ਰਾਪਤ ਹੋਵੇ।ਇਸ ਦੌਰਾਨ ਆਂਗਣਵਾੜੀ ਵਰਕਰਾਂ ਨੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਦਿੱਤਾ ਗਿਆ ਇਹ ਸਨਮਾਨ ਉਨ੍ਹਾਂ ਲਈ ਉਤਸ਼ਾਹ ਅਤੇ ਪ੍ਰੇਰਨਾ ਦਾ ਕੰਮ ਕਰੇਗਾ। ਸੀ.ਡੀ.ਪੀ.ਓ. ਬਹਾਦਰ ਸਿੰਘ ਨੇ ਵੀ ਪੰਜਾਬ ਸਰਕਾਰ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ।ਪ੍ਰੋਗਰਾਮ ਦੇ ਅੰਤ ਵਿੱਚ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਆਂਗਣਵਾੜੀ ਵਰਕਰਾਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਪੂਰੀ ਲਗਨ ਅਤੇ ਉਤਸ਼ਾਹ ਨਾਲ ਲੋਕ ਸੇਵਾ ਦੇ ਕਾਰਜ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

VALLABH STEELS LIMITED

Regd. Off.: G.T. Road, Village Pawa, Sahnewal, Ludhiana-141 120 (Punjab)
CIN: L27109PB1980PLC004327,
Tel:+91-161-2511413,Fax:+91-161-2511414
E-mail: fin.ho@vallabhgroup.com
website: www.vallabhsteelsltd.in

UN-AUDITED STANDALONE FINANCIAL RESULTS FOR THE QUARTER ENDED SEPTEMBER 30, 2026

The Un-Audited standalone financial results of Vallabh Steels Limited ('the Company') for the quarter ended 30th September, 2026 was approved by the Board of Directors of the Company at its meeting held on Saturday, the 14th November, 2026 in terms of Regulation 33 of SEBI (Listing Obligations and Disclosure Requirements), Regulations, 2015. The full format and the aforementioned Quarterly Financial Results along with the Limited Review Report are available on the Company's website; i.e. www.vallabhsteelsltd.in and also be available on the Stock Exchange website at www.bseindia.com. The same can be assessed by scanning the QR Code given below to view the results on the website of the Company.

For Vallabh Steels Limited
Sd/-
(Charanjit Kaur)
Company Secretary

Place : Ludhiana
Dated : 14-11-2026

Shreyans GROUP — ਆਦੀਨਾਥ ਟੈਕਸਟਾਈਲਜ਼ ਲਿਮਿਟੇਡ

ਰਜ਼ਿ ਦਫ਼ਤਰ ਪਿੰਡ ਭੋਲਾਪੁਰ, ਡਾਕਖਾਨਾ ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ-141123
Tel. No. 91-9876100948, Email: atl@shreyansgroup.com
Website: www.adinathtextiles.com CIN - L17115PB1979PLC003910

30 ਸਤੰਬਰ, 2026 ਨੂੰ ਖਤਮ ਹੋਏ ਤਿਮਾਹੀ ਅਤੇ ਅੱਧੇ ਸਾਲ ਦੇ ਅਣਪੜਤਾਲੇ ਵਿਤੀ ਨਤੀਜਿਆਂ ਦਾ ਵੇਰਵਾ
(ਰੁਪਏ ਲੱਖਾਂ ਵਿੱਚ ਈ.ਪੀ.ਐਸ ਨੂੰ ਛੱਡ ਕੇ)

ਵੇਰਵਾ	ਤਿਮਾਹੀ ਖਤਮ 30.09.2026 (ਅਣਪੜਤਾਲੇ)	ਤਿਮਾਹੀ ਖਤਮ 30.09.2025 (ਅਣਪੜਤਾਲੇ)	ਅੱਧਾ ਸਾਲ ਖਤਮ 30.09.2026 (ਅਣਪੜਤਾਲੇ)
ਕੁੱਲ ਆਮਦਨ	26.08	25.90	65.01
ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ)	(5.51)	(7.67)	3.00
ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ)	(5.51)	(7.67)	3.00
ਸ਼ੁੱਧ ਲਾਭ/ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ)	(0.68)	(9.03)	4.10
ਕੁੱਲ ਕੰਪ੍ਰੀਹੈਂਸਿਵ ਆਮਦਨ	(0.68)	(9.03)	4.10
ਇਕੁਇਟੀ ਸ਼ੇਅਰ ਪੂੰਜੀ (ਪ੍ਰਤੀ ਸ਼ੇਅਰ ਦੀ ਔਸਤ ਕੀਮਤ ₹10/-)	681.44	681.44	681.44
ਹੋਰ ਇਕੁਇਟੀ	-	-	-
ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (₹10/- ਪ੍ਰਤੀ ਸ਼ੇਅਰ) ਮੁਢਲੀ ਤੇ ਡੀਲੂਟਡ	(0.01)	(0.13)	0.06

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੂਲੇਸ਼ਨਜ਼, 2015 ਦੀ ਰੇਗੁਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜ਼ਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜਿਆਂ ਦਾ ਫੁੱਲ ਫਾਰਮੈਟ ਸਟਾਕ ਐਕਸਚੈਂਜ਼ ਦੀ ਵੈਬਸਾਈਟ www.bseindia.com ਅਤੇ ਕੰਪਨੀ ਦੀ ਵੈਬਸਾਈਟ www.adinathtextiles.com ਤੇ ਉਪਲਬੱਧ ਹੈ ਤੇ ਹੇਠ ਦਿੱਤੇ ਗਏ QR Code ਨੂੰ ਸਕੈਨ ਕਰਕੇ ਵੀ ਐਕਸੈਸ ਕੀਤੇ ਜਾ ਸਕਦੇ ਹਨ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਰਜਨੀਸ਼ ਔਸਵਾਲ
ਚੇਅਰਮੈਨ ਅਤੇ ਮੈਨੇਜਿੰਗ ਡਾਈਰੈਕਟਰ
DIN-00002668

ਮਿਤੀ : 14.11.2026
ਸਥਾਨ : ਲੁਧਿਆਣਾ

ABC INDUSTRIES INDIA LIMITED

(Formerly known as A B Cotspin India Limited)
Regd. Office : Bathinda Road, Jaitu, Faridkot, Punjab-151202
CIN : L17111PB1997PLC020118, Email: info@abcotspin.in,
Website: www.abcotspin.co.in, Ph.: 01635-232670

30 ਸਤੰਬਰ, 2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਲਈ ਅਣ-ਪੜਤਾਲੇ ਸਟੈਂਡਅਲੋਨ ਅਤੇ ਕੰਸੋਲੀਡੇਟਿਡ ਵਿੱਤੀ ਨਤੀਜਿਆਂ ਦਾ ਸਾਰ

ਮੈਸ. ਏ ਬੀ ਸੀ ਇੰਡਸਟ੍ਰੀਜ਼ ਇੰਡੀਆ ਲਿਮਟਿਡ (ਪਹਿਲਾਂ ਏ ਬੀ ਕਾਟਸਪਿਨ ਇੰਡੀਆ ਲਿਮਟਿਡ) (''ਦਾ ਕੰਪਨੀ'') ਵਜੋਂ ਜਾਣੀ ਜਾਂਦੀ ਦੇ ਬੋਰਡ ਦੇ ਡਾਇਰੈਕਟਰਾਂ ਦੀ ਸ਼ਨੀਵਾਰ, 14 ਨਵੰਬਰ 2026 ਨੂੰ ਹੋਈ ਮੀਟਿੰਗ 'ਚ 30 ਸਤੰਬਰ 2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਦੇ ਅਣ-ਪੜਤਾਲੇ ਸਟੈਂਡਅਲੋਨ ਅਤੇ ਕੰਸੋਲੀਡੇਟਿਡ ਵਿੱਤੀ ਨਤੀਜਿਆਂ ਨੂੰ ਮਨਜ਼ੂਰੀ ਦੇ ਦਿੱਤੀ ਹੈ।
ਉਪਰੋਕਤ ਵਿੱਤੀ ਨਤੀਜੇ ਸੀਮਤ ਨਜ਼ਰਸਾਨੀ ਰਿਪੋਰਟ ਦੇ ਨਾਲ ਕੰਪਨੀ ਦੀ ਵੈੱਬਸਾਈਟ www.abcotspin.co.in ਅਤੇ ਸਟਾਕ ਐਕਚੇਜਿਜ਼ ਦੀ ਵੈੱਬਸਾਈਟ www.nseindia.com ਅਤੇ www.bseindia.com 'ਤੇ ਦਰਜ ਕੀਤੇ ਗਏ ਹਨ ਅਤੇ ਕਿਊ ਆਰ ਕੋਡ ਨੂੰ ਸਕੈਨ ਕਰਕੇ ਵੀ ਇਸ 'ਤੇ ਪਹੁੰਚ ਕੀਤੀ ਜਾ ਸਕਦੀ ਹੈ।

ਵਾਸਤੇ ਏ ਬੀ ਸੀ ਇੰਡਸਟ੍ਰੀਜ਼ ਇੰਡੀਆ ਲਿਮਟਿਡ
(ਪਹਿਲਾਂ ਏ ਬੀ ਕਾਟਸਪਿੰਨ ਇੰਡੀਆ ਲਿਮਟਿਡ ਵਜੋਂ ਜਾਣੀ ਜਾਂਦੀ)
ਸਹੀ/-
ਦੀਪਕ ਗਰਗ
ਚੇਅਰਮੈਨ ਅਤੇ ਪ੍ਰਬੰਧਕ ਨਿਰਦੇਸ਼ਕ
ਡੀ ਆਈ ਐੱਨ: 00843929

ਮਿਤੀ : 14.11.2026
ਸਥਾਨ : ਜੈਤੋ, ਫਰੀਦਕੋਟ

ਨੋਟ :- ਉਕਤ ਜਾਣਕਾਰੀ ਸਕਿਉਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨਜ਼ 33 ਅਤੇ 47(1) ਦੇ ਅਨੁਸਾਰ ਹੈ।

ATAM VALVES LIMITED

Registered Office : 1051, Industrial Area, Jalandhar, Punjab-144004
CIN: L27109PB1985PLC006476,Website: www.atamvalves.in
Tel:+91 181 5001111, Email : cs@atamfebi.com

30 ਸਤੰਬਰ 2026 ਨੂੰ ਖ਼ਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਲਈ ਅਣ-ਪੜਤਾਲੇ ਵਿੱਤੀ ਨਤੀਜੇ
(ਪ੍ਰਤੀ ਸ਼ੇਅਰ ਡਾਟਾ ਤੋਂ ਇਲਾਵਾ ਰੁਪਏ ਲੱਖਾਂ 'ਚ)

ਵੇਰਵੇ	ਖ਼ਤਮ ਹੋਈ ਤਿਮਾਹੀ 30.09.2026 (ਅਣ-ਪੜਤਾਲੇ)	ਖ਼ਤਮ ਹੋਈ ਤਿਮਾਹੀ 30.06.2026 (ਅਣ-ਪੜਤਾਲੇ)	ਖ਼ਤਮ ਹੋਈ ਤਿਮਾਹੀ 30.09.2025 (ਅਣ-ਪੜਤਾਲੇ)	ਅੱਧਾ ਸਾਲ ਖਤਮ 30.09.2026 (ਅਣ-ਪੜਤਾਲੇ)	ਅੱਧਾ ਸਾਲ ਖਤਮ 30.09.2025 (ਅਣ-ਪੜਤਾਲੇ)	ਖਤਮ ਸਾਲ 31.03.2026 (ਪੜਤਾਲੇ)
ਕਾਰੋਬਾਰਾਂ ਤੋਂ ਮਾਲੀਆ	1,635.41	1,228.70	1,140.78	2,864.10	2,377.91	4,729.29
ਕੁੱਲ ਆਮਦਨ	1,642.98	1,248.07	1,141.06	2,891.04	2,378.61	4,730.43
ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਪਹਿਲਾਂ)	92.42	84.90	119.81	177.31	285.44	328.69
ਮਿਆਦ ਲਈ ਟੈਕਸ ਤੋਂ ਪਹਿਲਾਂ ਸ਼ੁੱਧ ਲਾਭ/(ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ)	92.42	84.90	119.81	177.31	285.44	328.69
ਮਿਆਦ ਲਈ ਟੈਕਸ ਤੋਂ ਬਾਅਦ ਸ਼ੁੱਧ ਲਾਭ/(ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ)	67.65	63.53	89.85	131.17	213.78	241.54
ਕੁੱਲ ਵਿਆਪਕ ਆਮਦਨ/ (ਹਾਨੀ) ਮਿਆਦ ਲਈ	68.08	61.73	89.71	129.80	215.19	256.51
ਇਕੁਇਟੀ ਸ਼ੇਅਰ ਕੈਪੀਟਲ	1,146.30	1,146.30	1,146.30	1,146.30	1,146.30	1,146.30
ਹੋਰ ਇਕੁਇਟੀ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ)	–	–	–	–	–	2,659.77
ਪ੍ਰਤੀ ਸ਼ੇਅਰ ਕਮਾਈ (ਰੁ. 10/- ਹਰੇਕ ਦਾ ਅੰਕਿਤ ਮੁੱਲ)						
(ਏ) ਬੇਸਿਕ	0.59	0.55	0.78	1.87	1.87	2.11
(ਬੀ) ਡਲਿਊਟਿਡ	0.59	0.55	0.78	1.87	1.87	2.11

ਟਿੱਪਣੀ 1: 30 ਸਤੰਬਰ 2026 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਲਈ ਕੰਪਨੀ ਦੇ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਸਿਫਾਰਸ਼ ਅਤੇ ਨਜ਼ਰਸਾਨੀ ਕੀਤੇ ਗਏ ਅਤੇ ਡਾਇਰੈਕਟਰਾਂ ਦੇ ਬੋਰਡ ਵੱਲੋਂ ਉਨ੍ਹਾਂ ਦੀ 14/11/2026 ਨੂੰ ਹੋਈ ਮੀਟਿੰਗ ਵਿੱਚ ਮਨਜ਼ੂਰ ਕੀਤੇ ਗਏ ਹਨ।
ਟਿੱਪਣੀ 2: ਉਪਰੋਕਤ 30 ਸਤੰਬਰ 2026 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਲਈ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਇੱਕ ਸਾਰ ਹੈ, ਜੋ ਸੇਬੀ (ਲਿਸਟਿੰਗ ਐਂਡ ਅਦਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜਾਂ ਕੋਲ ਦਾਇਰ ਕੀਤਾ ਗਿਆ ਹੈ। 30 ਸਤੰਬਰ 2026 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਲਈ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜਜ਼ ਦੀ ਵੈੱਬਸਾਈਟ www.bseindia.com ਅਤੇ www.nseindia.com ਅਤੇ ਕੰਪਨੀ ਦੀ ਵੈੱਬਸਾਈਟ https://www.atamvalves.in 'ਤੇ ਉਪਲੱਬਧ ਹੈ।
ਟਿੱਪਣੀ 3: ਪਿਛਲੀ ਮਿਆਦ/ਸਾਲ ਦੇ ਅੰਕੜੇ, ਚਾਲੂ ਮਿਆਦ ਨਾਲ ਤੁਲਨਾ ਹਿੱਤ, ਜਿੱਥੇ ਲੋੜ ਪਈ ਰੀਗਰੁੱਪਡ/ਰੀਅਰੇਂਜਡ ਕੀਤੇ ਜਾ ਚੁੱਕੇ ਹਨ।

ਵਾਸਤੇ ਅਤੇ ਤਰਫੋਂ ਆਤਮ ਵਾਲਵਜ਼ ਲਿਮਟਿਡ
ਦੇ ਡਾਇਰੈਕਟਰਾਂ ਦੇ ਬੋਰਡ
ਸਹੀ/-
ਅਮਿਤ ਜੈਨ
ਪ੍ਰਬੰਧਕੀ ਨਿਰਦੇਸ਼ਕ
(ਡੀ ਆਈ ਐੱਨ-01063087)

ਸਥਾਨ : ਜਲੰਧਰ
ਮਿਤੀ : 14/11/2026

ਕਲਾਸੀਫਾਈਡ ਇਸ਼ਤਿਹਾਰ

ਜਨਤਕ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੈਂ, ਮਹਿਕ ਪੁੱਤਰੀ ਸੁਰਿੰਦਰ ਸਿੰਘ ਵਾਸੀ ਘਨਾਰੂ, ਆਨੰਦਪੁਰ ਸਾਹਿਬ, ਅਗਮਪੁਰ, ਰੂਪਨਗਰ, ਪੰਜਾਬ-140118 ਇਹ ਘੋਸ਼ਣਾ ਕਰਦੀ ਹਾਂ ਕਿ ਮੇਰੀ ਦਸਵੀਂ ਜਮਾਤ (CBSE) ਦੇ ਸਰਟੀਫਿਕੇਟ ਵਿੱਚ ਮੇਰੀ ਮਾਤਾ ਦਾ ਨਾਮ ਗਲਤੀ ਨਾਲ 'ਸੁਮਨ' ਲਿਖਿਆ ਗਿਆ ਹੈ। ਮੇਰੀ ਮਾਤਾ ਦਾ ਅਸਲ ਨਾਂਅ 'ਸੁਮਨ ਦੇਵੀ' ਹੈ। ਜਿਸ ਨੂੰ ਦਰੁਸਤ ਕੀਤਾ ਜਾਵੇ ਜੀ।

ਆਮ ਸੂਚਨਾ

ਜਿਸਦਾ ਖਾਤਾ ਨੰ G37AP040265P ਹੈ ਇਹ ਕੁਨੈਕਸ਼ਨ ਫੌਜਾ ਸਿੰਘ ਪੁੱਤਰ ਬਹਾਦਰ ਸਿੰਘ ਪਿੰਡ ਛੀਨਾ ਰੇਤਵਾਲਾ ਦੇ ਨਾਮ ਤੇ ਹੈ ਅਤੇ ਚੱਲ ਰਿਹਾ ਹੈ।ਇਹ ਕੁਨੈਕਸ਼ਨ ਗੁਰਪ੍ਰੀਤ ਸਿੰਘ ਪੁੱਤਰ ਬਲਬੀਰ ਸਿੰਘ ਆਪਣੇ ਨਾਮ ਤੇ ਕਰਵਾਉਣ ਲਈ ਬਿਜਲੀ ਬੋਰਡ ਦਫਤਰ ਡੇਰੀਵਾਲ ਦਰੋਗਾ ਵਿਖੇ ਅਰਜ਼ੀ ਦੇ ਰਿਹਾ ਹੈ। ਇਸ ਸੰਬਧੀ ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ ਉਹ ਬਿਜਲੀ ਬੋਰਡ ਦਫ਼ਤਰ ਡੇਰੀਵਾਲ ਦਰੋਗਾ ਵਿਖੇ 15 ਦਿਨਾਂ ਦੇ ਅੰਦਰ ਸੰਪਰਕ ਕਰ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਜੇ 52 ਏ ਪੀ 08 0131 ਪੀ (3003707978) ਲੋਡ 12.50 ਐੱਚ ਪੀ, ਜੋ ਕਿ ਸ੍ਰੀ ਗੁਰਬਚਨ ਸਿੰਘ ਪੁੱਤਰ ਕਾਲਾ ਸਿੰਘ ਵਾਸੀ ਮਾਧੋਪੁਰ ਦੇ ਨਾਂਅ 'ਤੇ ਪਿੰਡ ਮਾਧੋਪੁਰ, ਜ਼ਿਲ੍ਹਾ ਕਪੂਰਥਲਾ ਵਿੱਚ ਹਦਬਸਤ ਨੰ. 81, ਖਸਰਾ ਨੰ. 2203 ਵਿਖੇ ਚੱਲ ਰਹੀ ਹੈ। ਇਸ ਦਾ ਨਾਂਅ ਹੁਣ ਬਦਲ ਕੇ ਸ੍ਰੀ ਬਲਜੀਤ ਸਿੰਘ ਪੁੱਤਰ ਸ੍ਰੀ ਸੁਖਜੀਤ ਸਿੰਘ ਵਾਸੀ ਮਾਧੋਪੁਰ ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਕਰਨਾ ਹੈ। ਜੇਕਰ ਕਿਸੇ ਨੂੰ ਇਸ ਨਾਂਅ ਦੀ ਤਬਦੀਲੀ ਸੰਬੰਧੀ ਕਿਸੇ ਕਿਸਮ ਦਾ ਇਤਰਾਜ਼ ਹੈ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ ਐੱਸ ਡੀ ਓ ਸਾਹਿਬ, ਪੀ ਐੱਸ ਪੀ ਸੀ ਐੱਲ ਚਹੇੜੂ ਕੋਲ ਦਰਜ ਕਰਵਾ ਸਕਦਾ ਹੈ। 15 ਦਿਨਾਂ ਬਾਅਦ ਇਹ ਮੋਟਰ ਬਿਨਾਂ ਕਿਸੇ ਨੋਟਿਸ ਸ੍ਰੀ ਬਲਜੀਤ ਸਿੰਘ ਪੁੱਤਰ ਸੁਖਜੀਤ ਸਿੰਘ ਦੇ ਨਾਂਅ ਕਰ ਦਿੱਤੀ ਜਾਵੇਗੀ।

ਬੇਦਖਲੀ ਨੋਟਿਸ

ਮੈਂ, ਗੁਰਨਾਮ ਸਿੰਘ ਪੁੱਤਰ ਬੀਰ ਸਿੰਘ ਵਾਸੀ 37, ਨੇੜੇ ਬਾਬਾ ਦੀਪ ਸਿੰਘ ਸਕੂਲ, ਵਿਕਾਸ ਨਗਰ, ਘਨੂੰਪੁਰ ਛੇਹਰਟਾ ਤਹਿਸੀਲ ਜ਼ਿਲ੍ਹਾ ਅੰਮ੍ਰਿਤਸਰ ਆਪਣੇ ਲੜਕੇ ਮਨਪ੍ਰੀਤ ਸਿੰਘ ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਆਪਣੀ ਮਨਮਰਜ਼ੀ ਕਰਦਾ ਹੈ, ਮੇਰੀ ਕੋਈ ਗੱਲ ਨਹੀ ਮੰਨਦਾ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਮਾੜੇ-ਚੰਗੇ ਕੰਮ, ਨਫ਼ੇ-ਨੁਕਸਾਨ, ਲੈਣ-ਦੇਣ, ਲੜਾਈ-ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਮਨਪ੍ਰੀਤ ਸਿੰਘ ਦੇ ਨਾਲ ਕੋਈ ਸਬੰਧ ਨਹੀ ਹੈ।

ਮੈਂ, ਅਜੈਬ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਪਿੰਡ ਸੈਦਪੁਰ, ਤਹਿਸੀਲ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਸ਼ੋਤਮ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੈਂ ਇਸ ਨੂੰ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਤੇ ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਬਖਸ਼ੀਸ਼ ਸਿੰਘ ਸਪੁੱਤਰ ਸ੍ਰੀ ਅਜੀਤ ਸਿੰਘ, ਵਾਸੀ ਪਿੰਡ ਸੋਹਲ ਖਾਲਸਾ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਗੁਰਮੀਤ ਕੌਰ, ਜੋ ਸ਼ਾਦੀਸ਼ੁਦਾ ਹੈ, ਮੇਰੇ ਕਹਿਣ ਤੋਂ ਬਾਹਰ ਹੈ। ਮੈਂ ਉਸਨੂੰ ਆਪਣੀ ਚੱਲ-ਅਚੱਲ ਜਾਇਦਾਦ, ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਕੋਈ ਲੈਣ-ਦੇਣ ਕਰਦਾ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪ੍ਰੀਤਮ ਕੌਰ ਪਤਨੀ ਲੇਟ ਦਰਸ਼ਨ ਸਿੰਘ ਵਾਸੀ ਮ: ਨੰ. 823/9 ਕਾਦਰੀ ਮੁਹੱਲਾ, ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਹਰਵਿੰਦਰ ਸਿੰਘ ਅਤੇ ਉਸ ਦੀ ਪਤਨੀ ਹਰਭਿੰਦਰ ਕੌਰ ਅਤੇ ਉਸ ਦਾ ਸਾਰਾ ਪਰਵਾਰ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਰਮ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਭਾਗੀਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਹਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ, ਘਰ-ਬਾਰ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ Pawan Kumar ਅਤੇ ਮੇਰੀ ਪਤਨੀ ਸ੍ਰੀਮਤੀ Kavita ਵਾਸੀ 14-ਬੀ, ਗੋਪਾਲ ਨਗਰ, ਗਲੀ ਨੰ.1, ਮਜੀਠਾ ਰੋਡ, ਅੰਮ੍ਰਿਤਸਰ ਆਪਣੇ ਪੁੱਤ Ashish ਨੂੰ ਬੁਰੀਆਂ ਆਦਤਾਂ ਕਾਰਨ ਬੇਦਖਲ ਕਰਦੇ ਹਾਂ। ਅਸੀਂ ਉਸਦੇ ਜ਼ਿੰਮੇਵਾਰ ਨਹੀਂ ਹਾਂ। ਸਾਡੀ ਨੂੰਹ ਸ਼ੋਭਿਤਾ ਅਤੇ ਪੋਤਾ ਆਗਿਆਕਾਰੀ ਹਨ ਅਤੇ ਸਾਡੇ ਨਾਲ ਰਹਿੰਦੇ ਹਨ।

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

Change Of Name

I,Jatinder Kaur Jaura W/O Harvinder Singh Jaura R/O H.No.747-A,Rishi Nagar,Jalandhar-1,Jalandhar 144003, Punjab have changed my name from Jatinder Kaur Jaura to Jatinder Kaur. Concerned note.

I Manjit Kaur W/O Harwinder Singh R/O Teacher Colony Ward No 03 Balachaur Teh. Balachaur Distt SBS Nagar, Punjab, Have Changed My Name To Kaur Manjit. Kaur is My Surname. All Please Note.

I, Avtar Singh S/O Fauja Singh R/O.mohalla Mojowal Vpo: Kalanaur , Tehsil Kalanaur, District Gurdaspur, Punjab, India, Pin Code 143512, I Have Changed My Name From Avtar Singh To Singh Avtar Please Note . Surname As Singh And Given Name As Avtar.

I, Gurwinder Kaur W/O Ajmer Singh Residence Of Vill Pindi Saidan Po Kalanaur Tehsil Kalanaur, Distt Gurdaspur, Punjab, India Pin code 143512, I Have Changed My Name From Gurwinder Kaur To Kaur Gurwinder. Surname As Kaur And Given Name As Gurwinder.

I, Harjit Kaur W/o Talvinder Singh R/o VPO Fatehgarh Niara, Distt. Hoshiarpur, Punjab, Pin 146022 declare that my minor son name is Jagjot Singh. His surname is Singh and given name is Jagjot. Concerned note.

I, Simranjit Kaur W/o Baljit Singh R/o House No 39, Street No 2, Back side OCM Mill, Khandwala, Chheharta, Amritsar have changed my name from SIMRANJIT KAUR to SIMARJEET KAUR . Please All Concerned Note.

I, Kulwinder Singh S/o Chanan Singh R/o VPO. Nangal Shama, Jalandhar have changed the name of my minor daughter from Mannat Ralh to Mannat Noor. All Please Note.

I, Peter S/o Joseph K/o Holy Trinity Regional Major Seminary Church, Church Nagar, Chogitti, Jalandhar have changed my name from Peter to Peter Hans. All Please Note.

I, Beant Kaur W/o Lakhwinder Singh R/o Vill Mander Bet PO Nurpur Lubana Distt kapurthala that have changed my name from Beant Kaur to Kaur as surname and Beant as given name

I Riyazuddin S/o Fakruddin Residing at 37 Koharapeer Chahbai, Post City Bareilly Uttar Pradesh 243001 . have changed my minor Son Name from Mohammad Dilshan to Mohd Dilshan . Vide Affidavit date 14-11-2026 before Jalandhar Court.

I Tarunnum Spouse of Riyazuddin residing at 37 Koharapeer Chahbai Post city Bareilly Uttar Pradesh 243001 have changed my Name from Tarunnum to Tarannum. Vide Affidavit date 14-11-2026 before Jalandhar court.

ਨਾਂਅ ਦੀ ਬਦਲੀ

ਮੈਂ, ਸ਼ਿਵ ਪ੍ਰਿਆ ਪੁੱਤਰੀ ਰਾਤੇਜ ਭਾਰਤੀ ਪਿੰਡ ਭਾਈ ਕੀ ਪਸ਼ੌਰ ਜ਼ਿਲ੍ਹਾ ਸੰਗਰੂਰ ਨੇ ਆਪਣਾ ਨਾਮ ਬਦਲ ਕੇ ਸ਼ਿਵਪ੍ਰਿਆ ਦੱਤ ਰੱਖ ਲਿਆ ਹੈ। ਅੱਜ ਤੋਂ ਬਾਅਦ ਮੈਨੂੰ ਸ਼ਿਵਪ੍ਰਿਆ ਦੱਤ ਨਾਮ ਨਾਲ ਹੀ ਜਾਣਿਆ ਜਾਵੇ।ਸਬੰਧਤ ਨੋਟ ਕਰਨ।

ਮੈਂ, ਹਰੀ ਰਾਮ ਪੁੱਤਰ ਬਿਸ਼ਨ ਦਾਸ ਵਾਸੀ ਪਿੰਡ ਤੇ ਡਾਕਖਾਨਾ ਕੱਥੂਨੰਗਲ, ਜ਼ਿਲ੍ਹਾ ਅੰਮ੍ਰਿਤਸਰ ਨੇ ਆਪਣਾ ਨਾਂਅ ਹਰੀ ਰਾਮ ਤੋਂ ਬਦਲ ਕੇ ਹਰੀ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ ਅੱਜ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਚੇਤਨਪੁਰਾ ਵਿਖੇ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਲਾਨਾ ਗੁਰਮਤਿ ਸਮਾਗਮ ਅੱਜ 15 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪ੍ਰਬੰਧਕਾਂ ਦੀਆਂ ਵੱਖ-ਵੱਖ ਡਿਊਟੀਆਂ ਲਗਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਗੁਰਦੁਆਰਾ ਨਾਨਕ ਨਾਮ ਜਹਾਜ਼ ਹੈ ਦੇ ਮੁੱਖ ਸੇਵਾਦਾਰ ਬਾਬਾ ਕੁਲਵਿੰਦਰ ਸਿੰਘ ਦਬੁਰਜੀ ਵਾਲੇ, ਬਾਬਾ ਪ੍ਰਭਜੀਤ ਸਿੰਘ ਕੰਦੋਵਾਲੀ, ਬਾਬਾ ਬਲਵਿੰਦਰ ਸਿੰਘ ਜੀ ਝੰਡੇਰਾਂ ਵਾਲੇ, ਬਾਬਾ ਦਲੇਰ ਸਿੰਘ ਚੇਤਨਪੁਰਾ, ਪਟਵਾਰੀ ਮਨਜੀਤ ਸਿੰਘ, ਪ੍ਰਭ ਸਿਮਰਨ ਸਿੰਘ ਠੇਕੇਦਾਰ, ਕੁਲ ਸਿਮਰਨ ਸਿੰਘ ਠੇਕੇਦਾਰ, ਭਾਈ ਗੁਰਜੀਤ ਸਿੰਘ ਚੇਤਨਪੁਰਾ , ਗੁਰਲਾਲ ਸਿੰਘ ਨਿਊਜ਼ੀਲੈਂਡ ਵਾਲੇ, ਪ੍ਰਭਦੀਪ ਸਿੰਘ ਲਾਡਾ, ਤਰਸੇਮ ਸਿੰਘ ਫੌਜੀ, ਸਾਬਕਾ ਸਰਪੰਚ ਗੁਰਦੀਪ ਸਿੰਘ, ਥਾਣੇਦਾਰ ਅਜਮੇਰ ਸਿੰਘ, ਮੁਖਤਾਰ ਸਿੰਘ ਸਾਬਕਾ ਮੈਂਬਰ, ਜਸਪਾਲ ਸਿੰਘ ਦੋਧੀ, ਡਾ: ਹੁਸ਼ਿਆਰ ਸਿੰਘ, ਕੰਵਲ ਰਣਬੀਰ ਸਿੰਘ ਗਿੱਲ, ਅਰਸ਼ਦੀਪ ਸਿੰਘ, ਅੰਮ੍ਰਿਤਪਾਲ ਸਿੰਘ ਰਾਣਾ, ਸੈਕਟਰੀ ਜਗੀਰ ਸਿੰਘ, ਸੁਖਦੇਵ ਸਿੰਘ ਸੰਤੂ ਨੰਗਲ, ਅਮਰਜੀਤ ਸਿੰਘ ਗਿੱਲ, ਮਨਜਿੰਦਰ ਸਿੰਘ, ਡਾ. ਰਣਜੀਤ ਸਿੰਘ, ਬਲਕਾਰ ਸਿੰਘ ਦੋਧੀ, ਅਵਤਾਰ ਸਿੰਘ ਗਿੱਲ, ਦਿਲਸ਼ੇਰ ਸਿੰਘ, ਸਤਪਾਲ ਸਿੰਘ ਫੌਜੀ, ਬਾਬਾ ਸੁਖਦੇਵ ਸਿੰਘ, ਜਥੇਦਾਰ ਬਖਸ਼ੀਸ਼ ਸਿੰਘ ਅਤੇ ਅੰਗਰੇਜ਼ ਸਿੰਘ ਆਦਿ ਵੱਲੋਂ ਤਿਆਰੀ ਮੀਟਿੰਗ ਕੀਤੀ ਗਈ।ਕਮੇਟੀ ਦੇ ਪ੍ਰਧਾਨ ਭਾਈ ਦਲੇਰ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਲਾਨਾ ਗੁਰਮਤਿ ਸਮਾਗਮ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ, ਜਿਸ ਸਮੇਂ ਪੰਥ ਦੇ ਸਿਰਮੌਰ ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆਂ ਵੱਲੋਂ ਸਿੱਖ ਇਤਿਹਾਸ ਤੇ ਚਾਨਣਾ ਪਾਇਆ ਜਾਏਗਾ।ਉਨ੍ਹਾਂ ਦੱਸਿਆ ਕਿ ਇਸ ਮੌਕੇ ਭਾਈ ਰਵਿੰਦਰ ਸਿੰਘ ਜ਼ੋਨੀ ਨਾਨਕਸਰ ਵਾਲੇ, ਬਾਬਾ ਬਲਵਿੰਦਰ ਸਿੰਘ ਝੰਡੇਰਾਂ ਵਾਲੇ, ਭਾਈ ਜੋਗਾ ਸਿੰਘ ਮਹਿਲ ਜੰਡਿਆਲੇ ਵਾਲੇ, ਕੇਵਲ ਸਿੰਘ ਮਹਿਤਾ (ਸੋਹੀ ਬਦਰਜ) ਅਤੇ ਬਾਬਾ ਗੁਰਭੇਜ ਸਿੰਘ ਆਦਿ ਦੇ ਜਥਿਆਂ ਵੱਲੋਂ ਹਾਜ਼ਰ ਸੰਗਤਾਂ ਨੂੰ ਗੁਰੂ ਜਸ ਗਾ ਕੇ ਨਿਹਾਲ ਕੀਤਾ ਜਾਵਗਾ।

ਪ੍ਰਬੰਧਕਾਂ ਵੱਲੋਂ ਸਮੂਹ ਨਗਰ ਵਾਸੀਆਂ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਇਸ ਪਵਿੱਤਰ ਗੁਰਮਤਿ ਸਮਾਗਮ ਵਿੱਚ ਪਰਿਵਾਰਾਂ ਸਮੇਤ ਸ਼ਾਮਲ ਹੋ ਕਿ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਅਤੇ ਬਾਬਾ ਦੀਪ ਸਿੰਘ ਜੀ ਦੀ ਮਹਾਨ ਸ਼ਹਾਦਤ ਨੂੰ ਸਿਜਦਾ ਕਰਨ ਦੀ ਬੇਨਤੀ ਕੀਤੀ ਗਈ ਹੈ।

ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਛੇ ਮੈਂਬਰ ਕਾਬੂ



ਛੇਹਰਟਾ/ਖਾਸਾ, (ਮਨੋਜ ਕੁਮਾਰ/ ਸ਼ਸ਼ਪਾਲ ਸਿੰਘ) : ਥਾਣਾ ਵੱਲ੍ਹਾ ਦੀ ਪੁਲਸ ਨੇ ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦੇ ਛੇ ਮੈਂਬਰਾਂ ਨੂੰ ਇਕ ਪਿਸਤੌਲ .30 ਬੋਰ ਸਮੇਤ ਮੈਗਜ਼ੀਨ ਤੇ 3 ਰੌਂਦ, 2 ਖਿਡੌਣਾ ਪਿਸਤੌਲਾਂ, 3 ਦਾਤਰ, 1 ਕ੍ਰਿਪਾਨ, 1 ਕਾਰ ਸਵਿਫਟ ਡਿਜ਼ਾਇਰ, 8 ਐਕਟਿਵਾ, 2 ਮੋਟਰਸਾਈਕਲਾਂ, 10 ਮੋਬਾਇਲ ਫੋਨਾਂ ਤੇ ਬੈਂਕ ਦੇ ਨਕਸ਼ੇ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਕਮਿਸ਼ਨਰ ਅੰਮ੍ਰਿਤਸਰ ਹਰਮਬੀਰ ਸਿੰਘ ਗਿੱਲ ਨੇ ਦੱਸਿਆ ਕਿ ਥਾਣਾ ਵੱਲ੍ਹਾ ਦੀ ਪੁਲਸ ਨੂੰ ਪੁਖ਼ਤਾ ਜਾਣਕਾਰੀ ਮਿਲੀ ਸੀ ਕਿ ਅਣਪਛਾਤੇ ਲੜਕਿਆਂ ਨੇ ਇਕ ਗਿਰੋਹ ਬਣਾਇਆ ਹੋਇਆ ਹੈ। ਇਨ੍ਹਾਂ ਕੋਲ ਨਾਜਾਇਜ਼ ਅਸਲਾ, ਕ੍ਰਿਪਾਨਾਂ, ਦਾਤਰ ਤੇ ਚੋਰੀ ਦੀਆਂ ਗੱਡੀਆਂ ਤੇ ਦੋ ਪਹੀਆ ਵਾਹਨ ਵੀ ਹਨ। ਇਹ ਲੜਕੇ ਸਵਿਫਟ ਡਿਜ਼ਾਇਰ ਕਾਰ ਤੇ ਹੋਰ ਵਹੀਕਲਾਂ 'ਤੇ ਜਾਅਲੀ ਨੰਬਰ ਲਗਾ ਕੇ ਰਾਹਗੀਰਾਂ ਨੂੰ ਹਥਿਆਰ ਦਿਖਾ ਕੇ ਲੁੱਟਾਂ-ਖੋਹਾਂ ਕਰਦੇ ਹਨ। ਉਕਤ ਗਿਰੋਹ ਏ.ਟੀ.ਐੱਮ ਤੋੜਨ ਦਾ ਕੰਮ ਵੀ ਕਰਦਾ ਹੈ। ਉਨ੍ਹਾਂ ਦੱਸਿਆ ਕਿ ਵੱਲ੍ਹਾ ਪੁਲਸ ਨੂੰ ਸੂਚਨਾ ਮਿਲੀ ਕਿ ਹੁਣ ਇਹ ਲੜਕੇ ਸਬਜ਼ੀ ਮੰਡੀ ਵੱਲ੍ਹਾ ਦੇ ਪਿਛਲੇ ਪਾਸੇ ਕਿਸੇ ਬੈਂਕ ਵਿਚ ਲੁੱਟ-ਖੋਹ ਕਰਨ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਇਕੱਠੇ ਹੋਏ ਹਨ। ਉਨ੍ਹਾਂ ਦੱਸਿਆ ਕਿ ਇਸ 'ਤੇ ਥਾਣਾ ਵੱਲ੍ਹਾ ਦੀ ਪੁਲਸ ਨੇ ਰੇਡ ਕਰਕੇ ਲਵਪ੍ਰੀਤ ਸਿੰਘ ਉਰਫ਼ ਲਵਲੀ ਵਾਸੀ ਸੁਲਤਾਨਵਿੰਡ, ਭਰਤ ਉਰਫ਼ ਟਿੰਡੀ ਵਾਸੀ ਸੁਲਤਾਨਵਿੰਡ ਰੋਡ, ਸਾਹਿਲ ਅੰਸਾਰੀ ਵਾਸੀ ਸੁਲਤਾਨਵਿੰਡ ਰੋਡ, ਦੀਪੂ ਕੁਮਾਰ ਵਾਸੀ ਪ੍ਰਤਾਪ ਨਗਰ, ਸ਼ਿਵ ਕੁਮਾਰ ਉਰਫ਼ ਜੰਡੂ ਵਾਸੀ ਸੁਲਤਾਨਵਿੰਡ ਰੋਡ ਤੇ ਮਨਿੰਦਰਜੀਤ ਸਿੰਘ ਵਾਸੀ ਸੁਲਤਾਨਵਿੰਡ ਰੋਡ ਨੂੰ ਕਾਬੂ ਕੀਤਾ। ਗ੍ਰਿਫ਼ਤਾਰ ਮੁਲਜ਼ਮਾਂ ਕੋਲੋਂ ਮੌਕੇ ਤੇ ਪੁੱਛਗਿੱਛ ਕਰਨ 'ਤੇ 1 ਪਿਸਤੌਲ .30 ਬੋਰ ਸਮੇਤ ਮੈਗਜ਼ੀਨ ਤੇ 03 ਰੌਂਦ, 2 ਖਿਡੌਣਾ ਪਿਸਤੌਲ, 3 ਦਾਤਰ, 1 ਕ੍ਰਿਪਾਨ, 1 ਕਾਰ ਸਵਿਫਟ ਡਜ਼ਾਇਰ, 8 ਐਕਟਿਵਾ, 2 ਮੋਟਰਸਾਈਕਲ, 10 ਮੋਬਾਇਲ ਫੋਨ ਤੇ 1 ਬੈਂਕ ਦਾ ਨਕਸ਼ਾ ਬਰਾਮਦ ਹੋਇਆ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮਾਂ ਵੱਲੋਂ ਇਲਾਕੇ ਵਿਚ ਪਹਿਲਾਂ ਵੀ 8 ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਲਜ਼ਮਾਂ ਵਿਰੁੱਧ ਥਾਣਾ ਵੱਲ੍ਹਾ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ।

ਚੀਫ਼ ਖ਼ਾਲਸਾ ਦੀਵਾਨ ਵੱਲੋਂ 69ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ 19, 20 ਤੇ 21 ਨੂੰ

ਬਟਾਲਾ (ਡਾ. ਮਲਵਿੰਦਰ ਸਿੰਘ)-ਸਿੱਖੀ ਅਤੇ ਸਿੱਖਿਆ ਨੂੰ ਸਮਰਪਿਤ ਸਿੱਖਾਂ ਦੀ ਪੁਰਾਤਨ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਅਧੀਨ ਚੱਲ ਰਹੀ ਐਜੂਕੇਸ਼ਨਲ ਕਮੇਟੀ ਵੱਲੋਂ ਮਿਤੀ 19, 20 ਅਤੇ 21 ਨਵੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸਾਕੇ ਨੂੰ ਸਮਰਪਿਤ 69ਵੀਂ ਵਿਸ਼ਵ ਸਿੱਖ ਵਿੱਦਿਅਕ ਕਾਨਫਰੰਸ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਬਟਾਲਾ ਵਿਖੇ ਬਹੁਤ ਸ਼ਾਨੋ-ਸ਼ੌਕਤ ਅਤੇ ਉਤਸ਼ਾਹ ਨਾਲ ਕਰਵਾਈ ਜਾ ਰਹੀ ਹੈ।ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਸ੍ਰੀ ਅੰਮ੍ਰਿਤਸਰ ਤੋਂ ਜਾਰੀ ਪ੍ਰੈੱਸ ਨੋਟ ਰਾਹੀਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਰਮਨੀਕ ਸਿੰਘ ਨੇ ਸਾਂਝੇ ਤੌਰ ਤੇ ਕਿਹਾ ਕਿ ਸਿੱਖਿਆ ਕਿਸੇ ਵੀ ਸਮਾਜ ਦੀ ਤਰੱਕੀ ਦਾ ਮੂਲ ਅਧਾਰ ਹੈ।ਉਨ੍ਹਾਂ ਨੇ ਦੱਸਿਆ ਕਿ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਾਲ 1908 ਤੋਂ ਸ਼ੁਰੂ ਹੋਈਆਂ ਸਿੱਖ ਵਿੱਦਿਅਕ ਕਾਨਫਰੰਸਾਂ ਵੱਖ—ਵੱਖ ਸ਼ਹਿਰਾਂ ਵਿਚ ਕਰਵਾਈਆਂ ਜਾਂਦੀਆਂ ਰਹੀਆਂ ਹਨ ਅਤੇ ਇਸ ਵਾਰ ਇਹ ਕਾਨਫਰੰਸ ਵੱਡੇ ਪੱਧਰ ਤੇ ਬਟਾਲਾ ਵਿਖੇ ਕਰਵਾਈ ਜਾ ਰਹੀ ਹੈ।ਉਪਰੰਤ ਕਾਨਫਰੰਸ ਦੇ ਪਾਸ ਹੋਏ ਮਤੇ ਪੜ੍ਹੇ ਜਾਣਗੇ ਅਤੇ ਅਗਲੀ ਕਾਨਫਰੰਸ ਦੀ ਮੰਗ ਅਤੇ ਕੌਮੀ ਫੰਡ ਲਈ ਅਪੀਲ ਕੀਤੀ ਜਾਵੇਗੀ।ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।ਇਸ ਮੌਕੇ ਦੀਵਾਨ ਅਹੁਦੇਦਾਰਾਂ ਨੇ ਸਮੂਹ ਸੰਗਤ, ਵਿੱਦਿਅਕ, ਧਾਰਮਿਕ, ਸਮਾਜਿਕ ਸੰਸਥਾਵਾਂ, ਸ਼ਹਿਰ ਵਾਸੀਆਂ ਨੂੰ ਇਸ ਇਤਿਹਾਸਕ ਵਿੱਦਿਅਕ ਕਾਨਫਰੰਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ।

ਭੰਡਾਰੀ ਹੌਜ਼ਰੀ ਐਕਸਪੋਰਟਸ ਲਿਮਟਿਡ

ਰਜਿ ਦਫ਼ਤਰ : ਭੰਡਾਰੀ ਹਾਊਸ, ਪਿੰਡ ਮਿਹਰਬਾਨ, ਰਾਹੋਂ ਰੋਡ, ਲੁਧਿਆਣਾ-141007 (ਪੰਜਾਬ) (ਭਾਰਤ)
Phones 88720-16410, Fax 0161-2690394 CIN: L17115PB1993PLC013930
E-mail : bhandari@bhandariexport.com; Website: www.bhandariexport.com

30.09.2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਲਈ ਸਟੈਂਡਅਲੋਨ ਅਣ-ਪੜਤਾਲੇ ਵਿੱਤੀ ਨਤੀਜੇ (ਰੁਪਏ ਲੱਖਾਂ 'ਚ)

ਲੜੀ ਨੰ.	ਵੇਰਵਾ	ਖਤਮ ਹੋਈ ਤਿਮਾਹੀ 30.09.2026 ਅਣ-ਪੜਤਾਲੇ	ਖਤਮ ਹੋਈ ਤਿਮਾਹੀ 30.06.2026 ਅਣ-ਪੜਤਾਲੇ	ਖਤਮ ਹੋਈ ਤਿਮਾਹੀ 30.09.2025 ਅਣ-ਪੜਤਾਲੇ	ਖਤਮ ਅੱਧਾ ਸਾਲ 30.09.2026 ਅਣ-ਪੜਤਾਲੇ	ਖਤਮ ਅੱਧਾ ਸਾਲ 30.09.2025 ਅਣ-ਪੜਤਾਲੇ	ਸਾਲ ਖਤਮ 31.03.2026 ਪੜਤਾਲੇ
1	ਕਾਰੋਬਾਰਾਂ ਤੋਂ ਕੁੱਲ ਆਮਦਨ	7845.82	5084.71	6837.03	12930.53	13133.98	28071.41
2	ਸਮੇਂ ਲਈ ਸ਼ੁੱਧ ਲਾਭ/ਹਾਨੀ (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ/ਜਾਂ ਗੈਰ-ਸਧਾਰਨ ਆਇਟਮਾਂ)	208.36	176.41	267.70	384.77	484.05	1043.71
3	ਟੈਕਸ ਤੋਂ ਪਹਿਲਾਂ ਸਮੇਂ ਲਈ ਸ਼ੁੱਧ ਲਾਭ/ਹਾਨੀ (ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ)	208.36	176.41	267.70	384.77	484.05	1043.71
4	ਸਮੇਂ ਲਈ ਕੁੱਲ ਵਿਆਪਕ ਆਮਦਨ (ਸ਼ਾਮਲ ਸਮੇਂ ਲਈ ਲਾਭ/ਹਾਨੀ) (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ	153.15	129.66	206.93	282.81	368.83	776.84
5	ਅਦਾ ਕੀਤੇ ਇਕੁਇਟੀ ਸ਼ੇਅਰ ਕੈਪੀਟਲ (ਰੁ. 1/- ਹਰੇਕ ਦਾ ਅੰਕਿਤ ਮੁੱਲ)	3329.56	3329.56	2400.49	3329.56	2400.49	3329.56
6	ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ) ਜਿਵੇਂ ਪਿਛਲੇ ਸਾਲ ਦੀ ਆਡਿਟ ਬੈਲੇਂਸ਼ ਸ਼ੀਟ 'ਚ ਦਿਖਾਇਆ ਗਿਆ।	-	-	-	-	-	15004.74
7	ਕਮਾਈ ਪ੍ਰਤੀ ਸ਼ੇਅਰ (ਰੁ. 1/- ਹਰੇਕ)						
	ਬੇਸਿਕ :	0.05	0.04	0.07	0.08	0.15	0.23
	ਡਿਲਿਊਟਡ :	0.05	0.04	0.07	0.08	0.15	0.32

ਨੋਟ : ਉਪਰੋਕਤ 30.09.2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਲਈ ਅਣ-ਅੜਤਾਲੇ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਨਜ਼ਰਸਾਨੀ ਕੀਤੇ ਗਏ ਹਨ ਅਤੇ 14 ਨਵੰਬਰ 2026 ਨੂੰ ਡਾਇਰੈਕਟਰਾਂ ਦੇ ਬੋਰਡ ਵੱਲੋਂ ਪ੍ਰਵਾਨਿਤ ਕੀਤੇ ਗਏ ਹਨ। ਇਹ ਨਤੀਜੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ ਦੇ ਨਿਯਮਾਂ ਅਤੇ ਇਸ ਅਧੀਨ ਬਣਾਏ ਢੁਕਵੇਂ ਨਿਯਮਾਂ ਸਹਿਤ ਕੰਪਨੀਜ਼ ਐਕਟ 2013 ਦੇ ਸੈਕਸ਼ਨ 133 ਤਹਿਤ ਪੜ੍ਹੇ ਜਾਂਦੇ ਇੰਡੀਅਨ ਅਕਾਊਂਟਿੰਗ ਸਟੈਂਡਰਡਜ਼ ('ਇੰਡ ਏ ਐੱਸ') ਮੁਤਾਬਕ ਤਿਆਰ ਕੀਤੇ ਗਏ ਅਤੇ ਸੋਧੇ ਗਏ ਹਨ। ਵਿਧਾਨਕ ਆਡੀਟਰਾਂ ਦੀ ਨਜ਼ਰਸਾਨੀ ਰਿਪੋਰਟ ਬੀ ਐੱਸ ਈ ਲਿਮਟਿਡ ਅਤੇ ਐੱਨ ਐੱਸ ਈ ਲਿਮਟਿਡ ਕੋਲ ਦਰਜ ਕੀਤੀ ਗਈ ਹੈ। ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਨਤੀਜਿਆਂ ਲਈ ਕੰਪਨੀ ਦੀ ਵੈੱਬਸਾਈਟ www.bhandariexpert.com ਅਤੇ ਵਿੱਤੀ ਨਤੀਜੇ ਕਾਰਪੋਰੇਟ ਸੈਕਸ਼ਨ www.bseindia.com ਅਤੇ www.nseindia.com 'ਤੇ ਪਹੁੰਚ ਕੀਤੀ ਜਾ ਸਕਦੀ ਹੈ। 3. ਗਰੁੱਪ ਸਿੰਗਲ ਓਪਰੇਟਿੰਗ ਸੈਗਮੈਂਟ 'ਟੈਕਸਟਾਇਲਜ਼' ਨਾਲ ਸੰਬੰਧ ਹੈ। 4. ਉਪਰੋਕਤ 30 ਸਤੰਬਰ 2026 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਲਈ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਜਿਜ਼ ਕੋਲ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ 33 ਤਹਿਤ ਦਰਜ ਕੀਤਾ ਗਿਆ ਗਿਆ ਹੈ। ਉਕਤ ਦਰਸਾਈਆਂ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀਆਂ ਵੈੱਬਸਾਈਟਸ www.nseindia.com ਅਤੇ www.bseindia.com ਅਤੇ ਕੰਪਨੀ ਦੀ ਵੈੱਬਸਾਈਟ www.bhandariexport.com 'ਤੇ ਉਪਲਬਧ ਹੈ। 5. ਉਕਤ ਦਰਸਾਏ ਵਿੱਤੀ ਨਤੀਜਿਆਂ ਸਮੇਤ ਵਿਧਾਨਕ ਆਡੀਟਰਾਂ ਦੀ ਸੀਮਤ ਨਜ਼ਰਸਾਨੀ ਰਿਪੋਰਟ ਨੂੰ ਕਵਿਕ ਰਿਸਪੌਂਸ ਕੋਡ, ਜੋ ਕਿ ਹੇਠ ਦਿੱਤਾ ਗਿਆ ਹੈ, ਤੋਂ ਸਕੈਨਿੰਗ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

ਵਾਸਤੇ ਭੰਡਾਰੀ ਹੌਜ਼ਰੀ ਐਕਸਪੋਰਟਸ ਲਿਮਟਿਡ
ਸਹੀ/-
ਨਿਤਿਨ ਭੰਡਾਰੀ
ਚੇਅਰਮੈਨ ਅਤੇ ਪ੍ਰਬੰਧਕੀ ਨਿਰਦੇਸ਼ਕ
(ਡੀ ਆਈ ਐੱਨ : 01385065)

ਮਿਤੀ : 14.11.2026
ਸਥਾਨ : ਲੁਧਿਆਣਾ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਭੀਮ ਸੈਨ ਤਹਿਸੀਲਦਾਰ ਆਦਮਪੁਰ, ਜ਼ਿਲ੍ਹਾ ਜਲੰਧਰ
ਨੋਟਿਸ ਬਨਾਮ ਆਮ ਪਬਲਿਕ
ਵਿਸ਼ਾ : ਰਿਕਾਰਡ ਮਾਲ ਵਿੱਚ ਨਾਂਅ ਦੀ ਦਰੁਸਤੀ ਲਈ ਬੇਨਤੀ

ਕਰਮਜੀਤ ਸਿੰਘ ਪੁੱਤਰ ਖੁਸ਼ੀ ਰਾਮ ਵਾਸੀ ਪਿੰਡ ਅਲਾਵਲਪੁਰ, ਤਹਿਸੀਲ ਆਦਮਪੁਰ ਨੇ ਦਰਖਾਸਤ ਪੇਸ਼ ਕੀਤੀ ਹੈ ਕਿ ਉਸ ਦੀ ਜ਼ਮੀਨ ਵਾਕਿਆ ਰਕਬਾ ਅਲਾਵਲਪੁਰ, ਤਹਿਸੀਲ ਆਦਮਪੁਰ ਵਿਖੇ ਹੈ। ਜੋ ਕਿ ਮਾਲ ਰਿਕਾਰਡ ਵਿੱਚ ਮੇਰਾ ਨਾਂਅ ਪਰਮਜੀਤ ਸਿੰਘ ਪੁੱਤਰ ਖੁਸ਼ੀ ਰਾਮ ਦਰਜ ਹੈ ਤੇ ਬਾਕੀ ਕਾਗਜ਼ਾਤ ਵਿੱਚ ਮੇਰਾ ਨਾਂਅ ਕਰਮਜੀਤ ਪੁੱਤਰ ਖੁਸ਼ੀ ਰਾਮ ਹੈ। ਜਦੋਂ ਕਿ ਦੋਵੇਂ ਨਾਂਅ ਮੇਰੇ ਹਨ। ਮੇਹਰਬਾਨੀ ਕਰਕੇ ਮਾਲ ਰਿਕਾਰਡ ਵਿੱਚ ਮੇਰਾ ਨਾਂਅ ਪਰਮਜੀਤ ਸਿੰਘ ਉਰਫ ਕਰਮਜੀਤ ਪੁੱਤਰ ਖੁਸ਼ੀ ਰਾਮ ਕੀਤਾ ਜਾਵੇ। ਦਰਖਾਸਤ ਨਾਲ ਉਸ ਵੱਲੋਂ ਅਧਾਰ ਕਾਰਡ, ਫਰਦ, ਜਮ੍ਹਾਂਬੰਦੀ, ਵੋਟਰ ਕਾਰਡ, ਸਵੈ-ਘੋਸ਼ਣਾ ਅਤੇ ਅਖਬਾਰ ਦੀਆਂ ਕਾਪੀਆਂ ਸ਼ਾਮਲ ਕੀਤੀਆਂ ਹਨ।

ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਿੱਚ ਉਕਤ ਵਿਅਕਤੀ ਪਰਮਜੀਤ ਸਿੰਘ ਪੁੱਤਰ ਖੁਸ਼ੀ ਰਾਮ ਦਾ ਨਾਂਅ ਪਰਮਜੀਤ ਸਿੰਘ ਉਰਫ ਕਰਮਜੀਤ ਪੁੱਤਰ ਖੁਸ਼ੀ ਰਾਮ ਬਦਲਣ ਲਈ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣੇ ਇਤਰਾਜ਼ 15 ਦਿਨਾਂ ਅੰਦਰ ਨਿਮਨਹਸਤਾਖਰ ਨੂੰ ਅਦਾਲਤਨ/ਵਕਾਲਤਨ/ ਮੁਖਤਿਆਰ ਜਾਂ ਖੁਦ ਆ ਕੇ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਕਿਸੇ ਪੱਖ-ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਨਹੀਂ ਕੀਤਾ ਜਾਵੇਗਾ ਅਤੇ ਮਾਲ ਰਿਕਾਰਡ ਵਿੱਚ ਸਰਕਾਰ ਦੇ ਪੱਤਰ ਨੰਬਰ 25/78/2012-3-2/12445-71 ਚੰਡੀਗੜ੍ਹ ਮਿਤੀ 26.07.2013 ਵਿੱਚ ਦਰਜ ਹਦਾਇਤਾਂ ਅਨੁਸਾਰ ਬਿਨੈਕਾਰ ਦਾ ਨਾਂਅ ਮਾਲ ਰਿਕਾਰਡ ਵਿੱਚ ਦਰੁਸਤ ਕਰਨ ਸੰਬੰਧੀ ਹੁਕਮ ਜਾਰੀ ਕਰ ਦਿੱਤੇ ਜਾਣਗੇ।

ਸਹੀ/- ਤਹਿਸੀਲਦਾਰ, ਆਦਮਪੁਰ
(11 ਰੀਡਰ/ਮਿਤੀ 13/11/2026, ਸਥਾਨ : ਆਦਮਪੁਰ)

ਨਵਾਂ ਜ਼ਮਾਨਾ ਐਤਵਾਰਤਾ



35ਵਾਂ ਮੇਲਾ ਗ਼ਦਰੀ ਬਾਬਿਆਂ ਦਾ

(ਆਖਰੀ ਸਫੇ 'ਤੇ)

ਸੁਪਨੇ ਵਿੱਚ ਇੱਕ ਰੁੱਖ 'ਤੇ ਲਿਖਿਆ

ਰਾਤੀਂ ਆਪਣਾ ਨਾਮ ਅਸੀਂ।

ਦਿਨ ਚੜ੍ਹਦੇ ਨੂੰ ਹੋ ਗਏ ਸਾਰੇ

ਜੰਗਲ ਵਿੱਚ ਬਦਨਾਮ ਅਸੀਂ।

- ਸੁਖਵਿੰਦਰ ਅੰਮ੍ਰਿਤ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 15 ਨਵੰਬਰ 2026 www.nawanzamana.in ਕੀਮਤ 5.00 ਰੁਪਏ

ਪਰਮਜੀਤ ਸਿੰਘ ਦੁਸਾਂਝ

ਯੂਰਪ ਦੀ ਚਮਕ ਪਿੱਛੇ ਧੁੰਦਲਾਉਂਦਾ ਕਿਰਤੀ ਦਾ ਚਿਹਰਾ



ਯੂਰਪ ਨੂੰ ਦੁਨੀਆ ਦੇ ਸਭ ਤੋਂ ਵਿਕਸਤ ਖਿੱਤਿਆਂ ਵਿੱਚ ਗਿਣਿਆ ਜਾਂਦਾ ਹੈ। ਇੱਥੋਂ ਦੀਆਂ ਸੜਕਾਂ, ਰੇਲਾਂ, ਇਮਾਰਤਾਂ, ਸਿਹਤ ਸਹੂਲਤਾਂ, ਸਮਾਜਿਕ ਸੁਰੱਖਿਆ ਅਤੇ ਲੋਕਤੰਤਰੀ ਸੰਸਥਾਵਾਂ ਨੂੰ ਤਰੱਕੀ ਦੀਆਂ ਮਿਸਾਲਾਂ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ। ਦੁਨੀਆ ਦੇ ਅਨੇਕਾਂ ਮੁਲਕਾਂ ਵਿੱਚੋਂ ਲੋਕ ਇਸ ਧਰਤੀ ਉੱਤੇ ਬਿਹਤਰ ਜ਼ਿੰਦਗੀ ਦੀ ਆਸ ਲੈ ਕੇ ਆਉਂਦੇ ਹਨ। ਇਨ੍ਹਾਂ ਵਿੱਚ ਪੰਜਾਬੀ ਵੀ ਸ਼ਾਮਲ ਹਨ, ਜਿਨ੍ਹਾਂ ਨੇ ਆਪਣੇ ਪਿੰਡਾਂ ਦੀਆਂ ਗਲੀਆਂ ਤੋਂ ਲੈ ਕੇ ਇਟਲੀ ਦੀਆਂ ਫੈਕਟਰੀਆਂ ਤੱਕ ਲੰਮਾ ਪੈਂਡਾ ਤੈਅ ਕੀਤਾ ਹੈ।

ਪਰ ਹਰ ਚਮਕਦੀ ਇਮਾਰਤ ਦੇ ਪਿੱਛੇ ਇੱਕ ਅਜਿਹਾ ਜੀਵਨ ਵੀ ਹੁੰਦਾ ਹੈ, ਜਿਸ ਦੀਆਂ ਮੁਸ਼ਕਲਾਂ ਅਕਸਰ ਬਾਹਰੋਂ ਦਿਖਾਈ ਨਹੀਂ ਦਿੰਦੀਆਂ। ਉਸ ਜੀਵਨ ਦਾ ਨਾਂਅ ਕਿਰਤ ਹੈ, ਉਸ ਦੀ ਪਛਾਣ ਮਜ਼ਦੂਰ ਹੈ ਅਤੇ ਉਸ ਦੀ ਸਭ ਤੋਂ ਵੱਡੀ ਚਿੰਤਾ ਆਪਣੇ ਪਰਵਾਰ ਦਾ ਗੁਜ਼ਾਰਾ ਹੈ।

ਅੱਜ ਯੂਰਪ ਦੇ ਕਈ ਹਿੱਸਿਆਂ ਵਿੱਚ ਉੱਠ ਰਿਹਾ ਲੋਕ-ਰੋਹ ਇਸੇ ਅਣਦਿਸਦੇ ਸੰਕਟ ਵੱਲ ਇਸ਼ਾਰਾ ਕਰਦਾ ਹੈ। ਫਰਾਂਸ ਵਿੱਚ ਮਹਿੰਗਾਈ, ਖਰੀਦ ਸ਼ਕਤੀ ਅਤੇ ਜਨਤਕ ਸੇਵਾਵਾਂ ਦੀ ਹਾਲਤ ਨੂੰ ਲੈ ਕੇ ਉੱਠੇ ਵੱਡੇ ਪ੍ਰਦਰਸ਼ਨ ਅਤੇ ਇਟਲੀ ਵਿੱਚ 16 ਅਕਤੂਬਰ ਨੂੰ ਵਿਦਿਆਰਥੀਆਂ ਵੱਲੋਂ ਕੀਤੇ ਗਏ ਦੇਸ਼-ਵਿਆਪੀ ਮੁਜ਼ਾਹਰੇ ਇਸ ਗੱਲ ਦੀ ਯਾਦ ਦਿਵਾਉਂਦੇ ਹਨ ਕਿ ਆਰਥਿਕ ਵਿਕਾਸ ਦੇ ਅੰਕੜੇ ਹੀ ਲੋਕਾਂ ਦੀ ਜ਼ਿੰਦਗੀ ਦੀ ਪੂਰੀ ਤਸਵੀਰ ਨਹੀਂ ਹੁੰਦੇ।

ਫਰਾਂਸ ਵਿੱਚ 17 ਅਕਤੂਬਰ ਨੂੰ ਹੋਏ ਪ੍ਰਦਰਸ਼ਨਾਂ ਦੌਰਾਨ ਯੂਨੀਅਨ ਵੱਲੋਂ ਪੰਜ ਲੱਖ ਦੇ ਕਰੀਬ ਲੋਕਾਂ ਦੇ ਸ਼ਾਮਲ ਹੋਣ ਦਾ ਅੰਦਾਜ਼ਾ ਪੇਸ਼ ਕੀਤਾ ਗਿਆ। ਇਨ੍ਹਾਂ ਪ੍ਰਦਰਸ਼ਨਾਂ ਵਿੱਚ ਮਹਿੰਗਾਈ, ਈਂਧਨ ਦੀਆਂ ਕੀਮਤਾਂ, ਖਰੀਦ ਸ਼ਕਤੀ ਅਤੇ ਜਨਤਕ ਸੇਵਾਵਾਂ ਦੀ ਹਾਲਤ ਵਰਗੇ ਮੁੱਦੇ ਉੱਭਰੇ। ਕੁਝ ਥਾਵਾਂ ਉੱਤੇ ਰੋਸ ਨੇ ਹਿੰਸਕ ਰੂਪ ਵੀ ਧਾਰਿਆ।

ਸਵਾਲ ਇਹ ਨਹੀਂ ਕਿ ਯੂਰਪ ਵਿੱਚ ਰੋਸ ਮੁਜ਼ਾਹਰੇ ਕਿਉਂ ਹੁੰਦੇ ਹਨ। ਲੋਕਤੰਤਰ ਵਿੱਚ ਰੋਸ ਕਰਨਾ ਲੋਕਾਂ ਦਾ ਅਧਿਕਾਰ ਹੈ। ਅਸਲ ਸਵਾਲ ਇਹ ਹੈ ਕਿ ਜਿਨ੍ਹਾਂ ਸਮਾਜਾਂ ਨੂੰ ਆਰਥਿਕ ਸੁਰੱਖਿਆ ਅਤੇ ਲੋਕਤੰਤਰੀ ਸਥਿਰਤਾ ਦੀਆਂ ਮਿਸਾਲਾਂ ਕਿਹਾ ਜਾਂਦਾ ਸੀ, ਉੱਥੇ ਲੋਕਾਂ ਦਾ ਇੱਕ ਹਿੱਸਾ ਆਪਣੀ ਰੋਜ਼ਮਰ੍ਹਾ ਦੀ ਜ਼ਿੰਦਗੀ ਨੂੰ ਲੈ ਕੇ ਇੰਨਾ ਬੇਚੈਨ ਕਿਉਂ ਹੈ?

ਮਹਿੰਗਾਈ ਦੇ ਅੰਕੜਿਆਂ ਤੋਂ ਪਰੇ ਆਮ ਆਦਮੀ ਦੀ ਜ਼ਿੰਦਗੀ

ਮਹਿੰਗਾਈ ਨੂੰ ਸਮਝਣ ਲਈ ਅਰਥਸ਼ਾਸਤਰ ਦੀਆਂ ਮੋਟੀਆਂ ਕਿਤਾਬਾਂ ਪੜ੍ਹਨ ਦੀ ਲੋੜ ਨਹੀਂ। ਕਿਸੇ ਮਜ਼ਦੂਰ ਦੇ ਘਰ ਦਾ ਮਹੀਨਾਵਾਰ ਬੱਜਟ ਦੇਖ ਲੈਣਾ ਹੀ ਕਾਫ਼ੀ ਹੈ।

ਜਦੋਂ ਇੱਕ ਵਿਅਕਤੀ ਸਾਰਾ ਦਿਨ ਫੈਕਟਰੀ ਵਿੱਚ ਮਸ਼ੀਨਾਂ ਨਾਲ ਮੱਥਾ ਮਾਰ ਕੇ ਘਰ ਪਰਤਦਾ ਹੈ ਤਾਂ ਉਸ ਦੀ ਪਹਿਲੀ ਚਿੰਤਾ ਇਹ ਨਹੀਂ ਹੁੰਦੀ ਕਿ ਯੂਰਪੀ ਅਰਥਚਾਰੇ ਦੀ ਵਿਕਾਸ ਦਰ ਕਿੰਨੀ ਹੈ। ਉਹ ਇਹ ਦੇਖਦਾ ਹੈ ਕਿ ਤਨਖ਼ਾਹ ਵਿੱਚੋਂ ਮਕਾਨ ਦਾ ਕਿਰਾਇਆ ਜਾਂ ਕਰਜ਼ੇ ਦੀ ਕਿਸ਼ਤ ਦੇਣ ਤੋਂ ਬਾਅਦ ਬਿਜਲੀ, ਗੈਸ, ਖਾਣ-ਪੀਣ, ਬੱਚਿਆਂ ਦੇ ਕੱਪੜਿਆਂ, ਆਵਾਜਾਈ ਅਤੇ ਹੋਰ ਲੋੜਾਂ ਲਈ ਕਿੰਨੇ ਪੈਸੇ ਬਚਦੇ ਹਨ।

ਜੇ ਤਨਖ਼ਾਹ ਵਿੱਚ ਮਾਮੂਲੀ ਵਾਧਾ ਹੋਵੇ, ਪਰ ਖਰਚੇ ਉਸ ਨਾਲੋਂ ਤੇਜ਼ੀ ਨਾਲ ਵਧ ਜਾਣ ਤਾਂ ਕਾਗਜ਼ਾਂ ਉੱਤੇ ਵਧੀ ਆਮਦਨ ਵੀ ਪਰਵਾਰ ਦੀ ਅਸਲ ਖਰੀਦ ਸ਼ਕਤੀ ਨੂੰ ਨਹੀਂ ਬਚਾ ਸਕਦੀ।

ਇਟਲੀ ਦੇ ਕੌਮੀ ਅੰਕੜਾ ਵਿਭਾਗ ਇਸਤਾਤ (ISTAT) ਦੇ 16 ਅਕਤੂਬਰ 2026 ਨੂੰ ਜਾਰੀ ਅੰਕੜਿਆਂ ਅਨੁਸਾਰ ਸਤੰਬਰ ਵਿੱਚ ਸਾਲਾਨਾ ਮਹਿੰਗਾਈ ਦਰ 4.2 ਫ਼ੀਸਦੀ ਰਹੀ। ਊਰਜਾ ਉਤਪਾਦਾਂ ਦੀਆਂ ਕੀਮਤਾਂ ਵਿੱਚ ਤੇਜ਼ੀ ਅਤੇ ਤਾਜ਼ੇ ਖਾਣ-ਪੀਣ ਵਾਲੇ ਪਦਾਰਥਾਂ ਦੀ ਮਹਿੰਗਾਈ ਨੇ ਇਸ ਵਾਧੇ ਵਿੱਚ ਅਹਿਮ ਭੂਮਿਕਾ ਨਿਭਾਈ। ਇਸੇ ਰਿਪੋਰਟ ਅਨੁਸਾਰ 2026 ਦੀ ਤੀਜੀ ਤਿਮਾਹੀ ਵਿੱਚ ਘੱਟ ਖਰਚ ਸਮਰੱਥਾ ਵਾਲੇ ਪਰਵਾਰਾਂ ਲਈ ਮਹਿੰਗਾਈ ਦਾ ਵਾਧਾ 4.4 ਫ਼ੀਸਦੀ ਸੀ, ਜਦਕਿ ਵਧੇਰੇ ਖਰਚ ਸਮਰੱਥਾ ਵਾਲੇ ਪਰਵਾਰਾਂ ਲਈ ਇਹ 2.9 ਫ਼ੀਸਦੀ ਰਿਹਾ।

ਇਹ ਅੰਕੜੇ ਸਿਰਫ਼ ਕੀਮਤਾਂ ਦੇ ਵਧਣ ਦੀ ਕਹਾਣੀ ਨਹੀਂ ਦੱਸਦੇ। ਇਹ ਉਸ ਅਸਾਵੇਂਪਣ ਨੂੰ ਵੀ ਸਾਹਮਣੇ ਲਿਆਉਂਦੇ ਹਨ, ਜਿਸ ਵਿੱਚ ਇੱਕੋ ਮਹਿੰਗਾਈ ਦਾ ਬੋਝ ਹਰ ਪਰਵਾਰ ਉੱਤੇ ਇੱਕੋ ਜਿਹਾ ਨਹੀਂ ਪੈਂਦਾ।

ਅਮੀਰ ਪਰਵਾਰ ਲਈ ਖਾਣ-ਪੀਣ ਦੀਆਂ ਚੀਜ਼ਾਂ ਉੱਤੇ ਕੁਝ ਯੂਰੋ ਵਾਧਾ ਸ਼ਾਇਦ ਮਹੀਨੇ ਦੇ ਬੱਜਟ ਵਿੱਚ ਕੋਈ ਵੱਡੀ ਹਲਚਲ ਨਾ ਪੈਦਾ ਕਰੇ, ਪਰ ਘੱਟ ਤਨਖ਼ਾਹ ਉੱਤੇ ਗੁਜ਼ਾਰਾ ਕਰਦੇ ਪਰਵਾਰ ਲਈ ਉਹੀ ਵਾਧਾ ਕਿਸੇ ਬੱਚੇ ਦੀ ਲੋੜ ਮੁਲਤਵੀ ਕਰਨ ਜਾਂ ਘਰ ਦੀ ਕਿਸੇ ਜ਼ਰੂਰੀ ਚੀਜ਼ ਦੀ ਖਰੀਦ ਛੱਡਣ ਦਾ ਕਾਰਨ ਬਣ ਸਕਦਾ ਹੈ।

ਇਹੀ ਉਹ ਫ਼ਰਕ ਹੈ, ਜਿਸ ਨੂੰ ਸਮਝੇ ਬਿਨਾਂ ਮਹਿੰਗਾਈ ਦੀ ਸਮਾਜਿਕ ਮਾਰ ਨੂੰ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ।ਤਨਖ਼ਾਹ ਆਉਂਦੀ ਹੈ, ਪਰ ਮਹੀਨਾ ਪਹਿਲਾਂ ਹੀ ਲੰਘ ਚੁੱਕਿਆ ਹੁੰਦਾ ਹੈ। ਇਟਲੀ ਵਿੱਚ ਰਹਿੰਦਿਆਂ ਮੇਰੇ ਵੀਹ ਸਾਲਾਂ ਦੇ ਤਜਰਬੇ ਨੇ ਮੈਨੂੰ ਇਹ ਸਮਝਾਇਆ ਹੈ ਕਿ ਪਰਵਾਸੀ ਮਜ਼ਦੂਰ ਦੀ ਜ਼ਿੰਦਗੀ ਨੂੰ ਸਿਰਫ਼ ਯੂਰੋ ਵਿੱਚ ਮਿਲਣ ਵਾਲੀ ਤਨਖ਼ਾਹ ਨਾਲ ਨਹੀਂ ਮਾਪਿਆ ਜਾ ਸਕਦਾ।

ਕਈ ਲੋਕ ਪੰਜਾਬ ਵਿੱਚ ਬੈਠ ਕੇ ਸੋਚਦੇ ਹਨ ਕਿ ਯੂਰਪ ਵਿੱਚ ਰਹਿਣ ਵਾਲੇ ਹਰ ਵਿਅਕਤੀ ਕੋਲ ਬਹੁਤ ਪੈਸਾ ਹੈ। ਪਰ ਜਿਹੜਾ ਬੰਦਾ ਇੱਥੇ ਫੈਕਟਰੀ ਵਿੱਚ ਕੰਮ ਕਰਦਾ ਹੈ, ਉਸ ਨੂੰ ਪਤਾ ਹੈ ਕਿ ਤਨਖ਼ਾਹ ਮਿਲਣ ਅਤੇ ਆਰਥਿਕ ਤੌਰ ਉੱਤੇ ਸੁਰੱਖਿਅਤ ਹੋਣ ਵਿੱਚ ਕਿੰਨਾ ਫ਼ਰਕ ਹੈ।

ਇੱਕ ਪਾਸੇ ਘਰ ਦੀ ਕਿਸ਼ਤ ਜਾਂ ਕਿਰਾਇਆ, ਦੂਜੇ ਪਾਸੇ ਬਿਜਲੀ-ਗੈਸ ਦੇ ਬਿੱਲ; ਇੱਕ ਪਾਸੇ ਬੱਚਿਆਂ ਦੀ ਪਰਵਰਿਸ਼, ਦੂਜੇ ਪਾਸੇ ਪੰਜਾਬ ਵਿੱਚ ਬੈਠੇ ਮਾਪਿਆਂ ਅਤੇ ਰਿਸ਼ਤੇਦਾਰਾਂ ਪ੍ਰਤੀ ਜ਼ਿੰਮੇਵਾਰੀਆਂ। ਕਈ ਪਰਵਾਸੀ ਪਰਵਾਰਾਂ ਨੂੰ ਦੋਹਾਂ ਪਾਸਿਆਂ ਦੇ ਖ਼ਰਚਿਆਂ ਦਾ ਬੋਝ ਚੁੱਕਣਾ ਪੈਂਦਾ ਹੈ।

ਅਜਿਹੇ ਵਿੱਚ ਬ ਂ ਦ ਾ



ਅ ਾ ਪ ਣ ੀ ਅ ਾ ਂ ਇੱਛਾਵਾਂ ਦਾ ਗਲਾ ਘੁੱਟ ਕੇ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਵੀਂ ਕਾਰ ਲੈਣ ਦਾ ਸੁਪਨਾ ਮੁਲਤਵੀ ਹੋ ਜਾਂਦਾ ਹੈ, ਛੁੱਟੀਆਂ ਮਨਾਉਣ ਦੀ ਯੋਜਨਾ ਅਗਲੇ ਸਾਲ ਉੱਤੇ ਚਲੀ ਜਾਂਦੀ ਹੈ ਅਤੇ ਆਪਣੇ ਲਈ ਕੁਝ ਖਰੀਦਣ ਤੋਂ ਪਹਿਲਾਂ ਕਈ ਵਾਰ ਸੋਚਣਾ ਪੈਂਦਾ ਹੈ।

ਇਹ ਬੇਵੱਸੀ ਸਿਰਫ਼ ਪਰਵਾਸੀਆਂ ਦੀ ਨਹੀਂ। ਇਟਲੀ ਦੇ ਸਥਾਨਕ ਮਜ਼ਦੂਰ ਅਤੇ ਘੱਟ ਆਮਦਨ ਵਾਲੇ ਪਰਵਾਰ ਵੀ ਮਹਿੰਗਾਈ ਦੇ ਇਸ ਦਬਾਅ ਨੂੰ ਮਹਿਸੂਸ ਕਰਦੇ ਹਨ।

ਮੁਸ਼ਕਲ ਇਹ ਹੈ ਕਿ ਜਦੋਂ ਘਰ ਦਾ ਬਜਟ ਹਰ ਮਹੀਨੇ ਹੋਰ ਤੰਗ ਹੋਣ ਲੱਗ ਪਵੇ ਤਾਂ ਮਨੁੱਖ ਸਿਰਫ਼ ਪੈਸੇ ਦੀ ਕਮੀ ਨਾਲ ਹੀ ਨਹੀਂ ਜੂਝਦਾ; ਉਸ ਦੀ ਮਾਨਸਿਕ ਸ਼ਾਂਤੀ ਵੀ ਪ੍ਰਭਾਵਿਤ ਹੁੰਦੀ ਹੈ। ਭਵਿੱਖ ਬਾਰੇ ਚਿੰਤਾ, ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰਨ ਦਾ ਫ਼ਿਕਰ ਅਤੇ ਅਣਕਿਆਸੇ ਖ਼ਰਚਿਆਂ ਦਾ ਡਰ ਹੌਲੀ-ਹੌਲੀ ਜੀਵਨ ਦਾ ਹਿੱਸਾ ਬਣ ਜਾਂਦੇ ਹਨ।

ਜਿਸ ਸਮਾਜ ਵਿੱਚ ਕਿਰਤੀ ਆਪਣੀ ਪੂਰੀ ਮਿਹਨਤ ਦੇ ਬਾਵਜੂਦ ਆਪਣੇ ਪਰਵਾਰ ਲਈ ਆਰਥਿਕ ਸੁਰੱਖਿਆ ਨਾ ਜੁਟਾ ਸਕੇ, ਉੱਥੇ ਵਿਕਾਸ ਦੇ ਮਾਡਲ ਬਾਰੇ ਮੁੜ ਵਿਚਾਰ ਕਰਨ ਦੀ ਲੋੜ ਪੈਦਾ ਹੋ ਜਾਂਦੀ ਹੈ।

ਫਰਾਂਸ ਦਾ ਰੋਸ : ਸਿਰਫ਼ ਸੜਕਾਂ ਉੱਤੇ ਉਤਰ ਆਉਣਾ ਹੀ ਸਵਾਲ ਨਹੀਂ। ਫਰਾਂਸ ਵਿੱਚ ਰੋਸ ਮੁਜ਼ਾਹਰਿਆਂ ਦਾ ਇਤਿਹਾਸ ਲੰਮਾ ਹੈ। ਉੱਥੇ ਮਜ਼ਦੂਰ ਅੰਦੋਲਨਾਂ, ਵਿਦਿਆਰਥੀ ਸੰਘਰਸ਼ਾਂ ਅਤੇ ਸਮਾਜਿਕ ਹੱਕਾਂ ਦੀਆਂ ਲਹਿਰਾਂ ਨੇ ਕਈ ਵਾਰ ਸਰਕਾਰਾਂ ਨੂੰ ਆਪਣੀਆਂ ਨੀਤੀਆਂ ਬਾਰੇ ਮੁੜ ਸੋਚਣ ਲਈ ਮਜਬੂਰ ਕੀਤਾ ਹੈ।

ਪਰ ਅਕਤੂਬਰ 2026 ਦੇ ਹਾਲੀਆ ਪ੍ਰਦਰਸ਼ਨਾਂ ਨੇ ਇੱਕ ਵਾਰ ਫਿਰ ਇਹ ਸਵਾਲ ਖੜ੍ਹਾ ਕੀਤਾ ਹੈ ਕਿ ਆਮ ਨਾਗਰਿਕ ਦੀ ਖਰੀਦ ਸ਼ਕਤੀ ਅਤੇ ਜਨਤਕ ਸੇਵਾਵਾਂ ਦੀ ਸਥਿਤੀ ਨੂੰ ਰਾਜਨੀਤਕ ਤਰਜੀਹਾਂ ਵਿੱਚ ਕਿੰਨੀ ਥਾਂ ਮਿਲ ਰਹੀ ਹੈ।

ਫਰਾਂਸ ਦੇ ਅਖ਼ਬਾਰ 'ਲੇ-ਮੋਂਦੇ'

ਇਸ ਪਿਛੋਕੜ ਦੇ 20 ਅਕਤੂਬਰ ਨੂੰ ਪ੍ਰਕਾਸ਼ਿਤ ਵਿਸ਼ਲੇਸ਼ਣ ਅਨੁਸਾਰ 2017 ਤੋਂ ਲੈ ਕੇ ਹੁਣ ਤੱਕ ਉੱਥੇ ਖਪਤਕਾਰ ਕੀਮਤਾਂ ਵਿੱਚ ਕੁੱਲ 23.4 ਫ਼ੀਸਦੀ ਵਾਧਾ ਹੋਇਆ ਹੈ। ਵਿਸ਼ਲੇਸ਼ਣ ਵਿੱਚ ਇਹ ਵੀ ਦਰਸਾਇਆ ਗਿਆ ਕਿ ਮੱਧਮ ਤਨਖਾਹ ਵਿੱਚ ਵਾਧਾ ਮਹਿੰਗਾਈ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਪੂਰਾ ਨਹੀਂ ਕਰ ਸਕਿਆ।

ਇਸ ਪਿਛੋਕੜ ਵਿੱਚ ਲੋਕਾਂ ਦਾ ਰੋਸ ਸਮਝ ਆਉਂਦਾ ਹੈ, ਪਰ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਰੋਸ ਦੇ ਸਾਰੇ ਰੂਪ ਇੱਕੋ ਜਿਹੇ ਨਹੀਂ ਹੁੰਦੇ।

ਸ਼ਾਂਤਮਈ ਮੁਜ਼ਾਹਰਾ, ਹੜਤਾਲ, ਜਨਤਕ ਬਹਿਸ ਅਤੇ ਸਰਕਾਰ ਤੋਂ ਜਵਾਬ ਮੰਗਣਾ ਲੋਕਤੰਤਰੀ ਅਧਿਕਾਰ ਹਨ, ਪਰ ਦੁਕਾਨਾਂ ਦੀ ਲੁੱਟ-ਖੋਹ, ਆਮ ਲੋਕਾਂ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣਾ ਅਤੇ ਹਿੰਸਾ ਕਰਨਾ ਕਿਸੇ ਵੀ ਨਿਆਂਸੰਗਤ ਮੰਗ ਨੂੰ ਕਮਜ਼ੋਰ ਕਰ ਸਕਦਾ ਹੈ।

ਜਿਹੜਾ ਦੁਕਾਨਦਾਰ ਆਪਣੀ ਛੋਟੀ ਜਿਹੀ ਦੁਕਾਨ ਤੋਂ ਪਰਵਾਰ ਦਾ ਗੁਜ਼ਾਰਾ ਕਰਦਾ ਹੈ, ਉਹ ਵੀ ਇਸੇ ਆਰਥਿਕ ਪ੍ਰਬੰਧ ਦਾ ਹਿੱਸਾ ਹੈ। ਉਸ ਦੀ ਦੁਕਾਨ ਦੀ ਲੁੱਟ ਨਾਲ ਮਹਿੰਗਾਈ ਦਾ ਸੰਕਟ ਹੱਲ ਨਹੀਂ ਹੁੰਦਾ; ਸਗੋਂ ਇੱਕ ਹੋਰ ਪਰਵਾਰ ਦੀ ਰੋਜ਼ੀ-ਰੋਟੀ ਖ਼ਤਰੇ ਵਿੱਚ ਪੈ ਜਾਂਦੀ ਹੈ।

ਇਸ ਲਈ ਲੋਕਾਂ ਦੇ ਰੋਸ ਦੇ ਕਾਰਨਾਂ ਦੀ ਪੜਚੋਲ ਕਰਨੀ ਅਤੇ ਹਿੰਸਾ ਨੂੰ ਨਕਾਰਨਾ ਦੋ ਵੱਖਰੇ, ਪਰ ਜ਼ਰੂਰੀ ਕੰਮ ਹਨ। ਇੱਕ ਨੂੰ ਦੂਜੇ ਦੇ ਵਿਰੁੱਧ ਖੜ੍ਹਾ ਕਰਨਾ ਸਮੱਸਿਆ ਦੀ ਜੜ੍ਹ ਤੱਕ ਪਹੁੰਚਣ ਤੋਂ ਰੋਕਦਾ ਹੈ।

ਇਟਲੀ ਦੇ ਵਿਦਿਆਰਥੀਆਂ ਦਾ ਸਵਾਲ : ਸਕੂਲਾਂ ਲਈ ਪੈਸਾ ਜਾਂ ਹਥਿਆਰਾਂ ਲਈ?

ਫਰਾਂਸ ਦੇ ਹਾਲਾਤ ਦੀ ਗੂੰਜ ਇਟਲੀ ਵਿੱਚ ਵੀ ਸੁਣਾਈ ਦਿੱਤੀ ਹੈ। 16 ਅਕਤੂਬਰ 2026 ਨੂੰ ਇਟਲੀ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵਿਦਿਆਰਥੀਆਂ ਨੇ 'ਨੋ ਮੇਲੋਨੀ ਡੇਅ' ਦੇ ਨਾਂਅ ਹੇਠ ਪ੍ਰਦਰਸ਼ਨ ਕੀਤੇ।

ਇਤਾਲਵੀ ਖ਼ਬਰ ਏਜੰਸੀ ਅੰਸਾ (ANSA) ਦੀ ਰਿਪੋਰਟ ਅਨੁਸਾਰ ਪ੍ਰਦਰਸ਼ਨਕਾਰੀਆਂ ਦੀ ਗਿਣਤੀ ਬਾਰੇ ਪ੍ਰਬੰਧਕਾਂ ਨੇ ਚਾਰ ਲੱਖ ਤੋਂ ਵੱਧ ਹੋਣ ਦਾ ਦਾਅਵਾ ਕੀਤਾ। ਰੋਮ, ਮਿਲਾਨ, ਤੂਰੀਨੋ, ਬੋਲੋਨੀਆ, ਜੇਨੋਆ ਅਤੇ ਹੋਰ ਸ਼ਹਿਰਾਂ ਵਿੱਚ ਵਿਦਿਆਰਥੀਆਂ ਨੇ ਸਕੂਲਾਂ ਲਈ ਵਧੇਰੇ ਫੰਡ, ਜੰਗੀ ਖ਼ਰਚਿਆਂ ਵਿੱਚ ਕਟੌਤੀ ਅਤੇ ਸਿੱਖਿਆ ਪ੍ਰਣਾਲੀ ਵਿੱਚ ਸੁਧਾਰਾਂ ਦੀ ਮੰਗ ਕੀਤੀ। ਕੁਝ ਥਾਵਾਂ ਉੱਤੇ ਪੁਲਸ ਨਾਲ ਤਣਾਅ ਅਤੇ ਹਿੰਸਕ ਘਟਨਾਵਾਂ ਵੀ ਵਾਪਰੀਆਂ।

ਇਸ ਅੰਦੋਲਨ ਦੇ ਨਾਅਰੇ ਆਪਣੇ ਆਪ ਵਿੱਚ ਬਹੁਤ ਕੁਝ ਕਹਿੰਦੇ ਹਨ-'ਸਕੂਲਾਂ ਲਈ ਪੈਸਾ, ਜੰਗ ਲਈ ਨਹੀਂ' ਅਤੇ 'ਘੱਟ ਹਥਿਆਰ, ਵੱਧ ਅਧਿਕਾਰ'।

ਵਿਦਿਆਰਥੀਆਂ ਦੀਆਂ ਮੰਗਾਂ ਵਿੱਚ ਸਕੂਲਾਂ ਦੀਆਂ ਇਮਾਰਤਾਂ ਦੀ ਮਾੜੀ ਹਾਲਤ, ਅਧਿਆਪਕਾਂ ਦੀ ਘਾਟ, ਪਾਠ-ਪੁਸਤਕਾਂ ਦੀ ਮਹਿੰਗਾਈ, ਆਵਾਜਾਈ ਦੇ ਖ਼ਰਚੇ ਅਤੇ ਵਿਦੇਸ਼ੀ ਵਿਦਿਆਰਥੀਆਂ ਨੂੰ ਕਲਾਸਾਂ ਵਿੱਚ ਸ਼ਾਮਲ ਕਰਨ ਬਾਰੇ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਵੀ ਸ਼ਾਮਲ ਸੀ। ਮਿਲਾਨ ਵਿੱਚ 'ਸਕੂਲ ਵਿੱਚ ਕੋਈ ਵੀ ਇਕੱਲਾ ਨਹੀਂ' ਦਾ ਨਾਅਰਾ ਖ਼ਾਸ ਤੌਰ ਉੱਤੇ ਉੱਭਰਿਆ।

ਇੱਥੇ ਇੱਕ ਬੁਨਿਆਦੀ ਸਵਾਲ ਖੜ੍ਹਾ ਹੁੰਦਾ ਹੈ : ਜੇ ਕਿਸੇ ਦੇਸ਼ ਦੀ ਨੌਜਵਾਨ ਪੀੜ੍ਹੀ ਆਪਣੇ ਸਕੂਲਾਂ ਦੀ ਹਾਲਤ ਬਾਰੇ ਚਿੰਤਤ ਹੈ, ਜੇ ਵਿਦਿਆਰਥੀ ਸਿੱਖਿਆ ਦੀ ਗੁਣਵੱਤਾ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਸਵਾਲ ਕਰ ਰਹੇ ਹਨ, ਤਾਂ ਕੀ ਉਨ੍ਹਾਂ ਦੀ ਆਵਾਜ਼ ਨੂੰ ਸਿਰਫ਼ ਅਮਨ-ਕਾਨੂੰਨ ਦੀ ਸਮੱਸਿਆ ਵਜੋਂ ਦੇਖਣਾ ਕਾਫ਼ੀ ਹੋਵੇਗਾ?

ਬੇਸ਼ੱਕ ਸਰਕਾਰੀ ਇਮਾਰਤਾਂ ਉੱਤੇ ਹਮਲੇ, ਪੁਲਸ ਉੱਤੇ ਪਟਾਕੇ ਜਾਂ ਹੋਰ ਵਸਤਾਂ ਸੁੱਟਣੀਆਂ ਅਤੇ ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਉਣਾ ਨਿੰਦਣਯੋਗ ਹਨ, ਪਰ ਇਨ੍ਹਾਂ ਘਟਨਾਵਾਂ ਦੀ ਨਿੰਦਾ ਕਰਦਿਆਂ ਉਨ੍ਹਾਂ ਜਾਇਜ਼ ਸਵਾਲਾਂ ਨੂੰ ਵੀ ਨਹੀਂ ਭੁੱਲਣਾ ਚਾਹੀਦਾ, ਜਿਹੜੇ ਹਜ਼ਾਰਾਂ ਨੌਜਵਾਨ ਸੜਕਾਂ ਉੱਤੇ ਲੈ ਕੇ ਆਏ।

ਸਰਕਾਰਾਂ ਦੀ ਜ਼ਿੰਮੇਵਾਰੀ ਸਿਰਫ਼ ਸੜਕਾਂ ਉੱਤੇ ਕਾਨੂੰਨ ਵਿਵਸਥਾ ਬਣਾਈ ਰੱਖਣਾ ਨਹੀਂ ਹੁੰਦੀ। ਉਨ੍ਹਾਂ ਦੀ ਜ਼ਿੰਮੇਵਾਰੀ ਅਜਿਹੀਆਂ ਨੀਤੀਆਂ ਬਣਾਉਣਾ ਵੀ ਹੈ, ਜਿਨ੍ਹਾਂ ਨਾਲ ਨੌਜਵਾਨਾਂ ਨੂੰ ਸਿੱਖਿਆ, ਰੁਜ਼ਗਾਰ ਅਤੇ ਇੱਜ਼ਤ ਨਾਲ ਜੀਵਨ ਬਿਤਾਉਣ ਦੀਆਂ ਸੰਭਾਵਨਾਵਾਂ ਮਿਲ ਸਕਣ।

ਜੰਗਾਂ ਦੀ ਕੀਮਤ ਕੌਣ ਭਰਦਾ ਹੈ?

ਅੱਜ ਦੁਨੀਆ ਕਈ ਗੰਭੀਰ ਭੂ-ਰਾਜਨੀਤਕ ਟਕਰਾਵਾਂ ਵਿੱਚੋਂ ਲੰਘ ਰਹੀ ਹੈ। ਰੂਸ-ਯੂਕਰੇਨ ਜੰਗ, ਮੱਧ ਪੂਰਬ ਵਿੱਚ ਸੰਘਰਸ਼ ਅਤੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਜਗਤਾਰਜੀਤ ਸਿੰਘ

ਵੇਲਡ ਵੂਮੇਨ : ਪ੍ਰੇਮ ਸਿੰਘ



ਸ਼ਬਦ ਜਾਂ ਚਿੱਤਰ ਰੂਪ ਵਿੱਚ ਜੋ ਸਮਾਜ ਸਾਹਮਣੇ ਆਉਂਦਾ ਹੈ, ਉਸ ਦੀ ਕੱਚੀ-ਪੱਕੀ ਸਮੱਗਰੀ ਰਚਨਾਕਾਰ ਦੇ ਸ੍ਰੋਤ ਭੰਡਾਰ ਵਿੱਚ ਨਿਰੰਤਰ ਜਮ੍ਹਾਂ ਹੁੰਦੀ ਰਹਿੰਦੀ ਹੈ। ਸਮਾਂ ਬੀਤਣ ਨਾਲ ਕੁਛ ਚੇਤੇ ਵਿੱਚੋਂ ਕਿਰਦੀ ਰਹਿੰਦੀ ਹੈ, ਕੁਛ ਨਹੀਂ ਕਿਰਦੀ। ਕਾਲ ਪਰਵਾਹ ਵਿੱਚ ਕੁਝ ਅਣਕਿਆਸੀਆਂ ਘਟਨਾਵਾਂ ਜਾਂ ਦੁਰਘਟਨਾਵਾਂ ਹੋ ਜਾਂਦੀਆਂ ਹਨ, ਜਿਨ੍ਹਾਂ ਨੂੰ ਭੁੱਲਣਾ ਔਖਾ ਹੁੰਦਾ ਹੈ। ਇਹਨਾਂ ਦਾ ਸੰਬੰਧ ਵਿਅਕਤੀ, ਪਰਵਾਰ, ਸਮਾਜ ਜਾਂ ਕਿਸੇ ਵਰਗ-ਸਮੂਹ ਨਾਲ ਹੋ ਸਕਦਾ ਹੈ।

'ਵੇਲਡ ਵੂਮੇਨ' ਸਿਰਲੇਖ ਵਾਲੀ ਇਹ ਪੇਂਟਿੰਗ ਇੱਕੋ-ਇੱਕ ਨਹੀਂ, ਬਲਕਿ ਇਸ ਨਾਂਅ ਵਾਲੀ ਚਿੱਤਰ ਲੜੀ ਵਿੱਚੋਂ ਇਹ ਇੱਕ ਚਿੱਤਰ ਹੈ। ਆਇਲ ਕਲਰਸ ਵਿੱਚ ਬਣੀ ਇਸ ਤਸਵੀਰ ਦਾ ਚਲੇ ਜਾਣ ਦਾ ਸਮਾਂ 1985 ਹੈ। ਪੇਂਟਿੰਗ ਦਾ ਸਿਰਲੇਖ ਦਰਸ਼ਕ ਨੂੰ ਕਿਰਤ ਸਮਝਣ ਵਿੱਚ ਮਦਦ ਕਰਦਾ ਹੈ। ਕੁਝ ਦੀ ਰਾਏ ਹੈ ਸਿਰਲੇਖ ਦਰਸ਼ਕ ਨੂੰ ਚਿੱਤਰ ਤੱਕ ਪਹੁੰਚਣ ਨਹੀਂ ਦੇਂਦਾ, ਉਸ ਨੂੰ ਵਿਚ-ਵਿਚਾਲੇ ਹੀ ਰੋਕ ਲੈਂਦਾ ਹੈ।

ਇਕ ਹੋਰ ਤੱਥ ਵੱਲ ਵੀ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਇੱਕ ਖਿਆਲ ਅਨੁਸਾਰ ਮਹੱਤਵਪੂਰਨ ਚਿੱਤਰ ਸਮੇਂ-ਸਥਾਨ ਨਾਲ ਜੁੜਿਆ ਹੋਇਆ ਹੁੰਦਾ ਹੈ। ਇਹ ਗੁਣ ਦ੍ਰਿਸ਼ ਵਿੱਚ ਪੇਸ਼ ਵਸਤੂ ਸਥਿਤੀ ਨੂੰ ਸਮਝਣ-ਸਮਝਾਉਣ ਵਿੱਚ ਸਹਾਈ ਹੁੰਦਾ ਹੈ। ਇਹ ਦੇਖਣ-ਪਰਖਣ ਵਾਲੇ ਉੱਪਰ ਨਿਰਭਰ ਕਰਦਾ ਹੈ ਕਿ ਕਿਰਤ ਨੂੰ ਉਹ ਕਿਵੇਂ ਦੇਖਦਾ ਹੈ। ਉਹ ਆਪਣੀ ਪਹੁੰਚ ਅਨੁਸਾਰ ਉਸ ਵਿਚਲੇ ਗੁਣ-ਲੱਛਣ ਪਛਾਣ ਲੈਂਦਾ ਹੈ।

ਚੱਲਦੀ ਨਜ਼ਰੇ ਦੇਖਣ ਸਮੇਂ ਪਤਾ ਚੱਲਦਾ ਹੈ ਕਿ ਦ੍ਰਿਸ਼ ਵਿੱਚ ਪੰਜ ਔਰਤਾਂ ਹਨ। ਖੜ੍ਹੀਆਂ ਚਾਰ ਔਰਤਾਂ ਵਿੱਚੋਂ ਤਿੰਨ ਸਪੱਸ਼ਟ ਹਨ, ਜਦ ਕਿ ਚੌਥੀ ਦਾ ਸਿਰ ਤਾਂ ਦਿਖਦਾ ਹੈ, ਪਰ ਧੜ ਮੋਹਰਲੇ ਧੜ ਪਿੱਛੇ ਲੁਕਿਆ ਹੋਇਆ ਹੈ। ਪੰਜਵਾਂ ਸਰੀਰ ਧਰਤੀ ਉੱਪਰ ਪਿਆ ਹੈ। ਇਹ ਹੈਰਾਨ ਕਰਨ ਵਾਲਾ ਦ੍ਰਿਸ਼ ਹੈ, ਜਿੱਥੇ ਕਿਸੇ ਵੀ ਪਾਤਰ ਦਾ ਮੂੰਹ ਮੱਥਾ ਤਾਂ ਦੂਰ ਦੀ ਗੱਲ ਹੈ, ਸਰੀਰ ਦਾ ਕੋਈ ਅੰਗ ਦਿਖਾਈ ਨਹੀਂ ਦਿੰਦਾ। ਹਾਂ, ਅਪਵਾਦ ਵਜੋਂ ਲੰਮੇ ਪਏ ਸਰੀਰ ਦੀ ਬਾਂਹ ਨਜ਼ਰ ਆ ਰਹੀ ਹੈ। ਪੇਂਟਰ ਆਪ ਦੀ ਤਰ੍ਹਾਂ ਸਥਿਤੀ ਨੂੰ ਫੜਦਾ ਹੈ ਅਤੇ ਬਾਅਦ ਵਿੱਚ ਉਸ ਨੂੰ ਸੰਚਾਰਦਾ ਹੈ।

ਪੇਂਟਿੰਗ ਅਨੁਸਾਰ ਇਸਤਰੀ ਜੋੜਾ ਆਪਸ ਵਿੱਚ ਗੱਲੀਂ ਰੁੱਝਾ ਹੈ। ਜੋ ਵੀ ਸ਼ਬਦ ਸਾਂਝੇ ਕੀਤੇ ਜਾ ਰਹੇ, ਧੀਮੇ ਸੁਰ ਵਿੱਚ ਕੀਤੇ ਜਾ ਰਹੇ ਹਨ ਤਾਂ ਹੀ ਉਹ ਸਰੀਰਾਂ ਨੇ ਸਿਰ ਇੱਕ-ਦੂਜੇ ਦੇ ਕੋਲ-ਕੋਲ ਹੋਏ, ਝੁਕੇ ਹੋਏ ਦਿਖਾਏ ਗਏ ਹਨ। ਇਹ ਗੱਲਾਂ ਸਾਂਝੀਆਂ ਕੀਤੇ ਜਾਣ ਦਾ ਸੰਕੇਤ ਹੈ। ਸ਼ਬਦਾਂ ਜਾਂ ਵਾਕਾਂ ਦਾ ਕੋਈ ਵੇਰਵਾ ਨਹੀਂ। ਅਨੁਮਾਨ ਇਹੋ ਹੈ ਇਹ ਪੇਸ਼ ਵਸਤੂ-ਸਥਿਤੀ ਅਨੁਰੂਪ ਹੀ ਹੋਣਗੇ।

ਐਨ ਖੱਬੇ ਵੱਲ ਦਾ ਆਕਾਰ ਕੱਲਾ ਕਾਰਾ ਹੈ। ਇਹੋ ਗੱਲ ਬਿਲਕੁਲ ਸੱਜੇ ਵੱਲ ਦੀ ਔਰਤ ਬਾਰੇ ਕੀਤੀ ਜਾ ਸਕਦੀ ਹੈ। ਇਹਨਾਂ ਵੱਖਰਤਾਵਾਂ ਦੇ ਬਾਵਜੂਦ ਚੌਹਾਂ ਵਿਚਾਲੇ ਸਾਂਝ ਲਿਬਾਸ ਦੀ ਹੈ। ਸਾਰੀਆਂ ਸਿਰ ਤੋਂ ਪੈਰਾਂ ਤੱਕ ਪਹਿਨੇ ਕੱਪੜਿਆਂ ਵਿੱਚ ਅਲੋਪ ਹਨ। ਕਿਸੇ ਦਾ ਕੋਈ ਅੰਗ ਲੱਭਣ ਦੇ ਬਾਵਜੂਦ ਦੇਖਣ ਨੂੰ ਨਹੀਂ ਮਿਲਦਾ। ਗੱਲਬਾਤ ਵਾਸਤੇ ਸਰੀਰ ਦੀ ਬੜਬੋਲੀ ਇਕਾਈ ਚਿਹਰਾ ਹੈ, ਜਿੱਥੇ ਅੱਖਾਂ, ਨੱਕ, ਬੁੱਲ੍ਹ ਆਮ ਵਰਤੋਂ ਵਿੱਚ ਆਉਂਦੇ ਹਨ, ਪਰ ਕੈਨਵਸ ਉਪਰ ਇਹ ਗਾਇਬ ਹੈ। ਉਦਾਂ ਵੀ ਪੇਂਟਰ ਨੇ ਇਸ ਕੰਮ ਨੂੰ 'ਵੇਲਡ ਵੂਮੇਨ' ਦਾ ਨਾਂਅ ਦਿੱਤਾ ਹੈ। ਸ਼ਬਦਾਂ ਦਾ ਅਦਾਨ-ਪ੍ਰਦਾਨ ਤਾਂ ਪਰਦੇ ਦੇ ਪਿੱਛੋਂ ਵੀ ਹੋ ਸਕਦਾ ਹੈ।

ਚਾਰੋਂ ਇਸਤਰੀਆਂ ਦੇ ਅੱਗੇ ਇੱਕ ਇਸਤਰੀ ਧਰਤੀ ਦੇ ਸਮਾਂਤਰ ਪਈ ਹੈ। ਅੱਗੇ ਇਸ ਲਈ ਕਿਹਾ ਹੈ, ਕਿਉਂਕਿ ਇਹਨਾਂ ਦੀ ਪਿੱਠ ਦਰਸ਼ਕਾਂ ਵੱਲ ਹੈ। ਲੰਮੀ ਪਈ ਇਸਤਰੀ ਜੀਵਿਤ ਨਹੀਂ। ਸਫ਼ੈਦ ਕੱਪੜੇ ਵਿੱਚ ਲਿਪਟਿਆ ਹੋਣ ਦਾ ਅਰਥ ਹੈ ਕਿ ਇਹ ਜੀਵ ਹੁਣ ਜੀਵਿਤ ਨਹੀਂ ਹੈ। ਇੰਨਾ ਕੁ ਸਪੱਸ਼ਟ ਹੋ ਗਿਆ ਹੈ। ਇਹ ਇਸਤਰੀ ਸਮੂਹ ਮਾਰੀ ਜਾ ਚੁੱਕੀ ਇਸਤਰੀ ਦੇ ਕੋਲ ਖੜ੍ਹਾ ਹੋਇਆ ਹੈ। ਅਸੀਂ ਇਹ ਕਿਆਸ ਲਾ ਸਕਦੇ ਹਾਂ ਕਿ ਇਹ ਸਮੂਹ ਇਸਤਰੀ ਦੇ ਮਾਰੇ ਜਾਣ ਉਪਰੰਤ ਇੱਥੇ ਪੁੱਜਾ ਹੈ।



ਤਸਵੀਰ ਇੱਕ ਸੱਚ ਹੋਰ ਬਿਆਨਦੀ ਹੈ। ਇਹ ਹੋਈ ਹਿੰਸਾ ਨੂੰ ਸਾਹਮਣੇ ਲਿਆ ਰਹੀ ਹੈ, ਉਸ ਦੇ ਮੁਕਾਬਲੇ ਉਸ ਨੂੰ ਰੋਕਿਆ ਕਿਸੇ ਨੇ ਨਹੀਂ। ਨਾ ਹੀ ਪਲਟਵਾਰ ਕੀਤੇ ਜਾਣ ਦੇ ਚਿਹਨ ਹਨ ਇੱਥੇ। ਪੇਂਟਿੰਗ ਇੱਕ ਪਾਸੜ ਹਿੰਸਾ ਦੀ ਬਾਤ ਪਾਉਂਦੀ ਹੈ। ਹਿੰਸਾ ਦੀ ਧਿਰ ਉਹ ਹੈ, ਜਿਸ ਨੂੰ ਸਮਾਜ ਦਾ ਕਮਜ਼ੋਰ ਅੰਗ ਕਿਹਾ ਜਾਂਦਾ ਹੈ। ਪੇਂਟਰ ਇਸਤਰੀ ਪਾਤਰਾਂ ਰਾਹੀਂ 1984 ਵੇਲੇ ਹੋਈ ਹਿੰਸਾ ਨੂੰ ਉਭਾਰ ਰਿਹਾ ਹੈ।

ਸਾਰੇ ਵਾਤਾਵਰਨ ਵਿੱਚ ਸਿਰਫ਼ ਇੱਕ ਨੰਗੀ ਬਾਂਹ ਨਜ਼ਰ ਆਉਂਦੀ ਹੈ, ਜੋ ਮਰ ਚੁੱਕੇ ਪ੍ਰਾਣੀ ਦੀ ਹੈ। ਇਹ ਸਰੀਰ ਦੀ ਖੱਬੀ ਬਾਂਹ ਹੈ। ਆਮ ਤੌਰ 'ਤੇ ਖੱਬੀ ਬਾਂਹ ਨੂੰ ਸੱਜੀ ਦੇ ਮੁਕਾਬਲੇ ਕਮਜ਼ੋਰ ਮੰਨਿਆ ਜਾਂਦਾ ਹੈ। ਸੰਭਵ ਹੈ ਇਹ ਹਿੰਸਾ ਤੋਂ ਸਰੀਰ ਨੂੰ ਰੋਕਣ ਲਈ ਸਾਹਮਣੇ ਆਈ ਹੋਵੇ। ਜਿਵੇਂ ਦੂਸਰੇ ਆਕਾਰ ਖਾਸ ਜੁਗਤਾਂ ਨਾਲ ਸਿਰੇ ਚਾੜ੍ਹੇ ਹਨ, ਹੱਥ ਵੀ ਉਸੇ ਅਨਰੂਪ ਬਣਾਇਆ ਗਿਆ ਹੈ। ਇਹ ਮਟਿਆਲੇ ਸਿਆਹ ਰੰਗ ਵਲ ਦਾ ਹੈ।

ਸਾਰਾ ਕੰਮ ਖਾਸ ਅੰਦਾਜ਼ ਨਾਲ ਹੋਇਆ ਹੈ। ਜਿੱਥੇ ਸਿਆਹ ਲਕੀਰਾਂ ਵੱਡੀਆਂ ਜਾਂ ਛੋਟੀਆਂ ਨਾਲ ਮਨੁੱਖੀ ਆਕਾਰ ਅਤੇ ਉਨ੍ਹਾਂ ਦੇ ਕੱਪੜਿਆਂ ਦੀ ਹੋਂਦ ਉਲੀਕੀ ਗਈ ਹੈ। ਸਰੀਰ ਕੱਜੇ ਹੋਏ ਹਨ, ਬਸ ਇਹੋ ਸਪੱਸ਼ਟ ਹੈ। ਪਹਿਨੇ ਵਸਤਰ ਦਾ ਕੀ ਨਾਂਅ ਹੈ, ਸਾਫ ਨਹੀਂ। ਆਕਾਰ ਕਿਸੇ ਠੋਸ ਧਰਾਤਲ ਉੱਪਰ ਟਿਕੇ ਹੋਏ ਨਹੀਂ, ਲੱਗਦਾ ਤਾਂ ਇਦਾਂ ਹੀ ਹੈ। ਇਹ ਖੁਦ ਕਠਪੁਤਲੀਆਂ ਜਿਹੇ ਲੱਗਦੇ ਹਨ। ਕੀ ਇਹ ਜਾਣ-ਬੁੱਝ ਕੇ ਬਣਾਇਆ ਗਿਆ ਮਾਹੌਲ ਹੈ ਜਾਂ ਸਹਿਜ ਸੁਭਾਅ ਹੋ ਗਿਆ ਹੈ। ਜੇ ਅਗਰਭੂਮੀ ਤੋਂ ਚੱਲ ਕੇ ਪਿੱਠਭੂਮੀ ਵੱਲ ਜਾਈਏ ਤਾਂ ਕਾਫੀ ਕੁਛ ਸਾਫ਼ ਹੋ ਜਾਏਗਾ। ਬਿਲਕੁਲ ਅਗਲੇਰੇ ਪਾਸੇ ਹਲਕਾ ਜਾਂ ਗੂੜ੍ਹਾ ਭੂਰਾ ਰੰਗ ਹੈ। ਪਿੱਛੋਂ ਜਾਂਦੇ ਸਮੇਂ ਸਫ਼ੈਦ ਅਤੇ ਨੀਲੇ ਰੰਗ ਦੀਆਂ ਛੋਹਾਂ ਦਿਸ ਆਉਂਦੀਆਂ ਹਨ। ਸਾਰੀ ਥਾਂ ਇਕ ਰੰਗੀ, ਇਕੋ ਜਿਹੀ ਨਹੀਂ, ਪੇਂਟਰ ਆਪਣੀ ਗੱਲ ਸ਼ਬਦਾਂ ਦੀ ਬਜਾਏ ਟੁੱਟਵੇਂ ਰੰਗਾਂ ਤੇ ਨਿੱਕੀਆਂ ਟੁੱਟਵੀਆਂ ਬੁਰਸ਼ ਛੋਹਾਂ ਨਾਲ ਕਰਦਾ ਹੈ। ਪਿੱਠ ਭੂਮੀ ਲਈ ਖਾਸ ਕਰਕੇ ਇਸ ਦੀ ਵਰਤੋਂ ਹੋਈ ਹੈ।

ਇਸ ਵਰਤਾਰੇ ਨੂੰ ਚਿੱਤਰਕਾਰ ਦੀ ਭਾਸ਼ਾ ਕਹਿ ਸਕਦੇ ਹਾਂ। ਇੱਕ ਰੰਗ ਰੰਗਿਆ, ਸਪਾਟ ਜਗ੍ਹਾ ਸਥਿਰਤਾ ਦਾ ਪ੍ਰਭਾਵ ਦੇਂਦੀ ਹੈ। ਪਰ ਜੋ ਦਰਸ਼ਕ ਇੱਥੇ ਦੇਖਦਾ ਹੈ, ਉਹ ਟਿਕਾਅ ਦਿਖਾਈ ਨਹੀਂ ਦਿੰਦਾ। ਰੰਗਾਂ ਦੀ ਵਰਤੋਂ ਅਤੇ ਲਕੀਰਾਂ ਦਾ ਬੇਤਰਤੀਬ ਹੋਣਾ ਭਾਵ ਮਾਹੌਲ ਵਿੱਚ ਅਸਥਿਰਤਾ ਹੋਣਾ। ਇਸ ਸਮੇਂ ਅਸੀਂ ਮੁੜ ਚਿੱਤਰ ਸਿਰਲੇਖ ਵੱਲ ਮੁੜਦੇ ਹਾਂ, ਜੋ ਸਾਨੂੰ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਜੋੜਦਾ ਹੈ। ਨਿਸ਼ਚਿਤ ਤੌਰ 'ਤੇ ਉਹ ਵੇਲਾ ਕੱਟ-ਵੱਢ, ਲੁੱਟ-ਮਾਰ, ਜਬਰ-ਜ਼ਨਾਹ ਦਾ ਰਿਹਾ। ਇਹ ਨਾਚ ਸਰਕਾਰੀ ਹਮਾਇਤ ਕਰਕੇ ਕਈ ਦਿਨ ਚੱਲਦਾ ਰਿਹਾ।

ਚਿੱਤਰਕਾਰ ਪ੍ਰੇਮ ਸਿੰਘ ਇਸ ਦੁਰਘਟਨਾ ਦਾ ਪ੍ਰਤੱਖਦਰਸ਼ੀ ਨਹੀਂ ਰਿਹਾ। ਚੰਡੀਗੜ੍ਹ ਅਜਿਹਾ ਤਾਂਡਵ ਨਹੀਂ ਹੋਇਆ। ਇਸ ਦੁਰਘਟਨਾ ਦੇ ਇਕਦਮ ਬਾਅਦ ਆਪਣੇ ਕੰਮ ਦੀ ਨੁਮਾਇਸ਼ ਲਈ ਦਿੱਲੀ ਆਇਆ। ਆਪਣੇ ਪੜਾਅ ਦੌਰਾਨ ਉਸ ਨੇ ਜੋ ਦੇਖਿਆ-ਸੁਣਿਆ, ਉਸ ਨੇ ਉਸ ਦੀ ਸੰਵੇਦਨਾ ਨੂੰ ਝੰਜੋੜਿਆ। ਚੰਡੀਗੜ੍ਹ ਪਰਤਣ ਉਪਰੰਤ ਉਸ ਨੇ ਆਪਣੇ ਮਾਧਿਅਮ ਰਾਹੀਂ ਆਪਣਾ ਪ੍ਰਤੀਕਰਮ ਦਰਜ ਕਰਨਾ ਆਰੰਭਿਆ। ਇਸ ਲਈ ਪਹਿਲਾਂ ਲਕੀਰੀ ਡਰਾਇੰਗਾਂ ਬਣਾਈਆਂ। ਉਸੇ ਹਾਦਸੇ ਦੇ ਪ੍ਰਭਾਵ ਨੂੰ ਫਿਰ ਤੇਲ ਰੰਗਾਂ ਨਾਲ ਕੈਨਵਸ ਉਪਰ ਉਤਾਰਿਆ। ਇਹ ਤਸਵੀਰ ਉਸੇ ਪੜਾਅ ਵਿੱਚੋਂ ਇੱਕ ਹੈ।

ਕਲਾਕਾਰ ਉਸ ਕਾਲੇ ਦੌਰ ਨੂੰ ਕੈਨਵਸ ਤੱਕ ਖਿੱਚ ਲੈ ਆਉਂਦਾ ਹੈ। ਹੁਣ ਸਥਿਤੀ ਸਪੱਸ਼ਟ ਹੋਈ ਲੱਗਦੀ ਹੈ। ਗੱਲਬਾਤ ਕਰ ਰਹੀਆਂ ਔਰਤਾਂ ਆਪਣੇ ਦੁਆਲੇ ਬਾਬਤ ਚਿੰਤਿਤ ਹਨ, ਡਰੀਆਂ ਹੋਈਆਂ ਹਨ, ਖੁਦ ਨੂੰ ਕੱਪੜਿਆਂ ਵਿੱਚ ਲਪੇਟਿਆ ਹੋਇਆ ਹੈ। ਦੂਸਰੀਆਂ ਦੋਵੇਂ ਆਪ ਦੀ ਤਰ੍ਹਾਂ ਸਾਰੇ ਮਾਹੌਲ ਨੂੰ ਦੇਖ ਰਹੀਆਂ, ਸਹਿ ਰਹੀਆਂ ਹਨ। ਇਹਨਾਂ ਆਕਾਰਾਂ ਦੇ ਬਾਅਦ ਬਚੇ ਸਪੇਸ ਨੂੰ ਪੇਂਟਰ ਨੇ ਰੰਗਾਂ, ਲਕੀਰਾਂ ਰਾਹੀਂ ਬਦਅਮਨੀ ਵਿੱਚ ਬਦਲ ਦਿੱਤਾ ਹੈ। ਮ੍ਰਿਤਕ ਵਿਅਕਤੀ ਦੀ ਖੱਬੀ ਬਾਂਹ ਉੱਪਰ ਉੱਠੀ ਹੋਈ ਹੈ, ਹੱਥ ਖੁੱਲ੍ਹਾ ਹੈ। ਇਹ ਕਿਸ ਗੱਲ ਦਾ ਸੰਕੇਤ ਹੈ, ਇਸ ਨੂੰ ਦਰਸ਼ਕ ਲਈ ਛੱਡ ਦਿੱਤਾ ਜਾਂਦਾ ਹੈ।

ਸਮੁੱਚੀ ਕਿਰਤ ਵਿਚਲੇ ਰੰਗਾਂ ਦਾ ਮਹੱਤਵ ਹੈ, ਕਿਉਂਕਿ ਇਹਨਾਂ ਆਸਰੇ ਇਹ ਸਿਰੇ ਚੜ੍ਹੀ ਹੈ। ਚਿਤੇਰੇ ਨੇ ਕਿਸੇ ਵੀ ਇਕਾਈ ਲਈ ਚਟਕ ਜਾਂ ਤੇਜ਼ ਰੰਗ ਨਹੀਂ ਵਰਤਿਆ। ਤਸਵੀਰ ਉੱਪਰ ਪੈਂਦਿਆਂ ਹੀ ਅੱਖਾਂ ਮਿਲਣ ਵਾਲਾ ਨੀਲਾ ਰੰਗ ਹੈ। ਗੱਲ ਕਰ ਰਹੀਆਂ ਦੋ ਔਰਤਾਂ ਵਿਚਲੀ ਥਾਂ ਇਸ ਹਿੱਸੇ ਆਈ ਹੈ। ਹੋਰ ਛੋਟੀਆਂ ਥਾਵਾਂ 'ਤੇ ਇਸ ਨੂੰ ਦੂਜੇ ਰੰਗਾਂ ਨਾਲ ਮੇਲ ਕੇ ਵਰਤਿਆ ਹੈ। ਮਹਿਸੂਸ ਹੁੰਦਾ ਹੈ ਚਿੱਤਰ ਡੂੰਘੇ ਦੁੱਖ ਵੀ ਹੈ। ਉਦਾਂ ਇਹ ਭਰਮ ਬਣਿਆ ਰਹਿੰਦਾ ਕਿ ਕੀ ਇਹ ਦੋ ਪਸਾਰੀ ਹੈ ਜਾਂ ਕਿ ਤਿੰਨ ਪਸਾਰੀ। ਸ਼ੋਖ਼ ਰੰਗਾਂ ਦੀ ਵਰਤੋਂ ਦੇ ਉਲਟ ਇੱਥੇ ਦੋ ਜਾਂ ਦੋ ਤੋਂ ਵੱਧ ਰੰਗਾਂ ਦੀ ਮੇਲਵੀਂ ਪਰਤ ਸੋਗੀ ਮਾਹੌਲ ਰਚਦੀ ਹੈ। ਵਿਸ਼ਾ ਦੁੱਖ, ਸੰਤਾਪ, ਤ੍ਰਾਸਦੀ ਵਾਲਾ ਹੈ, ਜੋ ਕਿਸੇ ਦੂਸਰੇ ਭਾਵ ਨੂੰ ਜਾਗਣ ਨਹੀਂ ਦੇਂਦਾ।

ਸੰਪਰਕ : 98990-91186

ਮਨੁੱਖੀ ਅਧਿਕਾਰ ਕਮਿਸ਼ਨ ਦਾ ਘਟਦਾ ਰੁਤਬਾ

ਡਾ. ਜਸਬੀਰ ਸਿੰਘ ਔਲਖ

ਏਕਾਅਧਿਕਾਰ ਅਤੇ ਫਾਸ਼ਿਸਟ ਸੱਤਾ ਹਰ ਸੰਵਿਧਾਨਕ ਅਤੇ ਖ਼ੁਦਮੁਖਤਿਆਰ ਸੰਸਥਾ ਨੂੰ ਤਬਾਹ ਕਰਦੀ ਹੈ ਜਾਂ ਆਪਣੇ ਇਸ਼ਾਰਿਆਂ 'ਤੇ ਨੱਚਣ ਲਈ ਮਜਬੂਰ ਕਰਦੀ ਹੈ। ਭਾਰਤੀ ਚੋਣ ਕਮਿਸ਼ਨ ਦਾ ਕੱਚਾ ਚਿੱਠਾ ਸਾਰੇ ਮੁਲਕ ਦੇ ਸਾਹਮਣੇ ਆ ਚੁੱਕਿਆ ਹੈ। ਹੁਣ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੀ ਡਾਵਾਂਡੋਲ ਸਥਿਤੀ ਵਿੱਚ ਪਹੁੰਚ ਗਿਆ ਹੈ, ਜਿਸ ਨੂੰ ਹੋਂਦ ਵਿੱਚ ਆਇਆਂ ਪਿਛਲੀ ਬਾਰਾਂ ਅਕਤੂਬਰ ਨੂੰ ਤੇਤੀ ਸਾਲ ਹੋ ਗਏ ਹਨ। ਇਹ ਕਮਿਸ਼ਨ 'ਪ੍ਰੋਟੈਕਸ਼ਨ ਆਫ ਹਿਊਮਨ ਰਾਇਟਸ ਐਕਟ' 1993 ਦੀ ਧਾਰਾ ਤਿੰਨ ਤਹਿਤ ਹੋਂਦ ਵਿੱਚ ਆਇਆ ਸੀ, ਜਿਹੜੀ ਕੇਂਦਰ ਸਰਕਾਰ ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਨਾ ਕਰਨ ਲਈ ਅਖਤਿਆਰ ਦਿੰਦੀ ਹੈ। ਇਸ ਐਕਟ ਦੀ ਧਾਰਾ 2(1)(d) ਅਨੁਸਾਰ ਮਨੁੱਖੀ ਅਧਿਕਾਰਾਂ ਵਿੱਚ ਭਾਰਤੀ ਸੰਵਿਧਾਨ, ਕੌਮਾਂਤਰੀ ਮਾਨਤਾਵਾਂ ਜਾਂ ਭਾਰਤੀ ਅਦਾਲਤਾਂ ਦੁਆਰਾ ਨਿਰਧਾਰਤ ਜੀਵਨ (Life), ਆਜ਼ਾਦੀ (Liberty), ਬਰਾਬਰਤਾ (Equality) ਅਤੇ ਇੱਜ਼ਤ-ਮਾਣ (Dignity) ਦੇ ਹੱਕ ਸ਼ਾਮਲ ਹਨ। ਭਾਰਤ ਸਰਕਾਰ ਵੱਲੋਂ ਇਹ ਐਕਟ 1991 ਵਿੱਚ ਹੋਈ 'ਇੰਟਰਨੈਸ਼ਨਲ ਵਰਕਸ਼ਾਪ ਆਨ ਨੈਸ਼ਨਲ ਇੰਸਟੀਚਿਊਸ਼ਨਜ਼ ਫਾਰ ਪ੍ਰੋਟੈਕਸ਼ਨ ਆਫ ਹਿਊਮਨ ਰਾਇਟਸ' ਵੱਲੋਂ ਮਨੁੱਖੀ ਹੱਕਾਂ ਦੇ ਨਿਰਧਾਰਤ ਕੀਤੇ ਅਤੇ ਸੰਯੁਕਤ ਰਾਸ਼ਟਰ ਵੱਲੋਂ ਮਾਨਤਾ ਪ੍ਰਾਪਤ 'ਪੈਰਿਸ ਸਿਧਾਂਤਾਂ' ਦੀ ਕੌਮਾਂਤਰੀ ਜ਼ਿੰਮੇਵਾਰੀ ਪੂਰੀ ਕਰਨ ਲਈ ਪਾਸ ਕੀਤਾ ਗਿਆ ਸੀ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਭਾਰਤ ਦੀ ਮਨੁੱਖੀ ਹੱਕਾਂ ਪ੍ਰਤੀ ਵਚਨਬੱਧਤਾ ਵਿੱਚੋਂ ਨਿਕਲੀ ਆਜ਼ਾਦ ਸੰਵਿਧਾਨਕ ਸੰਸਥਾ ਹੈ।

ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਤਿੰਨ ਸੰਵਿਧਾਨਕ ਡਿਊਟੀਆਂ ਹਨ :

ੳ) ਨਾਗਰਿਕਾਂ ਦੇ ਜੀਵਨ, ਆਜ਼ਾਦੀ, ਬਰਾਬਰਤਾ ਅਤੇ ਇੱਜ਼ਤ-ਮਾਣ ਹੱਕ ਦੀ ਪਹਿਰੇਦਾਰੀ ਕਰਨਾ।

ਅ) ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਸ਼ਿਕਾਇਤ ਜਾਂ ਆਪਣੇ ਪੱਧਰ 'ਤੇ ਜਾਂਚ ਕਰਵਾਉਣਾ।

ੲ) ਸੰਬੰਧਤ ਸਰਕਾਰ ਜਾਂ ਅਥਾਰਟੀ ਨੂੰ ਲੋੜੀਂਦੀਆਂ ਸਿਫਾਰਸ਼ਾਂ ਕਰਨਾ।

ਪੈਰਿਸ ਸਿਧਾਂਤਾਂ ਨੇ ਕਿਸੇ ਵੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਲਈ ਛੇ ਪੈਮਾਨੇ ਤਹਿ ਕੀਤੇ ਸਨ : ਜਨ-ਵਿਸ਼ਵਾਸ ਅਤੇ ਕਾਬਲੀਅਤ, ਖ਼ੁਦਮੁਖਤਿਆਰੀ, ਸੰਵਿਧਾਨ ਦੁਆਰਾ ਨਿਰਧਾਰਤ ਆਜ਼ਾਦੀ, ਬਹੁਲਵਾਦ, ਲੋੜੀਂਦੇ ਸਾਧਨ ਅਤੇ ਜਾਂਚ/ਪੜਤਾਲ ਲਈ ਲੋੜੀਂਦੀ ਤਾਕਤ। 'ਗਲੋਬਲ ਅਲਾਇੰਸ ਆਫ਼ ਨੈਸ਼ਨਲ ਹਿਊਮਨ ਰਾਇਟਸ ਇੰਸਟੀਚਿਊਸ਼ਨਜ਼' (GANHRI) ਦੁਨੀਆ ਭਰ ਦੇ ਮਨੁੱਖੀ ਅਧਿਕਾਰ ਕਮਿਸ਼ਨਾਂ ਦਾ ਲੇਖਾ-ਜੋਖਾ ਕਰਦੀ ਸੀ, ਜਿਸ ਦਾ ਹੈੱਡਕੁਆਰਟਰ ਜਨੇਵਾ ਵਿਖੇ ਸਥਿਤ ਹੈ। ਇਸ ਦਾ ਕੰਮ ਕੌਮੀ ਮਨੁੱਖੀ ਅਧਿਕਾਰ ਕਮਿਸ਼ਨਾਂ ਅਤੇ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਪ੍ਰਬੰਧ ਦਰਮਿਆਨ ਇੱਕ ਕੜੀ ਦੇ ਤੌਰ 'ਤੇ ਕੰਮ ਕਰਨਾ ਹੈ। ਇਹ ਭਾਵੇਂ ਸੰਯੁਕਤ ਰਾਸ਼ਟਰ ਦਾ ਅੰਗ ਨਹੀਂ, ਪਰ ਇਸ ਦੀਆਂ ਸਿਫਾਰਸ਼ਾਂ ਅਤੇ ਰਿਪੋਰਟਾਂ ਨੂੰ ਸੰਯੁਕਤ ਰਾਸ਼ਟਰ ਦੀਆਂ ਕਮੇਟੀਆਂ ਵੱਲੋਂ ਪ੍ਰਵਾਨ ਕੀਤਾ ਜਾਂਦਾ ਹੈ। ਭਾਰਤ ਵੀ ਇਸ ਦਾ ਮੈਂਬਰ ਹੈ। ਇਸ ਸੰਸਥਾ ਦੀ 'ਸਬ ਕਮੇਟੀ ਆਨ ਐਕਰੀਡੇਸ਼ਨ' (ਐੱਸ ਸੀ ਏ) ਨੇ ਮੁਲਕਾਂ ਦੇ ਮਨੁੱਖੀ ਅਧਿਕਾਰ ਕਮਿਸ਼ਨਾਂ ਦੀ ਦਰਜਾਬੰਦੀ (Grading) ਕਰਦੀ ਹੈ। ਇਸ ਸੰਸਥਾ ਨੇ ਵੱਖ-ਵੱਖ ਖਿੱਤਿਆਂ ਨੂੰ ਚਾਰ ਜ਼ੋਨਾਂ ਵਿੱਚ ਵੰਡਿਆ ਹੋਇਆ ਹੈ : ਅਮਰੀਕਾ, ਅਫਰੀਕਾ, ਏਸ਼ੀਆ -ਪੈਸੇਫਿਕ ਅਤੇ ਯੂਰਪ।

ਇਸ ਸੰਸਥਾ ਦੇ ਮੈਂਬਰਾਂ ਵਿੱਚੋਂ 88 ਮੈਂਬਰ ਮੁਲਕਾਂ ਦਾ ਗਰੇਡ ਏ ਹੈ ਅਤੇ 28 ਮੁਲਕਾਂ ਦਾ ਦਰਜਾ ਬੀ। ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਦਰਜਾ ਵੀ ਇਸ ਸਾਲ ਮਾਰਚ ਵਿੱਚ ਦਰਜਾ ਬੀ ਕਰ ਦਿੱਤਾ ਗਿਆ ਹੈ। ਮਤਲਬ ਭਾਰਤ ਦਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਪੈਰਿਸ ਸਿਧਾਂਤਾਂ ਦੀ ਪੂਰਤੀ ਕਰਨ ਵਿੱਚ ਅਸਫ਼ਲ ਰਿਹਾ ਹੈ।

ਗਲੋਬਲ ਅਲਾਇੰਸ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਦਰਜਾ ਘਟਾਉਣ ਦੇ ਚਾਰ ਕਾਰਨ ਦਰਜ ਕੀਤੇ ਹਨ;

ੳ) ਸਟਾਫ਼ ਅਤੇ ਅਗਵਾਈ ਵਿੱਚ ਵਿਭਿੰਨਤਾ ਦੀ ਘਾਟ।

ਅ) ਹਾਸ਼ੀਏ 'ਤੇ ਧੱਕੇ ਲੋਕਾਂ ਨੂੰ ਬਚਾਉਣ ਲਈ ਨਾਕਾਫ਼ੀ ਯਤਨ।

ੲ) ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸਾਂ ਦੀ ਪੜਤਾਲ ਪੁਲਸ ਕੋਲੋਂ ਹੀ ਕਰਵਾਉਣੀ।

ਸ) ਸਿਵਲ ਸੁਸਾਇਟੀ ਨਾਲ ਸਹਿਯੋਗ ਨਾ ਕਰਨਾ।

ਗਲੋਬਲ ਅਲਾਇੰਸ ਨੇ ਭਾਰਤੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਦਰਜਾਬੰਦੀ ਘਟਾਉਣ ਤੋਂ ਪਹਿਲਾਂ 2023 ਅਤੇ 2024 ਵਿੱਚ ਇਸ ਨੂੰ ਰੋਕੀ ਰੱਖਿਆ ਸੀ, ਪਰ ਕਮਿਸ਼ਨ ਪੈਰਿਸ ਸਿਧਾਂਤਾਂ ਦੀ ਪੂਰਤੀ ਕਰਨ ਵਿੱਚ ਅਸਫ਼ਲ ਰਿਹਾ। ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਆਜ਼ਾਦ ਹਸਤੀ, ਬਹੁਲਵਾਦ, ਵਿਭਿੰਨਤਾ ਅਤੇ ਜਵਾਬਦੇਹੀ ਦੀ ਘਾਟ ਇਸ ਦੀ ਯੂ ਐੱਨ ਓ ਦੇ ਮਨੁੱਖੀ ਅਧਿਕਾਰ ਕਮਿਸ਼ਨਾਂ ਦੇ ਨਿਰਧਾਰਨ ਮਾਪਦੰਡਾਂ 'ਤੇ ਖਰੀ ਨਹੀਂ ਉਤਰ ਸਕੀ। ਪਿਛਲੇ ਸਾਲ ਅਪ੍ਰੈਲ ਵਿੱਚ ਗਲੋਬਲ ਅਲਾਇੰਸ ਦੀ ਐੱਸ ਸੀ ਏ ਨੇ ਭਾਰਤੀ ਕਮਿਸ਼ਨ ਦਾ ਰੁਤਬਾ ਬੀ ਗਰੇਡ ਕਰਨ ਦੀ ਸਿਫਾਰਸ਼ ਕੀਤੀ। ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਇਸ ਸਿਫਾਰਸ਼ ਦੇ ਖਿਲਾਫ ਅਪੀਲ ਕੀਤੀ ਗਈ ਜਿਹੜੀ ਪਿਛਲੇ ਚਾਰ ਦਸੰਬਰ ਨੂੰ ਗਲੋਬਲ ਅਲਾਇੰਸ ਦੇ ਬਿਊਰੋ ਵੱਲੋਂ ਰੱਦ ਕਰਕੇ ਐੱਸ ਸੀ ਏ ਦੀ ਕਮਿਸ਼ਨ ਦਾ ਦਰਜਾ ਘਟਾਉਣ ਦੀ ਸਿਫਾਰਸ਼ ਨੂੰ ਮੰਨਣ ਦਾ ਫੈਸਲਾ ਕੀਤਾ ਅਤੇ ਇਸ ਸਾਲ ਮਾਰਚ ਵਿੱਚ ਇਸ ਦਾ ਐਲਾਨ ਕਰ ਦਿੱਤਾ ਗਿਆ। ਏ ਗਰੇਡ ਵਾਲੇ ਮੁਲਕਾਂ ਦੀ ਗਲੋਬਲ ਅਲਾਇੰਸ ਦੀ ਵੋਟਿੰਗ ਅਤੇ ਕਾਰਵਾਈ ਵਿੱਚ ਪੂਰੀ ਸ਼ਮੂਲੀਅਤ ਹੁੰਦੀ ਹੈ ਅਤੇ ਯੂ ਐੱਨ ਓ ਦੀ ਹਿਊਮਨ ਰਾਇਟਸ ਕੌਂਸਲ ਵਿੱਚ ਵਿਸ਼ੇਸ਼ ਰੁਤਬਾ ਜਿਹੜਾ ਹੁਣ ਭਾਰਤ ਕੋਲੋਂ ਖੁੱਸ ਗਿਆ ਹੈ। ਇਸ ਤੋਂ ਪਹਿਲਾਂ 2016 ਵਿੱਚ ਵੀ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਦਰਜਾਬੰਦੀ ਨੂੰ ਰੋਕਿਆ ਗਿਆ ਸੀ, ਪਰ ਉਦੋਂ ਮਨੁੱਖੀ ਅਧਿਕਾਰ ਕਮਿਸ਼ਨ ਆਪਣੀ ਏ ਗਰੇਡ ਦਰਜਾਬੰਦੀ ਨੂੰ ਬਹਾਲ ਕਰਵਾਉਣ ਵਿੱਚ ਕਾਮਯਾਬ ਹੋ ਗਿਆ ਸੀ। ਇੱਥੇ ਇਹ ਵੀ ਵਰਨਣਯੋਗ ਹੈ ਕਿ 2015 ਤੋਂ ਬਾਅਦ ਏ ਗਰੇਡ ਵਾਲੇ ਮੁਲਕਾਂ ਦੀ ਗਿਣਤੀ 70 ਤੋਂ 88 ਹੋ ਗਈ ਹੈ, ਪਰ ਭਾਰਤੀ ਕਮਿਸ਼ਨ ਨਿਵਾਣ ਵੱਲ ਚਲਾ ਗਿਆ ਹੈ। ਕੁੱਲ ਦੁਨੀਆ ਵਿੱਚ ਅਠਾਈ ਦੇਸ਼ ਬੀ ਗਰੇਡ ਵਾਲੇ ਹਨ, ਜਿਹਨਾਂ ਵਿੱਚੋਂ ਅਮਰੀਕੀ ਮਹਾਂਦੀਪਾਂ ਵਿੱਚੋਂ ਦੋ, ਅਫਰੀਕਾ ਵਿੱਚੋਂ ਛੇ, ਯੂਰਪ ਵਿੱਚ ਨੌਂ ਅਤੇ ਏਸ਼ੀਆ ਪੈਸੇਫਿਕ ਵਿੱਚ ਗਿਆਰਾਂ ਮੁਲਕ ਹਨ। ਸਾਡੇ ਗੁਆਂਢੀ ਦੇਸ਼ਾਂ ਵਿੱਚੋਂ ਇਕੱਲਾ ਬੰਗਲਾਦੇਸ਼ ਹੀ ਬੀ ਗਰੇਡ ਵਿੱਚ ਸ਼ਾਮਲ ਹੈ। ਮਿਆਂਮਾਰ ਅਤੇ ਅਫ਼ਗਾਨਿਸਤਾਨ ਨੂੰ ਤਾਂ ਪੂਰੀ ਤਰ੍ਹਾਂ ਬਾਹਰ ਕੀਤਾ ਜਾ ਚੁੱਕਾ ਹੈ।

9 ਤੋਂ 20 ਨਵੰਬਰ 2026 ਨੂੰ ਗਲੋਬਲ ਅਲਾਇੰਸ ਦਾ ਸੈਸ਼ਨ ਹੋਣਾ ਹੈ, ਜਿਸ ਵਿੱਚ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਦਰਜਾਬੰਦੀ ਫਿਰ ਤੋਂ ਵਿਚਾਰੀ ਜਾਵੇਗੀ, ਪਰ ਇਸ ਸਾਲ ਮਾਰਚ ਵਿੱਚ ਅਤੇ ਹੁਣ ਤੀਹ ਸਤੰਬਰ ਨੂੰ ਐਮਨੈਸਟੀ ਇੰਟਰਨੈਸ਼ਨਲ, ਦ ਏਸ਼ੀਅਨ ਫੋਰਮ ਫਾਰ ਹਿਊਮਨ ਰਾਇਟਸ ਐਂਡ ਡਿਵੈਲਪਮੈਂਟ, ਏਸ਼ੀਅਨ ਐੱਨ ਜੀ ਓ ਨੈੱਟਵਰਕ ਆਨ ਨੈਸ਼ਨਲ ਹਿਊਮਨ ਰਾਇਟਸ ਇੰਸਟੀਚਿਊਸ਼ਨਜ਼ ਆਦਿ ਮਨੁੱਖੀ ਅਧਿਕਾਰਾਂ ਸੰਸਥਾਵਾਂ ਅਤੇ ਗਲੋਬਲ ਅਲਾਇੰਸ ਦੀ ਸਾਬਕਾ ਚੇਅਰਮੈਨ ਰੋਸਲਿਨ ਨੂਨੰਨ ਵਰਗੀਆਂ ਸ਼ਖਸੀਅਤਾਂ ਨੇ ਗਲੋਬਲ ਅਲਾਇੰਸ ਨੂੰ ਲਿਖਿਆ ਹੈ ਕਿ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਲਗਾਤਾਰ ਪੈਰਿਸ ਸਿਧਾਂਤਾਂ 'ਤੇ ਪਹਿਰਾ ਨਹੀਂ ਦੇ ਰਿਹਾ। ਮਨੁੱਖੀ ਅਧਿਕਾਰ ਕਮਿਸ਼ਨ ਦੇ ਹੋਮਪੇਜ 'ਤੇ ਪ੍ਰਾਪਤ ਸ਼ਿਕਾਇਤਾਂ ਅਤੇ ਉਹਨਾਂ ਦੇ ਨਿਵਾਰਨ ਦੀ ਗਿਣਤੀ ਤਾਂ ਹੈ, ਪਰ ਉਹਨਾਂ ਦਾ ਕੋਈ ਜ਼ਿਆਦਾ ਵਿਸਥਾਰ ਨਹੀਂ ਅਤੇ ਨਾ ਹੀ ਪੁਲਸ ਹਿਰਾਸਤ ਜਾਂ ਪੁਲਸ ਮੁਕਾਬਲਿਆਂ ਵਿੱਚ ਮਾਰੇ ਵਿਅਕਤੀਆਂ ਸੰਬੰਧੀ ਕੋਈ ਵੇਰਵਾ ਹੈ। ਭਾਰਤੀ ਕਮਿਸ਼ਨ ਕੋਲ ਆਪਣੇ ਕੰਮ ਵਿੱਚ ਸੁਧਾਰ ਕਰਨ ਲਈ ਸਾਲ ਦਾ ਸਮਾਂ ਸੀ, ਪਰ ਭਾਰਤ ਵਿੱਚ ਬਦਤਰ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਹਾਲਤ 'ਤੇ ਵੀ ਕੋਈ ਕਾਰਵਾਈ ਨਹੀਂ ਹੋਈ। ਸਿਵਲ ਸੁਸਾਇਟੀ ਤੇ ਅੱਤਵਾਦ ਵਿਰੋਧੀ ਕਾਨੂੰਨਾਂ ਦੀ ਦੁਰਵਰਤੋਂ, ਵਿਦੇਸ਼ੀ ਫੰਡਾਂ 'ਤੇ ਰੋਕ, ਗੈਰ-ਕਾਨੂੰਨੀ ਹਿਰਾਸਤ, ਬੰਗਾਲੀ ਅਤੇ ਰੋਹਿੰਗੀਆ ਮੁਸਲਮਾਨਾਂ ਨੂੰ ਬੰਗਲਾਦੇਸ਼ ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਧੱਕਣਾ, ਲੱਖਾਂ ਲੋਕਾਂ ਦੇ ਨਾਂਅ ਵੋਟਰ ਸੂਚੀ ਵਿੱਚੋਂ ਹਟਾਉਣਾ ਆਦਿ ਅਨੇਕਾਂ ਮਾਮਲੇ ਹਨ, ਜਿਹਨਾਂ 'ਤੇ ਮਨੁੱਖੀ ਅਧਿਕਾਰ ਕਮਿਸ਼ਨ ਖਾਮੋਸ਼ ਰਿਹਾ। ਜੁਲਾਈ ਵਿੱਚ ਵਿਦਿਅਕ ਸੁਧਾਰਾਂ ਦੀ ਮੰਗ ਕਰ ਰਹੇ ਸ਼ਾਂਤਮਈ ਵਿਦਿਆਰਥੀਆਂ 'ਤੇ ਦਿੱਲੀ ਪੁਲਸ ਵੱਲੋਂ ਢਾਹੇ ਤਸ਼ੱਦਦ ਦਾ ਵੀ ਜ਼ਿਕਰ ਇਸ ਪੱਤਰ ਵਿੱਚ ਹੈ। ਇਸ ਪੱਤਰ ਵਿੱਚ 'ਦ ਹਿਊਮਨ ਰਾਇਟਸ ਪ੍ਰੋਟੈਕਸ਼ਨ ਐਕਟ 1993' ਦੀ ਧਾਰਾ 11 ਦਾ ਵੀ ਜ਼ਿਕਰ ਹੈ ਜਿਹੜੀ ਸਰਕਾਰ ਨੂੰ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਪੁਲਸ ਅਫਸਰ ਨਿਯੁਕਤ ਕਰਨ ਦਾ ਹੱਕ ਦਿੰਦੀ ਹੈ। ਮਨੁੱਖੀ ਅਧਿਕਾਰ ਕਮਿਸ਼ਨ ਦੀ ਵੈਬਸਾਈਟ 'ਤੇ ਇਸ ਦੀ ਪੜਤਾਲੀਆ ਸ਼ਾਖਾ ਨੂੰ 'ਮਲਟੀਡਿਮੈਨਸ਼ਨਲ' ਤਾਂ ਲਿਖਦੀ ਹੈ, ਪਰ ਇਸ ਵਿੱਚ ਨਿਯੁਕਤ ਸਿਰਫ਼ ਪੁਲਸ ਅਫ਼ਸਰ ਹੀ ਹਨ। ਇਸ ਵਿੱਚ 'ਯੂ ਐੱਨ ਸਪੈਸ਼ਲ ਰਿਪੋਰਟਜ਼' ਦੀ ਫਰਵਰੀ 2026 ਵਿੱਚ ਛਪੀ ਰਿਪੋਰਟ ਦਾ ਵੀ ਜ਼ਿਕਰ ਹੈ, ਜਿਸ ਅਨੁਸਾਰ ਭਾਰਤ ਵਿੱਚ ਮੁਸਲਮਾਨਾਂ, ਦਲਿਤਾਂ ਅਤੇ ਆਦਿਵਾਸੀਆਂ ਦੀਆਂ ਗੈਰ-ਕਾਨੂੰਨੀ ਮੌਤਾਂ ਅਤੇ ਹਿਰਾਸਤੀ ਤਸ਼ੱਦਦ ਚਿੰਤਾਜਨਕ ਹਾਲਤ ਤੱਕ ਵਧ ਚੁੱਕੇ ਹਨ। ਇਸ ਪੱਤਰ ਵਿੱਚ ਭਾਰਤੀ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਅਸਾਮੀਆਂ ਦਾ ਲੰਮੇ ਸਮੇਂ ਤੱਕ ਖਾਲੀ ਰਹਿਣ ਦੇ ਰੁਝਾਨ ਅਤੇ ਭਰਤੀਆਂ ਵਿੱਚ ਸਰਕਾਰੀ ਦਖਲ ਅਤੇ ਪਾਰਦਰਸ਼ਤਾ ਦੀ ਅਣਹੋਂਦ ਜਾਰੀ ਰਹਿਣ ਵੱਲ ਵੀ ਉਂਗਲ ਉਠਾਈ ਗਈ ਹੈ। ਹਾਸ਼ੀਆਗ੍ਰਸਤ ਲੋਕਾਂ ਲਈ ਕੰਮ ਕਰ ਰਹੀਆਂ 22493 ਐੱਨ ਜੀ ਓ ਦੀ ਫੰਡਿੰਗ ਰੋਕਣ 'ਤੇ ਕਮਿਸ਼ਨ ਵੱਲੋਂ ਕੋਈ ਨੋਟਿਸ ਨਾ ਲੈਣ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ। ਅਗਸਤ 2026 ਵਿੱਚ 'ਯੂਨਾਈਟਿਡ ਨੇਸ਼ਨਜ਼ ਕਮੇਟੀ ਆਨ ਦੇ ਈਲੀਮੀਨੇਸ਼ਨ ਆਫ਼ ਰੇਸੀਅਲ ਡਿਸਕਰੀਮੀਨੇਸ਼ਨ' ਨੇ ਭਾਰਤ ਵਿੱਚ ਮੂਲ ਨਿਵਾਸੀ ਆਦਿਵਾਸੀਆਂ, ਨਸਲੀ-ਧਾਰਮਿਕ ਘੱਟ-ਗਿਣਤੀਆਂ ਅਤੇ ਦਲਿਤਾਂ 'ਤੇ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਵੱਲੋਂ ਵੱਡੇ ਪੱਧਰ 'ਤੇ ਮਨੁੱਖੀ ਹੱਕਾਂ ਦੀ ਉਲੰਘਣਾ ਦੀ ਛਪੀ ਰਿਪੋਰਟ 'ਤੇ ਕਮਿਸ਼ਨ ਗੌਰ ਕਰਨ ਵਿੱਚ ਅਸਫ਼ਲ ਰਿਹਾ।

ਡਾ. ਅੰਬੇਡਕਰ ਨੇ 25 ਨਵੰਬਰ 1949 ਨੂੰ ਕਿਹਾ ਸੀ ਕਿ ਭਾਰਤੀ ਸੰਵਿਧਾਨ ਬਹੁਤ ਵਧੀਆ ਹੈ, ਪਰ ਜੇਕਰ ਇਸ ਨੂੰ ਲਾਗੂ ਕਰਨ ਵਾਲੇ ਮਾੜੇ ਸਾਬਤ ਹੋਏ ਤਾਂ ਇਹ ਕਾਗਜ਼ ਦੇ ਟੁਕੜੇ ਤੋਂ ਵੱਧ ਕੁੱਝ ਨਹੀਂ ਹੋਵੇਗਾ, ਮਤਲਬ ਸੰਸਥਾਵਾਂ ਦੀ ਕਾਰਗੁਜ਼ਾਰੀ ਦਰਅਸਲ ਇਹਨਾਂ ਦੀ ਆਗੂ ਸ਼ਖ਼ਸੀਅਤਾਂ 'ਤੇ ਨਿਰਭਰ ਕਰਦੀ ਹੈ। ਮਨੁੱਖੀ ਅਧਿਕਾਰ ਕਮਿਸ਼ਨ ਦੀ ਦਰਜਾਬੰਦੀ ਦਾ ਐਲਾਨ ਭਾਵੇਂ 2026 ਵਿੱਚ ਕੀਤਾ ਗਿਆ, ਪਰ ਇਸ ਦੀ ਕਾਰਗੁਜ਼ਾਰੀ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਅਰੁਣ ਕੁਮਾਰ ਮਿਸ਼ਰਾ ਦੇ ਚੇਅਰਮੈਨ (2021 ਤੋਂ 2024) ਦੌਰਾਨ ਕਾਬਲੇ-ਤਾਰੀਫ ਨਹੀਂ ਕਹੀ ਜਾ ਸਕਦੀ। ਉਹਨਾਂ ਨੂੰ ਚੇਅਰਮੈਨ ਲਗਾਉਣ ਲਈ ਸਰਕਾਰ ਨੇ ਕਾਨੂੰਨ ਵਿੱਚ ਸੋਧ ਕੀਤੀ,

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਆ ਵੇ ਸਾਈਂ ਬੁੱਲਿਆ ਕੋਈ ਕਾਫੀ ਨਵੀਂ ਸੁਣਾ

ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-89

ਸੁਰਜੀਤ ਸੁਮਨ

ਚੰਗਾ ਭਲਾ ਸਮਰਥਾਵਾਨ ਮਨੁੱਖ, ਜਦੋਂ ਦੂਜੇ ਕਿਸੇ ਨਿਆਸਰੇ ਮਨੁੱਖ ਉੱਤੇ ਡਾਢਾ ਜ਼ੁਲਮ ਢਾਹੁੰਦੈ, ਫਿਰ ਜ਼ੁਲਮ ਸਹਿਣ ਵਾਲ਼ਾ ਕੋਈ ਨਾ ਕੋਈ ਆਸਰਾ ਤਾਂ ਭਾਲ਼ਦਾ ਈ ਆ। ਉਸ ਕੋਲ਼ ਕੋਈ ਸਹਾਰਾ ਨਹੀਂ ਹੁੰਦਾ। ਕੋਈ ਉਸ ਦੀ ਬਾਂਹ ਨਹੀਂ ਫੜਦਾ। ਜਦੋਂ ਉਸ ਨੂੰ ਕੋਈ ਆਸਰਾ, ਕੋਈ ਢੋਈ ਨਹੀਂ ਲੱਭਦੀ, ਤਾਂ ਜ਼ੁਲਮ ਸਹਿੰਦਾ ਸਹਿੰਦਾ ਉਹ ਅੰਤਰਮੁਖੀ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸੇ ਅੰਤਰਮੁਖਤਾ/ ਇਕੱਲਤਾ ਵਿੱਚੋਂ ਉਹ ਜਦੋਂ ਆਪੂੰ ਸਿਰਜੇ ਰੱਬ ਦੀ ਸਿਰਜਣ ਪ੍ਰਕ੍ਰਿਆ ਵਿੱਚ ਇਕਮਿਕਤਾ ਪੈਦਾ ਕਰ ਲੈਂਦਾ ਹੈ, ਤਾਂ ਉਸ ਨੂੰ ਕੁਝ ਪਤਾ ਨਹੀਂ ਰਹਿੰਦਾ। ਕੋਈ ਹੋਸ਼ ਨਈਂ ਰਹਿੰਦੀ। ਉਸ ਨੂੰ ਦੁਨੀਆਂ ਨਾਸ਼ਵਾਨ ਲੱਗਣ ਲੱਗ ਪੈਂਦੀ ਹੈ। ਉਹ ਆਪਣੀ ਅੰਤਰਮੁਖਤਾ ਵਿੱਚੋਂ ਐਸਾ ਰਸ ਪੀਣ ਲਗਦਾ ਹੈ, ਜਿਸ ਦੀ ਬਦੌਲਤ ਜ਼ੁਲਮ ਸਹਿੰਦਾ ਹੋਇਆ ਵੀ ਉਹ ਜੀਊਣਾ ਲੋਚਦਾ ਹੈ। ਐਸੀ ਸਥਿਤੀ ਵਿੱਚ ਉਹੀ ਪੀੜਤ, ਜ਼ੁਲਮੀਂ ਬੰਦਿਆਂ ਨੂੰ ਮੁਆਫ ਕਰਨ ਤੱਕ ਚਲਾ ਜਾਂਦਾ ਹੈ। ਫਿਰ ਹੌਲ਼ੀ ਹੌਲ਼ੀ ਉਹ ਸੂਫੀ ਹੋ ਜਾਂਦਾ ਹੈ। ਬੁੱਲ੍ਹੇ ਵਾਂਗ ਸ਼ਾਹ ਇਨਾਇਤ ਲਈ ਘੁੰਗਰੂ ਪਾ ਕੇ ਨੱਚਦਾ ਹੈ। ਭਲਾਂ, ਅਜਿਹਾ ਕਰਨ ਲਈ ਉਸ ਨੂੰ ਕੌਣ ਮਜ਼ਬੂਰ ਕਰਦਾ ਹੈ? ਜ਼ੁਲਮੀਂ ਬੰਦਾ? ਜ਼ੁਲਮ ਢਾਹੁਣ ਵਾਲ਼ਾ ਡਾਢਾ? ਕਹਿੰਦੇ ਹਨ ਕਿ ਅੱਤ-ਖ਼ੁਦਾ ਦਾ ਵੈਰ ਹੁੰਦੈ। ਜ਼ੁਲਮ ਸਹਿਣ ਵਾਲ਼ੇ ਮਨੁੱਖ ਦੇ ਅੰਦਰੋਂ ਫਿਰ ਅਜਿਹੀ ਆਵਾਜ਼ ਉੱਠਦੀ ਹੈ, ਉਹ ਜ਼ੁਲਮ ਦੇ ਖਿਲਾਫ ਲੜਨਾ ਸ਼ੁਰੂ ਕਰ ਦਿੰਦਾ ਹੈ। ਅਜਿਹੀ ਅਵਸਥਾ ਵਿੱਚ ਆਇਆ ਬੰਦਾ, ਸੰਤ ਹੋ ਜਾਂਦੈ ਤੇ ਸਿਪਾਹੀ ਵੀ। ਮਨੁੱਖਤਾ ਨੂੰ ਪਿਆਰ ਕਰਨ ਵਾਲ਼ਿਆਂ ਨੂੰ ਅੱਜ ਦੇ ਵਰਤਾਰੇ ਵੇਖਦਿਆਂ ਕਿਸੇ ਸੰਤ-ਸਿਪਾਹੀ ਦੇ ਉੱਠ ਖਲੋਣ ਦੀ ਡਾਢੀ ਤਲਬ ਹੈ।

ਪੰਜਾਬ ਦੀ ਸਰਜ਼ਮੀਨ ਉੱਤੇ ਅੱਜ ਬਹੁਤ ਸਾਰੀਆਂ ਮਾਵਾਂ ਵਿਲਕ ਰਹੀਆਂ ਹਨ, ਜਿਨ੍ਹਾਂ ਦੇ ਸੂਰਮੇ ਪੁੱਤ ਨਸ਼ਿਆਂ ਦੀ ਭੇਟ ਚੜ੍ਹ ਗਏ ਹਨ ਜਾਂ ਚੜ੍ਹ ਰਹੇ ਹਨ। ਕੋਈ ਕੁਝ ਵੀ ਕਹੀ ਜਾਵੇ, ਧਰਾਤਲ 'ਤੇ ਉਨ੍ਹਾਂ ਮਾਂਵਾਂ ਦਾ ਦੁੱਖ ਨਿਵਾਰਨ ਵਾਲ਼ਾ ਹਾਲੇ ਕੋਈ ਨਹੀਂ। ਉਨ੍ਹਾਂ ਬਾਪਾਂ ਦੀ ਬੱਗੀ ਦਾੜ੍ਹੀ ਵਿੱਚੋਂ ਹੰਝੂ ਸੁਕਾਉਣ ਵਾਲ਼ਾ ਕੋਈ ਹਾਲੇ ਕੋਈ ਨਹੀਂ। ਇਨਸਾਫ ਮੰਗਣ ਲਈ ਦਰ ਦਰ ਭਟਕਦੀਆਂ ਇਨ੍ਹਾਂ ਰੂਹਾਂ ਨੂੰ ਕਿਧਰੇ ਵੀ ਢੋਈ ਨਹੀਂ। ਨਸ਼ਿਆਂ ਦੇ ਵਰਤਾਰੇ ਨੂੰ ਲੈ ਕੇ ਅੱਜ ਨਿਰੋਲ ਸਿਆਸਤ ਹੋ ਰਹੀ ਹੈ ਜਾਂ ਫਿਰ ਸ਼ਰਾਰਤ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੀਨੇ ਦਾ ਇਹ ਘਾਅ ਬਹੁਤ ਗਹਿਰਾ ਹੁੰਦਾ ਜਾ ਰਿਹਾ ਹੈ। ਗਹੁ ਨਾਲ਼ ਵਾਚਿਆ ਜਾਵੇ ਤਾਂ ਇਹ ਵਰਤਾਰਾ ਅੱਜ ਦਾ ਨਹੀਂ। ਕਈ ਦਹਾਕੇ ਪੁਰਾਣਾ ਹੈ। ਇਸ ਵਿੱਚ ਸਿਆਸਤ ਸ਼ਾਮਲ ਹੈ। ਇਸ ਵਿੱਚ ਵਪਾਰ ਸ਼ਾਮਲ ਹੈ। ਇਸ ਵਿੱਚ ਪ੍ਰਸ਼ਾਸਨਿਕ ਗੱਠਜੋੜ ਵੀ ਸ਼ਾਮਲ ਹੈ। ਇਸ ਵਿੱਚ ਸਾਡੇ ਆਲ਼ੇ-ਦੁਆਲ਼ੇ ਵਿਚਰ ਰਹੇ ਘਾਗ ਲੋਕ ਸ਼ਾਮਲ ਹਨ। ਇਹ ਸਮੁੱਚਾ ਵਰਤਾਰਾ ਇੱਕ ਗਿਣੀ-ਮਿਥੀ ਸ਼ਾਜ਼ਿਸ਼ ਦਾ ਹਿੱਸਾ ਹੈ। ਸਾਡੇ ਆਲ਼ੇ-ਦੁਆਲ਼ੇ ਬਹੁਤ ਸਾਰੀਆਂ ਕਹਾਣੀਆਂ ਤੁਰੀਆਂ ਫਿਰਦੀਆਂ ਹਨ। ਜੇਕਰ ਤੁਸੀਂ ਉਨ੍ਹਾਂ ਨੂੰ ਜਾਨਣ ਦੀ ਕੋਸ਼ਿਸ਼ ਕਰੋਗੇ, ਤਾਂ ਹੈਰਾਨ ਕਰਨ ਵਾਲ਼ੇ ਤੱਥ ਤੁਹਾਡੇ ਸਾਹਮਣੇ ਉਜਾਗਰ ਹੋ ਜਾਣਗੇ। ਉਹ ਸਾਜ਼ਿਸ਼ਾਂ, ਜੋ ਰਾਜ ਦਰਬਾਰਾਂ ਵਿੱਚ ਹੁੰਦੀਆਂ ਹਨ, ਉਨ੍ਹਾਂ ਦੇ ਅੰਸ਼ ਤੁਹਾਨੂੰ ਆਮ ਘਰਾਂ ਵਿੱਚੋਂ ਵੀ ਆਸਾਨੀ ਨਾਲ਼ ਮਿਲ਼ ਜਾਣਗੇ।

ਮੇਰੇ ਸੰਪਰਕ ਵਿੱਚ ਇੱਕ ਬਹੁਤ ਭਲਾ ਪਰਿਵਾਰ ਸੀ, ਜੋ ਰੋਜ਼ੀ-ਖ਼ੁਸ਼ੀ ਵਸਦਾ-ਰਸਦਾ ਸੀ। ਮੁਹਾਲ਼ੀ ਦੇ ਚੰਗੇ-ਭਲੇ ਪੌਸ਼ ਇਲਾਕੇ ਵਿੱਚ ਸ਼ਾਨਦਾਰ ਘਰ। ਕਾਰੋਬਾਰ ਵੀ ਵਧੀਆ। ਉਸ ਦੇ ਦੋ ਪੁੱਤਰਾਂ ਵਿੱਚੋਂ ਵੱਡੇ ਦਾ ਵਿਆਹ ਹੋਇਆ। ਨੂੰਹ ਵੀ ਚੰਗੀ, ਪਰ ਪਤਾ ਨਹੀਂ ਕਿਉਂ ਘਰ ਵਿੱਚ ਖਿੱਚੋਤਾਣ ਰਹਿਣ ਲੱਗ ਪਈ। ਓਸ ਭਲੇ ਪੁਰਸ਼ ਦੀ ਪਤਨੀ ਅਚਾਨਕ ਹਾਰਟ ਅਟੈਕ ਨਾਲ਼ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ। ਘਰ ਦੇ ਜੀਆਂ, ਖਾਸ ਕਰਕੇ ਵਿਆਹੇ-ਵਰੇ ਨੂੰਹ-ਪੁੱਤ ਦੇ ਬਦਲੇ ਵਰਤਾਓ ਨਾਲ਼ ਘਰ ਵਿੱਚ 'ਕਿਚ-ਕਿਚ' ਨੇ ਡੇਰਾ ਜਮਾਉਣਾ ਸ਼ੁਰੂ ਕਰ ਦਿੱਤਾ। ਘਰ ਵਿੱਚ ਹੌਲ਼ੀ ਹੌਲ਼ੀ ਦੋ ਧੜੇ ਬਣਨੇ ਸ਼ੁਰੂ ਹੋ ਗਏ। ਇੱਕ ਪਾਸੇ ਵਿਆਹੇ-ਵਰੇ ਨੂੰਹ-ਪੁੱਤ ਤੇ ਦੂਜੇ ਪਾਸੇ ਅਣਵਿਆਹਿਆ ਲੜਕਾ ਤੇ ਉਸ ਦਾ ਪਿਓ। ਪਿਓ-ਪੁੱਤ ਨੂੰ ਘਰੋਂ ਅਚਾਨਕ, ਘਰ ਸੰਭਾਲ਼ੀ ਬੈਠੇ ਜੀਅ ਦੇ ਤੁਰ ਜਾਣ ਨਾਲ਼ ਡਾਢਾ ਧੱਕਾ ਲੱਗਿਆ ਸੀ। ਘਰ ਵਿੱਚ ਦਾਰੂ-ਸਿੱਕਾ ਤਾਂ ਪਹਿਲਾਂ ਹੀ ਚੱਲਦਾ ਸੀ, ਦਿਨ-ਬ-ਦਿਨ ਉਸ ਦੀ ਮਿਕਦਾਰ ਵਧਣ ਲੱਗੀ। ਗ਼ਮ ਗਲਤ ਕਰਦਾ ਕਰਦਾ ਅਣਵਿਆਹਿਆ ਛੋਟਾ ਲੜਕਾ, ਕੁਝ ਸਮੇਂ ਦੇ ਵਿੱਚ ਹੀ 'ਅਡਿਕਟ' ਹੋ ਗਿਆ। ਹੌਲ਼ੀ ਹੌਲ਼ੀ ਉਸ ਦੀ ਸ਼ਰਾਬ ਦਾ ਦੌਰ ਸਵੇਰੇ-ਸਾਝਰੇ ਹੀ ਚੱਲ ਪੈਂਦਾ। ਬੇਸ਼ੱਕ ਉਹ ਕਿਸੇ ਫੈਕਟਰੀ ਵਿੱਚ ਨੌਕਰੀ ਕਰਦਾ ਸੀ, ਉੱਥੇ ਵੀ ਉਸ ਨੇ ਆਪਣੇ ਵਰਗੇ ਲੋਕ ਹੀ ਭਾਲ਼ ਲਏ ਸਨ। ਉਸ ਦੇ ਪਿਓ ਨੇ ਆਪਣੀਆਂ ਦੋਵੇਂ ਧੀਆਂ ਨਾਲ਼ ਦੁੱਖ ਸਾਂਝਾ ਕੀਤਾ। ਆਖਰਕਾਰ ਉਸ 'ਅਡਿਕਟ' ਨੂੰ ਤਕੜੀ ਫੀਸ ਦੇ ਕੇ ਇੱਕ ਮਹੀਨੇ ਲਈ ਨਸ਼ਾ ਛੁਡਾਊ ਕੇਂਦਰ ਵਿੱਚ ਰੱਖਿਆ ਗਿਆ। ਕਮਾਲ ਹੋ ਗਿਆ। ਸਮੇਂ-ਸਿਰ ਦੀ ਸਾਂਭ ਸੰਭਾਲ਼ ਨੇ ਉਸ ਨੂੰ ਬਚਾਅ ਲਿਆ ਸੀ। ਹੌਲ਼ੀ ਹੌਲ਼ੀ ਇਸ ਸਾਜ਼ਿਸ਼ ਤੋਂ ਪਰਦਾ ਲਹਿਣ ਲੱਗਾ, ਤਾਂ ਪਤਾ ਲੱਗਾ ਕਿ ਵਿਆਹੇ-ਵਰੇ ਨੂੰਹ-ਪੁੱਤ ਦੀਆਂ ਸਾਜ਼ਿਸ਼ੀ ਚਾਲਾਂ ਨਾਲ਼ ਹੀ ਇਹ ਪਿਓ-ਪੁੱਤ ਸ਼ਰਾਬ ਦੇ ਨਸ਼ੇ ਵੱਲ ਧੱਕੇ ਜਾ ਰਹੇ ਸਨ। ਖੋਲ੍ਹ ਕੇ ਦੇਖਿਓ, ਬਹੁਤ ਹੀ ਮਹੀਨ ਪਰਤਾਂ ਹਨ ਸਾਡੇ ਰਿਸ਼ਤੇ-ਨਾਤਿਆਂ ਦੀਆਂ। ਰਿਸ਼ਤੇ-ਨਾਤਿਆਂ ਵਿੱਚ ਜਦੋਂ ਲੋਭ, ਲਾਲਚ ਤੇ ਸਾਜ਼ਿਸ਼ ਆ ਜਾਵੇ, ਤਾਂ ਫਿਰ ਪਿੱਛੇ ਕੁਝ ਵੀ ਨਹੀਂ ਬਚਦਾ। ਆਖਿਰਕਾਰ ਘਰ ਦੇ ਟੁਕੜੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਪਰਿਵਾਰ ਨਾਲ਼ ਵੀ ਇੰਝ ਹੀ ਵਾਪਰਿਆ। ਘਰ ਦੇ ਟੁਕੜੇ ਹੋ ਗਏ। ਘਰ ਵਿਕ ਗਿਆ। ਹੱਸਦਾ-ਵਸਦਾ ਪਰਿਵਾਰ ਖਿੱਲਰ ਗਿਆ।

ਇਹ ਘਰ ਘਰ ਦੀ ਕਹਾਣੀ ਹੈ। ਇਸ ਸੱਤਾਧਾਰੀ ਧਿਰ ਵੱਲੋਂ ਵੀ ਨਸ਼ਿਆਂ ਉੱਤੇ ਠੱਲ੍ਹ ਨਹੀਂ ਪਾਈ ਜਾ ਸਕੀ। ਪੁਲਿਸ ਪ੍ਰਸ਼ਾਸਨ ਮੂਕ ਦਰਸ਼ਕ ਬਣਿਆ ਹੋਇਆ ਹੈ। ਬੀਤੇ ਦਿਨੀਂ ਇੱਕ ਮੰਤਰੀ ਨੂੰ ਜਿਵੇਂ ਪਿੰਡ-ਪਿੰਡ, ਘਰ-ਘਰ ਵਿਕਦੇ ਨਸ਼ੇ ਦੇ ਖੁਲਾਸਿਆਂ ਨੇ ਸ਼ਰੇਆਮ ਨਿਰੁਤਰ ਕਰ ਛੱਡਿਆ, ਫਿਰ ਕਹਿਣ ਨੂੰ ਹੋਰ ਕੁਝ ਰਹਿ ਹੀ ਨਹੀਂ ਜਾਂਦਾ। ਮਨ ਉਦਾਸ ਹੈ, ਡਾਢਾ ਉਦਾਸ। ਮੇਰੇ ਅਗਾਂਹਵਧੂ ਦੋਸਤਾਂ ਕੋਲ਼ ਤਰਕ ਹੈ, ਤਰਕਸ਼ੀਲਤਾ ਹੈ, ਪਰ ਹੱਲ ਕੋਈ ਨਹੀਂ। ਮੈਂ ਸੋਚਾਂ ਵਿੱਚ ਡੁੱਬ ਜਾਂਦਾ ਹਾਂ। ਫੋਨ ਦੀ ਰਿੰਗ ਟੋਨ ਨੇ ਮੇਰੀ ਸੋਚ ਲੜੀ ਨੂੰ ਤੋੜਿਆ ਹੈ। ਚਲੋ ਬਾਈ ਦਲੇਰ ਸਿੰਘ ਨਾਲ਼ ਗੱਲ ਕਰਦੇ ਆਂ। ਹੁਣ ਉਹ ਬੋਲੇਗਾ, ਮੈਂ ਸਿਰ ਸੁਣਾਂਗਾ। 'ਛੋਟੇ ਭਾਈ ਸੁਣ ! ਕਹਿੰਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਜਾਂਚ ਕਰ ਰਹੀ ਏਜੰਸੀ ਨੂੰ ਅਜਿਹੇ ਤੱਥ ਮਿਲ਼ੇ ਕਿ ਭਾਰਤ ਤੋਂ ਡੀਜ਼ਲ-ਪੈਟਰੋਲ ਤੇ ਆਟੇ ਬਦਲੇ ਮਿਆਂਮਾਰ ਤੋਂ ਨਸ਼ਾ ਆਉਂਦੈ। ਇਹ ਬਹੁਤ ਵੱਡਾ ਵਪਾਰ ਆ, ਜਿਸ ਦੀ ਪੰਜਾਬ ਦੇ ਬਾਜ਼ਾਰ ਵਿੱਚ ਚੰਗੀ ਖਪਤ ਹੋ ਰਹੀ ਆ। ਹੋਰ ਸੁਣ ! ਇਸ ਵਪਾਰ ਦੇ ਹਮਾਮ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਸਾਰੇ ਈ ਨੰਗੇ ਨੇ। ਆਪਾਂ ਕਿੱਥੋਂ ਭਾਲ਼ਦੇ ਆਂ ਬਈ ਇਹ ਸਪਲਾਈ ਲਾਈਨ ਟੁੱਟ ਜਾਊ। ਇੱਥੇ ਤਾਂ ਰੱਬ ਈ ਰਾਖਾ ਭਰਾਵਾ। ਹੋਰ ਸੁਣ ! ਨਸ਼ਿਆਂ ਦੇ ਵਪਾਰ ਤੇ ਇਸ ਦੀ ਸਪਲਾਈ ਬਾਰੇ ਸਾਰੇ ਈ ਜਾਣਦੇ ਨੇ, ਉਤਲੇ ਵੀ ਤੇ ਥੱਲੜੇ ਵੀ। ਸਾਰੇ ਈ ਮਗਰਮੱਛ ਦੇ ਹੰਝੂ ਕੇਰਦੇ ਨੇ। ਬੀਜੇਪੀ ਵਾਲ਼ੇ ਉਨੱਤੀ ਤੱਕ ਸਮਾਂ ਮੰਗ ਰਹੇ ਨੇ ਤੇ ਕਾਂਗਰਸੀ-ਅਕਾਲੀ, ਆਪਣੀ ਆਪਣੀ ਸਰਕਾਰ ਲਿਆਉਣ ਤੱਕ। ਹੋਰ ਸੁਣ ! ਕਾਂਗਰਸੀਆਂ ਨੇ ਮੋਹਾਲ਼ੀ ਦੇ ਦੋ ਧੜਿਆਂ 'ਸਿੱਧੂ-ਬੇਦੀ' ਨੂੰ ਇੱਕੋ ਮੰਚ 'ਤੇ ਲਿਆਉਣ ਦੀ ਬਜਾਏ 'ਇਨਸਾਫ ਮੰਗਦਾ ਪੰਜਾਬ' ਯਾਤਰਾ ਲਈ ਵੱਖੋ-ਵੱਖਰੇ ਸਮਾਗਮ ਕਰਕੇ ਮੁਹਿੰਮ ਛੇੜੀ ਹੈ। ਚਰਨਜੀਤ ਸਿੰਘ ਚੰਨੀ ਦੀ 'ਜਵਾਨੀ ਸੰਭਾਲ਼ ਸਾਈਕਲ ਯਾਤਰਾ' ਵਿੱਚ ਵੀ ਰਾਜਾ ਵੜਿੰਗ ਤੇ ਹੋਰ ਬਹੁਤ ਸਾਰੇ ਲੀਡਰ ਨਹੀਂ ਰੜਕੇ। ਤੂੰ ਰੰਮੀ ਪੁਰਖਾਲ਼ੀ ਦਾ ਲਿਖਿਆ ਤੇ ਗੁਰਬਖਸ਼ ਸ਼ੌਂਕੀ ਦਾ ਗਾਇਆ ਉਹ ਗੀਤ ਸੁਣਿਆਂ 'ਆ ਵੇ ਸਾਈਂ ਬੁੱਲਿਆ ਕੋਈ ਕਾਫੀ ਨਵੀਂ ਸੁਣਾ/ ਰੱਬ ਵਰਗੀ ਦੁਨੀਆਂ ਰੁੱਸ ਗਈ ਮੁੜ ਪੈਰੀਂ ਝਾਂਜਰ ਪਾ?' ਕਮਾਲ ਦਾ ਲਿਖਿਐ ਤੇ ਬਾਕਮਾਲ ਈ ਗਾਇਆ। ਪਰ ਯਾਰ ਕਹਿੰਦੇ ਨੇ ਕਿ ਬੁੱਲ੍ਹੇ ਨੇ ਤਾਂ ਪੈਰਾਂ ਵਿੱਚ ਘੁੰਗਰੂ ਪਾਏ ਸਨ। ਝਾਂਜਰ ਥੋੜ੍ਹਾ ਪਾਈਆਂ ਸਨ? ਗੱਲ ਕਰੀਂ ਤੇਰਾ ਤਾਂ ਉਹ ਯਾਰ ਆ। ਹੋਰ ਸੁਣ ! ਓਹਦੇ ਗੀਤਾਂ ਵਿੱਚ 'ਰੱਬ' ਬਹੁਤ ਆਉਂਦੈ। ਉਂਝ ਰੱਬ ਹੈ ਜਾਂ ਨਹੀਂ ਆਪਾਂ ਇਸ 'ਗੁੰਝਲਦਾਰ ਬੁਝਾਰਤ' ਵਿੱਚ ਕਾਹਨੂੰ ਪੈਣਾ। ਜਦੋਂ ਬੰਦਾ ਤੂਫਾਨਾਂ ਵਿੱਚ ਘਿਰਿਆ ਹੁੰਦੈ ਨਾ, ਉਦੋਂ ਕੋਈ ਨਾ ਕੋਈ ਸਹਾਰਾ ਭਾਲ਼ਦਾ ਈ ਹੁੰਦੈ। ਐਸੇ ਮੌਕਿਆਂ 'ਤੇ ਈ ਤਾਂ ਰੱਬ ਚੇਤੇ ਆਉਂਦੈ। ਤੈਨੂੰ ਆਵੇ ਨਾ ਆਵੇ, ਮੈਨੂੰ ਤਾਂ ਆ ਜਾਂਦੇ ਭਰਾਵਾ।' ਫੋਨ ਕੱਟਦਿਆਂ ਈ ਮੇਰੀ ਸੋਚ ਦੀ ਫਿਰਕੀ ਫਿਰ ਘੁੰਮਣ ਲਗਦੀ ਹੈ। ਸੋਚਦਾ ਹਾਂ, ਬੁੱਲ੍ਹੇ ਨੇ ਸ਼ਾਹ ਇਨਾਇਤ ਸਾਈਂ ਨੂੰ ਮਨਾਉਣ ਲਈ ਪੈਰੀਂ ਘੁੰਗਰੂ ਬੰਨ੍ਹੇ ਸਨ। ਸਾਡੇ ਸਿਆਸੀ, ਧਾਰਮਿਕ, ਪ੍ਰਸ਼ਾਸਨਿਕ ਤੇ ਸਮਾਜ ਸੇਵੀਆਂ ਨੇ ਘੁੰਗਰੂਆਂ ਦੀ ਬਜਾਏ ਪੈਰਾਂ ਵਿੱਚ ਝਾਂਜਰਾਂ ਕਿਉਂ ਪਾ ਲਈਆਂ ਹਨ? ਮੈਂ ਅੱਖਾਂ ਬੰਦ ਕਰਕੇ ਰੰਮੀ ਦੇ ਗੀਤ ਦਾ ਅੰਤਰਾ 'ਦਿਲ ਚਾਕ ਪੰਜ ਦਰਿਆਵਾਂ ਦਾ/ ਮੈਥੋਂ ਪਹਿਲਾਂ ਈ ਜਰਿਆ ਜਾਂਦਾ ਨਈਂ/ ਇਹ ਘਾਅ ਉਹ ਡਾਢਾ ਤਾਜ਼ਾ ਏ/ ਬਿਨ ਇਲਮੋਂ ਭਰਿਆ ਜਾਂਦਾ ਨੀ./ ਕੋਈ ਛੇੜ ਤਰਾਨਾ ਇਸ਼ਕੇ ਦਾ/ ਕੋਈ ਧੁਰ ਦਾ ਰਾਗ ਸੁਣਾ/ ਆ ਵੇ ਸਾਈਂ ਬੁੱਲਿਆ .।' ਸੁਣਦਿਆਂ ਇੱਕ ਵਾਰ ਤਾਂ ਮੈਂ ਆਪਣੇ ਆਪ ਨੂੰ ਕਿਸੇ ਅਲੌਕਿਕ ਜਹਾਨ ਵਿੱਚ ਪ੍ਰਵੇਸ਼ ਕਰਦਾ ਮਹਿਸੂਸ ਰਿਹਾ ਹਾਂ। ਪਤਾ ਨਹੀਂ ਕਿਸ ਦੁਆ ਵਿੱਚ ਮੇਰੇ ਬੁੱਲ੍ਹ ਫਰਕੇ ਹਨ?

ਸੰਪਰਕ : 98144-30874

ਚੋਣ ਨਿਸ਼ਾਨ ਤੇ ਸਿਆਸਤ

ਪ੍ਰੋ. ਅਵਤਾਰ ਸਿੰਘ

ਮੈਨੂੰ ਨਹੀਂ ਪਤਾ ਕਿ ਰਾਜਨੀਤਕ ਪਾਰਟੀਆਂ ਆਪਣੇ ਚੋਣ ਨਿਸ਼ਾਨ ਦੀ ਆਪ ਚੋਣ ਕਰਦੀਆਂ ਹਨ ਜਾਂ ਉਨ੍ਹਾਂ ਉੱਤੇ ਥੋਪ ਦਿੱਤਾ ਜਾਂਦਾ ਹੈ। ਪਰ ਜੇ ਇਹ ਆਪ ਚੁਣਿਆ ਜਾਂਦਾ ਹੈ ਤਾਂ ਇਸ ਦੇ ਅਰਥ ਹੋਰ ਹਨ ਤੇ ਜੇ ਥੋਪਿਆ ਜਾਂਦਾ ਹੈ ਤਾਂ ਇਸ ਦੇ ਅਰਥ ਹੋਰ ਹਨ।

ਸੁਰਜੀਤ ਪਾਤਰ ਨੇ ਲਿਖਿਆ ਸੀ,

'ਕਿਸੇ ਦਾ ਸੂਰਜ, ਕਿਸੇ ਦਾ ਦੀਵਾ, ਕਿਸੇ ਦਾ ਤੀਰ ਕਮਾਨ, ਸਾਡੀ ਅੱਖ 'ਚੋਂ ਡਿਗਦਾ ਹੰਝੂ ਸਾਡਾ ਚੋਣ ਨਿਸ਼ਾਨ।' ਜੇ ਇਸ ਸ਼ਿਅਰ ਵਿੱਚੋਂ ਸਾਡੀ ਤੇ ਸਾਡਾ ਦੀ ਥਾਂ ਮੇਰੀ ਤੇ ਮੇਰਾ ਹੋ ਜਾਂਦਾ ਤਾਂ ਇਹ ਕਿਸੇ ਇਕ ਦੀ ਹੋਣੀ ਹੁੰਦੀ, ਪਰ ਸਾਡੀ ਤੇ ਸਾਡਾ ਕਹਿਣ ਨਾਲ ਇਹ ਹੋਣੀ ਇਕ ਸ਼੍ਰੇਣੀ ਨਾਲ ਜਾ ਜੁੜੀ। ਉਹ ਸ਼੍ਰੇਣੀ ਜਿਨ੍ਹਾਂ ਨੇ ਹੰਝੂਆਂ ਦੀ ਆਪ ਚੋਣ ਕੀਤੀ ਜਾਂ ਉਨ੍ਹਾਂ 'ਤੇ ਥੋਪ ਦਿੱਤੇ ਗਏ, ਪਰ ਜਿਨ੍ਹਾਂ 'ਤੇ ਇਹ ਹੰਝੂ ਥੋਪ ਦਿੱਤੇ ਗਏ ਹਨ, ਉਨ੍ਹਾਂ ਹੰਝੂਆਂ ਦੇ ਅਰਥ ਹੋਰ ਹਨ ਤੇ ਜਿਨ੍ਹਾਂ ਨੇ ਆਪ ਹੰਝੂਆਂ ਦੀ ਚੋਣ ਕੀਤੀ ਹੈ, ਉਨ੍ਹਾਂ ਹੰਝੂਆਂ ਦੇ ਅਰਥ ਹੋਰ ਹਨ। ਥੋਪੇ ਗਏ ਹੰਝੂ ਹੋਣੀ ਹਨ ਤੇ ਚੁਣੇ ਗਏ ਹੰਝੂ ਕੁਝ ਹੋਰ ਹਨ, ਜਿਨ੍ਹਾਂ ਲਈ ਮੈਨੂੰ ਕੋਈ ਸ਼ਬਦ ਨਹੀਂ ਅਹੁੜ ਰਿਹਾ।

ਕਹਿੰਦੇ ਹਨ ਕਿਸੇ ਵੇਲੇ ਅਕਾਲੀਆਂ ਦਾ ਚੋਣ ਨਿਸ਼ਾਨ ਪੰਜਾ ਹੁੰਦਾ ਸੀ ਤੇ ਉਹ ਆਪਣੇ ਪੰਜੇ ਨੂੰ ਬਾਬੇ ਨਾਨਕ ਦਾ ਪੰਜਾ ਦੱਸਦੇ ਸਨ। ਫਿਰ ਉਨ੍ਹਾਂ ਦਾ ਚੋਣ ਨਿਸ਼ਾਨ ਤੱਕੜੀ ਹੋ ਗਿਆ ਤੇ ਤੱਕੜੀ ਨੂੰ ਬਾਬੇ ਨਾਨਕ ਦੀ ਤੱਕੜੀ ਕਹਿਣ ਲੱਗ ਪਏ। ਕਿਸੇ ਵੇਲੇ ਕਾਂਗਰਸ ਦਾ ਚੋਣ ਨਿਸ਼ਾਨ ਗਊ ਵੱਛਾ ਤੇ ਕਾਮਰੇਡਾਂ ਦਾ ਦਾਤੀ ਥੋੜਾ ਤੇ ਉਪਰ ਤਾਰਾ ਸੀ। ਉਦੋਂ ਕਾਂਗਰਸ ਦਾ ਬੋਲਬਾਲਾ ਸੀ ਤੇ ਸਾਡੇ ਪਿੰਡ ਦੇ ਇਕ ਚੁਬਾਰੇ ਦੀ ਕੰਧ 'ਤੇ ਕੰਧ ਜਿੱਡੇ ਗਊ ਵੱਛੇ ਦਾ ਚਿੱਤਰ ਬਣਿਆ ਹੁੰਦਾ ਸੀ। ਸਾਡੇ ਪਿੰਡ ਅਕਾਲੀਆਂ ਦੇ ਘਰ ਸਿਰਫ ਦੋ ਚਾਰ ਹੀ ਸਨ। ਇਸ ਕਰਕੇ ਤੱਕੜੀ ਦਾ ਨਿਸ਼ਾਨ ਕਿਤੇ ਨਹੀਂ ਸੀ ਬਣਿਆ ਹੋਇਆ।

ਜਦ ਵੋਟਾਂ ਆਉਂਦੀਆਂ ਤਾਂ ਕਾਂਗਰਸ ਦਾ ਪ੍ਰਚਾਰ ਟਰੱਕਾਂ 'ਤੇ ਹੁੰਦਾ ਤੇ ਅਕਾਲੀਆਂ ਦਾ ਟੈਂਪੂਆਂ 'ਤੇ। ਟਰੱਕਾਂ ਤੋਂ ਅਵਾਜ਼ਾਂ ਆਉਂਦੀਆਂ ਬੱਕਰਾ ਕਹਿੰਦਾ ਬੱਕਰੀ ਨੂੰ ਵੋਟ ਨਾ ਪਾਇਓ ਤੱਕੜੀ ਨੂੰ ਤੇ ਟੈਂਪੂਆਂ ਵਿਚੋਂ ਅਵਾਜ਼ ਆਉਂਦੀ ਗੰਨਾ ਕਹਿੰਦਾ ਆਗ ਨੂੰ ਵੋਟ ਨਾ ਪਾਇਓ ਦਿਲਬਾਗ ਨੂੰ। ਕਾਵਿਕ ਵਜ਼ਨ ਦੇ ਪੱਖ ਤੋਂ ਦਿਲਬਾਗ ਵਾਲਾ ਨਾਹਰਾ ਕੁਝ ਕਮਜ਼ੋਰ ਸੀ ਤੇ ਇਸ ਵਿਚ ਨਿੱਜੀ ਹੋਣ ਦਾ ਦੋਸ਼ ਵੀ ਸੀ। ਕਦੇ-ਕਦੇ ਕਾਮਰੇਡਾਂ ਦੇ ਟੈਂਪੂ ਆਉਣੇ ਤਾਂ ਉਸ ਵਿਚ ਗਾਣਾ ਚੱਲਦਾ ਹੋਣਾ ਦਾਤੀ ਥੋੜੇ ਤਾਰੇ ਉਤੇ ਸੱਜਣਾ, ਮੋਹਰਾਂ ਤੂੰ ਲਗਾਈ ਜਾ ਲਗਾਈ ਜਾ। ਬੇਸ਼ੱਕ ਸਰੋਤਿਆਂ ਦੇ ਕੰਨਾਂ ਵਿਚ ਇਹ ਗਾਣਾ ਚੱਲਦਾ, ਪਰ ਉਨ੍ਹਾਂ ਦੇ ਮਨ ਵਿਚ ਜਗਮੋਹਣ ਕੌਰ ਦਾ ਗਾਣਾ ਵੱਜਦਾ ਕਿ ਗੁੱਡੀ ਵਾਂਗੂੰ ਮੈਨੂੰ ਅੱਜ ਸੱਜਣਾ, ਉੜਾਈ ਜਾ ਉੜਾਈ ਜਾ ਉੜਾਈ ਜਾ।

ਇਕ ਵਾਰੀ ਉਹ ਵੀ ਸਮਾਂ ਆਇਆ, ਜਦ ਅਕਾਲੀਆਂ ਨੇ ਜਨਸੰਘ ਨਾਲ ਰਲ ਕੇ ਚੋਣ ਲੜੀ ਸੀ ਤੇ ਜਨਸੰਘ ਦਾ ਚੋਣ ਨਿਸ਼ਾਨ ਗਿਆਨ ਦਾ ਪ੍ਰਤੀਕ ਦੀਵਾ ਸੀ। ਉਦੋਂ ਟਰੱਕਾਂ ਤੋਂ ਇਹ ਅਵਾਜ਼ਾਂ ਆਉਣੀਆਂ ਤੱਕੜੀ ਦੇ ਵਿਚ ਦੀਵਾ ਫਸਾ ਕੇ ਲੈਣ ਆਉਣਗੇ ਵੋਟਾਂ ਨੂੰ, ਪਾਇਓ ਨਾ ਬਈ ਪਾਇਓ ਨਾ। ਉਦੋਂ ਸਾਡੇ ਅਣਭੋਲ ਮਨਾਂ ਨੂੰ ਚੋਣ ਨਿਸ਼ਾਨ ਦੀ ਸਿਆਸਤ ਤੇ ਸਮਾਜਿਕਤਾ ਦਾ ਪਤਾ ਨਹੀਂ ਸੀ।

ਉਨ੍ਹੀਂ ਦਿਨੀਂ ਆਸ-ਪਾਸ ਕਿਤੇ ਕੋਈ ਜਲਸਾ ਹੋਣਾ ਤਾਂ ਅਸੀਂ ਸਕੂਲੋਂ ਦੌੜ ਕੇ ਵੀ ਦੇਖਣ ਜਾਣਾ। ਲੀਡਰਾਂ ਦੇ ਭਾਸ਼ਣਾਂ ਵਿਚ ਉਨ੍ਹਾਂ ਦੇ ਆਪਣੇ ਚੋਣ ਨਿਸ਼ਾਨ ਵਡਿਆਏ ਜਾਂਦੇ ਤੇ ਦੂਸਰਿਆਂ ਦੇ ਬਦੂਹੇ ਜਾਂਦੇ। ਕੋਈ ਗਊ ਨੂੰ ਇੰਦਰਾ ਗਾਂਧੀ ਤੇ ਵੱਛੇ ਨੂੰ ਦਿਲਬਾਗ ਸਿੰਘ ਦੱਸਦਾ। ਕੋਈ ਤੱਕੜੀ ਨੂੰ ਕਾਣੀ ਵੰਡ ਤੇ ਦੀਵੇ ਨੂੰ ਅੱਗ ਲਾਉਣਾ ਦੱਸਦਾ।

ਜਦ ਕਾਂਗਰਸ ਦਾ ਚੋਣ ਨਿਸ਼ਾਨ ਪੰਜਾ ਹੋ ਗਿਆ ਤਾਂ ਅਕਾਲੀ ਉਸ ਪੰਜੇ ਨੂੰ ਬਾਬੇ ਨਾਨਕ ਦਾ ਪੰਜਾ ਕਹਿਣ ਦੀ ਬਜਾਏ ਖ਼ੂਨੀ ਪੰਜਾ ਕਹਿਣ ਲੱਗ ਪਏ। ਦਾਤੀ ਥੋੜੇ ਤੇ ਤਾਰੇ ਦੀ ਕੋਈ ਗੱਲ ਹੀ ਨਾ ਕਰਦਾ। ਕਿਉਂਕਿ ਸ਼ਾਇਦ ਉਨ੍ਹਾਂ ਦਾ ਅਧਾਰ ਏਨਾ ਵੀ ਨਹੀਂ ਸੀ ਕਿ ਉਨ੍ਹਾਂ ਦੇ ਚੋਣ ਨਿਸ਼ਾਨ ਦਾ ਵਿਰੋਧ ਕੀਤਾ ਜਾਵੇ। ਬੇਸ਼ੱਕ ਉਨ੍ਹਾਂ ਦੇ ਜਲਸਿਆਂ ਵਿਚ ਗਾਏ ਜਾਂਦੇ ਗੀਤ ਸਾਰੇ ਸੁਣਦੇ ਤੇ ਹੋਣ ਵਾਲੇ ਨਾਟਕ ਹਰ ਕੋਈ ਦੇਖਦਾ, ਪਰ ਇਹ ਸਿਰਫ ਮਨ ਪ੍ਰਚਾਵਾ ਹੁੰਦਾ ਤੇ ਇਸ ਤੋਂ ਅੱਗੇ ਉਨ੍ਹਾਂ ਲਈ ਇਨ੍ਹਾਂ ਦਾ ਕੋਈ ਅਰਥ ਨਾ ਹੁੰਦਾ। ਬੇਸ਼ੱਕ ਸੜਕ 'ਤੇ ਰੋੜੀ ਕੁੱਟ ਰਹੀਆਂ ਮੁਟਿਆਰਾਂ ਨੂੰ ਦੇਖੋ ਗਾਣਾ ਬੜਾ ਹੀ ਮਸ਼ਹੂਰ ਸੀ, ਪਰ ਇਸ ਦਾ ਕਾਰਨ ਸਿਰਫ ਮੁਟਿਆਰਾਂ ਸਨ, ਉਨ੍ਹਾਂ ਦਾ ਰੋੜੀ ਕੁੱਟਣਾ ਨਹੀਂ ਸੀ। ਲੋਕਾਂ ਦੇ ਮਨਾਂ ਵਿਚ ਇਹ ਗਾਣਾ ਏਨਾ ਹੀ ਉਤਸ਼ਾਹ ਜਗਾਉਂਦਾ ਕਿ ਬਸ ਮੁਟਿਆਰਾਂ ਨੂੰ ਦੇਖੋ। ਅੱਜ ਮੈਂ ਸੋਚਦਾ ਹਾਂ ਕਿ ਉਦੋਂ ਸਾਡੇ ਲੋਕਾਂ ਵਿਚ ਜਹਾਲਤ ਕਿੰਨੀ ਕੁੱਟ-ਕੁੱਟ ਕੇ ਭਰੀ ਹੋਈ ਸੀ ਕਿ ਉਹ ਤਰਸ ਵਿੱਚੋਂ ਵੀ ਹਿਰਸ ਦੇ ਅੰਸ਼ ਲੱਭ ਲੈਂਦੇ ਸਨ। ਵਿਚਾਰੇ ਕਾਮਰੇਡਾਂ ਨੂੰ ਇਲਮ ਤੱਕ ਨਹੀਂ ਸੀ ਕਿ ਸਾਡੇ ਲੋਕਾਂ ਦੀ ਮਾਨਸਿਕਤਾ ਕਿੱਥੇ ਫਸੀ ਹੋਈ ਹੈ।

ਫਿਰ ਇਕ ਨਵੀਂ ਪਾਰਟੀ ਦਾ ਜਨਮ ਹੋਇਆ, ਜਿਸ ਦਾ ਨਾਂਅ ਆਮ ਆਦਮੀ ਪਾਰਟੀ ਰੱਖਿਆ ਗਿਆ। ਹਿੰਦੁਸਤਾਨ ਵਿਚ ਹੋਏ ਵਿਕਾਸ ਕਾਰਨ ਇੱਥੇ ਮਿਡਲ ਕਲਾਸ ਦਾ ਵਧੇਰੇ ਵਿਸਤਾਰ ਹੋਇਆ ਹੈ ਤੇ ਮਿਡਲ ਕਲਾਸ ਬੰਦਾ ਹੀ ਆਪਣੇ-ਆਪ ਨੂੰ ਆਮ ਆਦਮੀ ਸਮਝਦਾ ਹੈ, ਪਰ ਇਸ ਪਾਰਟੀ ਨੇ ਚੋਣ ਨਿਸ਼ਾਨ ਉਹ ਚੁਣਿਆ, ਜਿਸ ਨਾਲ ਆਮ ਆਦਮੀ ਦੀ ਬਜਾਏ ਸਭ ਤੋਂ ਹੇਠਲੇ ਵਰਗ ਦੀ ਰੋਟੀ-ਰੋਜ਼ੀ ਜੁੜੀ ਹੋਈ ਹੈ।

ਭਾਰਤੀ ਸਮਾਜ ਦੇ ਸਭ ਤੋਂ ਹੇਠਲੇ ਤਬਕੇ ਦੀ ਰੋਟੀ-ਰੋਜ਼ੀ ਝਾੜੂ ਨਾਲ ਜੁੜੀ ਹੋਈ ਹੈ। ਜਦ ਭਾਰਤੀ ਮੁਲਾਜ਼ਮਾਂ ਦੀ ਸ਼੍ਰੇਣੀ ਵੰਡ ਕੀਤੀ ਗਈ ਤਾਂ ਉਹ ਵੀ ਚਾਰ ਵਰਣਾਂ ਦੀ ਤਰਜ਼ 'ਤੇ ਚਾਰ ਵਰਗਾਂ ਵਿਚ ਹੀ ਹੋਈ। ਹੈਰਾਨੀ ਦੀ ਗੱਲ ਹੈ ਕਿ ਇੱਥੇ ਵੀ ਚੌਥੇ ਦਰਜੇ ਜਾਂ ਵਰਗ ਨੂੰ ਝਾੜੂ ਨਾਲ ਜੋੜ ਦਿੱਤਾ ਗਿਆ। ਪਤਾ ਨਹੀਂ ਕਿ ਇਹ ਝਾੜੂ ਉਨ੍ਹਾਂ ਲੋਕਾਂ ਲਈ ਵਰ ਹੈ ਕਿ ਸਰਾਪ ਹੈ, ਪਰ ਇਹ ਉਨ੍ਹਾਂ ਦੀ ਅੱਜ ਵੀ ਰੋਟੀ-ਰੋਜ਼ੀ ਹੈ। ਇਕ ਹੋਰ ਹੈਰਾਨੀ ਦੀ ਗੱਲ ਹੈ ਕਿ ਜਿਹੜੇ ਲੋਕ ਹਰ ਤਰ੍ਹਾਂ ਦੀ ਸਫਾਈ ਕਰਦੇ ਹਨ, ਉਨ੍ਹਾਂ ਨੂੰ ਹੀ ਗੰਦੇ ਤੇ ਗਏ ਗੁਜ਼ਰੇ ਸਮਝਿਆ ਜਾਂਦਾ ਹੈ।

ਮੈਂ ਬਿਲਕੁਲ ਵੀ ਸਿਆਸੀ ਨਹੀਂ ਹਾਂ ਤੇ ਹਰ ਤਰ੍ਹਾਂ ਦੀ ਸਿਆਸਤ ਤੋਂ ਮੈਂ ਹਮੇਸ਼ਾ ਦੂਰੀ ਬਣਾ ਕੇ ਰੱਖਦਾ ਹਾਂ। ਬੇਸ਼ੱਕ ਮੈਂ ਆਪਣੇ-ਆਪ ਨੂੰ ਨਿਮਾਣਾ ਤੇ ਨਿਤਾਣਾ ਜਿਹਾ ਸਿੱਖ ਸਮਝਦਾ ਹਾਂ। ਪਰ ਮੈਂ ਸਿੱਖ ਸਿਆਸਤ ਨੂੰ ਵੀ ਉਸੇ ਤਰ੍ਹਾਂ ਦੀ ਸਿਆਸਤ ਸਮਝਦਾ ਹਾਂ, ਜਿਸ ਤਰ੍ਹਾਂ ਦੀ ਹਰ ਸਿਆਸਤ ਹੋ ਚੁੱਕੀ ਹੈ। ਇਸ ਲਈ ਕਿਸੇ ਵੀ ਸਿਆਸੀ ਚੋਣ ਨਿਸ਼ਾਨ ਪ੍ਰਤੀ ਮੇਰੇ ਮਨ ਵਿਚ ਕੋਈ ਹੇਜ ਨਹੀਂ ਹੈ। ਮੇਰੀ ਜੇ ਕੋਈ ਸਿਆਸਤ ਹੈ ਤਾਂ ਉਹ ਸਿਰਫ ਅਹਿਸਾਸ ਦੀ ਹੈ। ਅਹਿਸਾਸ ਹੀ ਇਸ਼ਕ ਹੁੰਦਾ ਹੈ ਤੇ ਡਾਕਟਰ ਇਕਬਾਲ ਕਹਿੰਦੇ ਹਨ-ਅਹਿਸਾਸ ਨੂੰ ਬਿਜਲੀ ਹਲਾਲ ਹੈ ਤੇ ਹਾਸਲ ਹਰਾਮ।

ਕਾਮਰੇਡਾਂ ਦੇ ਗਾਣੇ ਮੁਤਾਬਕ ਅੱਜਕੱਲ੍ਹ ਸੜਕ 'ਤੇ ਰੋੜੀ ਕੁੱਟ ਰਹੀਆਂ ਮੁਟਿਆਰਾਂ ਨਜ਼ਰ ਨਹੀਂ ਆਉਂਦੀਆਂ। ਪਰ ਹਰ ਪਾਸੇ ਸਾਨੂੰ ਝਾੜੂ ਮਾਰਦੀਆਂ ਮੁਟਿਆਰਾਂ ਨਜ਼ਰ ਆ ਜਾਂਦੀਆਂ ਹਨ। ਝਾੜੂ ਮਾਰਨ ਵਾਲੀ ਕਿਸੇ ਵੀ ਮੁਟਿਆਰ ਨੂੰ ਪੁੱਛ ਕੇ ਦੇਖੋ ਤਾਂ ਉਹ ਦੱਸੇਗੀ ਕਿ ਹਜ਼ਾਰਾਂ ਸਾਲਾਂ ਤੋਂ ਉਨ੍ਹਾਂ ਦੀ ਰੋਟੀ-ਰੋਜ਼ੀ ਸਿਰਫ ਝਾੜੂ ਨਾਲ ਹੀ ਜੁੜੀ ਹੋਈ ਹੈ। ਕਹਿੰਦੇ ਹਨ ਕਿ ਜਦ ਦਿੱਲੀ ਦੇ ਚਾਂਦਨੀ ਚੌਂਕ ਦੀ ਨਿਸ਼ਾਨਦੇਹੀ ਕਰਨੀ ਸੀ ਤਾਂ ਕਿਸੇ ਝਾੜੂ ਕਰਨ ਵਾਲੀ ਔਰਤ ਨੇ ਹੀ ਦੱਸਿਆ ਸੀ ਕਿ ਜਿਸ ਦਿਨ ਵੀ ਉਥੇ ਕਿਸੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਪਿੰਡ ਨੂੰ ਯਾਦ ਕਰਦਿਆਂ

ਖਿੰਡ ਫਸਿਆ-99

ਵਿਜੈ ਬੰਬੇਲੀ

"ਸਾਡਾ ਸ਼ਿਜਰਾ-ਨਸਬ ਰਾਜਾ ਦਸ਼ਰਥ ਨਾਲ ਮਿਲਦਾ, ਰਾਹੋਂ ਵਾਲੇ ਨਾਨਕਿਆਂ ਦਾ ਮਾਤਾ ਕੌਸ਼ੱਲਿਆ ਨਾਲ। ਅਸੀਂ ਨਾਰੂ ਮੁਸਲਮਾਨ ਹਾਂ, ਹਿੰਦੂ ਰਾਜਪੂਤਾਂ ਤੋਂ ਕਨਵਰਟ ਹੋਏ ਅਤੇ ਨਾਨਕੇ ਘੋੜੇਵਾਹ ਰਾਜਪੂਤਾਂ ਤੋਂ। ਸਾਡੇ ਕੁਨਬੇ ਦਸੂਹਾ ਅਤੇ ਹੁਸ਼ਿਆਰਪੁਰ ਤਹਿਸੀਲਾਂ ਵਿਚ ਵਸਦੇ ਸਨ ਅਤੇ ਘੋੜੇਵਾਹ ਰਾਜਪੂਤਾਂ ਦੇ ਸਤਲੁਜ ਦੇ ਉਰਾਰ ਅਤੇ ਪਰਾਰ, ਗੜ੍ਹਸ਼ੰਕਰ-ਨਵਾਂਸ਼ਹਿਰ ਕੰਨੀ। ਬੜਾ ਮੋਹਤਬਰਾਨ ਸੀ ਸਾਡਾ ਖ਼ਾਨਦਾਨ, ਹਿੰਦੂ-ਮੁਸਲਿਮ ਮਿਲਗੋਭਾ।" ਇਹ ਸੀ ਉਹ ਵਾਰਤਾਲਾਪ, ਜਿਹੜੀ ਬਾਕੌਲ ਰਾਣਾ ਅਜ਼ਹਰ ਖ਼ਾਂ ਵਾਲਿਦ ਰਾਣਾ ਅਰਸ਼ਦ ਖ਼ਾਂ ਹਾਲ ਆਬਾਦ ਉਕਾੜਾ (ਪਾਕਿਸਤਾਨ) ਇਸ ਕਾਲਮ ਦਾ ਕਾਰਨ ਬਣੀ।

? ਫੇਰ ਤਾਂ ਤੁਸੀਂ ਵੀ, ਪਿੱਛਿਓਂ, ਹੁਸ਼ਿਆਰਪੁਰ ਦੇ ਹਰਿਆਣਾ-ਭੂੰਗਾ ਪਿੰਡ ਤੋਂ ਹੋ, ਸਾਡੇ ਪੁਰਖਿਆਂ ਦੇ ਪਿੰਡਾਂ ਵੱਲ ਦੇ।

...ਵਾਰਤਾਕਾਰ ਮੁਸਕਰਾਇਆ।

"ਪਿੰਡ ਨਾ ਆਖੋ ਜੀ, ਕਸਬਾ ਸੀ ਉਹ, ਕਸਬਾ। ਇੱਕ ਨਾਮਵਰ ਕਸਬਾ, ਸ਼ਹਿਰਾਂ ਨੂੰ ਵੀ ਮਾਤ ਪਾਉਂਦਾ। ਅੰਗਰੇਜ਼ਾਂ ਵੇਲੇ ਉਹ ਤਹਿਸੀਲ ਸੀ, ਮਗਰੋਂ ਤੋੜ ਦਿੱਤੀ। ਕਾਰਨ ਲੋਕਾਂ ਦਾ ਬਾਗੀਪੁਣਾ। ਕਿਹੜੀ ਚੀਜ਼ ਨਹੀਂ ਸੀ ਮਿਲਦੀ ਉੱਥੇ।" ਉਹ ਗੱਲ ਟੁੱਕਦਾ ਬੋਲਿਆ।

ਬਹੁਤਿਆਂ ਨੂੰ, ਹੁਣ ਵਾਲੇ ਹਰਿਆਣੀਆਂ ਨੂੰ ਵੀ ਨਹੀਂ ਪਤਾ ਹੋਣਾ ਕਿ ਸਾਡੇ ਹਰਿਆਣਾ ਨੇ ਜੰਗਿ-ਏ-ਆਜ਼ਾਦੀ ਵਿਚ ਵੀ ਉੱਘਾ ਹਿੱਸਾ ਪਾਇਆ ਸੀ। ਗ਼ਦਰ ਪਾਰਟੀ ਵਾਲੇ ਪੰਡਿਤ ਜਗਤ ਰਾਮ ਅਤੇ ਹਰਿਆਣਾ ਲਾਗਲੇ ਹੀ ਗ਼ਦਰੀ ਕੇਦਾਰ ਨਾਥ ਸਮੇਤ। ਇਹੀ ਨਹੀਂ ਉੱਘਾ ਦੇਸ਼ ਭਗਤ ਅਮਰ ਨਾਥ, ਬੰਤ ਰਾਮ, ਦੀਵਾਨ ਚੰਦ, ਹਰਚਰਨ ਦਾਸ, ਹਰਕਿਸ਼ਨ, ਲਛਮਣ ਦਾਸ, ਪੰਡਿਤ ਸ੍ਰੀ ਰਾਮ ਗੋਪਾਲ ਸਮੇਤ ਪ੍ਰਤਾਪ ਸਿੰਘ ਰਾਮਗੜ੍ਹੀਆ। ਇਹ ਨਗਰ ਗ਼ਦਰੀਆਂ, ਕੌਮੀ ਲਹਿਰਾਂ ਅਤੇ ਬੱਬਰ ਅਕਾਲੀਆਂ ਦੀ ਕਰਮ ਭੂਮੀ ਰਿਹਾ ਹੈ। ਮੇਰਾ ਵਾਲਿਦ ਮਾਰਚ 1921 ਵਾਲੀ ਕਾਨਫ਼ਰੰਸ ਦੀ ਹੁੱਬ ਕੇ ਬਾਤ ਪਾਉਂਦਾ ਸੀ, ਜਿਸ ਵਿਚ ਮਹਾਤਮਾ ਗਾਂਧੀ ਆਇਆ। ਹਰਿਆਣਵੀਆਂ ਨੇ 1920-22 ਦੀ ਨਾ-ਮਿਲਵਰਤਨ ਲਹਿਰ, 30-31 ਦੀ ਨਾ-ਫ਼ਰਮਾਨੀ ਅਤੇ 45-46 ਦੀ ਰਾਮਗੜ੍ਹੀਆ ਕਾਨਫ਼ਰੰਸ ਵਿਚ ਅਣਮਿਣਵੀਂ ਸਰਗਰਮੀ ਦਿਖਾਈ ਸੀ, ਇਨ੍ਹਾਂ ਸਾਰੀਆਂ ਲਹਿਰਾਂ ਨਾਲ ਮੁਸਲਮਾਨ ਵੀ ਇੱਕ-ਮੁੱਕ ਸਨ।

ਗੱਲ ਕਰਦਿਆਂ ਉਸ ਦੇ ਕੋਇ ਵਾਰ-ਵਾਰ ਸਿੱਲੇ ਹੋਏ। ਉਹ ਕਦੇ ਬੋਚ-ਬੋਚ ਬੋਲਦਾ ਅਤੇ ਕਦੀ ਬੜਾ ਧੀਮਾ। ਲੱਗਦਾ, ਹਰਿਆਣਾ, ਉਸ ਦੀ ਜੰਮਣ-ਭੋਇੰ, ਉਮਰ ਦੇ ਆਖਰੀ ਪੜਾਅ ਵਿਚ ਵੀ ਉਸ ਦੇ ਜ਼ਿਹਨ ਵਿਚ ਉੱਕਰਿਆ ਹੋਇਆ ਹੈ। ਅਖੀਰ ਉਹ ਇੱਕ ਪੋਟਰੇਟ ਚੁੱਕ ਲਿਆਇਆ। ਆਪਣੇ ਹੱਥੀਂ ਬਣਾਇਆ ਹੋਇਆ, ਤੇਲ ਯੁਕਤ ਰੰਗਾਂ ਵਾਲੀ ਵੱਡ-ਆਕਾਰੀ ਤਸਵੀਰ।

"ਆਹ ਦੀਵਾਨਖਾਨਾ ਹੈ, ਇਸ ਦੇ ਨਾਲ ਹੀ ਸਾਡਾ ਦੋ-ਮੰਜ਼ਿਲਾ ਘਰ ਸੀ। ਨਿਚਲਾ ਹਿੱਸਾ-ਉੱਤਲਾ ਹਿੱਸਾ। ਪੱਛੋਂ ਦੀ ਬਾਹੀ ਮਸਜਿਦ ਸੀ। ਦੀਵਾਨਖਾਨਾ ਉਦੋਂ ਪਿੰਡ ਦੇ ਗੱਭੇ, ਉੱਚੀ ਥਾਂ ਸੀ। ਦੀਵਾਨਖਾਨਾ ਇਵੇਂ ਤਾਮੀਰ ਸੀ ਕਿ ਪਿੰਡ ਦੁਆਲੜੇ ਚੋਆਂ ਵਿਚ ਸਾਰਾ ਸਾਲ ਵਗਦੀਆਂ ਸੀਰਾਂ, ਗਰਮੀਆਂ ਦੀ ਵਗਦੀ ਲੂਅ ਨੂੰ ਨਮ ਕਰਕੇ ਦੀਵਾਨਖਾਨੇ ਨੂੰ ਠੰਢਾ ਕਰੀ ਰੱਖਦੀਆਂ। ਇੱਧਰੋਂ ਮੰਦਰ ਦੀਹਦਾ ਸੀ, ਮਾਂ ਕੋਠੇ ਚੜ੍ਹ ਮੰਦਰ ਨੂੰ ਵੀ ਨਮਸ਼ਕਾਰਦੀ। ਹਿੰਦੂ, ਮਸਜਿਦ ਆਉਂਦੇ ਤੇ ਅਸੀਂ ਮੰਦਰ। ..ਉੱਤਲੀ ਛੱਤ ਤੋਂ ਪਹਾੜ ਵੀ ਦੀਹਦੇ ਸਨ, ਮਸਾਂ ਚਾਰ-ਪੰਜ ਕੋਹ ਦੂਰ। ਹਰਿਆਲੇ, ਸ਼ਾਹ-ਸ਼ਬਜ। ਬ੍ਰਿਛਾਂ, ਜਾਨਵਰਾਂ ਅਤੇ ਜੰਗਲੀ-ਫ਼ਲਾਂ ਨਾਲ ਲਬਾ-ਲਬ। ਇਸ ਪਾਸੇ ਦਰੱਖ਼ਤਾਂ ਦੇ ਓਹਲੇ ਕਾਰਨ ਪਾਰਲਾ ਹਿੰਦੂ-ਠਠਿਆਰਾਂ ਦਾ ਮੁਹੱਲਾ ਨਹੀਂ ਸੀ ਦੀਹਦਾ। ਠਠਿਆਰਾਂ ਦੀ ਠੱਕ-ਠੱਕ ਨਿਰੰਤਰ ਸੁਣਦੀ, ਕਦੇ ਧੀਮੀ ਅਤੇ ਕਦੀ ਖੜਕਵੀਂ। ਨਾਲ ਲੱਗਦੇ ਹੀ ਮੁਸਲਿਮ ਜੁਲਾਹਿਆਂ ਦੇ ਘਰ ਸਨ, ਖੇਸ-ਖੱਦਰ ਵਿਚ ਬੜੇ ਮਹਾਰਥੀ। ਕੁੱਝ ਘਰ ਨਿਰੋਲ ਬਹੁ-ਰੰਗੀ ਪਟਕੇ ਬੁਣਦੇ। ਪਠਾਣ ਸਿਰ ਉੱਤੇ ਬੰਨ੍ਹਦੇ ਸਨ, ਉਨ੍ਹਾਂ ਨੂੰ। ਧੁਰ ਪਿਸ਼ੌਰ ਤੱਕ ਮਸ਼ਹੂਰ ਸਨ, ਸਾਡੇ ਇਹ ਬੁਣਕਰ। ਬੜੇ ਸ਼ਰੀਫ਼, ਭਲੇਮਾਨਸ। ਕਿਸੇ ਨੂੰ ਉਏ ਨੀ ਸੀ ਕਹਿੰਦੇ। ..ਵੰਡ ਵੇਲੇ ਜ਼ਿਆਦਾ ਨੁਕਸਾਨ ਕੰਮੀ-ਕਮੀਣ ਲੋਕਾਂ ਦਾ ਹੀ ਹੋਇਆ। ਸਾਨੂੰ ਜ਼ਿਮੀਦਾਰਾਂ ਨੂੰ ਤਾਂ ਭੋਇੰ ਵੱਟੇ ਭੋਇੰ ਮਿਲ ਗਈ, ਪਰ ਛੋਟੇ ਹਟਵਾਣੀਏਂ ਅਤੇ ਕਿਰਤੀਆਂ-ਸ਼ਿਲਪੀਆਂ ਨੂੰ ਪੈਰਾਂ ਸਿਰ ਹੋਣ ਲਈ ਬੜੀ ਘਾਲਣਾ ਘਾਲਣੀ ਪਈ। ਵੱਡਿਆਂ ਦਾ ਬਹੁਤਾ ਨਾ ਵਿਗੜਿਆ, ਛੋਟੇ ਮਸਾਂ ਤਾਬੇ ਆਏ। ਇਨ੍ਹਾਂ ਜੁਲਾਹਿਆਂ ਦੇ ਤੁਰ ਜਾਣ ਪਿੱਛੋਂ ਠਠਿਆਰਾਂ ਦੇ ਮਹੱਲੇ 'ਚ ਮਹੀਨਿਆਂਬੱਧੀ, ਠੱਕ-ਠੱਕ ਦੀ ਬਜਾਏ, ਠਠਿਆਰਨਾਂ ਦੀਆਂ ਸਿਸਕੀਆਂ ਸੁਣਾਈ ਦਿੰਦੀਆਂ ਰਹੀਆਂ। ਧੜਵੈਲ ਹੋਣ ਦੇ ਬਾਵਜੂਦ ਸਾਡੇ ਪੁਰਖਿਆਂ ਦੇ ਹਿੰਦੂ ਠਠਿਆਰਾਂ ਤੇ ਮੁਸਲਿਮ ਜੁਲਾਹਿਆਂ ਨਾਲ ਵੀ ਬੜੇ ਨਿੱਘੇ ਸੰਬੰਧ ਸਨ। ਗੁਆਂਢੀ ਜੁ ਹੋਏ, ਰਿਸ਼ਤੇਦਾਰਾਂ ਤੋਂ ਵੀ ਉੱਚੇ।" ਉਸ ਦਾ ਗੱਚ ਭਰ ਆਇਆ।

"ਇਹ ਪੋਟਰੇਟ ਪੂਰੀ ਨਹੀਂ ਬਣੀ, ਜਿੰਨਾ ਕੁ ਮੈਨੂੰ ਯਾਦ ਹੈ, ਇਹ ਅਧੂਰੀ ਹੈ। ਦਰਅਸਲ ਸਾਡੇ ਘਰ, ਖ਼ਾਸ ਕਰ ਮੁਹੱਲੇ ਦਾ, ਪੂਰਾ ਖ਼ਾਕਾ ਖਿੱਚਿਆ ਹੀ ਨਹੀਂ ਸੀ ਜਾ ਸਕਦਾ। ਉਸਾਰੀਆਂ ਹੀ ਇਵੇਂ ਸਨ, ਨਾ ਫੋਟੋਗਰਾਫ਼ੀ ਕੀਤੀ ਜਾ ਸਕਦੀ ਸੀ ਅਤੇ ਨਾ ਹੀ ਉਦੋਂ ਹਵਾਈ ਕੈਮਰੇ ਹੁੰਦੇ ਸਨ। ਹਾਂ, ਮਾਡਲ-ਤਸਵੀਰ ਬਣਾ ਕੇ ਸਮਝਾਇਆ ਜਾ ਸਕਦਾ, ਸਾਰਾ ਕੁੱਝ। ਘਰ ਅਤੇ ਹਰਿਆਣਾ, ਕਦੇ-ਕਦੇ ਸੁਪਨੇ ਵਿਚ ਮੇਰੇ ਸਾਹਵੇਂ ਆ ਖੜੋਂਦੇ ਨੇ। ਮੈਂ ਮਾਡਲ ਜ਼ਰੂਰ ਬਣਵਾਵਾਂਗਾ।" ਉਹ ਫਿਰ ਫਿਸ ਪਿਆ।

"ਹਾਂ, ਇੱਕ ਗੱਲ ਮੈਂ ਦੱਸਣੀ ਹੀ ਭੁੱਲ ਗਿਆ। ਬੜੀ ਮਹੱਤਵਪੂਰਨ ਹੈ ਉਹ ਗੱਲ। ਉਦੋਂ ਲਈ ਵੀ ਤੇ ਅੱਜ ਲਈ ਵੀ।" ਉਹ ਚਹਿਕ ਉੱਠਿਆ। ਹਰਿਆਣਾ ਵਿਖੇ ਹਿੰਦੂ-ਮੁਸਲਿਮਾਂ ਦਾ ਸਾਂਝਾ ਨੈਸ਼ਨਲ ਸਕੂਲ ਖੋਲ੍ਹਿਆ ਗਿਆ। ਸ਼ੁਰੂ ਵਿਚ ਲੋਅਰ ਮਿਡਲ, ਛੇਤੀ ਮਗਰੋਂ ਉੱਚ। ਉਦੋਂ ਸ਼ਾਇਦ ਇਹ ਪੂਰੇ ਭਾਰਤ ਵਿਚ ਦੋ ਮੁੱਖ ਕੌਮਾਂ ਦਾ ਇੱਕੋ-ਇੱਕ ਸਾਂਝਾ ਸਕੂਲ ਸੀ। ਸਕੂਲ ਲਈ ਜ਼ਮੀਨ ਅਸੀਂ, ਨਾਰੂ ਮੁਸਲਮਾਨਾਂ ਨੇ ਦਿੱਤੀ ਸੀ ਅਤੇ ਸਕੂਲ ਬਣਾਉਣ ਦਾ ਮਸ਼ਵਰਾ ਇੱਕ ਹਿੰਦੂ, ਪੰਡਿਤ ਹਰਚਰਨ ਦਾਸ ਵੱਲੋਂ ਸੀ। ਮਗਰੋਂ ਕਈ ਰਲ ਗਏ, ਪਰ ਸ਼ੁਰੂਆਤ ਵਿਚ ਉਸ ਲਾ-ਬਲਦ ਲਾਲੇ ਨੇ ਆਪਣਾ ਘਰ ਤੱਕ ਵੇਚ ਕੇ, ਚਾਰ ਆਲੀਸ਼ਾਨ ਕਮਰੇ ਵੀ ਬਣਾ ਕੇ ਦਿੱਤੇ। ਜ਼ੈਲਦਾਰ ਰਾਣਾ ਫ਼ਜ਼ਲ ਮੁਹੰਮਦ ਖਾਂ ਭਾਵੇਂ ਇਸ ਦੇ ਮੋਹਰੀਆਂ ਵਿੱਚੋਂ ਸੀ, ਪਰ ਹਿੰਦੂ-ਸਿੱਖ ਅਤੇ ਮੁਸਲਿਮਾਂ ਦੀ ਸਾਂਝੀ ਕਮੇਟੀ ਹੀ ਸਰਬ ਉੱਚ ਸੀ। ਲਾਲਾ ਮਦਨ ਲਾਲ ਚੱਢਾ, ਜਿਹੜੇ ਪਿੱਛਿਓਂ ਭਾਟੀ ਦਰਵਾਜਾ ਲਾਹੌਰ ਤੋਂ ਸਨ, ਇਸ ਦੇ ਪਹਿਲੇ ਮੁਖੀ ਸਨ। ਮੈਂ ਉਨ੍ਹਾਂ ਵਰਗੀ ਪ੍ਰਭਾਵਸ਼ਾਲੀ ਅਤੇ ਤਾਕਤਵਰ ਸ਼ਖ਼ਸੀਅਤ ਅੱਜ ਤੱਕ ਨਹੀਂ ਦੇਖੀ। ...ਸਪੱਸ਼ਟ ਵਿਚਾਰ ਸੀ ਕਿ ਹਿੰਦੂ-ਮੁਸਲਿਮ 'ਬੱਚੇ ਕੱਠੇ ਤਾਲੀਮ ਲੈਣਗੇ ਤਾਂ ਨਾ ਸਿਰਫ਼ ਆਪਸੀ ਅਪਣੱਤ ਵਧੇਗੀ, ਸਗੋਂ ਆਜ਼ਾਦੀ ਲਈ ਸਾਂਝੀ ਸੂਝ ਵੀ। ਬਹੁਤੇ ਮਾਸਟਰ ਹਿੰਦੂ ਸਨ, ਦੋ-ਚਾਰ ਮੁਸਲਿਮ। ਸੈਕੰਡ ਹੈਡਮਾਸਟਰ, ਮੌਲਾ ਰਹਿਮ ਦੀਨ, ਮੇਰਠ (ਯੂ ਪੀ) ਤੋਂ ਸੀ। ਬੜਾ ਸੈਕੂਲਰ ਅਤੇ ਦੇਸ਼ ਪੱਖੀ। ਮਗਰੋਂ ਪਤਾ ਲੱਗਾ ਇਨਕਲਾਬੀਆਂ ਨਾਲ ਉਸ ਦੇ ਭੇਤ-ਭਰੇ ਸੰਬੰਧ ਸਨ। ਕਿਆ ਮੁਜੱਸਮਾ ਸੀ ਹਿੰਦੂ-ਮੁਸਲਿਮਾਂ ਦਾ ਇਹ ਸਾਂਝਾ-ਮੀਝਾਂ ਸਕੂਲ। ਇਸੇ ਕਾਰਨ ਮਾਰਚ ਇੱਕੀ ਨੂੰ, ਇੱਧਰ ਦੁਆਬੇ ਵੱਲ ਆਇਆ ਮਹਾਤਮਾ ਗਾਂਧੀ ਵੀ ਇਹ ਸਕੂਲ ਵੇਖਣ ਹਰਿਆਣਾ ਪੁੱਜਾ ਸੀ।" ਉਹ ਫਿਰ ਅਤੀਤ ਵਿਚ ਡੁੱਬ ਗਿਆ।

"ਮੈਂ ਉਦੋਂ ਅੱਠਵੀਂ ਕਰ ਲਈ ਸੀ, ਨੌਂਵੀਂ ਵਿਚ ਦਾਖ਼ਲਾ ਵੀ ਮਿਲ ਗਿਆ ਸੀ, ਜਦ ਪਾਕਿਸਤਾਨ ਦਾ ਐਲਾਨ ਹੋਇਆ। ਅਸੀਂ ਤਾਂ ਕੀ, ਉੱਧਰਲੇ ਬਹੁਤੇ ਮੁਸਲਮਾਨ ਵੀ ਪਾਕਿਸਤਾਨ ਦੇ ਹੱਕ ਵਿਚ ਨਹੀਂ ਸਨ। ਸਾਰਾ ਹਰਿਆਣਾ ਸਾਡੀ ਜਾਇਦਾਦ ਸੀ, ਹਿੰਦੂਆਂ ਦੇ ਸਿਰਫ਼ ਘਰ ਸਨ ਜਾਂ ਫਿਰ ਦੁਕਾਨਾਂ। ਉਦੋਂ ਹਰਿਆਣੇ ਵਿਚ ਬਹੁਤਾ ਕਰਕੇ ਨਾਰੂ ਮੁਸਲਿਮ ਅਤੇ ਹਿੰਦੂ ਬ੍ਰਾਹਮਣ-ਖੱਤਰੀ ਹੀ ਸਨ। ਵੰਡ ਵੇਲੇ ਜ਼ੈਲਦਾਰ ਰਾਣਾ ਮੁਹੰਮਦ ਖਾਂ, ਨੰਬਰਦਾਰ ਰਾਣਾ ਨਜ਼ੀਰ ਖਾਂ ਅਤੇ ਸਫ਼ੈਦਪੋਸ਼ ਰਾਣਾ ਗੌਸ ਖਾਂ ਸਾਡੇ ਵਿੱਚੋਂ ਹੀ ਸਨ। ਇਹ ਭਾਵੇਂ ਸਰਕਾਰੀਏ-ਦਰਬਾਰੀਏ ਸਨ, ਪਰ ਸਨ ਮੁਲਕ ਪੱਖੀ। ਵੱਡੇ ਰੌਲਿਆਂ ਵੇਲੇ ਇਨ੍ਹੀ ਗ਼ਦਰੀ ਜਗਤ ਰਾਮ ਵਰਗਿਆਂ ਨਾਲ ਮਿਲ ਕੇ ਅਮਨ ਕਮੇਟੀ ਬਣਾਈ ਸੀ। ਚਾਰ ਪੱਤੀਆਂ ਮੁਸਲਮਾਨਾਂ ਦੀਆਂ ਸਨ, ਦੋ ਹਿੰਦੂਆਂ ਤੇ ਹੋਰ ਜਾਤਾਂ ਦੀਆਂ। ਧੜਵੈਲ ਹੋਣ ਦੇ ਬਾਵਜੂਦ ਆਲੇ-ਦੁਆਲੇ ਦੀਆਂ ਅਫ਼ਵਾਹਾਂ ਨੇ ਸਾਡਾ ਤਰਾਹ ਕੱਢ ਦਿੱਤਾ। ਮਜਬੂਰਨ ਸਾਨੂੰ ਵੀ ਉੱਜੜਨਾ ਪਿਆ। ਨਸਰੂਲਾ ਖਾਂ, ਜਿਹੜਾ ਮਗਰੋਂ ਪਾਕਿਸਤਾਨ ਵਿਚ ਮੁਸਲਿਮ ਲੀਗ ਵੱਲੋਂ ਮੈਂਬਰ ਪਾਰਲੀਮੈਂਟ ਬਣਿਆ ਉਹ ਵੀ ਹਰਿਆਣਾ ਤੋਂ ਸੀ। ਵੰਡ ਤੋਂ ਪਹਿਲਾਂ ਜਫ਼ੇਦਾਰ ਖਾਨ ਇੱਧਰ ਉਕਾੜੇ ਪੁਲਸ ਕਪਤਾਨ ਸੀ ਅਤੇ ਲਾਹੌਰ ਵਾਲੇ ਵੱਡੇ ਰਿਫ਼ਿਊਜੀ ਵਾਲਟਨ ਕੈਂਪ ਦਾ ਇੰਚਾਰਜ ਮਹਿਮੂਦ ਖ਼ਾਨ ਵੀ ਇਸੇ ਹਰਿਆਣਾ ਦਾ ਸੀ। ਪੈਂਹਟ ਦੀ ਜੰਗ ਵਿਚ ਪੈਟਨ ਟੈਂਕਾਂ ਵਾਲਾ ਜਨਰਲ ਬਖਤਿਆਰ ਖਾਂ ਤਾਂ ਸਾਡਾ ਚਾਚਾ ਹੀ ਲੱਗਦਾ ਸੀ, ਜਿਸ ਨੇ ਪਾਕਿਸਤਾਨ ਦਾ ਜ਼ਮੀਨੀ ਫੌਜ ਦਾ ਮੁਖੀ ਬਣਨਾ ਸੀ, ਪਰ ਤਿਕੜਮਬਾਜ਼ੀਆਂ ਨਾਲ ਬਣ ਗਿਆ ਅਯੂਬ ਖਾਨ।" ਖ਼ੂਬੀਆਂ ਦੱਸਦਾ ਵੀ ਉਹ ਅਸਹਿਜ ਮਹਿਸੂਸ ਕਰ ਰਿਹਾ ਸੀ।

? ਇਹ ਤਾਂ ਤੁਸੀਂ ਦੱਸਿਆ ਹੀ ਨਹੀਂ ਕਿ ਮਗਰੋਂ ਭੁੱਟੋ ਵੇਲੇ, ਤੁਸੀਂ ਵੀ ਪਾਕਿਸਤਾਨ ਪੰਜਾਬ ਅਸੈਂਬਲੀ ਦੇ ਮੈਂਬਰ (ਐੱਮ ਪੀ ਏ) ਬਣੇ ਸੀ।

"ਹਾਂ, ਇਹ ਵੀ ਠੀਕ ਹੈ, ਦਰਅਸਲ ਹਾਲਾਤ ਵੱਸ, ਵੱਖ-ਵੱਖ ਪੜ੍ਹਾਈਆਂ ਉਪਰੰਤ ਕੀਤੀ ਵਕੀਲੀ ਤੇ ਸਮਾਜ-ਸੇਵਕੀ ਮੈਨੂੰ ਇਸ ਰਾਹ ਲੈ ਆਈ। ਮੈਂ ਮਾਸਟਰ ਬਣਨਾ ਚਾਹੁੰਦਾ ਸੀ। ਹਰਿਆਣਾ ਦੇ ਮਾਸਟਰ ਮੈਨੂੰ ਅੱਜ ਵੀ ਬੜਾ ਯਾਦ ਆਉਂਦੇ ਹਨ। ਸਾਡੀ ਸ਼ਖ਼ਸੀਅਤ ਘੜਨ ਵਿਚ ਉਨ੍ਹਾਂ ਦਾ ਬੜਾ ਹੱਥ ਹੈ। ਮਾਸਟਰ ਪਿੰਡੀ ਦਾਸ, ਮੰਗਤ ਰਾਮ, ਇੱਕ ਹਿੰਦੂਆਂ ਵਿੱਚੋਂ ਸਾਇੰਸ ਅਧਿਆਪਕ, ਫੇਰ ਸਿੱਖਾਂ ਵਿੱਚੋਂ ਸਰ ਰਾਮ ਸਿੰਘ, ਜਗਤ ਸਿੰਘ, ਮੰਗਤ ਸਿੰਘ ਮਾਸਟਰ। ਇਤਿਹਾਸਕਾਰ ਗੰਢਾ ਸਿੰਘ ਵੀ ਸਾਡੇ ਸਕੂਲ ਦਾ ਵਿਦਿਆਰਥੀ ਰਿਹਾ, ਸ਼ਾਇਦ ਤਵਾਰੀਖੀਆਂ ਪ੍ਰੋ. ਬਖ਼ਸ਼ੀਸ਼ ਸਿੰਘ ਨਿੱਜਰ ਵੀ। ਮੈਨੂੰ ਆਪਣੇ ਜਮਾਤੀ ਨਲੋਈਆਂ ਪਿੰਡ ਦਾ ਭਗਤ ਸਿੰਘ, ਬਚਨ ਸਿੰਘ ਬੜੇ ਯਾਦ ਆਉਂਦੇ ਹਨ। ਗਰੀਬ ਘਰਾਂ ਤੋਂ ਸਨ ਦੋਵੇਂ। ਹੁਸ਼ਿਆਰ ਸਨ। ਅਕਸਰ ਦੁਪਹਿਰ ਦਾ ਖਾਣਾ ਸਾਡੇ ਘਰਾਂ ਵਿਚ ਹੁੰਦਾ ਸੀ ਉਨ੍ਹਾਂ ਦਾ। ਹਦਾਇਤ ਸੀ, ਪਿੰਡੋਂ ਰੋਟੀ ਨ੍ਹੀਂ ਲਿਆਉਣੀ। ਜਮਾਤੀ ਸੁਸ਼ੀਲ ਤਾਂ ਚੱਤੋ-ਪਹਿਰ ਰਹਿੰਦਾ ਹੀ ਮੇਰੇ ਨਾਲ ਸੀ, ਜਿਸ ਦਾ ਵੱਡਾ ਭਾਈ ਸੁਰੇਸ਼ ਟਾਪਰ ਸੀ। ਪਤਾ ਨੀ ਮੋਏ ਹਨ ਜਾਂ ਵੱਸਦੇ ਹਨ। ਬੜੀ ਤਰੱਕੀ ਕੀਤੀ ਹੋਵੇਗੀ ਉਨ੍ਹਾਂ ਦੀ ਔਲਾਦ ਨੇ ।" ਉਸ ਦੀਆਂ ਅੱਖਾਂ ਫੇਰ ਨਮ ਸਨ।

ਕਦੇ ਭਾਰਤ ਨ੍ਹੀ ਗਏ?

"ਹਾਂ ..ਕਈ ਵਾਰ ਕੋਸ਼ਿਸ਼ ਕੀਤੀ, ਪਰ .." ਉਸ ਹੁੱਬਕੀ ਲਈ। ... "ਮੈਂ ਜਾਣਾ ਚਾਹੁੰਦਾ ਸੀ, ਹੁਣ ਵੀ ਚਾਹੁੰਦਾ ਹਾਂ। ਹਰਿਆਣਾ ਦੀ ਮਿੱਟੀ ਨੂੰ ਮੱਥੇ ਲਾਉਣ, ਡੰਡੋਤ-ਬੰਦਨਾ ਕਰਨ। ..ਪੂਰੇ ਹਰਿਆਣੇ ਦਾ ਨਾ ਵੀ ਸਹੀ, ਪਰ ਮੈਂ ਆਪਣੇ ਘਰ, ਦੀਵਾਨਖਾਨੇ ਦੀਆਂ ਰੌਣਕਾਂ ਦਾ ਇੱਕ ਮਾਡਲ, ਉੱਥੇ ਖੜ੍ਹ ਕੇ ਬਣਾਉਣਾ ਚਾਹੁੰਦਾ ਹਾਂ, ਆਪਣੇ ਵਾਰਸਾਂ ਨੂੰ ਦੱਸਣ-ਸਮਝਾਉਣ ਲਈ ਕਿ ਘਰ, ਮੁਹੱਲੇ ਅਤੇ ਗਰਾਂ ਵਿਚ ਕੋਈ ਭੇਦ-ਭਾਵ ਨਹੀਂ ਸੀ। ਸਭ ਬਰੋ-ਬਰਾਬਰ ਸਨ। ਹਿੰਦੂਆਂ-ਸਿੱਖਾਂ ਦੇ ਪੁੱਤ ਸਾਨੂੰ ਓਮ, ਇੱਕ ਓਕਾਂਰ-ਸਤਿਨਾਮ ਲਿਖਣਾ ਸਿਖਾਉਂਦੇ ਤੇ ਅਸੀਂ ਉਨ੍ਹਾਂ ਨੂੰ ਅੱਲਾਹ-ਹੂ-ਅਕਬਰ।" ਹੁਣ ਉਸ ਦੀ 'ਵਾਜ਼ ਬੜੀ ਧੀਮੀ ਸੀ।

"ਭਲਾ, ਮੁੰਡਿਆ! ਮੇਰੀ ਮਿੱਟੀ ਹਰਿਆਣਾ ਨਹੀਂ ਪੈ ਸਕਦੀ, ਸਾਡੇ ਬਜ਼ੁਰਗ ਉਸ ਧਰਤੀ ਨੂੰ ਤਰਸਦਿਆਂ ਤੁਰ ਗਏ।" ਇਹ ਕਹਿੰਦਿਆਂ ਉਹ ਧਾਹੀਂ ਰੋ ਪਿਆ।

ਮੋਬਾ. 94634-39075

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

ਸਤਲੁਜ ਤੋਂ ਜਮਨਾ ਤੱਕ ਸਿੱਖ ਰਿਆਸਤਾਂ ਦਾ ਲੇਖਾ-ਜੋਖਾ

ਫੋਕਸ

ਚਰਚਾ ਇੱਕ ਪੁਸਤਕ ਦੀ

ਡਾ. ਪਰਮਜੀਤ ਢੀਂਗਰਾ



ਰਾਜੇ ਭੂਰਿਆਂ ਵਾਲੇ

(ਖੋਜ)

ਗੁਰਦੇਵ ਸਿੰਘ ਸਿੱਧੂ

ਸਫ਼ੇ 284, ਮੁੱਲ 399 ਰੁਪਏ


ਆਟਮ ਆਰਟ, ਪਟਿਆਲਾ

ਇਤਿਹਾਸ ਆਪਣੇ-ਆਪ ਵਿਚ ਬਹੁ-ਪਰਤੀ ਤੇ ਬਹੁ-ਦਿਸ਼ਾਵੀ ਹੁੰਦਾ ਹੈ। ਆਮ ਕਰਕੇ ਇਤਿਹਾਸ ਬਾਰੇ ਬਣੀਆਂ ਧਾਰਨਾਵਾਂ ਤੇ ਦ੍ਰਿਸ਼ਟੀਆਂ ਕਦੇ ਵੀ ਸਥਿਰ ਨਹੀਂ ਹੁੰਦੀਆਂ। ਪਹਿਲੀ ਗੱਲ ਤਾਂ ਇਹ ਕਿ ਜਦੋਂ ਨਵੇਂ ਇਤਿਹਾਸਕ ਤੱਥ ਜਾਂ ਖੋਜ-ਵੇਰਵੇ ਸਾਹਮਣੇ ਆ ਜਾਂਦੇ ਹਨ ਤਾਂ ਪਹਿਲਾਂ ਬਣੀਆਂ ਧਾਰਨਾਵਾਂ ਵਿਚ ਤਬਦੀਲੀ ਜ਼ਰੂਰੀ ਹੈ। ਦੂਜਾ ਜਦੋਂ ਕੋਈ ਵਿਦੇਸ਼ੀ ਵਿਅਕਤੀ ਦੇਸੀ ਇਤਿਹਾਸ ਬਾਰੇ ਲਿਖ ਰਿਹਾ ਹੈ ਤਾਂ ਉਹਦੇ ਕੋਲ ਨਿੱਜੀ ਦੀ ਬਜਾਏ ਕਿਤਾਬੀ ਜਾਣਕਾਰੀ ਜਾਂ ਦੂਜੇ ਸ੍ਰੋਤ ਹੋਣਗੇ ਤੇ ਹੋ ਸਕਦੈ ਉਹ ਪੇਸ਼ਕਾਰੀ ਵੇਲੇ ਉਨ੍ਹਾਂ ਨੂੰ ਆਪਣੀ ਦ੍ਰਿਸ਼ਟੀ ਅਨੁਸਾਰ ਪੇਸ਼ ਕਰੇ। ਤੀਸਰਾ ਜਦੋਂ ਇਤਿਹਾਸ ਲਿਖੇ ਜਾਂਦੇ ਹਨ ਤਾਂ ਕਈ ਵਾਰ ਕੁਝ ਪਰਤਾਂ ਪ੍ਰਤੀ ਅਣਗਹਿਲੀ ਵਰਤ ਲਈ ਜਾਂਦੀ ਹੈ ਤੇ ਪ੍ਰਮੁੱਖ ਘਟਨਾਵਾਂ, ਸਥਿਤੀਆਂ ਤੇ ਇਤਿਹਾਸਕ ਵਿਅਕਤੀਆਂ 'ਤੇ ਫੋਕਸੀਕਰਨ ਕਰ ਲਿਆ ਜਾਂਦਾ ਹੈ। ਚੌਥਾ ਇਤਿਹਾਸ ਲਿਖਣ ਵੇਲੇ ਉਸ ਸਮੇਂ ਦੀ ਸੱਤਾ ਨੂੰ ਵੀ ਧਿਆਨ ਵਿਚ ਰੱਖਣ ਦਾ ਰਿਵਾਜ ਹੈ। ਜਿਵੇਂ ਅੱਜਕੱਲ੍ਹ ਇਤਿਹਾਸ ਨੂੰ ਮਰੋੜੀਆਂ ਦੇ ਕੇ ਸੱਤਾ ਦੇ ਕੱਦ ਦਾ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਵੀ ਕੁਝ ਹੋਰ ਕਾਰਕ ਹੋ ਸਕਦੇ ਹਨ, ਪਰ ਸਭ ਤੋਂ ਜ਼ਰੂਰੀ ਹੈ ਕਿ ਇਤਿਹਾਸ ਪ੍ਰਤੀ ਤੱਥਮੂਲਕ ਦੇ ਨਾਲ-ਨਾਲ ਨਿਰਪੱਖ ਦ੍ਰਿਸ਼ਟੀ ਨੂੰ ਧਿਆਨ ਵਿਚ ਰੱਖਿਆ ਜਾਵੇ। ਇਸ ਪੱਖੋਂ ਹਥਲੀ ਪੁਸਤਕ ਪ੍ਰਸ਼ੰਸਾ ਦੀ ਪਾਤਰ ਹੈ, ਕਿਉਂਕਿ ਲੇਖਕ ਨੇ ਇਤਿਹਾਸਕ ਤੱਥਾਂ, ਵਿਅਕਤੀਆਂ ਤੇ ਨਾਵਾਂ, ਥਾਵਾਂ ਦੀ ਪੇਸ਼ਕਾਰੀ ਲਈ ਬੜੀ ਸੂਝਬੂਝ ਤੋਂ ਕੰਮ ਲਿਆ ਹੈ।

ਸਿੱਖ ਧਰਮ ਮੁੱਢ ਤੋਂ ਹੀ ਨਾਬਰੀ ਵਾਲੇ ਪ੍ਰਵਚਨ ਦਾ ਜੋਟੀਦਾਰ ਰਿਹਾ ਹੈ। ਪਹਿਲੇ ਪੰਜ ਗੁਰੂ ਸਾਹਿਬਾਨ ਨੇ ਇਸ ਦੀ ਨੀਂਹ ਪੱਕੀ ਕਰਨ ਤੇ ਵਿਲੱਖਣ ਵਿਚਾਰਧਾਰਾ ਨੂੰ ਦੁਨੀਆ ਵਿਚ ਫੈਲਾਉਣ ਲਈ ਸ਼ਬਦ ਗੁਰੂ ਦਾ ਪ੍ਰਚਾਰ ਕੀਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਧਰਮ ਵਿਚ ਸ਼ਹੀਦੀ ਦਾ ਰੁਤਬਾ ਬੁਲੰਦ ਹੁੰਦਾ ਹੈ ਤੇ ਆਉਣ ਵਾਲੇ ਸਮੇਂ ਵਿਚ ਸਿੱਖ ਅਵਾਮ ਸ਼ਹੀਦੀਆਂ ਤੇ ਜੰਗਾਂ-ਯੁੱਧਾਂ ਲਈ ਹਕੂਮਤਾਂ ਦੇ ਜਬਰ ਦਾ ਮੁਕਾਬਲਾ ਕਰਦਾ ਮਾਰਸ਼ਲ ਕੌਮ ਵਜੋਂ ਸਥਾਪਤ ਹੁੰਦਾ ਹੈ। ਇਸ ਦੇ ਨਾਲ ਹੀ ਸਿੱਖ ਅਵਾਮ ਅੰਦਰ ਰਾਜ ਕਰਨ ਤੇ ਆਪਣੀ ਚੜ੍ਹਤ ਦੀ ਸੱਤਾ ਕਾਇਮ ਕਰਨ ਦਾ ਖਿਆਲ ਉਪਜਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਹਲੀਮੀ ਸਿੱਖ ਰਾਜ ਦੀ ਨੀਂਹ ਰੱਖੀ, ਜੋ ਸਿੱਖ ਆਦਰਸ਼ ਸੀ।

ਹੱਥਲੀ ਪੁਸਤਕ ਵਿਚ ਲੇਖਕ ਨੇ ਸਤਲੁਜ ਤੋਂ ਜਮਨਾ ਤੱਕ ਸਥਾਪਤ ਹੋਈਆਂ ਸਿੱਖ ਰਿਆਸਤਾਂ ਦੇ ਗਠਨ ਤੇ ਵਿਘਟਨ ਨੂੰ ਇਤਿਹਾਸਕ ਪਰਿਪੇਖ ਵਿਚ ਸਮਝਣ ਦਾ ਯਤਨ ਕੀਤਾ ਹੈ। ਇਹਦੇ ਬਾਰੇ ਲੇਖਕ ਲਿਖਦਾ ਹੈ-1764 ਵਿਚ ਸਿੱਖ ਸਰਦਾਰਾਂ ਵੱਲੋਂ ਅਹਿਮਦ ਸ਼ਾਹ ਦੁੱਰਾਨੀ ਵੱਲੋਂ ਥਾਪੇ ਸਰਹਿੰਦ ਦੇ ਸੂਬੇਦਾਰ ਨੂੰ ਹਰਾਉਣ ਨਾਲ ਮੁਗਲ ਰਾਜ ਖਤਮ ਹੋਇਆ। ਇਸ ਇਤਿਹਾਸਕ ਜਿੱਤ ਨਾਲ ਪਿਛਲੇ ਲੱਗਭੱਗ ਪੰਜ ਦਹਾਕਿਆਂ ਤੋਂ ਗੁਰੂ ਭਰੋਸੇ, ਦ੍ਰਿੜ੍ਹ ਵਿਸ਼ਵਾਸ ਅਤੇ ਉੱਚੇ-ਸੁੱਚੇ ਆਚਰਨ ਸਦਕਾ ਹਰ ਵਕਤ ਮੌਤ ਦੇ ਪ੍ਰਛਾਵੇਂ ਹੇਠ ਰਹਿਣ ਦੇ ਬਾਵਜੂਦ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਸਿੱਖ ਕੌਮ ਲਈ ਸਤਲੁਜ ਤੋਂ ਜਮਨਾ ਤੱਕ ਦਾ ਇਲਾਕਾ ਮੱਲਣ ਦਾ ਰਾਹ ਖੁੱਲ੍ਹ ਗਿਆ ਤੇ ਉਹ ਰਾਜ ਭਾਗ ਦਾ ਸੁਆਦ ਮਾਨਣ ਦੇ ਸਮਰੱਥ ਹੋਈ।'

ਸਿੱਖ ਸਰਦਾਰਾਂ ਪਿੱਛੇ ਗੁਰੂ ਦੀ ਤਾਕਤ 'ਤੇ ਭਰੋਸਾ ਸੀ। ਇਤਿਹਾਸ ਵਿਚ ਉਨ੍ਹਾਂ ਨੇ ਹਕੂਮਤਾਂ ਦੇ ਕਹਿਰ ਖਿਲਾਫ਼ ਬੜਾ ਸਿਰ ਵੱਢਵਾਂ ਸੰਘਰਸ਼ ਕੀਤਾ ਸੀ ਤੇ ਉਨ੍ਹਾਂ ਕੋਲੋਂ ਇਹ ਆਸ ਵੀ ਕੀਤੀ ਜਾਂਦੀ ਸੀ ਕਿ ਉਹ ਸਿੱਖੀ ਨੂੰ ਪ੍ਰਣਾਏ ਸਰਦਾਰ ਆਪਣੇ ਆਦਰਸ਼ਾਂ ਨੂੰ ਕਾਇਮ ਰੱਖਣਗੇ, ਪਰ ਜਿਵੇਂ ਅਕਸਰ ਹੁੰਦਾ ਹੈ, ਤਾਕਤ ਆ ਜਾਣ ਤੋਂ ਬਾਅਦ ਰਾਜਿਆਂ ਦੇ ਚਰਿੱਤਰ ਵਿਚ ਉਹ ਸਾਰੇ ਔਗੁਣ ਆ ਜਾਂਦੇ ਹਨ, ਜੋ ਉਨ੍ਹਾਂ ਦੇ ਚਰਿੱਤਰ ਨੂੰ ਦਾਗਦਾਰ ਕਰ ਦੇਂਦੇ ਹਨ। ਜਦੋਂ ਇਹ ਰਿਆਸਤਾਂ ਸਥਾਪਤ ਹੋਈਆਂ ਤਾਂ ਇਨ੍ਹਾਂ ਦੇ ਰਾਜਿਆਂ ਵਿਚ ਉਹ ਐਬ ਆਉਣੇ ਸ਼ੁਰੂ ਹੋ ਗਏ, ਜੋ ਰਾਜਿਆਂ ਦੀ ਖਸਲਤ ਹੁੰਦੇ ਹਨ।



ਡਾ. ਜਗਜੀਤ ਸਿੰਘ ਆਪਣੀ ਕਿਤਾਬ 'ਸਿੱਖ ਇਨਕਲਾਬ' ਵਿਚ ਇਸ ਬਾਰੇ ਲਿਖਦੇ ਹਨ-'ਮਿਸਲ ਕਾਲ ਦੌਰਾਨ ਹੀ ਜ਼ਮੀਨਾਂ 'ਤੇ ਕਬਜ਼ੇ ਕਰਕੇ ਜਦ ਸਿੱਖ ਭਾਈ ਤੋਂ ਸਰਦਾਰ ਬਣ ਗਏ ਤਾਂ ਉਨ੍ਹਾਂ ਵਿਚ ਰਾਜਿਆਂ, ਮਹਾਰਾਜਿਆਂ, ਜਗੀਰਦਾਰਾਂ, ਸਰਦਾਰਾਂ ਤੇ ਅਹਿਲਕਾਰਾਂ ਵਾਲੇ ਸਾਰੇ ਐਬ ਤੇ ਔਗੁਣ ਆ ਗਏ।' ਇਸ ਦੇ ਸਿੱਟੇ ਵੱਜੋਂ ਉਨ੍ਹਾਂ ਵਿੱਚੋਂ ਬਹੁ-ਗਿਣਤੀ ਨੇ ਗਭਰੇਟ ਉਮਰੇ ਬੇਔਲਾਦ ਰਹਿੰਦਿਆਂ ਇਸ ਸੰਸਾਰ ਤੋਂ ਕੂਚ ਕੀਤਾ, ਜਿਸ ਕਾਰਨ ਸਰਬੋਤਮ ਕੰਪਨੀ ਬਹਾਦਰ ਦੀ ਸਰਕਾਰ ਦੇ ਸਵੈ-ਨਿਰਧਾਰਤ ਨਿਯਮਾਂ ਅਧੀਨ ਉਨ੍ਹਾਂ ਦੀਆਂ ਜ਼ਮੀਨ-ਜਾਇਦਾਦਾਂ ਅੰਗਰੇਜ਼ੀ ਸਰਕਾਰ ਦੇ ਪੇਟੇ ਪੈਂਦੀਆਂ ਗਈਆਂ।'

ਡਾ. ਗੁਰਦੇਵ ਸਿੰਘ ਸਿੱਧੂ ਬੜੇ ਸਿਰੜੀ ਤੇ ਨਿਸ਼ਠਾਵਾਨ ਖੋਜੀ ਹਨ। ਉਨ੍ਹਾਂ ਨੇ ਇਸ ਪੁਸਤਕ ਦੀ ਤਿਆਰੀ ਲਈ ਹਰ ਸੰਭਵ ਸ੍ਰੋਤ ਨੂੰ ਖੰਘਾਲਿਆ ਤੇ ਉਹਦੀ ਪੁਣਛਾਣ ਤੋਂ ਬਾਅਦ ਇਸ ਸਿੱਖ ਸਾਮਰਾਜ ਦੀ ਨਿਸ਼ਾਨਦੇਹੀ ਕੀਤੀ। ਇਸ ਦਾ ਮੂਲ ਵਿਸ਼ਾ ਸਰਹਿੰਦ ਦੀ ਫਤਹਿ ਤੋਂ ਪਿੱਛੋਂ ਸਤਲੁਜ ਤੋਂ ਪੂਰਬ ਵੱਲ ਜਮਨਾ ਦਰਿਆ ਤੱਕ ਫੈਲੇ ਸਿੱਖ ਸਾਮਰਾਜ ਦੇ ਗਠਨ ਤੇ ਅਗਲੀ ਡੇਢ ਸਦੀ ਵਿਚ ਅੰਸ਼-ਅੰਸ਼ ਕਰਕੇ ਹੋਇਆ ਇਹਦਾ ਵਿਗਠਨ ਹੈ। ਇਸ ਵਿਗਠਨ ਦੇ ਉਹੀ ਕਾਰਨ ਹਨ, ਜਿਨ੍ਹਾਂ ਬਾਰੇ ਡਾ. ਜਗਜੀਤ ਸਿੰਘ ਹੁਰਾਂ ਨੇ ਦੱਸਿਆ ਹੈ। ਉਦੋਂ ਜਮਨਾ ਪਾਰ ਦਾ ਇਲਾਕਾ ਕੰਪਨੀ ਸਰਕਾਰ ਦੇ ਅਧੀਨ ਸੀ। ਪੰਜਾਬ ਦੇ ਇਨ੍ਹਾਂ ਰਾਜਿਆਂ ਬਾਰੇ ਮੁੱਢਲੀ ਜਾਣਕਾਰੀ ਇਕੱਠੀ ਕਰਨ ਤੇ ਉਸ ਨੂੰ ਤਰਤੀਬ ਦੇਣ ਦਾ ਕੰਮ ਅੰਗਰੇਜ਼ ਅਫਸਰ ਲੈਪਲ ਐਚ. ਗ੍ਰਿਫਨ ਨੇ ਕੀਤਾ। ਇਨ੍ਹਾਂ ਅਫਸਰਾਂ ਕੋਲ ਸ੍ਰੋਤਾਂ ਤੱਕ ਪਹੁੰਚਣ ਲਈ ਸਾਧਨ ਸਨ। ਇਸ ਲਈ ਚੈਪਲ ਨੇ ਇਕੱਠੀ ਕੀਤੀ ਵੱਡ-ਅਕਾਰੀ ਸਮੱਗਰੀ ਨੂੰ ਦੋ ਭਾਗਾਂ ਵਿਚ ਪੇਸ਼ ਕਰਨ ਦੀ ਯੋਜਨਾ ਉਲੀਕੀ, ਪਰ ਕਿਸੇ ਕਾਰਨ ਉਹ ਇਹਦਾ ਇਕੋ ਹਿੱਸਾ The Punjab Chiefs ਹੀ 1865 ਵਿਚ ਪ੍ਰਕਾਸ਼ਿਤ ਕਰਵਾ ਸਕਿਆ। ਇਸ ਵਿਚ ਦਰਿਆ ਬਿਆਸ ਤੇ ਦਰਿਆ ਸਿੰਧ ਦੇ ਵਿਚਕਾਰਲੇ ਇਲਾਕੇ ਦੇ ਮੁਖੀਆਂ ਬਾਰੇ ਜਾਣਕਾਰੀ ਸੀ।

ਲੈਪਲ ਐਚ. ਗ੍ਰਿਫਨ ਦੇ ਅਧੂਰੇ ਰਹਿ ਗਏ ਪ੍ਰੋਜੈਕਟ ਨੂੰ ਅੱਗੇ ਵਧਾਉਂਦਿਆਂ ਇਕ ਹੋਰ ਅੰਗਰੇਜ਼ ਅਫਸਰ ਚਾਰਲਸ ਫ੍ਰਾਂਸਿਸ ਮੈਸੀ ਨੇ Chiefs And Families Of Note in the Punjab ਪੁਸਤਕ 1890 ਵਿਚ ਪ੍ਰਕਾਸ਼ਿਤ ਕਰਵਾਈ। ਚਾਰਲਸ ਫਰਾਂਸਿਸ ਮੈਸੀ ਨੇ ਸਰ ਲੈਪਲ ਗ੍ਰਿਫਨ ਵਾਲੀ ਕਿਤਾਬ ਵਿੱਚ ਲੋੜੀਂਦੀ ਸੋਧ ਕੀਤੀ, ਪਰ 1907 ਵਿਚ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਚਾਰਲਸ ਰਿਵਜ਼ ਨੇ ਇਸ ਕਿਤਾਬ ਵਿਚਲੀ ਜਾਣਕਾਰੀ ਨੂੰ ਵਰਤਮਾਨ ਕਾਲ ਤੱਕ ਲਿਆਉਣ ਦੀ ਸਲਾਹ ਦਿੱਤੀ। ਇਹ ਕੰਮ ਮਿਸਟਰ ਐਚ.ਡੀ. ਕ੍ਰੇਕ ਨੇ ਕੀਤਾ। ਇਸ ਤਰ੍ਹਾਂ ਇਹ ਜਾਣਕਾਰੀ ਕਿਸੇ ਹੱਦ ਤੱਕ ਆਪਣੇ ਅੰਜਾਮ 'ਤੇ ਪਹੁੰਚੀ। ਹੈਰਾਨੀ ਦੀ ਗੱਲ ਹੈ ਕਿ ਅੰਗਰੇਜ਼ ਅਫਸਰਾਂ ਦੀਆਂ ਲਿਖਤਾਂ ਮੂਲ ਰੂਪ ਵਿਚ ਅੰਗਰੇਜ਼ੀ ਵਿਚ ਹਨ ਤੇ ਪੰਜਾਬ ਦੀ ਕਿਸੇ ਯੂਨੀਵਰਸਿਟੀ ਨੇ ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਇਨ੍ਹਾਂ ਲਿਖਤਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਅਜਿਹੇ ਸ੍ਰੋਤ ਆਉਣ ਵਾਲੇ ਸਮੇਂ ਵਿਚ ਲਿਖੇ ਜਾਣ ਵਾਲੇ ਇਤਿਹਾਸਾਂ ਲਈ ਸ੍ਰੋਤ-ਮੂਲਕ ਸਮੱਗਰੀ ਮੁਹੱਈਆ ਕਰਾਉਣ ਦੇ ਸਮਰੱਥ ਹੁੰਦੇ ਹਨ। ਡਾ. ਸਿੱਧੂ ਹੁਰਾਂ ਨੇ ਇਹ ਵੱਡਮੁੱਲਾ ਕਾਰਜ ਵੱਖਰੀ ਦ੍ਰਿਸ਼ਟੀ ਤੋਂ ਕਰਨ ਦਾ ਉਪਰਾਲਾ ਕੀਤਾ ਹੈ।

ਕ੍ਰੇਕ ਦੇ ਸਮੱਗਰੀ ਸ੍ਰੋਤਾਂ ਦੀ ਜਾਣਕਾਰੀ ਬਾਰੇ ਲੇਖਕ ਦਾ ਕਥਨ ਹੈ-

ਉਸ ਕੋਲ ਚਾਰ ਤਰ੍ਹਾਂ ਦੇ ਸ੍ਰੋਤ ਸਨ-

੧. ਹਰ ਮੁਖੀ ਪਾਸੋਂ ਮੰਗਵਾਇਆ ਉਹਦੇ ਘਰਾਣੇ ਦਾ ਇਤਿਹਾਸ

੨. ਪੰਜਾਬ ਨੂੰ ਅੰਗਰੇਜ਼ੀ ਰਾਜ ਵਿਚ ਸ਼ਾਮਲ ਕੀਤੇ ਜਾਣ ਤੋਂ ਬਾਅਦ ਦਾ ਸਾਰਾ ਰਿਕਾਰਡ, ਦਿੱਲੀ ਅਤੇ ਲੁਧਿਆਣੇ ਵਿਚ ਤਾਇਨਾਤ ਬਰਤਾਨਵੀ ਏਜੰਟਾਂ ਦੇ 1809 ਤੋਂ 1845 ਤੱਕ ਦੇ ਖ਼ਤ-ਪੱਤਰ ਤੇ ਲਾਹੌਰ ਦਰਬਾਰ ਦਾ ਰਿਕਾਰਡ।

੩. ਪੰਜਾਬ ਦੇ ਇਤਿਹਾਸ ਬਾਰੇ ਅੰਗਰੇਜ਼ੀ, ਪਰਸ਼ੀਅਨ ਤੇ ਉਰਦੂ ਵਿਚ ਲਿਖੀਆਂ ਕਿਤਾਬਾਂ, ਸੈਲਾਨੀਆਂ ਦੇ ਯਾਤਰਾ ਵੇਰਵੇ ਤੇ ਯਾਦਾਂ

੪. ਇਸ ਕਾਲ ਦੀਆਂ ਘਟਨਾਵਾਂ ਵਿਚ ਸ਼ਾਮਲ ਅਤੇ ਇਨ੍ਹਾਂ ਦੇ ਪ੍ਰਤੱਖ-ਦਰਸ਼ੀ ਵਿਅਕਤੀ, ਵੱਡੀ ਗਿਣਤੀ ਵਿਚ ਮੁਖੀਆਂ ਦੇ ਮਰਾਸੀ ਤੇ ਪਰਵਾਰਕ ਪ੍ਰੋਹਤ।

ਇਤਿਹਾਸਕ ਸਮੱਗਰੀ ਦੀ ਬਹੁਲਤਾ ਨੂੰ ਤਰਤੀਬ ਦੇਣੀ ਤੇ ਉਸ ਨਾਲ ਨਿਆਂ ਕਰਨਾ ਬੜਾ ਔਖਾ ਕਾਰਜ ਹੈ। ਪ੍ਰਾਪਤ ਸ੍ਰੋਤਾਂ ਵਿੱਚੋਂ ਖੋਟ ਕੱਢਣ ਲਈ ਪਾਰਦਰਸ਼ੀ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ। ਇਹੀ ਕਾਰਨ ਹੈ ਕਿ ਜਿਹੜੇ ਇਤਿਹਾਸ ਅੰਗਰੇਜ਼ਾਂ ਨੇ ਰਚੇ, ਉਨ੍ਹਾਂ ਦੀ ਪੁਣਛਾਣ ਲਈ ਵੀ ਉਸ ਸਾਰੀ ਸਮੱਗਰੀ ਨੂੰ ਮੁੜ ਪੜਤਾਲਣਾ ਜ਼ਰੂਰੀ ਹੈ। ਕ੍ਰੇਕ ਵਾਲੀ ਕਿਤਾਬ ਸੂਚਨਾਵਾਂ ਦਾ ਵੱਡਾ ਭੰਡਾਰ ਹੈ, ਜਿਹਾ ਕਿ ਉਹਦੇ ਸਮੱਗਰੀ ਪ੍ਰਾਪਤ ਕਰਨ ਵਾਲੇ ਸ੍ਰੋਤਾਂ ਤੋਂ ਜ਼ਾਹਰ ਹੈ। ਬਾਅਦ ਵਿਚ ਲਿਖੇ ਜਾਣ ਵਾਲੇ ਇਤਿਹਾਸਾਂ ਨੇ ਏਸੇ ਸਮੱਗਰੀ ਨੂੰ ਵਰਤਿਆ ਹੈ, ਇਸ ਲਈ ਇਹਦੇ ਬਾਰੇ ਇਸ ਵਿਚ ਕਾਫੀ ਬੁਨਿਆਦੀ ਸਮੱਗਰੀ ਮੌਜੂਦ ਹੈ।

ਇਸ ਕਿਤਾਬ ਦੇ ਕੁਲ ਚਾਰ ਭਾਗ ਹਨ। ਹਰ ਭਾਗ ਵਿਚ ਇਕ ਤੋਂ ਲੈ ਕੇ ਤਿੰਨ ਕਾਂਡ ਹਨ। ਮਸਲਨ ਪਹਿਲੇ ਭਾਗ ਵਿਚ ਸਤਲੁਜ ਤੋਂ ਲੈ ਕੇ ਜਮਨਾ ਤੱਕ ਦੀਆਂ ਸਿੱਖ ਰਿਆਸਤਾਂ ਦੇ ਵੇਰਵੇ ਹਨ। ਇਸ ਭਾਗ ਵਿਚ ਦੋ ਕਾਂਡ ਹਨ। ਪਹਿਲਾ ਕਾਂਡ ਇਸ ਖੇਤਰ ਦੀਆਂ ਸਿੱਖ ਰਿਆਸਤਾਂ ਦੇ ਗਠਨ ਨਾਲ ਸੰਬੰਧਤ ਹੈ। ਦੂਜਾ ਕਾਂਡ ਉਨੀਵੀਂ ਸਦੀ ਤੱਕ ਅੰਗਰੇਜ਼ ਅਫਸਰਾਂ ਨਾਲ ਸੰਪਰਕ ਨੂੰ ਪੇਸ਼ ਕਰਦਾ ਹੈ।

ਦੂਜੇ ਭਾਗ ਵਿਚ ਇਨ੍ਹਾਂ ਰਿਆਸਤਾਂ ਦਾ 1845 ਤੱਕ ਦਾ ਇਤਿਹਾਸ ਹੈ। ਇਸ ਦੇ ਤਿੰਨ ਕਾਂਡ ਹਨ। ਪਹਿਲੇ ਕਾਂਡ ਵਿਚ ਲੈਫਟੀਨੈਂਟ ਕਰਨਲ ਆਕਟਰਲੋਨੀ ਵੱਲੋਂ ਰਿਆਸਤਾਂ ਦੀ ਕੀਤੀ ਨਿਸ਼ਾਨਦੇਹੀ ਦਾ ਵਰਨਣ ਹੈ। ਦੂਜਾ ਕਾਂਡ ਆਕਟਰਲੋਨੀ ਵੱਲੋਂ ਬੇਧਿਆਨੀਆਂ ਰਹੀਆਂ ਸਿੱਖ ਰਿਆਸਤਾਂ ਨਾਲ ਸੰਬੰਧਤ ਹੈ। ਤੀਜਾ ਕਾਂਡ ਫੁੱਟਕਲ ਰਿਆਸਤਾਂ/ਮਿਲਖਾਂ ਬਾਰੇ ਹੈ, ਜੋ ਕਿਸੇ ਮਿਸਲ ਅਧੀਨ ਨਹੀਂ ਸਨ ਆਉਂਦੀਆਂ।

ਤੀਜਾ ਭਾਗ ਐਂਗਲੋ-ਸਿੱਖ ਵਾਰ ਤੇ ਸਤਲੁਜ ਤੋਂ ਪੂਰਬ ਵੱਲ ਦੀਆਂ ਸਿੱਖ ਰਿਆਸਤਾਂ ਨਾਲ ਸੰਬੰਧਤ ਹੈ। ਇਸ ਵਿਚ ਤਿੰਨ ਕਾਂਡ ਹਨ। ਪਹਿਲਾ ਕਾਂਡ ਲਾਹੌਰ ਦਰਬਾਰ ਨਾਲ ਅੰਗਰੇਜ਼ਾਂ ਦੀ ਲੜਾਈ ਸਮੇਂ ਸਿੱਖ ਰਿਆਸਤਾਂ ਦੇ ਰਵੱਈਏ ਨੂੰ ਜ਼ਾਹਰ ਕਰਦਾ ਹੈ। ਦੂਜਾ ਕਾਂਡ ਦੇਸੀ ਰਾਜਿਆਂ ਵੱਲੋਂ ਮਿਲੇ ਸਹਿਯੋਗ ਦਾ ਮੁਲਾਂਕਣ ਕਰਨ ਦੇ ਨਾਲ-ਨਾਲ ਸਰਕਾਰ ਦੇ ਪ੍ਰਤੀਕਰਮ ਨੂੰ ਵੀ ਪੇਸ਼ ਕਰਦਾ ਹੈ। ਤੀਜਾ ਕਾਂਡ ਜੰਗ ਪਿੱਛੋਂ ਰਿਆਸਤਾਂ ਨਾਲ ਸੰਬੰਧਾਂ ਨੂੰ ਨਵੇਂ ਰੂਪ ਵਿਚ ਪੇਸ਼ ਕਰਦਾ ਹੈ।

ਚੌਥਾ ਤੇ ਆਖਰੀ ਭਾਗ ਅੰਗਰੇਜ਼ੀ ਰਾਜ ਦੀ ਅੰਤਲੀ ਇਕ ਸਦੀ ਨਾਲ ਸੰਬੰਧਤ ਹੈ। ਇਸ ਵਿਚ ਕੇਵਲ ਇਕ ਕਾਂਡ ਹੈ, ਜੋ ਸਤਲੁਜ ਤੋਂ ਜਮਨਾ ਤੱਕ ਦੀਆਂ ਸਿੱਖ ਰਿਆਸਤਾਂ ਤੇ ਜਗੀਰਾਂ ਦੇ 1845 ਤੋਂ 1947 ਤੱਕ ਦੇ ਇਤਿਹਾਸ ਨਾਲ ਸੰਬੰਧਤ ਹੈ।

ਇਸ ਤਰ੍ਹਾਂ ਇਹ ਵੱਡ-ਅਕਾਰੀ ਇਤਿਹਾਸਕ ਪੁਸਤਕ ਪੰਜਾਬ ਦੇ ਕੀਮਤੀ ਇਤਿਹਾਸਕ ਸਮਿਆਂ ਦੀ ਪੁਣਛਾਣ ਨਾਲ ਸੰਬੰਧਤ ਹੈ। ਇਸ ਤਰ੍ਹਾਂ ਦੇ ਸ੍ਰੋਤਾਂ ਤੋਂ ਬਿਨਾਂ ਪੰਜਾਬ ਦਾ ਇਤਿਹਾਸ ਮੁਕੰਮਲ ਨਹੀਂ ਹੁੰਦਾ। ਸਿੱਖ ਰਿਆਸਤਾਂ ਬਾਰੇ ਲੇਖਕ ਲਿਖਦਾ ਹੈ-

ਜਦ ਕਦੇ ਵੀ ਸਤਲੁਜ ਦਰਿਆ ਤੋਂ ਚੜ੍ਹਦੇ ਵੱਲ ਸਿੱਖ ਰਿਆਸਤਾਂ ਦਾ ਜ਼ਿਕਰ ਛਿੜਦਾ ਹੈ ਤਾਂ ਅਕਸਰ ਹੀ ਗੱਲ ਤਿੰਨ ਰਿਆਸਤਾਂ ਪਟਿਆਲਾ, ਨਾਭਾ, ਜੀਂਦ ਤੇ ਬਰਾੜ-ਬੰਸੀਆਂ ਦੀ ਫਰੀਦਕੋਟ ਰਿਆਸਤ 'ਤੇ ਆ ਕੇ ਖਤਮ ਹੋ ਜਾਂਦੀ ਹੈ। ਇਹ ਚਾਰੇ ਰਿਆਸਤਾਂ ਢੁਕਵੇਂ ਸਿਆਸੀ ਪੈਂਤੜੇ ਲੈਣ ਕਰਕੇ ਅੰਗਰੇਜ਼ੀ ਹਕੂਮਤ ਦੇ ਪੇਟੇ ਪੈਣੋਂ ਬਚਦੀਆਂ ਰਹੀਆਂ ਤੇ ਭਾਰਤ ਨੂੰ ਅਜ਼ਾਦੀ ਮਿਲਣ ਤੱਕ ਆਪਣੀ ਹੋਂਦ ਕਾਇਮ ਰੱਖਣ ਵਿਚ ਸਫਲ ਰਹੀਆਂ।

ਅਠਾਰ੍ਹਵੀਂ ਸਦੀ ਦੇ ਪਿਛਲੇਰੇ ਅੱਧ ਦੌਰਾਨ ਇਕ ਮੌਕਾ ਅਜਿਹਾ ਵੀ ਆਇਆ ਜਦ ਦਰਿਆ ਸਤਲੁਜ ਤੇ ਦਰਿਆ ਜਮਨਾ ਦੇ ਵਿਚਕਾਰ ਵਰਤਮਾਨ ਪੰਜਾਬ ਤੇ ਹਰਿਆਣੇ ਵਿਚ ਪੈਂਦਾ ਲੱਗਭੱਗ ਸਾਰਾ ਇਲਾਕਾ ਵਿਭਿੰਨ ਸਿੱਖ ਸਰਦਾਰਾਂ ਦੀ ਅਧੀਨਗੀ ਹੇਠ ਸੀ। ਕੰਪਨੀ ਬਹਾਦਰ ਦੀ ਸਰਕਾਰ ਵੱਲੋਂ ਇਨ੍ਹਾਂ ਵਿੱਚੋਂ ਕੁਝ ਨੂੰ 'ਰਾਜਾ' ਖਿਤਾਬ ਨਾਲ ਨਿਵਾਜਿਆ ਗਿਆ ਸੀ, ਜਿਵੇਂ ਰਾਜਾ ਕੈਥਲ, ਰਾਜਾ ਲਾਡਵਾ, ਰਾਜਾ ਕਲਸੀਆ, ਰਾਜਾ ਮਨੀਮਾਜਰਾ ਆਦਿ। ਭਾਵੇਂ ਛੋਟੀਆਂ ਮਿਲਖਾਂ ਵਾਲਿਆਂ ਨੂੰ ਰਾਜੇ ਦਾ ਖਿਤਾਬ ਨਹੀਂ ਸੀ ਦਿੱਤਾ ਗਿਆ, ਫਿਰ ਵੀ ਉਹ ਮਾਲੀ, ਫੌਜਦਾਰੀ ਤੇ ਅਦਾਲਤੀ ਅਧਿਕਾਰਾਂ ਦੀ ਵਰਤੋਂ ਕਰਦੇ ਸਨ।'

ਇਸ ਕਿਤਾਬ ਬਾਰੇ ਸਮੁੱਚੇ ਰੂਪ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਇਤਿਹਾਸ ਨਾਲ ਸੰਬੰਧਤ ਇਕ ਪੂਰੇ ਕਾਲ-ਖੰਡ ਨੂੰ ਇਸ ਵਿਚ ਸਮੇਟਣ ਦਾ ਯਤਨ ਕੀਤਾ ਗਿਆ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ 1710 ਵਿਚ ਪੰਜਾਬ ਵਿਚ ਆਮਦ ਤੇ ਸਿੱਖ ਸਾਮਰਾਜ ਦੀ ਕਾਇਮੀ ਨਾਲ ਹੀ ਇਸ ਖੇਤਰ ਵਿਚ ਸਿੱਖਾਂ ਦੀ ਚੜ੍ਹਤ ਸ਼ੁਰੂ ਹੋ ਗਈ ਸੀ। ਬੰਦਾ ਸਿੰਘ ਬਹਾਦਰ ਦਾ ਬਹੁਤਾ ਸਮਾਂ ਭਾਵੇਂ ਜੰਗਾਂ-ਯੁੱਧਾਂ ਵਿਚ ਬੀਤਿਆ, ਫਿਰ ਵੀ ਉਨ੍ਹਾਂ ਨੇ ਕੁਝ ਯਾਦਗਾਰੀ ਕੰਮ ਕੀਤੇ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਜਿਥੇ ਸਿੱਖ ਸ਼ਹੀਦੀਆਂ ਦਾ ਬਦਲਾ ਲਿਆ, ਉੱਥੇ ਖਾਲਸੇ ਦੀ ਤਾਕਤ ਨੂੰ ਅਮਲੀ ਜਾਮਾ ਵੀ ਪਹਿਨਾਇਆ। ਇਹੀ ਕਾਰਨ ਸੀ ਕਿ ਇਨ੍ਹਾਂ ਰਿਆਸਤਾਂ ਕੋਲ ਜਿਉਂਦਾ ਇਤਿਹਾਸ ਸੀ, ਜਿਸ ਨੇ ਇਨ੍ਹਾਂ ਨੂੰ ਰਾਜਸੀ ਤਾਕਤ ਜਮਾਈ ਰੱਖਣ ਵਿਚ ਮਦਦ ਕੀਤੀ। ਇਹ ਵੱਖਰੀ ਗੱਲ ਹੈ, ਜਿਵੇਂ ਅਸੀਂ ਪਹਿਲਾਂ ਜ਼ਿਕਰ ਕੀਤਾ ਹੈ, ਇਨ੍ਹਾਂ ਵਿਚ ਆਈ ਅਚਾਨਕ ਗਿਰਾਵਟ ਨੇ ਇਨ੍ਹਾਂ ਦਾ ਵਿਘਟਨ ਕੀਤਾ। ਫਿਰ ਵੀ ਇਹ ਇਤਿਹਾਸ ਦਾ ਵਡਮੁੱਲਾ ਕਾਲ-ਖੰਡ ਹੈ। ਇਹਦੀਆਂ ਅਨੇਕਾਂ ਪਰਤਾਂ ਅਜੇ ਵੀ ਖੋਜ ਦੀਆਂ ਤਲਬਗਾਰ ਹਨ। ਆਸ ਕੀਤੀ ਜਾ ਸਕਦੀ ਹੈ ਕਿ ਪੰਜਾਬ ਦੇ ਇਤਿਹਾਸਕਾਰ ਇਸ ਪਾਸੇ ਤਵੱਜੋ ਦੇਣਗੇ, ਕਿਉਂਕਿ ਇਤਿਹਾਸ ਕਦੇ ਵੀ ਖੜੋਤ ਦਾ ਸ਼ਿਕਾਰ ਨਹੀਂ ਹੁੰਦਾ। ਅਤੀਤ ਦਾ ਇਤਿਹਾਸ ਬਦਲਵੇਂ ਰੂਪ ਵਿਚ ਵਰਤਮਾਨ ਦੇ ਨਾਲ-ਨਾਲ ਚੱਲਦਾ ਹੈ।

ਵਰਤਮਾਨ ਦਾ ਇਤਿਹਾਸ ਵੀ ਸਥਿਰ ਨਹੀਂ ਹੁੰਦਾ। ਇਹ ਵੀ ਪਲ ਤੋਂ ਬਾਅਦ ਅਤੀਤ ਦਾ ਹਿੱਸਾ ਬਣ ਜਾਂਦਾ ਹੈ, ਪਰ ਅਸੀਂ ਸ਼ਬਦ-ਵਿਧੀ ਨਾਲ ਇਤਿਹਾਸ ਦੀ ਵਿਆਖਿਆ ਵਰਤਮਾਨ ਵਿਚ ਕਰਦੇ ਹਾਂ। ਬੀਤੇ ਦਾ ਕਾਲ-ਖੰਡ ਕਈ ਵਾਰ ਵਰਤਮਾਨ ਵਿਚ ਆ ਕੇ ਵਧੇਰੇ ਨਿਖਰਿਆ ਤੇ ਸਪੱਸ਼ਟ ਹੋ ਜਾਂਦਾ ਹੈ, ਕਿਉਂਕਿ ਇਹਦੀਆਂ ਸੀਮਾਵਾਂ ਆਪਣੇ ਕਾਲ ਵਿਚੋਂ ਭਵਿੱਖ ਵੱਲ ਫੈਲ ਰਹੀਆਂ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਇਤਿਹਾਸਾਂ ਨੂੰ ਵਾਰ-ਵਾਰ ਲਿਖਣ ਤੇ ਪੜਚੋਲਣ ਦੀ ਲੋੜ ਪੈਂਦੀ ਹੈ। ਡਾ. ਗੁਰਦੇਵ ਸਿੰਘ ਸਿੱਧੂ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਮਿਹਨਤ, ਲਗਨ ਤੇ ਸਪੱਸ਼ਟ ਭਾਸ਼ਾ ਵਿਚ ਇਤਿਹਾਸ ਦਾ ਲੇਖਨ ਹੀ ਨਹੀਂ ਕੀਤਾ, ਸਗੋਂ ਤਸਵੀਰਾਂ ਤੇ ਮੂਲ ਸ੍ਰੋਤਾਂ ਨਾਲ ਵੀ ਜਾਣ-ਪਛਾਣ ਕਰਾਈ ਹੈ। ਆਸ ਹੈ ਪੰਜਾਬੀ ਦੇ ਪ੍ਰਬੁੱਧ ਪਾਠਕ ਤੇ ਇਤਿਹਾਸ ਨੂੰ ਜਾਨਣ ਦੇ ਤਲਬਗਾਰ ਇਹਦਾ ਭਰਪੂਰ ਸੁਆਗਤ ਕਰਨਗੇ।

ਮੋਬਾ-94173-58120

ਖੋਜਕਾਰਾਂ ਤੇ ਪੱਤਰਕਾਰਾਂ ਲਈ ਲਾਹੇਵੰਦ ਪੁਸਤਕ

ਸਾਹਿਤ ਚਿੰਤਨ

ਡਾ. ਭੁਪਿੰਦਰ ਕੌਰ

ਮੀਡੀਆ ਖ਼ਬਰ

(ਮੀਡੀਆ ਦਾ ਨਵਾਂ ਡਿਜੀਟਲ ਬਾਜ਼ਾਰ ਦ੍ਰਿਸ਼)

ਸਫੇ : 124, ਮੁੱਲ : 225 ਰੁਪਏ

ਸਾਹਿਬਦੀਪ ਪਬਲੀਕੇਸ਼ਨ, ਮਾਨਸਾ

ਪੰਜਾਬੀ ਤੇ ਹਿੰਦੀ ਦੇ ਉੱਘੇ ਲੇਖਕ, ਬ੍ਰਾਡਕਾਸਟਰ ਤੇ ਮੀਡੀਆ ਵਿਸ਼ਲੇਸ਼ਕ ਤੇ ਸਮਕਾਲੀ ਚਿੰਤਕ ਡਾ. ਕ੍ਰਿਸ਼ਨ ਕੁਮਾਰ ਰੱਤੂ, ਡੀ ਲਿਟ. ਮੀਡੀਆ ਖੇਤਰ ਵਿੱਚ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ। ਡਾ. ਕ੍ਰਿਸ਼ਨ ਕੁਮਾਰ ਰੱਤੂ ਨੇ ਟੈਲੀਵਿਜ਼ਨ ਦੀ ਭਾਸ਼ਾ ਉੱਤੇ ਪਹਿਲਾ ਖੋਜ ਗ੍ਰੰਥ ਲਿਖਿਆ। ਜਿਹਾਦ ਤੇ ਆਤੰਕਵਾਦ ਵਰਗੇ ਵਿਸ਼ਿਆਂ ਉੱਤੇ ਨੀਦਰਲੈਂਡਜ਼ ਤੋਂ ਡੀ.ਲਿਟ. ਦੀ ਉਪਾਧੀ ਪ੍ਰਾਪਤ ਕੀਤੀ। ਦੇਸ਼ ਦੀਆਂ ਕਈ ਯੂਨੀਵਰਸਿਟੀਆਂ ਵਿੱਚ ਜਰਨਲਿਜ਼ਮ ਤੇ ਜਨਸੰਚਾਰ ਦੇ ਡੀਨ ਦੇ ਇਲਾਵਾ ਡਿਜੀਟਲ ਮੀਡੀਆ ਦੇ ਡਾਇਰੈਕਟਰ ਵੀ ਰਹਿ ਚੁੱਕੇ ਹਨ। ਪੰਜਾਹ ਸਾਲ ਤੋਂ ਜ਼ਿਆਦਾ ਸਮਾਂ ਮੀਡੀਆ ਨਾਲ ਜੁੜੇ ਹਿੰਦੀ, ਪੰਜਾਬੀ ਦੇ ਸ਼੍ਰੋਮਣੀ ਲੇਖਕ ਡਾ. ਕ੍ਰਿਸ਼ਨ ਕੁਮਾਰ ਰੱਤੂ ਦੀਆਂ ਹਿੰਦੀ, ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿੱਚ 90 ਤੋਂ ਵੱਧ ਪੁਸਤਕਾਂ ਛਪ ਚੁੱਕੀਆਂ ਹਨ। 'ਮੀਡੀਆ ਖਬਰ : ਮੀਡੀਆ ਦਾ ਨਵਾਂ ਡਿਜੀਟਲ ਬਾਜ਼ਾਰ ਦ੍ਰਿਸ਼' ਲੇਖਕ ਦੀ ਪੰਜਾਬੀ ਵਿੱਚ ਮੀਡੀਆ ਬਾਰੇ ਛਪੀ ਪਹਿਲੀ ਪੁਸਤਕ ਹੈ, ਜਿਸ ਵਿੱਚ ਉਸ ਨੇ ਵਰਤਮਾਨ ਮੀਡੀਆ ਬਾਜ਼ਾਰ, ਰਵਾਇਤੀ ਟੈਲੀਵਿਜ਼ਨ ਪ੍ਰਸਾਰਨ ਦਾ ਸੰਕਟ, ਪੱਤਰਕਾਰੀ ਦੀ ਦੁਨੀਆ ਵਿੱਚ ਡਿਜੀਟਲ ਪੱਤਰਕਾਰਤਾ, ਪੌਡਕਾਸਟ ਵਿੱਚ ਪੱਤਰਕਾਰ ਦੀ ਨਵੀਂ ਪਰਿਭਾਸ਼ਾ ਦਾ ਵਿਵਾਦ, ਭਵਿੱਖ ਵਿੱਚ ਟੀਵੀ ਚੈਨਲਾਂ ਦੀ ਆਜ਼ਾਦੀ ਅਤੇ ਦਰਸ਼ਕਾਂ ਦਾ ਵਿਸ਼ਵਾਸ, ਰਾਜਨੀਤੀ ਵਿੱਚ ਭਾਸ਼ਾ ਦੀ ਮਲੀਨਤਾ ਅਤੇ ਗਾਲੀ-ਗਲੋਚ, ਮੀਡੀਆ ਭਾਸ਼ਾ ਤੇ ਅਨੁਵਾਦ, ਓ ਟੀ ਟੀ ਸੋਸ਼ਲ ਮੀਡੀਆ, ਆਨਲਾਈਨ ਅਸ਼ਲੀਲ ਕੰਟੈਂਟ ਤੇ ਸੁਪਰੀਮ ਕੋਰਟ ਦਾ ਸਖਤ ਰੁਖ, ਪੰਜਾਬੀ ਯੂਟਿਊਬ ਮੀਡੀਆ, ਟ੍ਰੌਲੀ ਟਾਈਮਸ, ਨਵੇਂ ਦੌਰ ਵਿੱਚ ਮੀਡੀਆ ਦੀ ਨਵੀਂ ਪਛਾਣ, ਪਾਕਿਸਤਾਨੀ ਪੰਜਾਬੀ ਮੀਡੀਆ, ਨੇਪਾਲ ਵਿੱਚ ਡਿਜੀਟਲ ਲੋਕਤੰਤਰ ਦੀ ਕੀਮਤ ਅਤੇ ਨੌਜਵਾਨ ਵਿਦਰੋਹ, ਪੰਜਾਬੀ ਡਿਜੀਟਲ ਮੀਡੀਆ : ਟੈਲੀਵਿਜ਼ਨ ਤੇ ਫਿਲਮਾਂ ਪੰਜਾਬ ਲਈ ਸਿਰਜ ਰਹੀਆਂ ਨਵਾਂ ਨੈਰੇਟਿਵ, ਨਵੇਂ ਮੀਡੀਆ ਦਾ ਨਵਾਂ ਨੈਰੇਟਿਵ ਰੁਝਾਨਾਂ ਤੋਂ ਭਵਿੱਖ ਤੱਕ ਤੇ ਅੱਜ ਦੀ ਤੇਜ਼-ਤਰਾਰ ਦੁਨੀਆ ਵਿੱਚ ਪੰਜਾਬੀ ਮੀਡੀਆ ਦੀ ਪਛਾਣ ਦਾ ਸਵਾਲ ਵਰਗੇ ਵਿਸ਼ਿਆਂ 'ਤੇ ਭਰਪੂਰ ਚਰਚਾ ਕੀਤੀ ਹੈ। 'ਮੀਡੀਆ ਖਬਰ' ਪੁਸਤਕ ਸਿਰਫ਼ ਮੀਡੀਆ ਦੀ ਖ਼ਬਰ ਬਾਰੇ ਨਹੀਂ, ਬਲਕਿ ਮੀਡੀਆ ਦੇ ਬਦਲਦੇ ਰੂਪਾਂ, ਨਵੀਂ ਟੈਕਨੋਲੋਜੀ ਦੇ ਪ੍ਰਭਾਵ ਤੇ ਸਮਾਜਿਕ ਮਨੋਵਿਗਿਆਨ ਦੇ ਅੰਦਰ ਚੱਲ ਰਹੀਆਂ ਲਹਿਰਾਂ ਦਾ ਸੰਵੇਦਨਸ਼ੀਲ ਅਧਿਐਨ ਪੇਸ਼ ਕੀਤਾ ਹੈ। ਸਾਹਿਬਦੀਪ ਪਬਲੀਕੇਸ਼ਨ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਉੱਘੇ ਆਈ ਟੀ ਮਾਹਿਰ ਨਿਤੀਸ਼ ਕਮਲ ਸਿੰਘ ਤੇ ਕ੍ਰਿਸਮਨ ਸਿੰਘ ਨੂੰ ਸਮਰਪਿਤ ਕੀਤੀ ਗਈ ਹੈ।



ਪੁਸਤਕ ਦੇ ਲੇਖਾਂ ਨੂੰ 27 ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਭੂਮਿਕਾ ਵਿੱਚ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਹਿੰਦਾ ਹੈ ਕਿ ਇਹ ਕੇਵਲ ਇੱਕ ਪੁਸਤਕ ਨਹੀਂ, ਸਗੋਂ ਇਕ ਵਿਚਾਰ ਯਾਤਰਾ ਹੈ। ਮੀਡੀਆ ਸਿਰਫ਼ ਖ਼ਬਰਾਂ ਦਾ ਸਾਧਨ ਨਹੀਂ ਹੈ, ਸਗੋਂ ਸਮਾਜ ਦੀ ਚੇਤਨਾ ਦਾ ਦਰਪਣ ਹੈ.. ਇੱਕ ਅਜਿਹੀ ਕਹਾਣੀ ਜੋ ਅੱਖਰਾਂ ਤੋਂ ਸ਼ੁਰੂ ਹੋ ਕੇ ਡਿਜੀਟਲ ਆਕਾਸ਼ ਵੱਲ ਪਹੁੰਚਦੀ ਹੈ ਅਤੇ ਸ਼ਾਇਦ ਇਸ ਯਾਤਰਾ ਦਾ ਸਭ ਤੋਂ ਸੁੰਦਰ ਪਹਿਲੂ ਇਹ ਹੈ ਕਿ ਪੰਜਾਬੀ ਮੀਡੀਆ ਅੱਜ ਸਿਰਫ਼ ਇਕ ਖੇਤਰ ਦੀ ਆਵਾਜ਼ ਨਹੀਂ ਰਹੀ, ਇਹ ਪੂਰੀ ਦੁਨੀਆ ਵਿੱਚ ਫੈਲੇ ਪੰਜਾਬੀ ਮਨ ਦੀ ਧੜਕਣ ਬਣ ਚੁੱਕੀ ਹੈ। ਲੇਖਕ ਨੇ ਕ੍ਰਮਵਾਰ ਲੇਖਾਂ ਵਿੱਚ ਮੀਡੀਆ ਬਾਰੇ ਰੌਚਕ ਤੇ ਗਿਆਨਵਰਧਕ ਜਾਣਕਾਰੀ ਮੁਹੱਈਆ ਕਰਵਾਈ ਹੈ। ਡਿਜੀਟਲ ਮੀਡੀਆ ਪੁਰਾਣੇ ਸਿਸਟਮ ਨੂੰ ਸਵਿੱਚ ਕਰਕੇ ਨਵੇਂ ਡਿਜੀਟਲ ਵਰਡ ਵੱਲ ਜਾ ਰਿਹਾ ਹੈ। ਪੁਸਤਕ ਵਿੱਚ ਇਸ ਦੇ ਵਾਧੇ ਦੇ ਅੰਕੜੇ ਵੀ ਪੇਸ਼ ਕੀਤੇ ਗਏ, ਜੋ ਭਾਰਤ ਦੀ ਆਰਥਿਕਤਾ ਦਾ ਮਹੱਤਵਪੂਰਨ ਹਿੱਸਾ ਬਣ ਰਹੇ ਹਨ। ਓ ਟੀ ਟੀ, ਡਿਜੀਟਲ ਐਡਵਰਟਾਈਜ਼ਿੰਗ, ਸ਼ਾਰਟ ਫਾਰਮ ਵੀਡੀਓਜ਼ ਅਤੇ ਲਾਈਵ ਸਟਰੀਮਿੰਗ, ਇਨਫਲੂਐਂਸਰ ਮਾਰਕੀਟਿੰਗ, ਰੀਜਨਲ ਭਾਸ਼ਾਵਾਂ ਵਿੱਚ ਕੰਟੈਂਟ, ਆਨਲਾਈਨ ਗੇਮਿੰਗ ਤੇ ਮਿਊਜ਼ਿਕ ਇਹਨਾਂ ਸਾਰਿਆਂ ਨੇ ਡਿਜੀਟਲ ਮੀਡੀਆ ਨੂੰ ਇਕ ਟਾਈਟੈਨਿਕ ਵਰਗਾ ਵਿਸ਼ਾਲ ਤੇ ਆਕਰਸ਼ਕ ਬਾਜ਼ਾਰ ਬਣਾ ਦਿੱਤਾ ਹੈ।ਭਾਰਤ ਵਿੱਚ ਰਵਾਇਤੀ ਟੈਲੀਵਿਜ਼ਨ ਪ੍ਰਸਾਰਨ ਦੇ ਸੰਕਟ ਦੀ ਗੱਲ ਕਰਦਿਆਂ ਲੇਖਕ ਦੱਸਦਾ ਹੈ ਕਿ ਰਵਾਇਤੀ ਟੈਲੀਵਿਜ਼ਨ ਬੇਸ਼ੱਕ ਇੱਕ ਵੱਡੀ ਗਿਣਤੀ ਵਿੱਚ ਗ੍ਰਾਮੀਣ ਦਰਸ਼ਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਪਰ ਡਿਜੀਟਲ ਦੀ ਤਾਕਤ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਹ ਇਸ ਨੂੰ ਨਵੇਂ ਯੁੱਗ ਦੀ ਸ਼ੁਰੂਆਤ ਕਹਿੰਦਾ ਹੈ, ਜਿੱਥੇ ਲੀਨੀਅਰ ਤੇ ਡਿਜੀਟਲ ਦੇ ਨਵੇਂ ਮਾਡਲ ਤਿਆਰ ਹੋਣ ਦੀ ਆਸ ਹੈ। ਲੇਖਕ ਦਾ ਕਹਿਣਾ ਹੈ ਕਿ ਜੇਕਰ ਮੀਡੀਆ ਖੇਤਰ ਵਿੱਚ ਆਉਣ ਵਾਲੀਆਂ ਚੁਣੌਤੀਆਂ ਨੂੰ ਸਮੇਂ ਸਿਰ ਨਜਿੱਠ ਲਿਆ ਜਾਵੇ ਤਾਂ ਪੰਜਾਬੀ ਡਿਜੀਟਲ ਜਰਨਲਿਜ਼ਮ ਨਾ ਸਿਰਫ਼ ਜਿਉਂਦਾ ਰਹੇਗਾ, ਬਲਕਿ ਲੋਕਾਂ ਦੀ ਆਵਾਜ਼ ਵੀ ਬਣੇਗਾ। ਪੁਸਤਕ ਵਿੱਚ ਪ੍ਰੈੱਸ ਦੀ ਤਾਕਤ ਨੂੰ ਦਰਸਾਉਣ ਲਈ ਲੇਖਕ ਬੰਗਲਾਦੇਸ਼ ਤੇ ਨੇਪਾਲ ਦੀ ਉਦਾਹਰਣ ਦਿੰਦਿਆਂ ਕਹਿੰਦਾ ਹੈ, ਪੂਰੇ ਵਿਸ਼ਵ ਨੂੰ ਇਹ ਸਮਝ ਆ ਜਾਣਾ ਚਾਹੀਦਾ ਹੈ ਕਿ ਸੋਸ਼ਲ ਮੀਡੀਆ ਯਾਨੀ ਕਿ ਡਿਜੀਟਲ ਮਾਧਿਅਮ ਹੁਣ ਕੋਈ ਵਿਲਾਸਤਾ ਦਾ ਸਾਧਨ ਨਹੀਂ, ਬਲਕਿ ਲੋਕਤੰਤਰ ਦਾ ਸੰਰੱਖਿਅਕ, ਸਮਾਜਿਕ ਜਾਗਰੂਕਤਾ ਦਾ ਕੇਂਦਰ ਅਤੇ ਨੌਜਵਾਨਾਂ ਦੀ ਆਵਾਜ਼ ਦੀ ਪ੍ਰਤੀਧੁਨੀ ਬਣ ਚੁੱਕਾ ਹੈ। ਪੁਸਤਕ ਵਿੱਚ ਦੁਨੀਆ ਦੇ ਕਰੋੜਪਤੀ ਐਲੋਨ ਮਸਕ ਨਾਲ ਸੰਬੰਧਤ ਚਾਰ ਲੇਖ ਪੁਸਤਕ ਵਿੱਚ ਸ਼ਾਮਲ ਕੀਤੇ ਗਏ ਹਨ, ਜਿਸ ਵਿੱਚ ਉਸ ਦੇ ਦੋ ਘੰਟੇ ਚਾਲੀ ਮਿੰਟ ਚੱਲਣ ਵਾਲੇ ਉਸ ਇਤਿਹਾਸਕ ਪੋਡਕਾਸਟ ਬਾਰੇ ਦੱਸਿਆ ਹੈ, ਜਿਸ ਤੋਂ ਨਵੀਂ ਦੁਨੀਆ ਦੀ ਖੋਜ ਦੇ ਸੰਕੇਤ ਮਿਲਦੇ ਹਨ। ਐਲੋਨ ਮਸਕ ਦਾ ਇਹ ਪੋਡਕਾਸਟ ਅਸਲ ਵਿੱਚ ਇੱਕ ਘੋਸ਼ਣਾ ਪੱਤਰ ਸੀ, ਜਿਸ ਵਿੱਚ ਉਸ ਨੇ 10-30 ਸਾਲਾਂ ਦਾ ਬਲੂਪ੍ਰਿੰਟ ਖਿੱਚਿਆ। ਉਹਨਾਂ ਨੇ ਏ ਆਈ, ਰੋਬੋਟਿਕ, ਊਰਜਾ, ਆਬਾਦੀ, ਸਮਾਜਿਕ ਢਾਂਚੇ, ਭਾਰਤ, ਅਮਰੀਕਾ, ਐਕਸ ਪਲੇਟਫਾਰਮ, ਹਾਸੇ ਦੀ ਆਜ਼ਾਦੀ ਅਤੇ ਮਨੁੱਖੀ ਚੇਤਨਾ ਬਾਰੇ ਇੰਨੀਆਂ ਡੂੰਘੀਆਂ ਗੱਲਾਂ ਕੀਤੀਆਂ ਕਿ ਸੁਣਨ ਵਾਲੇ ਦੇ ਰੌਂਗਟੇ ਖੜੇ ਹੋ ਜਾਂਦੇ ਹਨ। ਉਸ ਦੀਆਂ ਭਵਿੱਖਵਾਣੀਆਂ ਸੱਚ ਸਾਬਤ ਹੋਈਆਂ ।ਆਉਣ ਵਾਲੇ ਸਮੇਂ ਵਿੱਚ ਐਲਨ ਮਸਕ ਦਾ ਕਹਿਣਾ ਹੈ ਕਿ ਅੱਜ ਵਾਲੇ ਸਮਾਰਟ ਫੋਨ ਮਿਊਜ਼ੀਅਮ ਵਿੱਚ ਦਿਸਿਆ ਕਰਨਗੇ। ਐਲਨ ਮਸਕ ਨੇ ਵਿਸ਼ਵ ਪੱਧਰ 'ਤੇ ਵਿਕੀਪੀਡੀਆ ਦਾ ਮੁਕਾਬਲਾ ਕਰਨ ਲਈ ਗ੍ਰੋਕੀਪੀਡੀਆ ਨਾਮੀ ਇਕ ਨਵੇਂ ਵਿਕੀਪੀਡੀਆ ਬਾਰੇ ਦੱਸਿਆ। ਗ੍ਰੋਕੀਪੀਡੀਆ ਕੀ ਹੈ ?, ਐਲਨ ਮਸਕ ਨੇ ਇਸ ਬਾਰੇ ਕੀ ਦਾਅਵਾ ਕੀਤਾ ਤੇ ਗ੍ਰੋਕੀਪੀਡੀਆ ਦੀ ਲਾਂਚਿੰਗ ਕਿਵੇਂ ਵਿਵਾਦਾਂ ਵਿੱਚ ਘਿਰੀ ਹੋਈ ਹੈ, ਬਾਰੇ ਜਾਣਕਾਰੀ ਦਿੱਤੀ ਹੈ। ਐਲਨ ਮਸਕ ਦਾ ਦਾਅਵਾ ਇਹ ਹੈ ਕਿ ਗ੍ਰੋਕੀਪੀਡੀਆ ਦਾ ਸੰਸਕਰਣ ਵਿਕੀਪੀਡੀਆ ਨਾਲੋਂ ਦਸ ਗੁਣਾ ਬਿਹਤਰ ਹੋਵੇਗਾ। ਇਹ ਪਲੇਟਫਾਰਮ ਪੂਰੀ ਤਰ੍ਹਾਂ ਮੁਫ਼ਤ ਤੇ ਓਪਨ-ਸੋਰਸ ਹੈ। ਕੋਈ ਵੀ ਇਸ ਨੂੰ ਲੌਗ ਇਨ ਕੀਤੇ ਬਿਨਾਂ ਵਰਤ ਸਕਦਾ ਹੈ। ਉਸ ਨੇ ਇਹ ਵੀ ਐਲਾਨ ਕੀਤਾ ਕਿ ਉਸ ਦਾ ਚੈਟਬੋਟ, ਗ੍ਰੋਕ, ਹੁਣ ਵਿੱਕੀਪੀਡੀਆ ਨੂੰ ਹਵਾਲੇ ਵਜੋਂ ਨਹੀਂ ਵਰਤੇਗਾ, ਸਗੋਂ ਗ੍ਰੋਕੀਪੀਡੀਆ ਤੋਂ ਜਾਣਕਾਰੀ ਖਿੱਚੇਗਾ। ਇੱਕ ਥਾਂ ਲੇਖਕ ਨੇ ਭਾਰਤ ਵਿੱਚ ਆਨਲਾਈਨ ਅਸ਼ਲੀਲਤਾ ਕੰਟੈਂਟ ਤੇ ਸੁਪਰੀਮ ਕੋਰਟ ਦੇ ਸਖਤ ਰੁਖ ਬਾਰੇ ਵੀ ਦੱਸਿਆ ਹੈ। ਉਹ ਇਸ ਲੇਖ ਰਾਹੀਂ ਇਸ ਫੈਸਲੇ ਦੀ ਯਾਦ ਵੀ ਦਿਵਾਉਂਦਾ ਹੈ ਕਿ ਬੇਸ਼ੱਕ ਅਸੀਂ ਜਿੰਨੀ ਮਰਜ਼ੀ ਤਰੱਕੀ ਕਰ ਲਈਏ, ਪਰ ਸਮਾਜ ਦੀ ਨੈਤਿਕਤਾ ਤੇ ਮਨੁੱਖੀ ਗਰਿਮਾ ਨੂੰ ਬਚਾਉਣਾ ਵੀ ਸਾਡਾ ਕਰਤੱਵ ਹੈ। ਡਿਜੀਟਲ ਪੱਤਰਕਾਰੀ ਦੀ ਗੱਲ ਕਰਦਿਆਂ ਹੋਇਆਂ ਉਹ ਕਹਿੰਦਾ ਹੈ ਕਿ ਪੱਤਰਕਾਰਾਂ ਨੂੰ ਨੈਤਿਕਤਾ, ਸ਼ੁੱਧਤਾ ਤੇ ਨਵੀਨਤਾ ਨਾਲ ਅੱਗੇ ਵਧਣਾ ਹੋਵੇਗਾ। ਇਹੀ ਡਿਜੀਟਲ ਪੱਤਰਕਾਰੀ ਦੀ ਸੱਚੀ ਸੇਵਾ ਹੈ। ਲੇਖਕ ਨੇ ਇੱਕ ਲੇਖ ਵਿੱਚ ਇੱਕ ਵਿਸ਼ੇਸ਼ ਤੇ ਪ੍ਰਭਾਵਸ਼ਾਲੀ ਅਖ਼ਬਾਰ ਟ੍ਰੌਲੀ ਟਾਈਮਸ ਬਾਰੇ ਵੀ ਦੱਸਿਆ, ਜੋ ਭਾਰਤੀ ਕਿਸਾਨੀ ਅੰਦੋਲਨ ਦੌਰਾਨ ਉੱਭਰਿਆ ● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਪੁਸਤਕਾਂ ਦੇ ਨਵੇਂ ਐਡੀਸ਼ਨ

ਅੰਦਰੇਟੇ ਦਾ ਜੋਗੀ

(ਸ਼ਬਦ ਚਿੱਤਰ)

ਪ੍ਰੇਮ ਮਾਨ

ਮੁੱਲ 275, ਸਫ਼ੇ 160

ਸੰਗਮ ਪਬਲੀਕੇਸ਼ਨ, ਸਮਾਣਾ

ਪ੍ਰੇਮ ਮਾਨ ਵੱਲੋਂ ਪ੍ਰਸਿੱਧ ਲੇਖਕਾਂ ਦੇ ਸ਼ਬਦ ਚਿੱਤਰਾਂ ਦਾ ਸੰਗ੍ਰਹਿ 'ਅੰਦਰੇਟੇ ਦਾ ਜੋਗੀ' ਦਾ ਇਹ ਤੀਜਾ ਐਡੀਸ਼ਨ ਹੈ। ਇਸ ਕਿਤਾਬ ਦੇ ਦੂਜੇ ਐਡੀਸ਼ਨ ਵਿੱਚ ਤਿੰਨ ਨਵੇਂ ਲੇਖਕਾਂ ਅਮਰੀਕ ਗਿੱਲ, ਹਰਕੀਰਤ ਕੌਰ ਚਹਿਲ ਤੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੇ ਸ਼ਬਦ ਚਿੱਤਰ ਸ਼ਾਮਲ ਕੀਤੇ ਗਏ ਸਨ। ਤੀਜੇ ਐਡੀਸ਼ਨ ਦੀ ਭੂਮਿਕਾ ਵਿੱਚ ਪ੍ਰੇਮ ਮਾਨ ਪਾਠਕਾਂ ਦੇ ਪ੍ਰਤੀਕਰਮ ਬਾਰੇ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ ਪਾਠਕਾਂ ਨੇ ਇਨ੍ਹਾਂ ਸ਼ਬਦ ਚਿੱਤਰਾਂ ਦੀ ਭਾਸ਼ਾ, ਸ਼ੈਲੀ ਤੇ ਬੇਬਾਕੀ ਦੀ ਤਰੀਫ਼ ਕੀਤੀ। ਪ੍ਰੇਮ ਮਾਨ ਨੇ ਸੋਭਾ ਸਿੰਘ, ਅਮਰੀਕ ਗਿੱਲ, ਬਲਬੀਰ ਮੋਮੀ, ਹਰਕੀਰਤ ਕੌਰ ਚਹਿਲ, ਦਲਜੀਤ ਮੋਖਾ, ਡਾ. ਗੁਰਬਖ਼ਸ਼ ਸਿੰਘ ਭੰਡਾਲ, ਡਾ. ਜਗਤਾਰ, ਪ੍ਰੇਮ ਪ੍ਰਕਾਸ਼, ਚਰਨ ਸਿੰਘ ਸਫ਼ਰੀ, ਦੀਪਕ ਜੈਤੋਈ ਤੇ ਅਜੇ ਤਨਵੀਰ ਦੇ ਸ਼ਬਦ ਚਿੱਤਰ ਨਿੱਠ ਕੇ ਲਿਖੇ ਹਨ। ਸੋਭਾ ਸਿੰਘ ਬਾਰੇ ਪੜ੍ਹਦਿਆਂ ਸਾਡੇ ਸਾਹਵੇਂ ਇਕ ਪ੍ਰਸਿੱਧ ਚਿੱਤਰਕਾਰ ਆ ਕੇ ਖੜ ਜਾਂਦਾ ਹੈ। ਅਮਰੀਕ ਗਿੱਲ ਦੇ ਚਿੱਤਰ ਵਿੱਚ ਉਹਦੀਆਂ ਅਨੇਕਾਂ ਅੰਦਰਲੀਆਂ ਗੱਲਾਂ ਦਾ ਪਤਾ ਲੱਗਦਾ ਹੈ। ਬਲਬੀਰ ਮੋਮੀ ਦੇ ਬਹੁਤ ਸਾਰੇ ਪੱਖਾਂ ਨੂੰ ਅਸੀਂ ਪਹਿਲੀ ਵਾਰ ਜਾਣ ਸਕੇ ਹਾਂ। ਇਨ੍ਹਾਂ ਸਾਰੇ ਸ਼ਬਦ ਚਿੱਤਰਾਂ ਵਿੱਚ ਪ੍ਰੇਮ ਮਾਨ ਦੀ ਲੱਛੇਦਾਰ ਭਾਸ਼ਾ, ਬੇਬਾਕੀ ਅਤੇ ਘਟਨਾਵਾਂ ਨੂੰ ਪੇਸ਼ ਕਾਰਨ ਦੀ ਕਲਾ ਉੱਭਰ ਕੇ ਸਾਹਮਣੇ ਆਉਂਦੀ ਹੈ। ਕਿਤਾਬ ਵਿੱਚ ਲੇਖਕਾਂ ਦੀਆਂ ਰੰਗੀਨ ਤਸਵੀਰਾਂ ਵੀ ਦੇਖ ਸਕਦੇ ਹਨ। ਕਿਤਾਬ ਦੇ ਅੰਤ ਵਿੱਚ ਦਿੱਤਾ ਲੇਖ 'ਮੇਰੀਆਂ ਕੁਝ ਪੁਰਾਣੀਆਂ ਸਾਹਿਤਕ ਯਾਦਾਂ' ਲੇਖ ਵੀ ਦਿਲਚਸਪ ਹੈ। ਜਿਸ ਵਿੱਚ ਉਨ੍ਹਾਂ ਦੀ ਪ੍ਰਸਿੱਧ ਲੇਖਕਾਂ ਦੀ ਨੇੜਤਾ ਦਾ ਪਤਾ ਲੱਗਦਾ ਹੈ।



ਗੱਲਾਂ ਕਰਨ ਕਹਾਣੀਆਂ

(2023 ਦੀਆਂ ਮੇਰੀਆਂ ਪਸੰਦੀਦਾ 10 ਕਹਾਣੀਆਂ)

ਸੰਪਾਦਕ ਪ੍ਰੇਮ ਮਾਨ

ਮੁੱਲ 200 ਰੁਪਏ, ਸਫ਼ੇ 136

ਸੰਗਮ ਪਬਲੀਕੇਸ਼ਨ, ਸਮਾਣਾ

ਹੱਥਲੀ ਪੁਸਤਕ ਦਾ ਇਹ ਤੀਜਾ ਐਡੀਸ਼ਨ ਹੈ। ਆਪਣੇ ਲਿਖੇ ਕੁਝ ਸ਼ਬਦਾਂ ਵਿੱਚ ਪ੍ਰੇਮ ਮਾਨ ਲਿਖਦਾ ਹੈ ਕਿ ਇਹ ਮੇਰੀ ਪਸੰਦ ਦੀਆਂ ਕਹਾਣੀਆਂ ਹਨ। ਲੇਖਕ ਆਪਣੀ ਸੋਚ, ਵਿਚਾਰਧਾਰਾ ਤੇ ਕਹਾਣੀ ਕਲਾ ਦੇ ਆਪਣੇ ਮਾਨਦੰਡਾ ਅਨੁਸਾਰ ਕਹਾਣੀਆਂ ਦੀ ਚੋਣ ਕਰਦਾ ਹੈ। ਸੋ 2023 ਦੀਆਂ 10 ਪ੍ਰਤੀਨਿੱਧ ਕਹਾਣੀਆਂ ਨੂੰ ਪੁਸਤਕ ਵਿੱਚ ਸ਼ਾਮਿਲ ਕਰਕੇ ਉਨ੍ਹਾਂ ਦੇ ਗੁਣਾਂ ਬਾਰੇ ਆਪਣੀਆਂ ਕੁਝ ਧਾਰਨਾਵਾਂ ਦਿੱਤੀਆਂ ਹਨ। ਇਸ ਸੰਗ੍ਰਹਿ ਵਿੱਚ ਜਗਜੀਤ ਬਰਾੜ (ਚਿੱਟੀ ਤਿਤਲੀ ਦਾ ਸਿਰਨਾਵਾਂ), ਆਗਾਜ਼ਬੀਰ (ਚੈਪਟਰ ਕਲੋਜ਼), ਸਿਮਰਨ ਧਾਲੀਵਾਲ ਝਾਂਜਰਾਂ ਦਾ ਜੋੜਾ), ਸੁਰਿੰਦਰ ਨੀਰ (ਟੌਫੀਆਂ ਦਾ ਹਾਰ), ਜਸਪਾਲ ਕੌਰ (ਓਹਲਿਆਂ ਦੇ ਆਰ-ਪਾਰ), ਜਤਿੰਦਰ ਹਾਂਸ (ਉਹਦੀਆਂ ਅੱਖਾਂ 'ਚ ਸੂਰਜ ਦਾ ਨਿਵਾਸ ਹੈ), ਨਿਰੰਜਣ ਬੋਹਾ (ਨਰ ਬੰਦਾ), ਬਲਵੰਤ ਫ਼ਰਵਾਲੀ (ਡੌਂਕੀ), ਰਮਨਦੀਪ ਵਿਰਕ (ਐਨ ਅਫੇਅਰ) ਦੀਆਂ ਕਹਾਣੀਆਂ ਅਤੇ ਪ੍ਰੇਮ ਮਾਨ ਦੀ ਆਪਣੀ ਕਹਾਣੀ 'ਹਕੀਕਤ' ਹੈ। ਹਰ ਕਹਾਣੀ ਤੋਂ ਪਹਿਲਾਂ ਲੇਖਕ ਵੱਲੋਂ ਲਿਖੇ ਸਵੈ ਕਥਨ ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਅੰਤ ਵਿੱਚ ਕਹਾਣੀਕਾਰਾਂ ਦੀਆਂ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਨਵੇਂ ਪਾਠਕ ਸਾਲ 2023 ਦੀਆਂ ਚੰਗੀਆਂ ਕਹਾਣੀਆਂ ਇਸ ਸੰਗ੍ਰਹਿ ਵਿੱਚ ਪੜ੍ਹ ਸਕਦੇ ਹਨ।



- ਸਰੋਜ

ਪੁਸਤਕ ਰੀਵਿਊ

ਨਵ ਚੇਤਨਾ : ਸਮੀਖਿਆਤਮਕ ਲੇਖ ਸੰਗ੍ਰਹਿ

(ਲੇਖ ਸੰਗ੍ਰਹਿ)

ਡਾ. ਗਗਨਦੀਪ ਸਿੰਘ

ਪੰਨੇ : 101, ਮੁੱਲ : 220 ਰੁਪਏ

ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ

ਡਾ. ਗਗਨਦੀਪ ਸਿੰਘ ਨੇ ਆਪਣੀ ਹਥਲੀ ਪੁਸਤਕ 'ਨਵ ਚੇਤਨਾ : ਸਮੀਖਿਆਤਮਕ ਲੇਖ ਸੰਗ੍ਰਹਿ' ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੈ ਅਤੇ ਹਰੇਕ ਭਾਗ ਵਿੱਚ ਨੌਂ-ਨੌਂ ਵੱਖ-ਵੱਖ ਪਹਿਲੂਆਂ ਨੂੰ ਲੈ ਕੇ ਲੇਖ ਸ਼ਾਮਲ ਕੀਤੇ ਹਨ। ਕੁਲ ਅਠਾਰਾਂ ਲੇਖਾਂ ਤੋਂ ਇਲਾਵਾ ਆਪ ਹੀ ਪੁਸਤਕ ਦੀ ਭੂਮਿਕਾ ਵੀ ਲਿਖੀ ਹੈ ਅਤੇ ਪੰਜਾਬੀ ਵਾਰਤਕ ਦੇ ਨਿਕਾਸ ਤੇ ਵਿਕਾਸ ਬਾਰੇ ਪੇਪਰ ਵੀ ਸ਼ਾਮਲ ਕੀਤਾ ਹੈ। ਪੁਸਤਕ ਦਾ ਪਾਠ ਕਰਦਿਆਂ ਇੰਝ ਲੱਗਿਆ ਜਿਵੇਂ ਉਹਨਾਂ ਨੇ ਪੁਸਤਕ ਨੂੰ ਆਮ ਪਾਠਕਾਂ ਦੇ ਸੱਤਰ ਤੋਂ ਉਪਰ ਅਕਾਦਮਿਕ ਤੌਰ 'ਤੇ ਇਹਨਾਂ ਲੇਖਾਂ ਦੀ ਸਿਰਜਣਾ ਕੀਤੀ ਹੋਵੇ।



ਪੰਜਾਬੀ ਵਾਰਤਕ 'ਨਿਕਾਸ ਤੇ ਵਿਕਾਸ' ਵਿਚ ਉਸ ਨੇ ਦਰਜ ਕੀਤਾ ਹੈ ਕਿ ਹਰ ਭਾਸ਼ਾ ਵਿਚ ਕਵਿਤਾ ਦਾ ਜਨਮ ਪਹਿਲਾਂ ਅਤੇ ਵਾਰਤਕ ਦਾ ਬਾਅਦ ਵਿੱਚ ਹੁੰਦਾ ਹੈ। ਪੁਸਤਕ ਨੂੰ ਮੁਕੰਮਲ ਰੂਪ ਵਿੱਚ ਵਾਰਤਕ ਦੇ ਵਿਚ ਲਿਖਿਆ ਗਿਆ ਹੈ। ਪੁਸਤਕ ਦਾ ਇਹ ਪੇਪਰ ਪਰਚੀਆਂ, ਕਥਾ, ਗੋਸ਼ਟਿ, ਟੀਕੇ, ਬਚਨ ਅਤੇ ਅਨੁਵਾਦ ਨੂੰ ਵਾਰਤਕ ਰੂਪ ਵਿੱਚ ਆਏ ਦੱਸਿਆ ਹੈ। ਪੁਸਤਕ ਦੇ ਪਹਿਲੇ ਭਾਗ ਵਿੱਚ ਖਲੀਲ ਜਿਬਰਾਨ ਵਾਲੇ ਲੇਖ ਵਿਚ ਖਲੀਲ ਜਿਬਰਾਨ ਬਾਰੇ ਉਸ ਦੇ ਜਨਮ, ਉਸ ਦੀਆਂ ਰੁਚੀਆਂ, ਭੈਣ, ਭਰਾ ਅਤੇ ਮਾਂ ਦੀ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਖਲੀਲ ਦੀ ਭੈਣ ਸੁਲਤਾਨਾ, ਭਰਾ ਬੋਟਰੋਸ ਅਤੇ ਮਾਂ ਦੀ ਮੌਤ ਅਸਹਿ ਸੀ। ਉਸ ਦੀ ਅਰਬੀ ਸਾਹਿਤ ਵਿਚ ਪੈਂਫਲਿਟ ਛਪਣ ਨਾਲ ਪਹਿਚਾਣ ਬਣੀ ਦਸੀ ਗਈ ਹੈ। ਉਸ ਨੂੰ ਰੱਬ ਸੰਸਕ੍ਰਿਤੀ ਨਾਲ ਜੁੜਿਆ ਲਿਖਿਆ ਹੈ। ਤਾਨਾਸ਼ਾਹ ਅਡੋਲਫ਼ ਹਿਟਲਰ ਬਾਰੇ ਦਰਜ ਲੇਖ ਵਿਚ ਉਸ ਦੀ ਖ਼ਾਕੀ ਵਰਦੀ, ਸ਼ਾਕਾਹਾਰੀ, ਹਰ ਤਰ੍ਹਾਂ ਦੇ ਨਸ਼ੇ ਤੋਂ ਮੁਕਤ ਅਤੇ ਉਸ ਦੇ ਸੰਘਰਸ਼ੀ ਜੀਵਨ ਬਾਰੇ ਚਿਤਰਣ ਕੀਤਾ ਗਿਆ ਹੈ। ਪੜ੍ਹਾਈ ਸਮੇਂ ਵਿਦਿਆਰਥੀਆਂ ਉਪਰ ਉਸ ਦਾ ਪ੍ਰਭਾਵ, ਗਾਰ ਢੋਅ ਕੇ ਗੁਜ਼ਾਰਾ ਕਰਨਾ, ਜਰਮਨ ਦਾ ਰਾਸ਼ਟਰ ਪ੍ਰੇਮ, ਜਰਮਨ ਫਾਇਰਿੰਗ ਲੀਗ ਦੀ ਸਥਾਪਨਾ ਅਤੇ ਸੋਸ਼ਲ ਰੀਵੈਨੀਸ਼ਨਰੀ ਪਾਰਟੀ ਬਣਾਉਣ ਦਾ ਫ਼ੈਸਲਾ ਜਿਸ ਦਾ ਅਧਾਰ ਜਰਮਨ ਦੀ ਉੱਚਤਾ ਨੂੰ ਸਥਾਪਤ ਕਰਨ ਦੇ ਯਤਨ ਕਰਨਾ ਸੀ, ਬਾਰੇ ਵੀ ਪਤਾ ਲਗਦਾ ਹੈ। ਉਸ ਦੇ ਭਾਸ਼ਣਾਂ ਵਿਚ ਦਿੱਤਾ ਨਾਅਰਾ 'ਮੈਂ ਤੁਹਾਡਾ ਹਾਂ ਅਤੇ ਤੁਸੀਂ ਮੇਰੇ ਹੋ' ਰਿਹਾ ਹੈ। ਕਿਸਾਨੀ ਜੀਵਨ ਦੀਆਂ ਮੁਸ਼ਕਲਾਂ ਅਤੇ ਵੰਗਾਰਾਂ ਸੰਬੰਧੀ ਅੰਕੜਿਆਂ ਸਮੇਤ ਜਾਣਕਾਰੀ, ਗੁਰੂ ਅਰਜਨ ਦੇਵ ਜੀ ਬਾਰੇ, ਸਟਾਲਿਨ ਦਾ ਡਿਕਟੇਟਰ ਹੋਣਾ, ਸਵਾਮੀ ਨਾਥਨ ਆਯੋਗ ਵਿਚ ਭਾਰਤੀ ਖੇਤੀ ਦੀ ਦਸ਼ਾ ਤੇ ਦਿਸ਼ਾ, ਲਿਬਰੇਸ਼ਨ ਟਾਈਗਰਜ਼ ਆਫ ਤਾਮਿਲ ਈਲਮ ਵਰਗੇ ਲੇਖ ਜਾਣਕਾਰੀ ਭਰਪੂਰ ਹਨ।

ਪੁਸਤਕ ਦਾ ਦੂਜਾ ਭਾਗ 'ਚ ਉਸ ਨੇ ਕਈ ਸਮੱਸਿਆਵਾਂ ਤੇ ਵਿਵਾਦਾਂ ਦਾ ਜ਼ਿਕਰ ਕੀਤਾ ਹੈ। ਪਿੱਛੇ ਜਿਹੇ ਰਹੀ ਕੋਰੋਨਾ ਦੀ ਮਹਾਂਮਾਰੀ ਤੋਂ ਕੌਣ ਅਨਜਾਣ ਹੈ। ਇਸ ਬਿਮਾਰੀ ਨੇ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਕਰਕੇ ਕਿੰਨੀਆਂ ਹੀ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ। ਸ੍ਰੀਲੰਕਾ ਦਾ ਸੰਕਟ ਵਿਚ ਪੁਰਾਤਨ ਰਾਜਿਆਂ, ਮਹਾਰਾਜਿਆਂ ਦੇ ਹਵਾਲੇ ਨਾਲ ਉਥੇ ਲੋਕਤੰਤਰੀ ਯੁੱਗ ਵਿਚ ਸਰਕਾਰ ਦੀ ਸਿਆਸੀ ਅਤੇ ਤਾਨਾਸ਼ਾਹੀ ਨੀਤੀਆਂ ਨੂੰ ਜਨਮ ਦੇਣ ਦੀ ਗੱਲ ਕੀਤੀ ਹੈ।

ਇਸੇ ਤਰ੍ਹਾਂ ਰਸ਼ੀਆ-ਯੂਕਰੇਨ ਦਾ ਵਿਵਾਦ, ਗੈਰ-ਕਾਨੂੰਨੀ ਪਰਵਾਸੀ, ਸੀਰੀਅਨ ਗ੍ਰਹਿ ਯੁੱਧ ਤੇ ਕੋਰੀਆ ਵਿਵਾਦ ਅਤੇ ਤੀਜੇ ਵਿਸ਼ਵ ਯੁੱਧ ਦੀ ਰਾਹ ਦਾ ਮੋੜ ਇੰਟਰਮੀਡੀਏਟ ਰੇਂਜ ਨਿਊਕਲਰ ਫੋਰਮ ਸੰਧੀ ਦੀ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ। ਇਹ ਪੁਸਤਕ ਜਿੱਥੇ ਰਾਜਨੀਤਕ ਤੌਰ 'ਤੇ ਦੇਸ਼ਾਂ ਦੀ ਸਮੀਖਿਆ ਕਰਦੀ ਹੈ, ਉਥੇ ਪਾਠਕਾਂ ਨੂੰ ਭਰਪੂਰ ਜਾਣਕਾਰੀ ਵੀ ਮੁਹੱਈਆ ਕਰਵਾਉਂਦੀ ਹੈ। ਪੁਸਤਕ ਖੋਜ ਕਾਰਜ ਵਾਲੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਤ ਹੋ ਸਕਦੀ ਹੈ।

—ਤੇਜਿੰਦਰ ਚੰਡਿਹੋਕ

ਖ਼ਾਮੋਸ਼ੀਆਂ


(ਕਾਵਿ-ਸੰਗ੍ਰਹਿ)

ਐੱਸ ਪ੍ਰਸ਼ੋਤਮ

ਪੰਨੇ-111, ਮੁੱਲ-240 ਰੁਪਏ

ਅਦਬ ਪ੍ਰਕਾਸ਼ਨ ਪੱਖੋਕੇ, ਤਰਨ ਤਾਰਨ

ਐੱਸ ਪ੍ਰਸ਼ੋਤਮ ਮੂਲ ਰੂਪ ਵਿੱਚ ਪੱਤਰਕਾਰਤਾ ਨਾਲ ਸੰਬੰਧ ਰੱਖਦਾ ਹੈ ਪਰ ਉਹ ਇੱਕ ਸੰਵੇਦਨਸ਼ੀਲ ਤੇ ਸੁਲਝਿਆ ਹੋਇਆ ਕਵੀ ਵੀ ਹੈ। ਹਾਲਾ ਹੀ ਉਸ ਦਾ 'ਖ਼ਾਮੋਸ਼ੀਆਂ' ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਇਆ ਹੈ। ਇਸ ਕਾਵਿ-ਸੰਗ੍ਰਹਿ ਵਿੱਚ 61 ਕਵਿਤਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਕਵਿਤਾਵਾਂ ਦੇ ਵਿਭਿੰਨ ਸਰੋਕਾਰ ਪੰਜਾਬੀ ਰਹਿਣ-ਸਹਿਣ, ਸੰਕਟਮਈ ਸਥਿਤੀ, ਦਰਪੇਸ਼ ਚੁਣੌਤੀਆਂ ਨੂੰ ਮੁਖਾਤਿਬ ਹਨ। ਲੋਕਾਈ ਦੇ ਦਰਦ ਨੂੰ ਬਿਆਨ ਕਰਦੀਆਂ ਇਹ ਕਵਿਤਾਵਾਂ ਓਪਰੀ ਭਾਵੁਕਤਾ, ਵਕਤੀ ਹੁਲਾਸ ਤੋਂ ਕੋਹਾਂ ਦੂਰ ਚਿਰ ਪ੍ਰਭਾਵੀ ਅਸਰ ਸਿਰਜਣ ਵਾਲੀਆਂ ਹਨ। ਸੱਤਾ 'ਚ ਬੈਠੇ ਲੋਭੀਆਂ ਨੇ ਲਾਲਚਵੱਸ ਪੰਜਾਬ ਦੀ ਆਬੋ-ਹਵਾ ਨੂੰ ਦਾਅ 'ਤੇ ਲਗਾ ਦਿੱਤਾ ਹੈ। ਵਾਤਾਵਰਣ ਨੂੰ ਸੋਚੀ-ਸਮਝੀ ਸਾਜ਼ਿਸ਼ ਤਹਿਤ ਗੰਧਲਾ ਕੀਤਾ ਜਾ ਰਿਹਾ ਹੈ। ਸੱਤਾ ਆਪਣੀਆਂ ਮਾਰੂ ਨੀਤੀਆਂ ਨਾਲ ਪੰਜਾਬ ਨੂੰ ਉਜਾੜੇ ਵੱਲ ਧੱਕ ਰਹੀ ਹੈ। ਬੇਰੁਜ਼ਗਾਰੀ ਦੀ ਮਾਰ ਝੱਲ ਰਹੀ ਨੌਜਵਾਨੀ ਪ੍ਰਵਾਸ ਨੂੰ ਤਰਜੀਹ ਦੇਣ ਲੱਗੀ ਹੈ। ਆਰਥਿਕਤਾ ਦੇ ਬੋਝ ਦਾ ਤਾਅ ਨਾ ਝੱਲਣ ਵਾਲੀ ਜਵਾਨੀ ਨਸ਼ਿਆਂ ਵਿੱਚ ਗ੍ਰਸਤ ਹੋ ਗਈ ਹੈ। ਪੂੰਜੀਵਾਦ ਦੇ ਮਾਰੂ ਹਮਲੇ ਗ਼ਰੀਬਾਂ ਅਤੇ ਕਿਰਤੀ, ਕਿਸਾਨਾਂ ਦੀ ਆਰਥਿਕ ਸਥਿਤੀ ਨੂੰ ਡਾਵਾਂਡੋਲ ਕਰ ਰਹੇ ਹਨ। ਪੂੰਜੀਵਾਦ ਦੇ ਪ੍ਰਭਾਵ ਹੇਠ ਮਾਨਵੀ ਰਿਸ਼ਤੇ ਤਿੜਕਣ ਲੱਗੇ ਹਨ। ਆਪਸੀ ਮੋਹ, ਮੁਹੱਬਤ ਵਿੱਚ ਸੁਆਰਥ ਭਾਰੂ ਹੋ ਗਿਆ ਹੈ। ਵਧ ਰਹੀ ਮਹਿੰਗਾਈ ਨੇ ਰਿਸ਼ਤਾ-ਨਾਤਾ ਪ੍ਰਣਾਲੀ ਨੂੰ ਸੰਗੋੜਨਾ ਸ਼ੁਰੂ ਕਰ ਦਿੱਤਾ ਹੈ। ਮਨੁੱਖ ਇਕੱਲਤਾ ਵਿੱਚ ਜੀਵਨ ਜਿਊਣ ਨੂੰ ਜੀਣ ਦਾ ਸਿੰਬਲ ਮੰਨਣ ਲੱਗਿਆ ਹੈ। ਬਾਜ਼ਾਰੂ ਉਤਪਾਦ ਜਿਊਣ ਲਈ ਅਹਿਮ ਲੋੜਾਂ ਬਣ ਰਹੇ ਹਨ। ਪੂੰਜੀਵਾਦ ਜੀਵਨ 'ਤੇ ਅਜਿਹਾ ਭਰਮ ਜਾਲ ਵਿਛਾਅ ਰਿਹਾ ਹੈ, ਜਿਵੇਂ ਅਸੀਂ ਇਨ੍ਹਾਂ ਬਾਜ਼ਾਰੂ ਉਤਪਾਦਾਂ ਦੀ ਵਰਤੋਂ ਨਾ ਕਰ, ਮਰ ਹੀ ਜਾਵਾਂਗੇ। ਇਨ੍ਹਾਂ ਸਾਰੇ ਮਸਲਿਆਂ ਨੂੰ ਆਪਣੀ ਕਵਿਤਾ ਵਿੱਚ ਪ੍ਰਮੁਖਤਾ ਨਾਲ ਉਭਾਰਦਿਆਂ ਕਵੀ ਐੱਸ ਪ੍ਰਸ਼ੋਤਮ ਸਮਾਜਿਕ ਗੰਧਲੇਪਣ ਤੋਂ ਨੱਕ ਵੱਟ, ਅਜਿਹੀ ਥਾਂ 'ਤੇ ਜਾਣਾ ਲੋਚਦਾ ਹੈ, ਜਿੱਥੇ ਲਿੰਗ ਭੇਦ ਅਤੇ ਜਾਤੀ ਭੇਦ-ਭਾਵ ਤੋਂ ਪਰੇ ਇਨਸਾਨੀਅਤ ਦਾ ਭਾਵ ਪਲਦਾ ਹੋਵੇ। ਕਵੀ ਸਥਾਨਕ ਲੋਕਾਂ ਦੀ ਪੀੜ ਨੂੰ ਤਾਂ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕਰਦਾ ਹੀ ਹੈ, ਉਸ ਦੀ ਸੰਵੇਦਨਾ ਦੀ ਉਡਾਰੀ ਅੰਤਰਰਾਸ਼ਟਰੀ ਗਗਨ 'ਚੋਂ ਹੁੰਦੀ ਹੋਈ ਬੇਗਾਨੀਆਂ ਧਰਤੀਆਂ ਦੀ ਜੂਹ ਤੱਕ ਪਹੁੰਚਦੀ ਹੈ।ਇਨ੍ਹਾਂ ਕਵਿਤਾਵਾਂ ਵਿੱਚ ਉਮੰਗਾਂ ਹਨ, ਆਸ਼ਾਵਾਂ ਹਨ, ਰੋਹ ਹੈ, ਗਿਲਾ ਹੈ, ਮੁਹੱਬਤ ਦੀ ਸਿੱਲ੍ਹ ਹੈ, ਆਪਣੇਪਣ ਦਾ ਸੋਕਾ ਹੈ, ਮਸ਼ੀਨ ਅੱਗੇ ਹਾਰਦੇ ਬੰਦੇ ਦਾ ਦੁਖਾਂਤ ਹੈ, ਮੌਸਮਾਂ ਦੇ ਪਰਵਰਤਨੀ ਸੁਭਾਅ ਦਾ ਚਿਤਰਨ ਹੈ, ਮਨੁੱਖ ਦੀ ਆਪਣੀ ਹੋਂਦ ਖਾਤਰ ਲੜੀ ਜਾ ਰਹੀ ਜੰਗ ਦਾ ਬਿਰਤਾਂਤ ਹੈ। ਨਾਰੀ ਵੇਦਨਾ ਨੂੰ ਪ੍ਰਗਟਾਉਂਦੀਆਂ ਇਹ ਕਵਿਤਾਵਾਂ ਇਤਿਹਾਸਕ, ਮਿਥਿਹਾਸਕ ਹਵਾਲਿਆਂ ਨਾਲ ਪ੍ਰਭਾਵੀ ਕਾਵਿਕਤਾ ਦਾ ਪ੍ਰਭਾਵ ਸਿਰਜ, ਪਾਠਕ ਮਨਾਂ ਨੂੰ ਝੰਜੋੜਨ ਅਤੇ ਚੇਤਨ ਕਰਨ ਵਿੱਚ ਜ਼ਰੂਰ ਕਾਮਯਾਬ ਹੋਣਗੀਆਂ ।ਇਹ ਮੇਰਾ ਵਿਸ਼ਵਾਸ ਹੈ।



—ਰਾਮਪਾਲ ਸ਼ਾਹਪੁਰੀ (ਡਾ.)

'ਰੌਲਿਆਂ ਵੇਲੇ' 'ਤੇ ਵਿਚਾਰ-ਚਰਚਾ




ਮੁਕੇਰੀਆਂ : ਕੰਢੀ-ਬਿਆਸ ਸਾਹਿਤ ਉਤਸਵ ਦੌਰਾਨ ਐੱਸ ਪੀ ਐੱਨ ਕਾਲਜ ਮੁਕੇਰੀਆਂ ਵਿਖੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਹਿਯੋਗ ਨਾਲ ਵਿਸ਼ੇਸ਼ ਪੁਸਤਕ ਚਰਚਾ ਕਰਵਾਈ ਗਈ। ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਦੇ ਸਕੱਤਰ ਸੰਜੀਵ ਆਨੰਦ ਨੇ ਮੁੱਖ ਮਹਿਮਾਨ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਕਾਰਜਕਾਰੀ ਮੈਂਬਰ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਸਮਾਗਮ ਦੌਰਾਨ ਢਾਹਾਂ ਪੁਰਸਕਾਰ ਜੇਤੂ ਨਾਵਲਕਾਰ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ' ਉੱਤੇ ਵਿਦਵਾਨਾਂ ਨੇ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਸੈਸ਼ਨ ਦੀ ਪ੍ਰਧਾਨਗੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਗੁਰੂ ਨਾਨਕ ਸਿੱਖ ਸਟੱਡੀਜ਼ ਵਿਭਾਗ ਤੋਂ ਡਾ. ਗੁਰਪਾਲ ਸਿੰਘ ਸੰਧੂ ਨੇ ਕੀਤੀ। ਇਸ ਮੌਕੇ ਡਾ. ਕਿਰਨਜੀਤ ਕੌਰ ਅਤੇ ਦਸ਼ਮੇਸ਼ ਗਰਲਜ਼ ਕਾਲਜ ਦੀ ਪੰਜਾਬੀ ਵਿਭਾਗ ਦੀ ਮੁੱਖੀ ਡਾ. ਸੋਨੀਆ ਦੇਵੀ ਨੇ ਆਪਣੇ ਖੋਜ-ਪੱਤਰ ਪੇਸ਼ ਕੀਤੇ।ਚਰਚਾ ਦੌਰਾਨ ਨਾਵਲ ਵਿੱਚ ਪੰਜਾਬ ਦੀ ਵੰਡ ਦੇ ਦੁਖਾਂਤ, ਉਜਾੜੇ, ਮਨੁੱਖੀ ਪੀੜਾ ਅਤੇ ਸਮਾਜਿਕ-ਸੱਭਿਆਚਾਰਕ ਪ੍ਰਭਾਵਾਂ ਦੇ ਚਿਤਰਨ ਨੂੰ ਵਿਸ਼ੇਸ਼ ਤੌਰ 'ਤੇ ਵਿਚਾਰਿਆ ਗਿਆ। ਵਿਦਵਾਨਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵੰਡ ਦੇ ਮਨੁੱਖੀ ਅਤੇ ਸਮਾਜਿਕ ਨਤੀਜਿਆਂ ਦੇ ਨਾਲ-ਨਾਲ ਇਸ ਪਿੱਛੇ ਕੰਮ ਕਰਦੇ ਰਾਜਨੀਤਿਕ ਕਾਰਨਾਂ ਦੀ ਵੀ ਸਾਹਿਤਕ ਰਚਨਾਵਾਂ ਵਿੱਚ ਡੂੰਘੀ ਪੜਚੋਲ ਹੋਣੀ ਚਾਹੀਦੀ ਹੈ।ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ. ਸੰਧੂ ਨੇ ਕਿਹਾ ਕਿ ਨਾਵਲ ਦਾ ਵਿਸ਼ਾਲ ਕੈਨਵਸ ਇਤਿਹਾਸਕ ਘਟਨਾਵਾਂ ਦੀਆਂ ਵੱਖ-ਵੱਖ ਪਰਤਾਂ ਖੋਲ੍ਹਣ ਦਾ ਮੌਕਾ ਦਿੰਦਾ ਹੈ। ਉਨ੍ਹਾਂ ਨਾਵਲ ਵਿੱਚ ਮਨੁੱਖੀ ਪੀੜਾ ਦੇ ਦਿਲ ਨੂੰ ਛੂਹਣ ਵਾਲੇ ਚਿਤਰਨ ਦੀ ਸ਼ਲਾਘਾ ਕੀਤੀ।

ਮੁੱਖ ਮਹਿਮਾਨ ਸੰਜੀਵ ਆਨੰਦ ਨੇ ਪੰਜਾਬੀ ਵਿਭਾਗ ਅਤੇ ਪੰਜਾਬੀ ਸਾਹਿਤ ਸਭਾ ਮੁਕੇਰੀਆਂ ਨੂੰ ਉਤਸਵ ਦੀ ਸਫ਼ਲਤਾ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਖੋਜਮੁੱਖੀ ਸਮਾਗਮ ਕਰਵਾਉਣ ਦਾ ਭਰੋਸਾ ਦਿੱਤਾ। ਅੰਤ ਵਿੱਚ ਪ੍ਰਿੰਸੀਪਲ ਡਾ. ਸਮੀਰ ਸ਼ਰਮਾ ਨੇ ਸਮੂਹ ਮਹਿਮਾਨਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ 'ਚ ਮਨਜੀਤ ਸਿੰਘ ਬਰਾੜ ਦਾ ਸਨਮਾਨ

ਕੈਲਗਰੀ-ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਇਕੱਤਰਤਾ ਕੈਲਗਰੀ ਦੇ ਕੋਸੋ ਹਾਲ ਵਿੱਚ ਬਾਅਦ ਦੁਪਹਿਰ ਦੋ ਵਜੇ ਜਰਨੈਲ ਸਿੰਘ ਤੱਗੜ ਦੀ ਪ੍ਰਧਾਨਗੀ ਵਿੱਚ ਹੋਈ। ਮੰਚ ਸੰਚਾਲਨ ਗੁਰਦਿਆਲ ਸਿੰਘ ਖਹਿਰਾ ਨੇ ਨਿਭਾਇਆ । ਇਸ ਇਕੱਤਰਤਾ ਵਿੱਚ ਸਭਾ ਦੇ ਮੈਂਬਰ ਮਨਜੀਤ ਸਿੰਘ ਬਰਾੜ ਨੂੰ ਉਹਨਾਂ ਦੀਆਂ ਪੰਜਾਬੀ ਸਾਹਿਤ ਸਭਾ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਲਈ ਸਨਮਾਨ ਚਿੰਨ੍ਹ ਭੇਟਾ ਨਾਲ ਸਨਮਾਨਿਤ ਕੀਤਾ ਗਿਆ।ਉਹ ਆਪਣੇ ਢੰਗ ਨਾਲ ਪੰਜਾਬੀ ਗੀਤ ਲਿਖਦਾ ਹੈ ਅਤੇ ਆਪਣੇ ਨਿਵੇਕਲੇ ਢੰਗ ਨਾਲ ਗਾਉਂਦਾ ਹੈ।ਹਾਜ਼ਰ ਸਾਹਿਤਕਾਰਾਂ, ਜਸਵੰਤ ਸਿੰਘ ਕਪੂਰ, ਗੁਰਦੀਪ ਸਿੰਘ ਧਾਲੀਵਾਲ, ਲਖਵਿੰਦਰ ਸਿੰਘ ਸਿੱਧੂ, ਸ. ਮਨਮੋਹਨ ਸਿੰਘ ਬਾਠ, ਜਸਵੀਰ ਸਹੋਤਾ, ਗਿੱਲ ਸੁਖਮੰਦਰ, ਦੀਪ ਬਰਾੜ, ਜਨਾਬ ਮੁਨੱਵਰ ਤੇ ਅਹਿਮਦ ਮੁਨੱਵਰ ਅਹਿਮਦ ਆਦਿ ਨੇ ਆਪੋ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਅੰਤ ਵਿੱਚ ਸੁਰਿੰਦਰ ਗੀਤ ਨੇ ਆਪਣੀ ਗ਼ਜ਼ਲ ਤਰੰਨਮ ਵਿੱਚ ਪੇਸ਼ ਕੀਤੀ।ਜਿਵੇਂ ਦਿਸ ਰਿਹਾ, ਤਿਵੇਂ ਹੈ ਨਹੀਂ, ਇਹ ਯਕੀਨ ਹੁਣ ਬੇ ਯਕੀਨ ਹੈ ਮੇਰੀ ਹੋਂਦ ਨੂੰ ਨਾ ਕਬੂਲਦੀ, ਮੇਰੀ ਆਪਣੀ ਹੀ ਜ਼ਮੀਨ ਹੈ ।ਜੀਤ ਸਿੰਘ ਬਰਾੜ ਨੇ ਆਪਣੇ ਵਿਚਾਰ ਪ੍ਰਗਟ ਕੀਤੇ।



ਬਿੰਦੂ ਦਲਵੀਰ ਕੌਰ ਦਾ ਗ਼ਜ਼ਲ ਸੰਗ੍ਰਹਿ 'ਮਨ ਬਉਰਾ' ਲੋਕ ਅਰਪਣ



ਲੁਧਿਆਣਾ-(ਸਰੀ) ਕੈਨੇਡਾ ਵਾਸੀ ਪੰਜਾਬੀ ਕਵਿੱਤਰੀ ਬਿੰਦੂ ਦਲਵੀਰ ਕੌਰ ਦਾ ਗ਼ਜ਼ਲ ਸੰਗ੍ਰਹਿ 'ਮਨ ਬਉਰਾ' ਨੂੰ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਲੋਕ ਅਰਪਣ ਕਰਦਿਆਂ ਇਸ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਬਿੰਦੂ ਦਲਵੀਰ ਕੌਰ ਵਿਸਮਾਦੀ ਪਲਾਂ ਦੇ ਅੰਤਰੀਵ ਪਲਾਂ ਨੂੰ ਜਾਨਣਹਾਰੀ ਕਵਿੱਤਰੀ ਹੈ, ਜਿਸ ਨੇ ਪੰਜਾਬੀ ਗ਼ਜ਼ਲ ਨੂੰ ਨਵਾਂ ਨਿਵੇਕਲਾ ਪਰਮਾਰਥੀ ਮੁਹਾਂਦਰਾ ਪ੍ਰਦਾਨ ਕੀਤਾ ਹੈ। ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਉਸ ਨੇ ਹਮੇਸ਼ਾ ਕਲਮ ਅਜ਼ਮਾਈ ਕੀਤੀ ਹੈ। ਆਪਣੇ ਇਸ ਤੀਸਰੇ ਗ਼ਜ਼ਲ ਸੰਗ੍ਰਹਿ 'ਮਨ ਬਉਰਾ' ਤੋਂ ਪਹਿਲਾਂ ਉਹ ਸੁਰ ਇਲਾਹੀ ਤੇ ਹਰਫ਼ ਇਲਾਹੀ ਵਿੱਚ ਵੀ ਆਪਣੀ ਕਲਮ ਦਾ ਲੋਹਾ ਮੰਨਵਾ ਚੁੱਕੀ ਹੈ। ਚੌਕੀਮਾਨ (ਲੁਧਿਆਣਾ) ਦੀ ਜੰਮਪਲ ਇਹ ਕਵਿੱਤਰੀ ਬਚਪਨ ਤੋਂ ਹੀ ਰੰਗਾਂ ਤੇ ਸ਼ਬਦਾਂ ਨਾਲ ਖੇਡਣ ਲੱਗ ਪਈ ਸੀ। ਪਰਵਾਰਕ ਨੇੜ ਦੇ ਆਧਾਰ 'ਤੇ ਮੈਂ ਇਹ ਕਹਿਣ ਦਾ ਹੱਕ ਰੱਖਦਾ ਹਾਂ ਕਿ ਕਵਿਤਾ ਦੀ ਗੁੜ੍ਹਤੀ ਉਸ ਨੇ ਆਪਣੇ ਮਾਮਾ ਜੀ ਤੇ ਯੂ ਕੇ ਵੱਸਦੇ ਪੰਜਾਬੀ ਕਵੀ ਡਾ. ਤਾਰਾ ਸਿੰਘ ਆਲਮ ਤੋਂ ਹਾਸਲ ਕੀਤੀ ਹੈ।ਪੁਸਤਕ ਬਾਰੇ ਜਾਣਕਾਰੀ ਦੇਂਦਿਆਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ ਨੇ ਕਿਹਾ ਕਿ ਪੰਜਾਬੀ ਗ਼ਜ਼ਲ ਦੀ ਉਮਰ ਭਾਵੇਂ ਸਿਰਫ਼ ਇੱਕ ਸਦੀ ਹੀ ਹੈ ਪਰ ਇਸ ਸਦੀ ਦੌਰਾਨ ਇਸਤਰੀ ਗ਼ਜ਼ਲਕਾਰਾਂ ਸਪਨ ਮਾਲਾ, ਸੁਰਜੀਤ ਸਖੀ, ਕਮਲ ਇਕਾਂਸ਼ੀ, ਸੁਖਵਿੰਦਰ ਅੰਮ੍ਰਿਤ, ਅਨੂ ਬਾਲਾ, ਸਿਮਰਨਜੋਤ ਮਾਨ, ਅਮਰਜੀਤ ਕੌਰ ਅਮਰ, ਗੁਰਚਰਨ ਕੌਰ ਕੋਚਰ ਤੇ ਮਨ ਮਾਨ ਨੇ ਕਹਿਣ ਸੁਣਨਯੋਗ ਹਿੱਸਾ ਪਾਇਆ ਹੈ ਪਰ ਬਿੰਦੂ ਦਾ ਰਚਨਾ ਸੰਸਾਰ ਬਿਲਕੁਲ ਨਿਵੇਕਲਾ ਅਤੇ ਵਿਸਮਾਦ ਜਗਤ ਦੀ ਅੰਦਰੂਨੀ ਥਾਹ ਪਾਉਣ ਵਾਲਾ ਹੈ।ਪ੍ਰਸਿੱਧ ਪੰਜਾਬੀ ਕਵੀ ਤ੍ਰੈਲੋਚਨ ਲੋਚੀ ਨੇ ਕਿਹਾ ਕਿ ਇਹ ਗ਼ਜ਼ਲਾਂ ਸਿਰਫ਼ ਮਨ ਮੰਦਰ ਦੀ ਯਾਤਰਾ ਹੀ ਨਹੀਂ, ਸਗੋਂ ਮਨ ਦੀਆਂ ਖਿੜਕੀਆਂ ਖੋਲ੍ਹਣ ਵਾਲੀ ਵੀ ਹੈ। ਇਸ ਵਿਚਲੀ ਸੰਗੀਤਕਤਾ ਮਨਮੋਹਕ ਹੈ।ਪੰਜਾਬੀ ਸਾਹਿਤ ਅਕਾਡਮੀ ਦੇ ਮੀਤ ਪ੍ਰਧਾਨ ਅਤੇ ਵਿਸ਼ਵ ਪੰਜਾਬੀ ਕਾਂਗਰਸ ਦੇ ਸਕੱਤਰ ਜਨਰਲ ਸਹਿਜਪ੍ਰੀਤ ਸਿੰਘ ਮਾਂਗਟ ਨੇ ਵੀ ਇਸ ਪੁਸਤਕ ਦੇ ਸੱਜਰੇਪਨ ਨੂੰ ਸਲਾਹਿਆ। ਪ੍ਰਸਿੱਧ ਚਿੱਤਰਕਾਰ ਜਸਵੰਤ ਸਿੰਘ ਟੋਰਾਂਟੋ ਨੇ ਇਸ ਦੇ ਨਖ ਸ਼ਿਖ ਸੰਵਾਰੇ ਹਨ।

ਰਾਣਾ ਰਣਬੀਰ ਨਾਲ ਰੂ-ਬ-ਰੂ

ਚੰਡੀਗੜ੍ਹ : ਪੰਜਾਬੀ ਸਾਹਿਤ ਸਭਾ, ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਪੰਜਾਬੀ ਸਿਨੇਮਾ ਅਤੇ ਸਾਹਿਤ ਦੇ ਖੇਤਰ ਦੀ ਬਹੁਪੱਖੀ ਸ਼ਖ਼ਸੀਅਤ ਸ੍ਰੀ ਰਾਣਾ ਰਣਬੀਰ ਨਾਲ ਇੱਕ ਵਿਸ਼ੇਸ਼ ਰੂ-ਬ-ਰੂ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਪ੍ਰੋਗਰਾਮ ਦਾ ਸੰਚਾਲਨ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਅਰਸ਼ਦੀਪ ਸਿੰਘ ਨੇ ਕੀਤਾ।



ਪ੍ਰੋਗਰਾਮ ਦੇ ਆਰੰਭ ਵਿੱਚ ਪੰਜਾਬੀ ਅਧਿਐਨ ਸਕੂਲ ਦੀ ਚੇਅਰਪਰਸਨ ਡਾ. ਪਰਮਜੀਤ ਕੌਰ ਸਿੱਧੂ ਨੇ ਸ੍ਰੀ ਰਾਣਾ ਰਣਬੀਰ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਉਹ ਅਜਿਹੇ ਕਲਾਕਾਰ ਹਨ ਜਿਨ੍ਹਾਂ ਨੇ ਅਦਾਕਾਰੀ, ਰੰਗਮੰਚ, ਕਵਿਤਾ, ਲੇਖਣੀ ਅਤੇ ਫ਼ਿਲਮ ਨਿਰਦੇਸ਼ਨ ਦੇ ਖੇਤਰਾਂ ਵਿੱਚ ਆਪਣੀ ਵਿਲੱਖਣ ਪਛਾਣ ਬਣਾਈ ਹੈ। ਉਨ੍ਹਾਂ ਕਿਹਾ ਕਿ ਰੂ-ਬ-ਰੂ ਸਮਾਗਮਾਂ ਦਾ ਮਕਸਦ ਕੇਵਲ ਕਿਸੇ ਪ੍ਰਸਿੱਧ ਸ਼ਖ਼ਸੀਅਤ ਨਾਲ ਮੁਲਾਕਾਤ ਹੀ ਨਹੀਂ, ਸਗੋਂ ਉਸ ਦੇ ਸਿਰਜਣਾਤਮਕ ਅਨੁਭਵਾਂ ਅਤੇ ਕਲਾ-ਸਫ਼ਰ ਰਾਹੀਂ ਵਿਦਿਆਰਥੀਆਂ ਦੀ ਸਾਹਿਤਕ ਤੇ ਬੌਧਿਕ ਸਮਝ ਨੂੰ ਹੋਰ ਵਿਸ਼ਾਲ ਕਰਨਾ ਵੀ ਹੈ।

ਡਾ. ਬਲਵਿੰਦਰ ਸਿੰਘ ਨੇ ਰਾਣਾ ਰਣਬੀਰ ਨਾਲ ਸੰਵਾਦ ਦੀ ਸ਼ੁਰੂਆਤ ਕਰਦਿਆਂ ਉਹਨਾਂ ਦੇ ਜੀਵਨ, ਸ਼ਖ਼ਸੀਅਤ ਅਤੇ ਸਿਰਜਣਾਤਮਕ ਸਫ਼ਰ ਦੇ ਵੱਖ-ਵੱਖ ਪੱਖਾਂ ਨਾਲ ਵਿਦਿਆਰਥੀਆਂ ਦੀ ਜਾਣ-ਪਛਾਣ ਕਰਾਈ ਅਤੇ ਉਨ੍ਹਾਂ ਦੇ ਰੰਗਮੰਚ ਨਾਲ ਮੁੱਢਲੇ ਜੁੜਾਅ, ਸਾਹਿਤਕ ਰੁਚੀਆਂ ਅਤੇ ਫ਼ਿਲਮੀ ਸਫ਼ਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਬਹੁਵਿਧ ਪ੍ਰਤਿਭਾ ਨੂੰ ਰੇਖਾਂਕਿਤ ਕੀਤਾ।

ਸੰਵਾਦ ਦੌਰਾਨ ਰਾਣਾ ਰਣਬੀਰ ਨੇ ਆਪਣੇ ਜੀਵਨ ਦੇ ਸੰਘਰਸ਼ਾਂ, ਰੰਗਮੰਚ ਦੀ ਸਿਖਲਾਈ, ਅਦਾਕਾਰੀ ਦੇ ਤਜਰਬਿਆਂ, ਸਾਹਿਤਕ ਸਿਰਜਣਾ ਅਤੇ ਫ਼ਿਲਮ ਨਿਰਮਾਣ ਦੇ ਸਫ਼ਰ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਕਲਾ, ਸਾਹਿਤ ਅਤੇ ਸਮਾਜ ਦੇ ਆਪਸੀ ਰਿਸ਼ਤੇ ਬਾਰੇ ਗੱਲ ਕਰਦਿਆਂ ਕਿਹਾ ਕਿ ਇੱਕ ਸਿਰਜਣਹਾਰ ਲਈ ਆਪਣੇ ਸਮੇਂ, ਸਮਾਜ ਅਤੇ ਆਲੇ-ਦੁਆਲੇ ਦੇ ਜੀਵਨ ਨੂੰ ਡੂੰਘਾਈ ਨਾਲ ਸਮਝਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਅਨੁਸਾਰ ਕਲਾ ਕੇਵਲ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਮਨੁੱਖੀ ਸੰਵੇਦਨਾਵਾਂ, ਸਮਾਜਿਕ ਸਰੋਕਾਰਾਂ ਅਤੇ ਜੀਵਨ ਦੀਆਂ ਅਣਕਹੀਆਂ ਹਕੀਕਤਾਂ ਨੂੰ ਪ੍ਰਗਟਾਉਣ ਦਾ ਪ੍ਰਭਾਵਸ਼ਾਲੀ ਮਾਧਿਅਮ ਵੀ ਹੈ। ਉਨ੍ਹਾਂ ਨੇ ਆਪਣੇ ਅਨੁਭਵਾਂ ਰਾਹੀਂ ਵਿਦਿਆਰਥੀਆਂ ਨੂੰ ਮਿਹਨਤ, ਨਿਰੰਤਰ ਅਧਿਐਨ, ਸਵੈ-ਵਿਸ਼ਵਾਸ, ਜ਼ਿੰਦਗੀ ਵਿੱਚ ਸਰਲਤਾ, ਸਾਦਗੀ, ਮੰਨਣ, ਅਤੇ ਖੁਦ ਨੂੰ ਹਮੇਸ਼ਾ ਤਰਾਸ਼ਣ ਉੱਤੇ ਜ਼ੋਰ ਦਿੱਤਾ।

ਪ੍ਰੋਗਰਾਮ ਦਾ ਇੱਕ ਮਹੱਤਵਪੂਰਨ ਅਤੇ ਦਿਲਚਸਪ ਪੱਖ ਵਿਦਿਆਰਥੀਆਂ ਨਾਲ ਹੋਇਆ ਸਿੱਧਾ ਸੰਵਾਦ ਰਿਹਾ। ਵਿਦਿਆਰਥੀਆਂ ਨੇ ਅਦਾਕਾਰੀ ਦੀਆਂ ਬਾਰੀਕੀਆਂ, ਪੰਜਾਬੀ ਸਿਨੇਮਾ ਦੀਆਂ ਸੰਭਾਵਨਾਵਾਂ, ਸਾਹਿਤਕ ਸਿਰਜਣਾ ਅਤੇ ਇੱਕ ਕਲਾਕਾਰ ਦੀ ਸਮਾਜਿਕ ਜ਼ਿੰਮੇਵਾਰੀ ਨਾਲ ਸਬੰਧਤ ਕਈ ਮਹੱਤਵਪੂਰਨ ਸਵਾਲ ਪੁੱਛੇ। ਰਾਣਾ ਰਣਬੀਰ ਨੇ ਹਰ ਸਵਾਲ ਦਾ ਜਵਾਬ ਆਪਣੇ ਨਿੱਜੀ ਅਨੁਭਵਾਂ ਅਤੇ ਵਿਹਾਰਕ ਉਦਾਹਰਨਾਂ ਰਾਹੀਂ ਦਿੱਤਾ। ਇਸ ਸੰਵਾਦ ਨੇ ਵਿਦਿਆਰਥੀਆਂ ਨੂੰ ਨਾ ਸਿਰਫ਼ ਕਲਾ ਦੇ ਵਿਭਿੰਨ ਪੱਖਾਂ ਨੂੰ ਨੇੜਿਓਂ ਸਮਝਣ ਦਾ ਮੌਕਾ ਦਿੱਤਾ, ਸਗੋਂ ਉਨ੍ਹਾਂ ਦੀਆਂ ਸਿਰਜਣਾਤਮਕ ਸੰਭਾਵਨਾਵਾਂ ਨੂੰ ਵੀ ਨਵੀਂ ਦਿਸ਼ਾ ਪ੍ਰਦਾਨ ਕੀਤੀ।ਪ੍ਰੋਗਰਾਮ ਦੇ ਅੰਤ ਵਿੱਚ ਪੰਜਾਬੀ ਸਾਹਿਤ ਸਭਾ ਵੱਲੋਂ ਸ੍ਰੀ ਰਾਣਾ ਰਣਬੀਰ ਨੂੰ ਇੱਕ ਪੇਂਟਿੰਗ, ਲੋਈ ਅਤੇ ਸਿਮ੍ਰਤੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਦੇ ਅਖ਼ੀਰ ਵਿੱਚ ਪ੍ਰੋ. ਯੋਗਰਾਜ ਅੰਗਰਿਸ਼ ਨੇ ਧੰਨਵਾਦ ਰਾਣਾ ਰਣਬੀਰ ਦਾ ਆਪਣੇ ਅਨੁਭਵਾਂ ਅਤੇ ਵਿਚਾਰਾਂ ਦੀ ਸਾਂਝ ਪਾਉਣ ਲਈ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਨੇ ਪ੍ਰੋਗਰਾਮ ਵਿੱਚ ਸ਼ਾਮਲ ਸਮੂਹ ਅਧਿਆਪਕਾਂ, ਖੋਜਾਰਥੀਆਂ ਤੇ ਵਿਦਿਆਰਥੀਆਂ ਦਾ ਵੀ ਧੰਨਵਾਦ ਕੀਤਾ।

'ਲਫ਼ਜ਼ਾਂ ਦੀ ਬਾਰਿਸ਼' ਪੁਸਤਕ ਦਾ ਲੋਕ ਅਰਪਣ ਸਮਾਗਮ

ਬਰਨਾਲਾ : ਸਿਰਜਣਾ ਅਤੇ ਸੰਵਾਦ ਸਾਹਿਤ ਸਭਾ ਰਜਿ ਬਰਨਾਲਾ ਵੱਲੋਂ ਐਸ ਡੀ ਕਾਲਜ ਬਰਨਾਲਾ ਵਿਖੇ ਗੁਰਜੀਤ ਕੌਰ ਰਾਣੂ ਦੇ ਸਾਂਝੇ ਕਾਵਿ ਸੰਗ੍ਰਹਿ ਦਾ ਲੋਕ ਅਰਪਣ ਸਮਾਗਮ ਕੀਤਾ ਗਿਆ।ਸਮਾਗਮ ਵਿੱਚ ਡਾ ਸੁਦਰਸ਼ਨ ਗਾਸੋ (ਪੰਜਾਬੀ ਸਾਹਿਤਕਾਰ ਅਤੇ ਪ੍ਰਧਾਨ ਕੇਂਦਰੀ ਪੰਜਾਬੀ ਸਾਹਿਤ ਸਭਾ ਹਰਿਆਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਪ੍ਰਧਾਨਗੀ ਮੰਡਲ ਵਿਚ ਰਾਜਬੀਰ ਸਿੰਘ ਮੱਲ੍ਹੀ, ਇਕਬਾਲ ਕੌਰ ਉਦਾਸੀ ਸ਼ਾਮਲ ਹੋਏ।ਵਿਸ਼ੇਸ਼ ਮਹਿਮਾਨ ਵੱਜੋਂ ਨਿਰਮਲ ਕੌਰ ਨੀਰ, ਅੰਮ੍ਰਿਤਪਾਲ ਕੌਰ ਬਰਾੜ, ਜਸਪ੍ਰੀਤ ਕੌਰ ਬੱਬੂ ਜੀ ਨੇ ਸ਼ਿਰਕਤ ਕੀਤੀ। ਸਮਾਗਮ ਵਿੱਚ ਵਿਸ਼ੇਸ਼ ਆਮਦ ਤਰਲੋਚਨ ਮੀਰ ਦੀ ਰਹੀ।ਮਨਦੀਪ ਕੌਰ ਭਦੌੜ ਨੇ ਦੱਸਿਆ ਕਿ ਸਮਾਗਮ ਦੀ ਸ਼ੁਰੂਆਤ ਵਿਚ ਅੰਜਨਾ ਮੈਨਨ ਨੇ ਸਭ ਹਾਜ਼ਰੀਨ ਦਾ ਸਵਾਗਤ ਕੀਤਾ।ਇਸ ਮੌਕੇ ਡਾ. ਸੁਦਰਸ਼ਨ ਗਾਸੋ ਜੀ ਨੇ ਆਪਣੇ ਜੀਵਨ ਤਜਰਬਿਆਂ ਉੱਤੇ ਅਧਾਰਿਤ ਕਵਿਤਾ ਦਾ ਸਫ਼ਰ ਵਾਰੇ ਵਿਚਾਰ ਪੇਸ਼ ਕੀਤੇ ਅਤੇ ਵਿਸਥਾਰ ਨਾਲ 'ਲਫ਼ਜਾਂ ਦੀ ਬਾਰਿਸ਼' ਪੁਸਤਕ ਉੱਪਰ ਪੇਪਰ ਪੜ੍ਹਦਿਆਂ ਕਿਹਾ ਕਿ ਇਸ ਪੁਸਤਕ ਵਿਚ ਸ਼ਾਮਲ ਸੱਤ ਕਵਿਤਰੀਆਂ ਦੀ ਸਿਰਜਣਾ ਵਿੱਚ ਨਾਰੀ ਕਾਵਿ ਚੇਤਨਾ ਦਾ ਪ੍ਰਗਟਾਵਾ ਹੁੰਦਾ ਹੈ। ਵਿਨੋਦ ਸੰਧੂ ਜਾਡਲਾ ਜੀ ਨੇ ਇਸ ਪੁਸਤਕ ਦੀਆਂ ਰਚਨਾਵਾਂ ਉੱਪਰ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਹਾਜ਼ਰ ਕਵੀਆਂ ਸੁਖਪਾਲ ਕੌਰ ਬਾਠ



,ਸਿਮਰਨਜੀਤ ਕੌਰ , ਹਰਸ਼ਪ੍ਰੀਤ ਕੌਰ, ਖੁਸ਼ਕਰਨਪ੍ਰੀਤ ਸਿੰਘ ਦਵਿੰਦਰ ਸਿੰਘ ਪੰਡੋਰੀ ,ਜਸਕਰਨ ਸਿੰਘ ਹਾਂਸ, ਮਨਜੀਤ ਕੌਰ ਸੰਧੂ ਅਲਾਲ, ਜਸਵੀਰ ਕੌਰ ਬਾਵਾ, ਰੁਪਿੰਦਰ ਕੌਰ ਸ਼ਹਿਣਾ, ਬਖਸ਼ੀਸ਼ ਸਿੰਘ ਸਿੱਧੂ ਅਲਾਲ, ਜਸਵਿੰਦਰ ਕੌਰ ਘਨੌਰੀ, ਮਨਦੀਪ ਕੌਰ ਭਦੌੜ, ਜਸਵਿੰਦਰ ਕੌਰ ਘਨੌਰੀ ਸੁਖਦਰਸ਼ਨ ਕੌਰ ਬਰਨਾਲਾ, ਸੁਖਵਿੰਦਰ ਕੌਰ, ਮੂਲ ਚੰਦ ਸ਼ਰਮਾ ਧੂਰੀ, ਗੋਪਾਲ ਸ਼ਰਮਾ ਆਦਿ ਨੇ ਆਪਣਾ ਕਲਾਮ ਪੇਸ਼ ਕੀਤਾ।

ਸਾਹਿਤ ਸਭਾ ਜਗਰਾਉਂ ਦੀ ਇਕੱਤਰਤਾ 'ਚ ਸ਼ਾਇਰੀ ਦੀ ਮਹਿਫ਼ਲ

ਜਗਰਾਉਂ - ਸਾਹਿਤ ਸਭਾ ਜਗਰਾਉਂ ਦੀ ਮਾਸਿਕ ਇਕੱਤਰਤਾ ਚ ਦੇ ਸਭਾ ਸਮੂਹ ਮੈਂਬਰਾਂ ਨੇ ਸਿ ?ਰਕਤ ਕੀਤੀ। ਜਨਰਲ ਸਕੱਤਰ ਪ੍ਰੋ: ਐੱਚ ਐੱਸ ਡਿੰਪਲ ਵਲੋਂ ਆਰੰਭਕ ਸ਼ਬਦ ਬੋਲੇ ਗਏ, ਜਿਸ ਉਪਰੰਤ ਪ੍ਰਭਜੋਤ ਸਿੰਘ ਸੋਹੀ ਅਤੇ ਕਵੀ ਅਜੀਤ ਪਿਆਸਾ ਵਿਚਕਾਰ ਨਸ਼ਿਆਂ ਤੇ ਪ੍ਰਵਾਸ ਦੇ ਮੁੱਦੇ ਤੇ ਭਖਵੀਂ ਚਰਚਾ ਹੋਈ ਜਿਸ ਵਿੱਚ ਡਿੰਪਲ ਵਲੋਂ ਮਾੱਡਰੇਟਰ ਦੀ ਭੂਮਿਕਾ ਨਿਭਾਈ ਗਈ। ਇਸ ਵਿਚਾਰ-ਚਰਚਾ ਵਿੱਚ ਇਹ ਗੱਲ ਨਿਤਰ ਕੇ ਸਾਹਮਣੇ ਆਈ ਕਿ ਨਸ਼ਿਆਂ ਦੀ ਸਮੱਸਿਆ ਨੂੰ ਨਜਿੱਠਣ ਲਈ ਜਨਤਕ ਸਮਰਥਨ ਤੇ ਲਾਮਬੰਦੀ ਦੀ ਲੋੜ ਐ। ਉਪਰੰਤ ਸ਼ਾਇਰੀ ਦੀ ਮਜਲਿਸ ਸਜਾਈ ਗਈ, ਜਿਸ ਵਿੱਚ ਅਜੀਤ ਪਿਆਸਾ ਨੇ ਕਵਿਤਾ 'ਇਉਂ ਵੀ ਹੁੰਦੈ', ਗੁਰਜੀਤ ਸਹੋਤਾ ਦੀ ਗ਼ਜ਼ਲ ਦੁਪਹਿਰਾ ਢਲਣ ਤੇ ਆਇਆ, ਰਾਜਦੀਪ ਤੂਰ ਦੀ ਗ਼ਜ਼ਲ ਤੈਨੂੰ ਅੱਖੀਆਂ 'ਚ ਨੂੰ ਸਰੋਤਿਆਂ ਵਲੋਂ ਮਾਣਿਆ ਗਿਆ।ਸਰਦੂਲ ਲੱਖਾ ਨੇ ਕਹਾਣੀ 'ਜਦੋਂ ਖਾਮੋਸ਼ੀ ਬੋਲਦੀ ਐ ਪੇਸ਼ ਕੀਤਾ।ਪ੍ਰਭਜੋਤ



ਸਿੰਘ ਸੋਹੀ ਨੇ ਦੋ ਕਵਿਤਾਵਾਂ ਪੇਸ਼ ਕੀਤੀਆ।ਕਹਾਣੀਕਾਰ ਤੇ ਕਵੀ ਜਨਾਬ ਹਰਬੰਸ ਸਿੰਘ ਅਖਾੜਾ ਨੇ ਕਾਵਿ-ਰਚਨਾ 'ਹੱਸਣਾ ਮਨ੍ਹਾਂ ਹੈ' ਸੁਣਾਈ, ਸਭਾ ਦੇ ਪ੍ਰਧਾਨ ਛੀਨਾ ਨੇ ਗੀਤ 'ਅੱਗ ਗੋਰਿਆਂ ਨੇ ਲਾਈ' ਸੁਰੀਲੀ ਆਵਾਜ਼ ਵਿੱਚ ਪੇਸ਼ ਕੀਤਾ। ਦਰਸ਼ਨ ਬੋਪਾਰਾਏ, ਜਸਪ੍ਰੀਤ ਸਿੰਘ ਜਗਰਾਉਂ ਵਲੋਂ ਵੀ ਰਚਨਾਵਾਂ ਪੇਸ਼ ਕੀਤੀਆਂ। ਇਕੱਤਰਤਾ ਦੇ ਅੰਤ ਵਿੱਚ ਸਕੱਤਰ ਪ੍ਰੋ: ਐੱਚ ਐੱਸ ਡਿੰਪਲ ਵਲੋਂ ਹਾਜ਼ਰੀਨ ਦਾ ਧੰਨਵਾਦ ਕੀਤਾ।

ਅਰਪਨ ਲਿਖਾਰੀ ਸਭਾ ਦੇ ਸਮਾਗਮ 'ਚ ਮਿਆਰੀ ਰਚਨਾਵਾਂ 'ਤੇ ਚਰਚਾ

ਕੈਲਗਰੀ : ਅਰਪਨ ਲਿਖਾਰੀ ਸਭਾ ਦੀ ਮੀਟਿੰਗ ਕੋਸੋ ਹਾਲ ਵਿਚ ਜਰਨੈਲ ਤੱਗੜ ਦੀ ਪ੍ਰਧਾਨਗੀ ਹੇਠ ਹੋਈ। ਜਰਨੈਲ ਤੱਗੜ, ਪਰਮਜੀਤ ਸਿੰਘ ਭੰਗੂ, ਲਖਵਿੰਦਰ ਸਿੱਧੂ, ਮੁਖਿੰਦਰ ਸਿੰਘ ਉੱਪਲ, ਮਾਸਟਰ ਹਰਭਜਨ ਸਿੰਘ, ਜਸਵੀਰ ਸਿਹੋਤਾ, ਮੋਹਣ ਸਿੰਘ ਪਪਰਾਲ਼ਾ, ਡਾ. ਮਨਮੋਹਨ ਸਿੰਘ ਬਾਠ, ਸੋਹਣ ਸਿੰਘ ਭੁੱਚੋ, ਸਤਨਾਮ ਸ਼ੇਰਗਿੱਲ, ਜਸਵੰਤ ਸ਼ਰਮਾ, ਮੱਖਣ ਬਰਾੜ, ਜ਼ੀਰ ਸਿੰਘ ਬਰਾੜ, ਸਵਰਨ ਧਾਲੀਵਾਲ ਆਦਿ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਨੇ ਸ਼ਾਇਰੀ ਦੀਆਂ ਮਿਆਰੀ ਰਚਨਾਵਾਂ



ਪੜ੍ਹੀਆਂ। ਸਤਨਾਮ ਢਾਅ ਨੇ ਪਾਲ ਸਿੰਘ ਪੰਛੀ ਦਾ ਲਿਖਿਆ ਬਹੁਤ ਹੀ ਮਕਬੂਲ ਛੰਦ 'ਅੱਖੀਂ ਵੇਖੀਆਂ, ਕੰਨੀ ਸੁਣੀਆਂ' ਗਾ ਕੇ ਕਵੀਸ਼ਰੀ ਦੀ ਕਮੀ ਪੂਰੀ ਕਰ ਦਿੱਤੀ। ਕਾਰਵਾਈ ਚਲਾ ਰਹੇ ਸਕੱਤਰ ਦਰਸ਼ਨ ਬਰਾੜ ਨੇ ਆਪਣੀ ਕਵਿਤਾ 'ਆਨ ਨਿਰਾਲੀ ਸ਼ਾਨ ਨਿਰਾਲੀ ਹੈ ਸਰਦਾਰਾਂ ਦੀ'।

ਅਦਬੀ ਪਰਿਕਰਮਾ ਮੰਚ ਵੱਲੋਂ ਹਾਇਕੂ ਸਮਾਰੋਹ ਆਯੋਜਿਤ

ਮੁਕਤਸਰ : ਅਦਬੀ ਪਰਿਕਰਮਾ ਮੁਕਤਸਰ ਤਰਫੋਂ ਇਕ ਹਾਇਕੂ ਸਮਾਰੋਹ ਸਥਾਨਕ ਸਿਟੀ ਹੋਟਲ ਵਿਚ ਆਯੋਜਿਤ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਡਾਕਟਰ ਦਵਿੰਦਰਜੀਤ ਕੌਰ ਗੁਰੂ ਨਾਨਕ ਗਰਲਜ਼ ਕਾਲਜ ਲੁਧਿਆਣਾ ਨੇ ਕੀਤੀ।ਪ੍ਰਧਾਨਗੀ ਮੰਡਲ ਵਿਚ ਡਾਕਟਰ ਨਿਤਨੇਮ ਸਿੰਘ ਬਰਾੜ, ਡਾ. ਦਵਿੰਦਰਜੀਤ ਕੌਰ, ਡਾ. ਗੁਰਬਿੰਦਰ ਕੌਰ ਬਰਾੜ, ਡਾ. ਗਗਨਦੀਪ ਕੌਰ ਅਤੇ ਮੈਡਮ ਬੀਰਬਾਲਾ ਸੱਦੀ ਸੁਸ਼ੋਭਿਤ ਹੋਏ।ਇਸ ਸਮਾਰੋਹ ਦੌਰਾਨ ਤਿੰਨ ਹਾਇਕੂ ਪੁਸਤਕਾਂ ਰਿਲੀਜ਼ ਕੀਤੀਆਂ। ਪਹਿਲੀ ਪੁਸਤਕ 'ਬਿਖਰੇ ਮੋਤੀ' ਹਾਇਕੂ ਸੰਗ੍ਰਹਿ ਮਲਕੀਤ ਸਿੰਘ ਸੰਧੂ ਦੀ ਰਿਲੀਜ਼ ਕੀਤੀ ਗਈ। ਦੂਜੀ ਪੁਸਤਕ 'ਹਾਇਕੂ ਪ੍ਰਸ਼ਨ ਹਾਇਕੂ ਉੱਤਰ' ਹਿੰਦੀ ਹਾਇਕੂ ਸੰਗ੍ਰਹਿ ਕਸ਼ਮੀਰੀ ਲਾਲ ਚਾਵਲਾ ਦੀ ਰਿਲੀਜ਼ ਕੀਤੀ ਗਈ। ਤੀਜੀ ਪੁਸਤਕ 'ਦਾ ਬੀਮਜ਼ ਆਫ ਦਾ ਸੰਨ' ਅੰਗਰੇਜ਼ੀ ਹਾਇਕੂ ਸੰਗ੍ਰਹਿ ਰਿਲੀਜ਼ ਕੀਤੀ ਗਈ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬੂਟਾ ਸਿੰਘ ਵਾਕਿਫ਼ ਨੇ ਸੰਭਾਲੀ।



ਅੰਤ ਵਿਚ ਕਸ਼ਮੀਰੀ ਲਾਲ ਚਾਵਲਾ ਨੇ ਸਾਰੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਵਿਸ਼ਵ ਪੰਜਾਬੀ ਸਭਾ ਤੇ ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ ਡਾ. ਸਾਧੂ ਰਾਮ ਲੰਗੇਆਣਾ ਦਾ ਸਨਮਾਨ

ਟੋਰਾਂਟੋ-ਵਿਸ਼ਵ ਪੰਜਾਬੀ ਸਭਾ ਕੈਨੇਡਾ ਅਤੇ ਪੰਜਾਬੀ ਆਰਟਸ ਐਸੋਸੀਏਸ਼ਨ ਟੋਰਾਂਟੋ ਵੱਲੋਂ ਵਿਸ਼ਵ ਪੰਜਾਬੀ ਭਵਨ ਬਰੈਂਪਟਨ ਵਿਖੇ ਕਰਵਾਏ ਗਏ ਸਾਹਿਤਕ ਸਮਾਗਮ ਦੌਰਾਨ ਸਾਹਿਤ ਸਭਾ ਰਜਿ. ਬਾਘਾ ਪੁਰਾਣਾ ਦੇ ਪ੍ਰਧਾਨ ਅਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਮਾਲਵਾ ਜ਼ੋਨ ਦੇ ਜਨਰਲ ਸਕੱਤਰ ਡਾ. ਸਾਧੂ ਰਾਮ ਲੰਗੇਆਣਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਪ੍ਰਧਾਨ ਡਾ. ਦਲਬੀਰ ਸਿੰਘ ਕਥੂਰੀਆ, ਪੰਜਾਬ ਆਰਟਸ ਐਸੋਸੀਏਸ਼ਨ ਟੋਰਾਂਟੋ ਦੇ ਪ੍ਰਧਾਨ ਬਲਜਿੰਦਰ ਸਿੰਘ ਲੇਲਣਾ, ਪ੍ਰਧਾਨ ਪ੍ਰਗਟ ਸਿੰਘ ਬੱਗਾ, ਦਰਸ਼ਨਦੀਪ ਅਰੋੜਾ, ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਡਾ. ਸਾਧੂ ਰਾਮ ਲੰਗੇਆਣਾ ਨੂੰ ਵਿਦੇਸ਼ਾਂ ਦੀ ਧਰਤੀ ਕੈਨੇਡਾ ਵਿਖੇ ਪਹੁੰਚਣ 'ਤੇ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਪ੍ਰਸੰਸਾ ਪੱਤਰ ਅਤੇ ਲੋਈ ਭੇਟ ਕਰਕੇ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਪ੍ਰਬੰਧਕਾਂ ਵੱਲੋਂ ਬਾਲ ਮੁਕੰਦ ਸ਼ਰਮਾ ਚੇਅਰਮੈਨ ਪੰਜਾਬ ਸਟੇਟ ਫੂਡ ਕਮਿਸ਼ਨ, ਪਾਲੀ ਭੁਪਿੰਦਰ ਸਿੰਘ ਉੱਘੇ ਨਾਟਕਕਾਰ ਅਤੇ ਨਿਰਦੇਸ਼ਕ, ਅਰਵਿੰਦਰ ਭੱਟੀ ਟੀ ਵੀ ਨਿਊਜ਼ ਐਡੀਟਰ ਅਤੇ ਅਦਾਕਾਰ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਉਪਰੰਤ ਡਾ. ਸਾਧੂ ਰਾਮ ਲੰਗੇਆਣਾ ਵੱਲੋਂ ਆਪਣੇ ਸਾਹਿਤਕ ਵਿਚਾਰ ਸਾਂਝੇ ਕਰਦਿਆਂ ਉਕਤ ਦੋਵੇਂ ਸਾਹਿਤਕ ਸਭਾਵਾਂ ਦੇ ਪ੍ਰਬੰਧਕਾਂ ਦਾ ਤਹਿ ਦਿਲੋਂ ਸ਼ੁਕਰਾਨਾ ਕੀਤਾ ਗਿਆ। ਇਸ ਮੌਕੇ ਹਾਜ਼ਰ ਕਵੀਆਂ ਵੱਲੋਂ ਰਚਨਾਵਾਂ ਪੇਸ਼ ਕਰਕੇ ਸਮਾਗਮ ਨੂੰ ਚਾਰ ਚੰਨ ਲਗਾਏ ਗਏ।ਸਮਾਗਮ ਦੌਰਾਨ ਬਾਬਾ ਗਰੁੱਪ ਦੇ ਚੀਫ ਹੁਸਨੈਨ ਬਾਬਾ, ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਕੌਮੀ ਪ੍ਰਧਾਨ ਸ੍ਰੀਮਤੀ ਰੂਪ ਕਾਹਲੋਂ, ਸੁਰਜੀਤ ਕੌਰ, ਰਿੰਟੂ ਭਾਟੀਆ, ਨਵਦੀਪ ਸ਼ਰਮਾ, ਜਗਤਾਰ ਜੱਗਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਾਹਿਤਕਾਰ, ਸਾਹਿਤ ਪ੍ਰੇਮੀ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

ਪਾਠਕਾਂ ਦੇ ਝਰੋਖੇ 'ਚੋਂ

ਬੱਬਰ ਅਕਾਲੀ ਲਹਿਰ

1 ਨਵੰਬਰ ਦੇ 'ਨਵਾਂ ਜ਼ਮਾਨਾ' 'ਚ ਹਰਵਿੰਦਰ ਭੰਡਾਲ ਦਾ ਲੇਖ ਕਿਰਤੀ ਅਖ਼ਬਾਰ ਬਾਰੇ ਜਾਣਕਾਰੀ ਮਿਲੀ ਮਿਹਨਤਕਸ਼ਾਂ ਦਾ ਇਹ ਪਰਚਾ ਉਸ ਸਮੇਂ ਦੇ ਕਿਰਤੀ ਲੋਕਾਂ ਦੀ ਆਵਾਜ਼ ਬਣਿਆ।ਲੇਖਕ ਨੇ ਕਿਰਤੀਆਂ ਦੇ ਵੱਖ ਵੱਖ ਪਹਿਲੂਆਂ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ ਹੈ।ਵਿਜੈ ਬੰਬੇਲੀ ਨੇ ਬੱਬਰ ਅਕਾਲੀ ਲਹਿਰ ਦਾ ਪਰਚਾ ਬੱਬਰ ਗੂੰਜ ਬਾਰੇ ਖੋਜਮਈ ਲਿਖਿਆ। ਦੋਨੋ ਪਰਚਿਆਂ ਨੇ ਆਜ਼ਾਦੀ ਲਹਿਰ ਨੂੰ ਹੋਰ ਬਲ ਦਿੱਤਾ ਜਿਸ ਕਰਕੇ ਬੱਬਰ ਅਕਾਲੀ ਆਜ਼ਾਦੀ ਖਾਤਰ ਫਾਂਸੀ ਚੜ੍ਹ ਗਏ।ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਗਦਰ ਪਾਰਟੀ ਗਦਰ ਤੇ ਅੰਗਰੇਜ਼ ਹਕੂਮਤ ਦਾ ਜ਼ਿਕਰ ਕੀਤਾ ਹੈ। ਬੱਬਰ ਅਕਾਲੀਆਂ ਦੀ ਸ਼ਹਾਦਤ ਬਾਰੇ ਚਰੰਜੀ ਲਾਲ ਕੰਗਣੀਵਾਲ ਨੇ ਭਰਵੀਂ ਜਾਣਕਾਰੀ ਦਿੱਤੀ ਹੈ। ਝੰਡੇ ਦੇ ਗੀਤ ਦਾ ਇੱਕ-ਇੱਕ ਸ਼ਬਦ ਆਜ਼ਾਦੀ ਤੇ ਬੱਬਰਾਂ ਦੀ ਯਾਦ ਕਰਾਉਂਦਾ ਹੈ।ਇਸ ਗੀਤ ਦੀ ਪੇਸ਼ਕਾਰੀ ਬਹੁਤ ਕਮਾਲ ਦੀ ਹੈ ਬੱਬਰ ਅਕਾਲੀਆਂ ਦੇ ਮੇਲੇ ਵਿੱਚ ਕੇਸਰ ਨੇ ਪੁਸਤਕ ਸਟਾਲਾ ਦਾ ਚੰਗਾ ਜਿਕਰ ਕੀਤਾ ਹੈ।ਇਹ ਮੇਲਾ ਪੁਸਤਕ ਪ੍ਰੇਮੀਆ ਲਈ ਨਾਯਾਬ ਮੌਕਾ ਹੈ।

ਕਿਤਾਬਾਂ ਵਾਲਾ ਪੰਨਾ ਵੀ ਪ੍ਰਭਾਵਸ਼ਲੀ ਹੈ, ਤੇਜਾ ਸਿੰਘ ਤਿਲਕ ਨੇ ਸਵੈ ਜੀਵਨੀ ਸੁਪਨਿਆ ਦੀ ਤਾਮੀਰ ਬਾਰੇ ਸਮੀਖਿਆ ਲੇਖ ਵਿੱਚ ਜਾਣਕਾਰੀ ਦਿੱਤੀ ਹੈ ਕਿ ਸਵੈ ਜੀਵਨੀ ਔਰਤ ਦੀ ਸ਼ਖ਼ਸੀਅਤ ਬਾਰੇ ਰੌਸ਼ਨੀ ਪਾਉਣ ਵਾਲੀ ਹੈ।ਹੋਰ ਕਿਤਾਬਾਂ ਬਾਰੇ ਪੜ੍ਹ ਕੇ ਦਿਲਚਸਪ ਜਾਣਕਾਰੀ ਮਿਲੀ ।

-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਇਨਕਲਾਬ ਨੂੰ ਦੇਵਤਾ ਕਹਿਣਾ ਵਾਲਾ ਭਗਤ ਸਿੰਘ : ਪ੍ਰਿੰ. ਛਬੀਲ ਦਾਸ

ਅਰਨਿਸਟ ਹੈਮਿੰਗਵੇ : ਗੁਰੂਮੇਲ ਸ. ਸਿੱਧੂ

'ਯੁੱਧਵੀਰ' : ਲਾਲ ਸਿੰਘ ਦਸੂਹਾ (ਫੋਕਸ) ਡਾ. ਸੰਦੀਪ ਰਾਣਾ

ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

ਸਮਕਾਲ

---- ਭਗਵੰਤ ਰਸੂਲਪੁਰੀ----

ਸ਼ਬਦ : ਗਿਆਨੀ ਸੋਹਣ ਸਿੰਘ ਸੀਤਲ ਵਿਸ਼ੇਸ਼ ਅੰਕ

ਸ਼ਬਦ ਸਪਲੀਮੈਂਟ-48 ਦਾ ਨਵਾਂ ਨਵੰਬਰ, 2026 ਅੰਕ ਇਤਿਹਾਸਕਾਰ, ਨਾਵਲਕਾਰ, ਸ਼੍ਰੋਮਣੀ ਢਾਡੀ ਅਤੇ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਗਿਆਨੀ ਸੋਹਣ ਸਿੰਘ ਸੀਤਲ ਉੱਤੇ ਕੇਂਦਰਤ ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਤ ਕੀਤਾ ਹੈ। ਸਮੁੱਚੀ ਸੰਪਾਦਕੀ ਟੀਮ ਖਾਸ ਕਰਕੇ ਹਰਜੀਤ ਅਟਵਾਲ, ਜਿੰਦਰ ਤੇ ਰਵੀ ਸ਼ੇਰਗਿੱਲ ਵਧਾਈ ਦੇ ਹੱਕਦਾਰ ਹਨ, ਜਿਨ੍ਹਾਂ ਨੇ ਲੋਕ ਮਨਾਂ ਵਿੱਚ ਵਸੇ ਸਰਬਾਂਗੀ ਸਾਹਿਤਕਾਰ ਸੀਤਲ ਦੇ ਹਰ ਪੱਖ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕੀਤਾ ਹੈ। ਦੋ ਸ਼ਬਦ ਵਿੱਚ ਡਾ. ਆਤਮ ਸਿੰਘ ਰੰਧਾਵਾ ਹੁਰਾਂ ਸੀਤਲ ਦੇ ਹਰ ਪੱਖ ਦਾ ਸੰਖੇਪ ਵਿੱਚ ਜ਼ਿਕਰ ਕਰਦਿਆਂ ਕਿਹਾ ਹੈ ਕਿ ਉਹ ਕਿਸੇ ਯੂਨੀਵਰਸਿਟੀ ਦੇ ਰਸਮੀ ਅਕਾਦਮਿਕ ਢਾਂਚੇ ਵਿੱਚੋਂ ਨਹੀਂ, ਲੋਕ ਜੀਵਨ ਦੀ ਪਾਠਸ਼ਾਲਾ ਵਿੱਚੋਂ ਉੱਭਰੇ ਗਿਆਨ-ਸਾਧਕ ਸਨ। ਡਾ. ਮਹਿਲ ਸਿੰਘ ਦਾ 'ਤੂਤਾਂ ਵਾਲਾ ਖੂਹ' ਤੇ ਵਿਸ਼ੇਸ਼ ਲੇਖ ਪੜ੍ਹਨ ਨੂੰ ਮਿਲਦਾ ਹੈ ਜਿਸ




ਵਿੱਚ ਉਨ੍ਹਾਂ ਨਾਵਲ ਦੇ ਸਮਾਜਿਕ ਪੱਖ ਦੀਆਂ ਬਰੀਕ ਤੰਦਾਂ ਨੂੰ ਉਭਾਰਿਆ ਹੈ। ਉਨ੍ਹਾਂ ਦੇ ਨਾਲ ਵਰਿਆਮ ਸਿੰਘ ਸੰਧੂ ਨੇ ਸੀਤਲ ਦੀ ਰਚਨਾ ਦੇ ਸਮਾਜ ਸ਼ਾਸਤਰੀ ਪ੍ਰਸੰਗ, ਡਾ. ਭਾਰਤਬੀਰ ਕੌਰ ਸੰਧੂ-ਡਾ. ਬਲਜੀਤ ਵਿਰਕ ਨੇ ਸਿੱਖ ਰਾਜ ਕਿਵੇਂ ਗਿਆ ਦਾ ਅਧਿਐਨ,ਪਰਮਜੀਤ ਕੌਰ-ਡਾ. ਰਮਨਪ੍ਰੀਤ ਕੌਰ ਨੇ ਕਾਵਿ ਸੰਗ੍ਰਹਿ 'ਵਹਿੰਦੇ ਹੰਝੂ' ਦੇ ਮੈਟਾਫ਼ਰ ਦੇ ਸਰੂਪ, ਡਾ. ਸੰਦੀਪ ਕੌਰ ਨੇ 'ਸਿੱਖ ਰਾਜ ਕਿਵੇਂ ਬਣਿਆ' ਦੇ ਸੰਦਰਭ ਵਿੱਚ, ਡਾ. ਸਰਬਜੀਤ ਸਿੰਘ ਨੇ ਪੰਜਾਬੀ ਸਾਹਿਤ ਵਿੱਚ ਯੋਗਦਾਨ, ਡਾ. ਯਾਦਵਿੰਦਰ ਕੌਰ ਨੇ ਨਾਵਲ 'ਮੁੱਲ ਦਾ ਮਾਸ', ਡਾ. ਸੰਦੀਪ ਰਾਣਾ ਨੇ ਨਾਵਲ 'ਸੁੰਞਾ ਆਹਲਣਾ' ਦੇ ਯਥਾਰਥ, ਡਾ. ਬਲਜੀਤ ਕੌਰ ਰਿਆੜ ਨੇ ਨਾਵਲ 'ਬਦਲਾ' ਦੇ ਸਮਾਜਿਕ ਪ੍ਰਤੀਰੋਧ, ਡਾ. ਬਲਜਿੰਦਰ ਕੌਰ ਨੇ 'ਤੂਤਾਂ ਵਾਲਾ ਖੂਹ' ਦਾ ਚਿਹਨ ਵਿਗਿਆਨਕ ਅਧਿਐਨ, ਡਾ. ਹਰਮੀਤ ਕੌਰ ਨੇ ਨਾਵਲਾਂ ਵਿੱਚ ਪੇਂਡੂ ਜੀਵਨ ਯਥਾਰਥ, ਡਾ. ਹਰਜਿੰਦਰ ਕੌਰ ਨੇ ਨਾਵਲ 'ਮਹਾਰਾਣੀ ਜਿੰਦਾਂ' ਦੇ ਇਤਿਹਾਸ ਤੇ ਸਾਹਿਤ ਦੇ ਸੁਮੇਲ, ਡਾ. ਗੁਰਜੰਟ ਸਿੰਘ ਨੇ ਸੀਤਲ ਦੇ ਸੂਖਮ ਤੇ ਪ੍ਰਦਰਸ਼ਨ ਕਲਾਵਾਂ ਦੇ ਸੁਮੇਲ, ਡਾ. ਗਗਨਦੀਪ ਸਿੰਘ ਅਤੇ ਡਾ. ਸੁਖਵਿੰਦਰ ਕੌਰ ਨੇ ਨਾਵਲ 'ਜੁਗ ਬਦਲ ਗਿਆ', ਪਰਮਿੰਦਰ ਸਿੰਘ ਨੇ ਸਿੱਖ ਸਾਹਿਤ ਨੂੰ ਦੇਣ, ਹਰਪ੍ਰੀਤ ਕੁਮਾਰ ਨੇ ਨਾਵਲ 'ਈਚੋਗਿਲ ਨਹਿਰ 'ਚ ਇਤਿਹਾਸ ਤੇ ਕਲਪਨਾ ਦੇ ਅੰਤਰ ਸੰਵਾਦ, ਡਾ. ਕੰਵਲਜੀਤ ਸਿੰਘ ਨੇ ਨਾਵਲ 'ਮੁੱਲ ਦਾ ਮਾਸ' ਦੇ ਰਚਨਾ ਵਿਧਾਨ, ਵਿਸ਼ਵਜੀਤ ਸਿੰਘ ਗੋਰਾਇਆ ਨੇ ਸਿੱਖ ਰਾਜ ਦਾ ਰਾਜਨੀਤਕ ਚਿਤਰਣ, ਡਾ. ਰਾਜਵੀਰ ਕੌਰ ਨੇ 'ਸੰਞਾ ਆਹਲਣਾ' ਵਿੱਚ ਜਮਾਤੀ ਸੰਘਰਸ਼, ਡਾ. ਸਿਮਰਨਜੀਤ ਕੌਰ ਨੇ ਨਾਵਲਾਂ ਵਿੱਚ ਔਰਤ ਦੀ ਤ੍ਰਾਸਦਿਕ ਪੇਸ਼ਕਾਰੀ, ਡਾ. ਸਤਨਾਮ ਕੌਰ ਰੰਧਾਵਾ ਨੇ ਜਾਗੀਰਦਾਰੀ ਸਮਾਜ 'ਚ ਔਰਤ ਦੀ ਸਥਿਤੀ, ਮਨਪ੍ਰੀਤ ਕੌਰ ਨੇ 'ਸੁੰਞਾ ਆਹਲਣਾ', ਡਾ. ਗੁਰਵੰਤ ਸਿੰਘ ਅਤੇ ਤਰਨਪ੍ਰੀਤ ਕੌਰ ਨੇ 'ਮੁੱਲ ਦਾ ਮਾਸ', ਸਿਮਰਨਜੀਤ ਸਿੰਘ ਨੇ ਸੀਤਲ ਦੀਆਂ ਕਹਾਣੀਆਂ ਦਾ ਅਧਿਐਨ, ਡਾ. ਅਮਨਦੀਪ ਕੌਰ ਨੇ 'ਜੰਗ ਜਾਂ ਅਮਨ' ਦੇ ਯਥਾਰਥਵਾਦ, ਡਾ. ਅਨਮੋਲਦੀਪ ਕੌਰ ਨੇ ਸੀਤਲ ਦੇ ਨਾਵਲਾਂ ਵਿੱਚ ਇਸਤਰੀ ਪਾਤਰਾਂ ਦਾ ਵਿਸ਼ਲੇਸ਼ਣ ਅਤੇ ਅੰਤ ਵਿੱਚ ਡਾ. ਗੁਰਬੀਰ ਸਿੰਘ ਬਰਾੜ ਨੇ 'ਸੋਹਣ ਸਿੰਘ ਸੀਤਲ-ਬਹੁ ਦਿਸ਼ਾਵੀ ਬੌਧਿਕਤਾ ਅਤੇ ਗਿਆਨ-ਸ਼ਾਸਤਰੀ ਯੋਗਦਾਨ' ਆਦਿ ਆਦਿ ਵੱਖ ਵੱਖ ਲੇਖਾਂ ਵਿੱਚ ਸੋਹਣ ਸਿੰਘ ਸੀਤਲ ਦੇ ਸਾਹਿਤ ਤੇ ਹੋਰ ਕਲਾਵਾਂ ਦਾ ਨਿੱਠ ਕੇ ਅਧਿਐਨ ਕੀਤਾ ਗਿਆ ਹੈ। 'ਸ਼ਬਦ' ਨਵੇਂ ਆਲੋਚਕਾਂ ਤੇ ਚਿੰਤਕਾਂ ਨੂੰ ਮਜਬੂਤ ਪਲੇਟਫਾਰਮ ਮੁਹੱਈਆ ਕਰਾ ਰਿਹਾ ਹੈ। ਇਸ ਕਾਰਜ ਲਈ ਆਦਾਰਾ ਵਧਾਈ ਦਾ ਹੱਕਦਾਰ ਹੈ। ਟਾਇਟਲ ਉੱਤੇ ਸੀਤਲ ਦੀ ਖੂਬਸੂਰਤ ਤਸਵੀਰ ਅਤੇ ਅੰਤ ਵਿੱਚ ਸੀਤਲ ਦੀਆਂ ਕਿਤਾਬਾਂ ਦੇ ਟਾਇਟਲ ਛਾਪ ਕੇ ਉਹਨੂੰ ਚੇਤੇ ਕੀਤਾ ਗਿਆ ਹੈ। ਯਾਦਗਾਰੀ ਤੇ ਮਿਆਰੀ ਅੰਕ ਸਾਂਭਣਯੋਗ ਹੈ।

ਸ਼ਬਦ : 48, ਮੁੱਲ : 300 ਰੁਪਏ, ਪੰਨੇ : 264, ਸੰਪਾਦਕ : ਜਿੰਦਰ (98148-03254), ਪਤਾ : 984, ਨੇੜੇ ਸੁਰਿੰਦਰਾ ਵੈਲਡਿੰਗ ਵਰਕਸ, ਰਾਜਪੂਤ ਨਗਰ, ਮਾਡਲ ਹਾਊਸ, ਜਲੰਧਰ, ਰਚਨਾਵਾਂ ਭੇਜਣ ਲਈ : email: jinder340@gmail.com

ਨਿੱਕੀਆਂ ਕਰੂੰਬਲਾਂ : 31 ਸਾਲਾਂ ਦਾ ਵਿਸ਼ਲੇਸ਼ਣ

'ਨਿੱਕੀਆਂ ਕਰੂੰਬਲਾਂ' (ਨਵੰਬਰ-ਦਸੰਬਰ, 2026) ਨੇ ਪਰਚੇ ਦੇ 31 ਸਾਲ ਪੂਰੇ ਹੋਣ ਉੱਤੇ ਵਿਸ਼ੇਸ਼ ਅੰਕ ਵਜੋਂ ਕਿਤਾਬੀ ਸਾਇਜ਼ ਨਾਲ ਪ੍ਰਕਾਸ਼ਤ ਕੀਤਾ ਹੈ। ਪੂਰਾ ਪਰਚਾ ਰੰਗੀਨ ਪ੍ਰਕਾਸ਼ਤ ਕੀਤਾ ਹੈ। ਸੰਪਾਦਕੀ ਵਿੱਚ ਬਲਜਿੰਦਰ ਮਾਨ ਨੇ ਪਰਚੇ ਦੀ ਪਿੱਠ ਭੂਮੀ ਬਿਆਨ ਕੀਤੀ ਹੈ। 'ਨਿੱਕੀਆਂ ਕਰੂੰਬਲਾਂ' ਦੇ ਹਰ ਪੱਖ ਅਤੇ ਉਸ ਵਿੱਚ ਸਮੇਂ ਸਮੇਂ ਪ੍ਰਕਾਸ਼ਤ ਹੁੰਦੇ ਮੈਟਰ ਬਾਰੇ ਆਦਾਰੇ ਨਾਲ ਜੁੜੇ ਕਾਮਿਆਂ ਦੇ ਬਾਲ ਸਾਹਿਤ ਤੇ ਕਰਵਾਏ ਜਾਂਦੇ ਸਮਾਗਮਾਂ ਬਾਰੇ ਸਾਰਥਕ ਲੇਖ ਲਿਖ ਕੇ ਚੇਤੇ ਕੀਤਾ ਗਿਆ ਹੈ। ਹਰ ਲੇਖ ਨਾਲ ਸਬੰਧਤ ਰੰਗੀਨ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਪਰਚੇ ਦੀ ਯਾਤਰਾਂ ਨੂੰ ਸਮਝਣ ਲਈ ਇਹ ਅੰਕ



ਦਸਤਾਵੇਜ਼ ਹੈ। ਅੰਕ ਵਿੱਚ ਰਾਮਾ ਰਤਨ, ਦਰਸ਼ਨ ਸਿੰਘ ਆਸ਼ਟ, ਮਨਮੋਹਨ ਸਿੰਘ ਦਾਊਂ, ਕਮਲਜੀਤ ਨੀਲੋਂ, ਧਰਮਪਾਲ ਸਾਹਿਲ, ਰਾਜਵੰਤ ਕੌਰ ਪੰਜਾਬੀ, ਜਸਵੰਤ ਰਾਏ, ਕੁਲਬੀਰ ਸੂਰੀ, ਵਿਜੈ ਕੁਮਾਰ, ਦਵਿੰਦਰ ਬੋਹਾ, ਸਤੀਸ਼ ਕੁਮਾਰ ਵਰਮਾ, ਸਤਪਾਲ ਭੀਖੀ, ਅਮਰਜੀਤ ਕੌਂਕੇ, ਹਰਦੇਵ ਚੌਹਾਨ, ਐਸ ਅਸ਼ੋਕ ਭੌਰਾ, ਜੇ ਬੀ ਸੇਖੋਂ, ਹਿਰਦੇਪਾਲ ਸਿੰਘ, ਮਦਨ ਵੀਰਾ, ਬਲਵੀਰ ਗੀਹਲ, ਵਿਜੈ ਬੰਬੇਲੀ, ਆਤਮਾ ਸਿੰਘ ਚਿੱਟੀ ਅਤੇ ਹੋਰ ਬਹੁਤ ਸਾਰੇ ਲੇਖਕਾਂ ਨੇ ਪਰਚੇ ਬਾਰੇ ਆਪਣੇ ਪ੍ਰਭਾਵ ਅਤੇ ਪਰਚੇ ਦੇ ਵੱਖ ਵੱਖ ਪੱਖਾਂ ਦੀ ਨਿੱਠ ਕੇ ਅਤੇ ਸੰਖੇਪ ਚਰਚਾ ਕੀਤੀ ਹੈ। ਸਾਰੇ ਲੇਖਕਾਂ ਦੇ ਲੇਖਾਂ ਵਿੱਚ ਇਕ ਸਾਂਝਾ ਸੂਤਰ ਇਹ ਲੱਭਦਾ ਹੈ ਕਿ ਬਲਜਿੰਦਰ ਮਾਨ ਨੇ ਬਿਨਾ ਸਰਕਾਰੀ ਆਰਥਿਕ ਸਰੋਤਾਂ ਦੇ ਆਪ ਮਿਹਨਤ ਕਰਕੇ ਪਰਚੇ ਨੂੰ ਨਿਰੰਤਰ ਪ੍ਰਕਾਸ਼ਤ ਕੀਤਾ ਹੈ ਅਤੇ ਉਸ ਵਿੱਚ ਪ੍ਰਸਿੱਧ ਬਾਲ ਲਿਖਾਰੀਆਂ ਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਅਤੇ ਹੋਰ ਸਮੱਗਰੀ ਪ੍ਰਕਾਸ਼ਤ ਕੀਤੀ ਹੈ। ਹਰ ਅੰਕ ਵਿੱਚ ਲਿਖਤਾਂ ਨਾਲ ਚਿੱਤਰ ਬਣਵਾ ਕੇ ਪ੍ਰਕਾਸ਼ਤ ਹੀ ਨਹੀਂ ਕੀਤੀ ਬਲਕਿ ਬਾਲ ਪਾਠਕਾਂ ਤੱਕ ਪਰਚਾ ਨੂੰ ਪੁੱਜਦਾ ਕਰਨ ਲਈ ਆਪ ਯਤਨ ਵੀ ਕੀਤੇ। ਬਾਲ ਸਾਹਿਤ ਨੂੰ ਸਮਰਪਤ ਬਲਜਿੰਦਰ ਮਾਨ ਵਧਾਈ ਦਾ ਪਾਤਰ ਹੈ। ਅੱਜ ਦੇ ਦੌਰ ਵਿੱਚ ਪਰਚਾ ਪ੍ਰਕਾਸ਼ਤ ਕਰਨਾ ਬੜਾ ਔਖਾ ਪੈਂਡਾ ਬਣਦਾ ਜਾ ਰਿਹਾ ਹੈ। ਨਿੱਤ ਦਿਨ ਪਾਠਕਾਂ ਦੇ ਸੁੰਗੜਨ ਦੇ ਦੌਰ ਵਿੱਚ 'ਨਿੱਕੀਆਂ ਕਰੂੰਬਲਾਂ' ਉਹ ਕਾਰਜ ਕਰ ਰਿਹਾ ਹੈ ਜਿੱਥੋਂ ਪੰਜਾਬੀ ਸਾਹਿਤ ਵਾਲੇ ਪਾਠਕ ਪੈਦਾ ਹੋਣੇ ਹੁੰਦੇ ਹਨ। 'ਨਿੱਕੀਆਂ ਕਰੂੰਬਲਾਂ' ਦੇ ਇਸ ਅੰਕ ਦੇ ਪੰਨੇ : 152, ਮੁੱਲ : 200 ਰੁਪਏ ਹੈ। ਸੰਪਰਕ ਪਤਾ : ਸੰਪਾਦਕ 'ਨਿੱਕੀਆਂ ਕਰੂੰਬਲਾ', ਕਰੂੰਬਲਾ ਭਵਨ, ਗੜ੍ਹਸ਼ੰਕਰ ਰੋਡ, ਮਾਹਿਲਪੁਰ, ਪਰਚੇ ਦੇ ਮੁੱਖ ਸੰਪਾਦਕ ਹਨ : ਬਲਜਿੰਦਰ ਮਾਨ (ਮੁਬਾਇਲ : 98150-18947), ਰਚਨਾਵਾਂ ਭੇਜਣ ਲਈ email: karumblan1995@gmail.com

ਮਿੰਨੀ ਮੈਗਜ਼ੀਨ : ਕਾਂਤਾ ਰਾਏ ਦੀਆਂ ਮਿੰਨੀ ਕਹਾਣੀਆਂ

ਮਿੰਨੀ ਕਹਾਣੀ ਨੂੰ ਸਮਰਪਤ 'ਮਿੰਨੀ ਮੈਗਜ਼ੀਨ' ਦੇ ਅਕਤੂਬਰ-ਦਸੰਬਰ, 2026 ਦੇ ਅੰਕ ਵਿੱਚ ਕਾਂਤਾ ਰਾਏ ਦੀਆਂ ਛੇ ਕਹਾਣੀਆਂ ਉਸ ਦੇ ਜੀਵਨ ਵੇਰਵੇ ਨਾਲ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਜਗਦੀਸ਼ ਰਾਏ ਕੁਲਰੀਆਂ ਦੀ 'ਅੰਤਰਰਾਜੀ ਮਿੰਨੀ ਕਹਾਣੀ ਸਮਾਗਮਾਂ ਦੀ ਸਾਰਥਕਤਾ' ਤੇ ਸੰਪਾਦਕੀ ਹੈ। ਡਾ. ਦੀਪਤੀ ਦਾ ਵਾਤਾਵਰਨ ਬਾਰੇ ਮਿੰਨੀ ਲੇਖ ਹੈ। ਫਨ ਚਿਏਨ ਚਿਆਂਗ ਚੀਨੀ ਤੇ ਇਲਿਆਸ ਘੁੰਮਣ ਦੀਆਂ ਮਿੰਨੀ ਕਹਾਣੀਆਂ ਹਨ। ਕਸਤੂਰੀ ਲਾਲ ਤਾਗਰਾ, ਸਤੀਸ਼ ਦੂਬੇ, ਰਾਮਕਰਨ, ਸਨੇਹ ਗੋਸਵਾਮੀ, ਮਾਧਵ ਰਾਏ



ਸਪਰੇ ਦੀਆਂ ਕੁਲਰੀਆਂ ਵੱਲੋਂ ਅਨੁਵਾਦ ਰਚਨਾਵਾਂ ਹਨ ਜਿਸ ਵਿੱਚ ਸਮਾਜ ਦੇ ਭਿੰਨ ਭਿੰਨ ਪੱਖਾਂ ਨੂੰ ਸਾਰਥਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਪਛਾਣ ਦਾ ਸਫ਼ਰ ਕਾਲਮ ਵਿੱਚ ਸੁਰਿੰਦਰ ਦੀਪ ਦੀਆਂ ਮਿੰਨੀ ਰਚਨਾਵਾਂ ਪੜ੍ਹਨ ਨੂੰ ਮਿਲਦੀਆਂ ਹਨ। ਸਿਲਸਿਲਾ ਤਹਿਤ ਜਗਜੀਤ ਲੋਹਟਬੱਦੀ, ਮੀਨਾ ਨਵੀਨ, ਬਾਜ ਸਿੰਘ ਮਹਿਲੀਆ, ਦਰਸ਼ਨ ਸਿੰਘ ਬਰੇਟਾ, ਸੁਖਵਿੰਦਰ ਦਾਨਗੜ੍ਹ, ਵਿਵੇਕ, ਕੁਲਵਿੰਦਰ ਕੁਮਾਰ, ਸੋਮਾ ਕਲਸੀਆਂ, ਮਨਜੀਤ ਕੌਰ ਅੰਬਾਲਵੀ, ਨੀਲਮ ਨਾਰੰਗ ਤੇ ਹੋਰ ਦੀਆਂ ਨਵੀਆਂ ਕਹਾਣੀਆਂ ਹਨ। ਨਿਰੰਜਨ ਬੋਹਾ ਨੇ ਆਪਣੀਆਂ ਮਿੰਨੀ ਕਹਾਣੀਆਂ ਦੇ ਪਾਤਰਾਂ ਤੇ ਵਿਚਾਰਧਾਰਾ ਬਾਰੇ ਗੰਭੀਰ ਮੁੱਦੇ ਉਭਾਰੇ ਹਨ। ਦਵਿੰਦਰ ਪਟਿਆਲਵੀ ਨੇ 'ਮੇਰੀ ਪਸੰਦ' ਤਹਿਤ ਕੁਝ ਰਚਨਾਵਾਂ ਪੇਸ਼ ਕੀਤੀਆਂ ਹਨ। 'ਪੰਜਾਬੀ ਮਿੰਨੀ ਕਹਾਣੀ ਵਿੱਚ ਇਸਤਰੀ ਲੇਖਿਕਾਵਾਂ ਦਾ ਯੋਗਦਾਨ' ਬਾਰੇ ਡਾ. ਹਰਪ੍ਰੀਤ ਸਿੰਘ ਰਾਣਾ ਦਾ ਵਿਸ਼ੇਸ਼ ਲੇਖ ਪੜ੍ਹਨ ਨੂੰ ਮਿਲ ਜਾਂਦਾ ਹੈ। ਲੇਖਕਾਂ ਦੇ ਨਾਂ ਸਿਰਲੇਖ ਦੇ ਨਾਲ ਛਪਣ ਤਾਂ ਬਿਹਤਰ ਹੋਵੇਗਾ।

ਮਿੰਨੀ ਮੈਗਜ਼ੀਨ, ਪੰਨੇ : 64, ਮੁੱਲ : 40 ਰੁਪਏ, ਸੰਪਾਦਕ : ਜਗਦੀਸ਼ ਰਾਏ ਕੁਲਰੀਆਂ (95018-77033), ਕੁਲਵਿੰਦਰ ਕੌਸ਼ਲ (94176-36255), ਰਚਨਾਵਾਂ ਭੇਜਣ ਲਈ : e-mail: minnimagzine@gmail.com



ਮਦਨ ਵੀਰਾ 'ਘੇਰੇ ਤੋਂ ਬਾਹਰ' ਧੱਕ ਦਿੱਤੇ ਲੋਕਾਂ ਦੇ ਕਵੀ ਵਜੋਂ ਆਪਣੀ ਪਛਾਣ ਬਣਾ ਚੁੱਕਾ ਏ।ਉਹ ਬਿਨਾ ਕੋਈ ਸ਼ੋਰ ਕੀਤਿਆਂ, ਸਹਿਜ ਬਿਰਤੀ ਨਾਲ ਤੇ ਜਾਨਦਾਰ ਚਿੰਤਨ ਨਾਲ ਘੇਰੇ ਤੋਂ ਬਾਹਰ ਕਰ ਦਿੱਤੇ ਲੋਕਾਂ ਦੀ ਗੱਲ ਕਵਿਤਾ 'ਚ ਬੜੇ ਸੁਚੱਜੇ ਤਰੀਕੇ ਨਾਲ ਕਰਨ ਵਾਲਾ ਅਜਿਹਾ ਸ਼ਾਇਰ ਏ ਜਿਹਦੇ ਕੋਲ ਘੇਰੇ ਤੋਂ ਬਾਹਰ ਬੈਠੇ ਲੋਕਾਂ ਦੇ ਘੜੇ ਹੋਏ ਬਿੰਬ ਹਨ, ਚਿਹਨ ਹਨ ਅਤੇ ਆਪਣਾ ਕਾਵਿ ਮੁਹਾਵਰਾ ਏ।ਆਪਣੀ ਆਜ਼ਾਦ ਹਸਤੀ ਨਾਲ 'ਨਾਬਰਾਂ ਦੀ ਇਬਾਰਤ' ਲਿਖਦਾ ਮਦਨ ਵੀਰਾ ਘੇਰੇ ਦੇ ਅੰਦਰ ਬੈਠੇ ਲੋਕਾਂ ਨੂੰ ਸੰਬੋਧਿਤ ਹੁੰਦਾ ਕਵਿਤਾ ਕਹਿੰਦਾ ਆ ਰਿਹਾ ਏ।ਉਹ ਆਪਣੀ ਕਵਿਤਾ 'ਚ ਕਹਿੰਦਾ ਏ ਕਿ ਕਿਵੇਂ ਘੇਰੇ ਦੇ ਅੰਦਰ ਬੈਠੇ ਲੋਕਾਂ ਨੇ ਨਿਮਨ ਲੋਕਾਂ ਨੂੰ ਠਿੱਠ ਕਰਕੇ ਘੇਰੇ ਤੋਂ ਬਾਹਰ ਕਰਨ ਦੀ ਕੋਸ਼ਿਸ਼ ਕੀਤੀ ਤੇ ਫਿਰ ਕਿਵੇਂ ਉਸ ਪੀੜ 'ਚੋਂ ਮਦਨ ਦੇ ਅੰਦਰੋਂ ਕਵਿਤਾ ਨਿਕਲਦੀ ਏ।ਉਸ ਦੀ ਕਵਿਤਾ ਪਾਠਕ ਦੇ ਅਵਚੇਤਨ 'ਚ ਡੂੰਘਾ ਉਤਰ ਜਾਂਦਾ ਹਾਂ।ਉਹ ਕਵਿਤਾ ਦਾ ਨਵਾਂ ਅਧਿਆਏ ਖੋਲ੍ਹਦਾ ਏ।ਮਦਨ ਦੀ ਕਵਿਤਾ ਦੇ ਚਿਹਨ ਨਾਬਰੀ 'ਚੋਂ ਨਿਕਲੇ ਨੇ।ਘੇਰੇ ਤੋਂ ਬਾਹਰ ਬੈਠੇ ਲੋਕਾਂ ਦੀ ਚੇਤਨਾ ਨੂੰ ਉਹ ਵੰਗਾਰਦਾ ਏ।ਅਜਿਹਾ ਕਰਦਾ ਹੋਇਆ ਉਹ ਕਵਿਤਾ ਦੇ ਸੋਹਜ ਨੂੰ ਬਣਾਈ ਰੱਖਦਾ ਏ।ਪਿੰਡ ਦੇ ਦਰਜੇਬੰਦੀ ਦੀ ਗੱਲ 'ਪੰਚਮ' ਅਤੇ 'ਚਾਚਾ ਖਬਰੀ' ਰਾਹੀ ਉਹ ਦਲਿਤ ਮਨੁੱਖ ਦੀ ਬਾਤ ਪਾਉਂਦਾ ਏ। ਸਿਆਸਤ ਤੇ ਆਸਥਾ ਦੇ ਅੰਤਰ ਸੰਵਾਦ ਨੂੰ 'ਦੁਬਿਧਾ' 'ਚ ਪ੍ਰਗਟ ਕਰਕੇ ਆਪਣੇ ਕਵੀ ਹੋਣ ਦਾ ਧਰਮ ਨਿਭਾਉਂਦਾ ਏ।ਹਥਲੀਆ ਕਵਿਤਾਵਾਂ ਉਸ ਦੀ ਕਵਿਤਾ ਦਾ ਅਗਲਾ ਪਾਸਾਰ ਏ।

- ਸਾਹਿਤ ਸੰਪਾਦਕ

ਮਦਨ ਵੀਰਾ ਦੀਆਂ ਕਵਿਤਾਵਾਂ

ਪੰਚਮ

ਧਾਨਾਂ ਦੇ ਪਿੰਡ
ਪਰਾਲੀ ਤੋਂ ਪਛਾਣੇ ਜਾਂਦੇ ਨੇ
ਮੇਰਾ ਪਿੰਡ ਪਛਾਣਿਆ ਜਾਂਦਾ ਹੈ
ਹੱਥ ਦੇ ਪੋਟਿਆਂ ਜਿੰਨੀਆਂ
ਮੜ੍ਹੀਆਂ ਤੇ ਮਸਾਣਾਂ ਤੋਂ
ਜਾਣਿਆ ਜਾਂਦਾ ਹੈ
ਇੱਕੋ ਧਰਮ ਦੇ
ਇੱਕੋ ਇਸ਼ਟ ਦੇ
ਅੱਧੀ ਦਰਜਨ ਧਰਮ ਸਥਾਨਾਂ ਤੋਂ।
ਪਿੰਡ ਜਿੱਥੇ ਮਹੱਲਿਆਂ ਦੇ ਸਿਰਾਂ ਉੱਤੇ
ਲਿਸ਼-ਲਿਸ਼ ਕਰਦੀ
ਜਾਤ ਦੀ ਕਲਗੀ ਹੈ
ਗਲੀਆਂ ਅਤੇ ਚੁਰਾਹਿਆਂ ਦੇ ਮੱਥੇ ਉੱਤੇ
ਕੁਨਬੇ ਦਾ ਜਲੌਅ ਹੈ
ਗੋਤ ਦਾ ਗਰੂਰ ਹੈ
ਸੋਨੇ ਦੀ ਝਾਲਰ ਵਾਂਗ ਲਿਸ਼ਕਦਾ-ਮੁਸ਼ਕਦਾ
ਖਾਨਦਾਨੀ ਸਰੂਰ ਹੈ।
ਪਿੰਡ
ਜਿਹਦੇ ਬਨ੍ਹੇਰਿਆਂ ਉੱਤੇ
ਘਮੰਡ 'ਚ ਆਕੜੀ ਹੋਈ
ਕੁੰਢੀ ਮੁੱਛ ਹੈ
ਮਾਲਕੀ ਦੀ ਮੋਹਰ ਹੈ
ਬਾਕੀ ਸਭ ਕੁਝ ਤੁੱਛ ਹੈ।
ਸ਼ਰੀਕਾਂ ਤੋਂ ਉੱਚੀ
ਹਵੇਲੀ ਦੀ ਮਮਟੀ ਉੱਤੇ
ਸ਼ਿਕਾਰੀ ਸ਼ਿਕਰੇ ਦੀ ਠਹਿਰ ਹੈ
ਜਿਹਦੀ ਗਿਰਝਾਂ ਨਾਲ ਯਾਰੀ ਹੈ
ਚਿੜੀਆਂ ਨਾਲ ਵੈਰ ਹੈ।
ਮੇਰਾ ਪਿੰਡ
ਜਿਹਦੀ ਪੁਸ਼ਤੈਨੀ ਡਿਓੜੀ ਦਾ
ਹੰਕਾਰੇ ਹਾਥੀ ਵਰਗਾ ਮੱਥਾ ਹੈ
ਦਿਖਾਵੇ ਦੇ ਹੋਰ ਦੰਦ ਨੇ
ਉੱਚੀਆਂ ਕਾਲੀਆਂ ਕੰਧਾਂ
ਤੇ ਦਰ ਬੰਦ ਨੇ
'ਕੁੱਤਿਆਂ ਤੋਂ ਸਾਵਧਾਨ' ਦੀ ਤਖ਼ਤੀ ਹੈ
ਬਿਨਾਂ ਆਗਿਆ ਅੰਦਰ ਆਉਣ
ਬਿਨਾਂ ਹੁਕਮ ਬਾਹਰ ਜਾਣ ਦੀ
ਮਨਾਹੀ ਹੈ-ਸਖ਼ਤੀ ਹੈ।
ਮੇਰਾ ਪਿੰਡ
ਜਿੱਥੇ ਬੰਦਾ ਬੰਦਾ ਨਹੀਂ
ਸਿਰਫ਼ ਇੱਕ ਸਿਰ ਹੈ
ਸਿਰਫ਼ ਇੱਕ ਧੜ ਹੈ
ਬੰਦਾ ਸਿਰਫ਼ ਲੱਤਾਂ ਨੇ
ਜਾਂ ਸਿਰਫ਼ ਪੈਰ ਹੈ
ਨੁੱਕਰੇ ਲੱਗਾ-ਇੱਕ ਪੰਜਵਾਂ ਵੀ ਹੈ
ਜੋ ਇਨ੍ਹਾਂ ਸਾਰਿਆਂ ਲਈ
ਓਪਰਾ ਹੈ-ਗੈਰ ਹੈ।

ਚਾਚਾ ਖ਼ਬਰੀ

ਚਾਚਾ ਖ਼ਬਰੀ
ਐਨਕ ਦੀ ਟੁੱਟੀ ਡੰਡੀ ਸੰਭਾਲਦਾ
ਰੰਗਦਾਰ ਅਖ਼ਬਾਰ ਖੋਲ੍ਹਦਾ ਹੈ
ਖ਼ਬਰਾਂ ਤੋਂ ਪਹਿਲਾਂ
ਲੂਣ-ਮਸਾਲਿਆਂ ਦਾ
ਖਾਨਦਾਨੀ ਇਸ਼ਤਿਹਾਰ ਬੋਲਦਾ ਹੈ
ਚਿਹਰੇ ਦੇ ਨਿਖਾਰ ਲਈ
ਕਾਇਆ ਦੇ ਬੇਲੋੜੇ ਭਾਰ ਲਈ
ਫਿਲਮੀ ਕਲਾਕਾਰਾਂ ਦਾ
ਪ੍ਰਚੰਡ ਪ੍ਰਚਾਰ ਹੈ
ਇਹ ਖ਼ਬਰਾਂ ਦਾ ਤਲਿੱਸਮੀ ਸੰਸਾਰ ਹੈ।
ਮੁੱਖ ਪੰਨੇ ਉੱਤੇ ਫੋਟੋ ਸਮੇਤ ਛਪਿਆ ਹੈ
ਹਰਿਆ-ਭਰਿਆ
ਗੈਸ ਦੇ ਗੁਬਾਰੇ ਵਰਗਾ
ਮੁੱਖ ਮੰਤਰੀ ਦਾ ਬਿਆਨ ਹੈ
ਅਗਲੀ ਸੁਰਖੀ ਵਿੱਚ ਨਜ਼ਰ ਆਉਂਦਾ
ਕਰਜ਼ੇ ਵਿੱਚ ਨਗੰਦਿਆ
ਫਾਹੇ ਲੱਗਾ ਕਿਰਤੀ ਕਿਸਾਨ ਹੈ।
ਛੇ ਮਾਰਗੀ ਸੜਕਾਂ ਉੱਤੇ ਭੱਜਦੇ
ਵਿਕਾਸ ਦੀ ਚਾਰ ਗੁਣਾਂ ਗਤੀ ਨੂੰ
ਸੰਪਾਦਕੀ
ਸਪੀਡ ਬਰੇਕਰਾਂ ਵਾਂਗ ਅਟਕਾਉਂਦੀ ਹੈ
ਮੂਧੇ ਮੂੰਹ ਪਾਉਂਦੀ ਹੈ
ਪ੍ਰਦੇਸ ਦੀ ਝਾਕ 'ਚ 'ਡੰਕੀ ਰੂਟ' ਗਏ
ਨੌਜਵਾਨਾਂ ਦੀ ਦੁਰਦਸ਼ਾ
ਘਰ ਬੈਠਿਆਂ ਨੂੰ ਡਰਾਉਂਦੀ ਹੈ।
ਪਰ ਸ਼ੇਅਰ ਮਾਰਕੀਟ ਦੀ ਚੜ੍ਹਤ
ਮਹਾਂ-ਸ਼ਕਤੀ ਬਣ ਰਹੇ ਦੇਸ਼ ਦੀ ਬੜ੍ਹਤ
'ਵਿਸ਼ਵ ਗੁਰੂ' ਦੀ ਕਲਗੀ ਸਜਾਉਂਦੀ ਹੈ
(ਇੱਧਰ ਅੱਸੀ ਕਰੋੜ ਜਨਤਾ ਸਰਕਾਰੀ ਰਾਸ਼ਨ ਨਾਲ
ਡੰਗ ਟਪਾਉਂਦੀ ਹੈ।)
ਡੱਬੀ 'ਚ ਲਿਸ਼ਕਦੀ
ਮੰਤਰੀ ਦੇ ਘਪਲਿਆਂ ਦੀ
ਬੰਦ ਹੋਈ ਪੜਤਾਲ ਹੈ
ਅਖ਼ਬਾਰ ਦੇ ਖੂੰਜੇ 'ਚ
ਛਾਂਟੀ ਕੀਤੇ ਮਜ਼ਦੂਰਾਂ ਦੀ
ਉਮਰੋਂ ਲੰਮੀ ਹੜਤਾਲ ਹੈ
ਪੁਲਸ ਨੂੰ ਰੇਪ ਦੇ ਦੋਸ਼ੀਆਂ ਦੀ
ਭਾਲ ਹੈ
ਹੱਤਿਆ ਦਾ ਦੋਸ਼ੀ
'ਗਊ ਰੱਖਿਆ' ਵਾਲਾ ਸੂਰਮਾ
ਹਿਰਾਸਤ 'ਚੋਂ ਫਰਾਰ ਹੈ....
ਪਿੱਦੀ ਜਿੰਨਾ ਗਵਾਂਢੀ ਮੁਲਖ਼
ਹੁਣ ਥਰ-ਥਰ ਕੰਬਦਾ ਹੈ
ਦੁਨੀਆ 'ਚ ਸਸਤਾ ਸੌਦਾ
ਵੇਚਣ ਵਾਲਾ ਵੀ ਹੁਣ
ਝਿਜਕਦਾ ਤੇ ਸੰਗਦਾ ਹੈ।
ਬੁੜ-ਬੁੜ ਕਰਦਾ
ਕੁੜ-ਕੁੜ ਕਰਦਾ
ਚਾਚਾ ਖ਼ਬਰੀ
ਅਖ਼ਬਾਰ ਨੂੰ ਹਵਾ 'ਚ ਉਛਾਲਦਾ ਹੈ
ਖਾਮੋਸ਼ ਝਾਕਦੀ ਥੜ੍ਹੇ ਦੀ ਭੀੜ ਤੋਂ
ਹੁੰਗਾਰਾ ਭਾਲਦਾ ਹੈ।

ਕਾਲ਼ੀ-ਕਥਾ

(ਜੰਗਬਾਜ਼ਾਂ ਦੇ ਸਰਪ੍ਰਸਤ ਅਮਰੀਕਾ ਦੇ ਨਾਂਅ)
ਇੱਕ ਸਮੇਂ ਪਿੰਡ ਦੇ ਪ੍ਰਮੁੱਖ ਨੇ
ਆਪਣੇ ਘਰ ਦੇ ਦਰਵਾਜ਼ੇ 'ਤੇ
ਆਪਣਾ ਦਾਬਾ ਕਾਇਮ ਕਰਨ ਲਈ
ਹਰ ਦਸਤਕ ਨੂੰ ਰੋਕਣ ਦੇ ਲਈ
ਹਰ ਫਰਿਆਦ ਨੂੰ ਟੋਕਣ ਦੇ ਲਈ
ਆਪਣੇ ਨਿੱਜ ਦੇ ਸੁੱਖ-ਚੈਨ ਲਈ
ਘਰ ਦੀ ਰਖਵਾਲੀ ਦੇ ਨਾਂਅ 'ਤੇ
ਵੱਢ-ਖਾਣਾ ਤੇ ਭੌਂਕੜ
ਰੱਖ ਲਿਆ ਸੀ
ਹੁਣ ਕੋਈ ਜੇ ਦਰ 'ਤੇ ਆਉਂਦਾ
ਆ ਕੇ ਆਪਣੀ ਅਰਜ਼ ਸੁਣਾਉਂਦਾ
ਭੌਂਕੜ ਤੇ ਵੱਢ-ਖਾਣਾ ਕੁੱਤਾ
ਉਸ ਫਰਿਆਦੀ 'ਤੇ ਟੁੱਟ ਪੈਂਦਾ
ਬੁਰਕ ਮਾਰਦਾ
ਅੰਗ ਮੁੱਛ ਲੈਂਦਾ
ਘਰ ਦਾ ਮਾਲਕ
ਆਪਣੇ ਘਰ ਦੀ ਕਿਸੇ ਵਿਰਲ 'ਚੋਂ
ਘਰ ਦੇ ਦਰ ਦੀ ਕਿਸੇ ਝੀਤ 'ਚੋਂ
ਹੱਸ-ਹੱਸ ਝਾਕ ਨਜ਼ਾਰੇ ਲੈਂਦਾ
ਤੇ ਕੁੱਤੇ ਦੀ ਪਿੱਠ ਥਾਪੜਦਾ
ਵਫਾਦਾਰੀ ਦੇ ਸੋਹਲੇ ਗਾਉਂਦਾ
ਉਸ ਨੂੰ ਰੱਜਵਾਂ ਮਾਸ ਖਵਾਉਂਦਾ
ਮੋਢੇ ਉਸ ਦੇ ਫੀਤੀ ਟੰਗਦਾ
ਮੱਥੇ ਉੱਤੇ ਕਲਗੀ ਲਾਉਂਦਾ
ਇੱਕ ਦਿਨ ਘਟ ਗਈ
ਉਹ ਅਣਹੋਣੀ
ਜੋ ਕਿਸੇ ਨਾ ਸੋਚੀ ਹੋਣੀ
ਜੋ ਕਿਸੇ ਨਾ ਚਿਤਵੀ ਹੋਣੀ
ਘਰ ਦੇ ਮਾਲਕ ਦਾ ਕੁੱਤੇ ਨੇ
ਪੂਰਾ ਪੰਜਾ ਟੁੱਕ ਲਿਆ ਸੀ
ਇੱਕ ਸੇਵਕ ਨੇ-ਇੱਕ ਚਾਕਰ ਨੇ
ਇੱਕ ਰਖਵਾਲੇ-ਇੱਕ ਨੌਕਰ ਨੇ
ਮਾਲਕ ਨੂੰ ਸੀ ਅੱਖ ਵਿਖਾਈ
ਗੁੱਡੀ ਅੱਧ-ਅਸਮਾਨੋਂ ਲਾਹੀ
ਉਸ ਦਿਨ ਪਿੰਡ ਦੇ ਉਸ ਪ੍ਰਮੁੱਖ ਨੇ
ਕੋਠੇ ਚੜ੍ਹ ਕੇ ਸ਼ੋਰ ਮਚਾਇਆ
ਰੌਲ਼ਾ ਪਾਇਆ
ਗਲੀ-ਗੁਆਂਢ ਦੇ ਹਰ ਇੱਕ ਘਰ ਦਾ
ਦਰ ਖੜਕਾਇਆ
ਕਹਿੰਦਾ ਕੁੱਤਾ ਪਾਗਲ ਹੋ ਗਿਆ
ਆਓ, ਰਲ ਕੇ ਸੰਗਲ ਪਾਈਏ
ਬੰਨ੍ਹੋ-ਨੂੜੋ ਮਾਰ-ਮੁਕਾਈਏ
ਕਹਿੰਦਾ 'ਕੱਠੇ ਹੋ ਕੇ ਆਉ
ਮੈਂ ਦੇਵਾਂਗਾ ਬਰਛੇ, ਡਾਂਗਾਂ
ਮੈਂ ਵੰਡਾਂਗਾ ਸਭ ਹਥਿਆਰ
'ਵੱਢ-ਖਾਣਾ' ਧਰਤੀ 'ਤੇ ਭਾਰ
ਇਸ ਭੌਂਕੜ ਤੇ 'ਵੱਢ-ਖਾਣੇ' ਨੂੰ
'ਕੱਠੇ ਹੋ ਕੇ ਮਾਰ-ਮੁਕਾਈਏ
ਇਸ ਦਾ ਧਰਤ ਤੋਂ ਤੁਖ਼ਮ ਮਿਟਾਈਏ
ਨਹੀਂ ਤਾਂ ਸਾਰੇ ਪਿੰਡ ਨੂੰ ਖ਼ਤਰਾ
ਗਲੀ-ਮੁਹੱਲੇ ਨਹੀਂ ਸਲਾਮਤ
ਘਰ-ਘਰ ਪਿੰਡ-ਪਿੰਡ
ਇਹ ਆਵੇਗਾ
ਹਰ ਇੱਕ ਨੂੰ ਇਹ ਵੱਢ ਖਾਵੇਗਾ
ਇਸ ਤੋਂ ਮੈਨੂੰ ਵੀ ਖ਼ਤਰਾ ਹੈ
ਤੁਹਾਨੂੰ ਵੀ ਭੈਅ-ਭੀਤ ਕਰੇਗਾ।

ਸਾਧ ਦੀ ਕੁੱਤੀ

ਉਦੋਂ ਨਾ ਜਾਗੇ
ਜਦੋਂ ਘਟਾਵਾਂ ਕਾਲੀਆਂ ਚੜ੍ਹੀਆਂ
ਗਮ ਦੇ ਗੜਿਆਂ ਕਾਇਆ ਝੰਬੀ
ਦੁੱਖ ਦੀਆਂ ਕਣੀਆਂ
ਡਾਂਗਾਂ ਵਾਂਗਰ ਵਰ੍ਹੀਆਂ
ਉਮਰੋਂ ਲੰਮੀਆਂ ਜਦੋਂ ਸੀ ਲੱਗੀਆਂ
ਵੀਰਵਾਰ ਦੀਆਂ ਝੜੀਆਂ।
ਲੰਮੀਆਂ ਤਾਣ ਕੇ ਐਸਾ ਸੁੱਤੇ
ਐਸਾ ਸੁੱਤੇ ਨੀਂਦ ਵਿਗੁੱਤੇ
ਉਦੋਂ ਵੀ ਭੋਰਾ ਅੱਖ ਨਾ ਪੁੱਟੀ
ਸੀਅ ਨਾ ਕੀਤੀ
ਤੇਜ ਠੱਕੇ ਨੇ ਮੂੰਹ-ਜ਼ੋਰ ਝੱਖੜ ਨੇ
ਕੀਤੇ ਕਾਲੇ ਕਾਰੇ, ਚੁੱਲ੍ਹੇ ਠਾਰੇ।
ਉਦੋਂ ਨਾ ਜਾਗੇ
ਜਦ ਸੀ ਪਾਣੀ ਗਿੱਟੇ-ਗਿੱਟੇ
ਉਦੋਂ ਨਾ ਉੱਠੇ
ਜਦੋਂ ਸੀ ਪਾਣੀ ਗੋਡੇ-ਗੋਡੇ
ਮੋਢੇ-ਮੋਢੇ
ਫਿਰ ਵੀ ਅੱਖ ਨਾ ਖੋਲ੍ਹੀ
ਇਹ ਜਨਤਾ ਭੋਲ਼ੀ.. !
ਕੁਝ ਨਾ ਬੋਲੀ !!
ਝੋਲੇ ਵਾਲੇ ਇੱਕ ਸਾਧ ਦੀ
ਕੁੱਤੀ ਉੱਤੇ ਰੱਖ ਭਰੋਸਾ
ਸੌਂ ਗਏ ਵੇਚ ਕੇ ਘੋੜੇ
ਕੌਣ ਜਗਾਵੇ ਕੌਣ ਉਠਾਵੇ
ਕਿਹੜਾ ਬਹੁੜੇ?

ਦੁਬਿਧਾ

ਬੇਗਮਪੁਰੇ ਦੇ ਧੁਆਂਖ ਗਏ
ਨਕਸ਼ੇ ਦੀਆਂ ਲੀਕਾਂ/ ਹਿੱਕਾਂ 'ਚ ਤੜਫਦੀਆਂ
ਬੇਬਸੀਆਂ, ਲਾਹਨਤਾਂ ਤੇ ਚੀਕਾਂ
ਮੁਰਦੇ ਦੇ ਮੱਥੇ ਦੀਆਂ
ਤੀੜੀਆਂ ਵਾਂਗ ਸੁੰਗੜ ਗਈਆਂ ਨੇ
ਪੈਰਾਂ ਲਈ ਧਰਤੀ
ਤੇ ਸਿਰ ਲਈ ਛਤਰੀ ਭਾਲਦੇ
ਬਿੱਲੀ ਨੂੰ ਕਬੂਤਰ ਵਾਂਗ
ਸੜਕਾਂ ਤੋਂ ਸੰਸਦ ਤੱਕ
ਚੋਰ-ਸਿਪਾਹੀ ਦਾ ਨਾਟਕ ਦੇਖਦੇ
ਅੱਖਾਂ ਬੰਦ ਕਰਕੇ ਟਾਲਦੇ
ਮੁਕਤੀ ਦੇ ਰਾਹ ਪਏ ਲੋਕ
ਜੈਕਾਰਿਆਂ ਦੇ ਹੜ੍ਹ ਤੇ ਨਾਹਰਿਆਂ ਦੇ ਗੜ੍ਹ 'ਚ
ਜੂਠੀਆਂ ਪੱਤਲਾਂ ਵਾਂਗ ਉੱਡ ਰਹੇ ਨੇ
ਬੋਟੀ-ਬੋਟੀ
ਬੁਰਕੀ-ਬੁਰਕੀ ਖਿੰਡ ਰਹੇ ਨੇ
ਪਹਾੜ ਦੀ ਸਿਖਰ 'ਤੇ
ਨੇਜ਼ੇ 'ਤੇ ਟੰਗੇ ਵਰਵਰੀਕ ਦੇ ਸਿਰ ਵਾਂਗ
ਪਿੰਡ ਦੀ ਫਿਰਨੀ ਪਏ ਸਿਰ ਨੂੰ
ਸਮਝ ਨਹੀਂ ਆਉਂਦਾ ਕਿ ਉਹ
ਵਸਣ ਤੋਂ ਪਹਿਲਾਂ ਉੱਜੜ ਗਏ ਪਿੰਡ ਦਾ
ਮਾਤਮ ਮਨਾਵੇ
ਜਾਂ ਸਤਸੰਗ ਦੇ ਰੰਗ ਦੀ
ਇੱਕਰੰਗੀ ਭੀੜ 'ਚ ਸ਼ਾਮਲ ਹੋ ਕੇ
'ਅਜ਼ਾਦੀ ਦੇ ਅੰਮ੍ਰਿਤ ਉਤਸਵ' ਵਿੱਚ
ਸ਼ਾਮਲ ਹੋ ਜਾਵੇ।

ਸੰਪਰਕ : 94178-26296

ਸਫ਼ਾ 1 ਦੀ ਬਾਕੀ

ਯੂਰਪ ਦੀ ਚਮਕ ਪਿੱਛੇ ਧੁੰਦਲਾਉਂਦਾ ਕਿਰਤੀ ਦਾ ਚਿਹਰਾ...

ਅਮਰੀਕਾ ਤੇ ਚੀਨ ਵਿਚਾਲੇ ਵਧ ਰਹੀ ਆਰਥਿਕ ਮੁਕਾਬਲੇਬਾਜ਼ੀ ਨੇ ਵਿਸ਼ਵ ਅਰਥਚਾਰੇ ਲਈ ਅਨਿਸ਼ਚਿਤਤਾ ਪੈਦਾ ਕੀਤੀ ਹੈ।

ਇਨ੍ਹਾਂ ਹਾਲਤਾਂ ਵਿੱਚ ਊਰਜਾ ਸਪਲਾਈ, ਆਵਾਜਾਈ, ਉਤਪਾਦਨ ਅਤੇ ਵਪਾਰ ਨਾਲ ਜੁੜੇ ਖਰਚੇ ਪ੍ਰਭਾਵਿਤ ਹੋ ਸਕਦੇ ਹਨ। ਇਸ ਦਾ ਅਸਰ ਯੂਰਪ ਦੇ ਆਮ ਪਰਵਾਰਾਂ ਤੱਕ ਵੀ ਪਹੁੰਚਦਾ ਹੈ।

ਪਰ ਹਰ ਆਰਥਿਕ ਮੁਸ਼ਕਲ ਨੂੰ ਕਿਸੇ ਇੱਕ ਜੰਗ ਜਾਂ ਕਿਸੇ ਇੱਕ ਦੇਸ਼ ਦੀ ਨੀਤੀ ਦਾ ਨਤੀਜਾ ਕਹਿਣਾ ਵੀ ਸਹੀ ਨਹੀਂ ਹੋਵੇਗਾ। ਮਹਿੰਗਾਈ ਦੇ ਪਿੱਛੇ ਅੰਤਰਰਾਸ਼ਟਰੀ ਊਰਜਾ ਬਾਜ਼ਾਰ, ਉਤਪਾਦਨ ਲਾਗਤਾਂ, ਸਪਲਾਈ ਦੀਆਂ ਰੁਕਾਵਟਾਂ, ਸਰਕਾਰੀ ਟੈਕਸ, ਮਜ਼ਦੂਰੀ ਦੀ ਸਥਿਤੀ ਅਤੇ ਘਰੇਲੂ ਆਰਥਿਕ ਨੀਤੀਆਂ ਵਰਗੇ ਕਈ ਕਾਰਨ ਇਕੱਠੇ ਕੰਮ ਕਰਦੇ ਹਨ।

ਫਿਰ ਵੀ ਇਹ ਸਵਾਲ ਪੂਰੀ ਤਰ੍ਹਾਂ ਵਾਜਬ ਹੈ ਕਿ ਜਦੋਂ ਸਰਕਾਰਾਂ ਰੱਖਿਆ ਅਤੇ ਹਥਿਆਰਾਂ ਉੱਤੇ ਵਧੇਰੇ ਖ਼ਰਚ ਕਰਨ ਦੀਆਂ ਯੋਜਨਾਵਾਂ ਬਣਾਉਂਦੀਆਂ ਹਨ ਤਾਂ ਸਿੱਖਿਆ, ਸਿਹਤ, ਸਮਾਜਿਕ ਸੁਰੱਖਿਆ ਅਤੇ ਘੱਟ ਆਮਦਨ ਵਾਲੇ ਪਰਵਾਰਾਂ ਦੀ ਮਦਦ ਲਈ ਲੋੜੀਂਦੇ ਸਰੋਤਾਂ ਬਾਰੇ ਕਿੰਨੀ ਗੰਭੀਰਤਾ ਨਾਲ ਸੋਚਿਆ ਜਾਂਦਾ ਹੈ।

ਕਿਸੇ ਵੀ ਦੇਸ਼ ਦੀ ਸੁਰੱਖਿਆ ਮਹੱਤਵਪੂਰਨ ਹੈ, ਪਰ ਸੁਰੱਖਿਆ ਦੀ ਧਾਰਨਾ ਨੂੰ ਸਿਰਫ਼ ਸਰਹੱਦਾਂ ਅਤੇ ਹਥਿਆਰਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਭੁੱਖ, ਬੇਰੁਜ਼ਗਾਰੀ, ਸਿੱਖਿਆ ਦੀ ਘਾਟ ਅਤੇ ਆਰਥਿਕ ਅਸੁਰੱਖਿਆ ਤੋਂ ਮੁਕਤ ਜੀਵਨ ਵੀ ਮਨੁੱਖੀ ਸੁਰੱਖਿਆ ਦਾ ਹਿੱਸਾ ਹੈ।

ਜਿਸ ਦੇਸ਼ ਕੋਲ ਆਪਣੇ ਨਾਗਰਿਕਾਂ ਨੂੰ ਜੰਗ ਤੋਂ ਬਚਾਉਣ ਲਈ ਹਥਿਆਰ ਤਾਂ ਹੋਣ, ਪਰ ਉਨ੍ਹਾਂ ਦੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਲਈ ਸਰੋਤ ਘੱਟ ਪੈ ਜਾਣ, ਉਸ ਨੂੰ ਆਪਣੀਆਂ ਤਰਜੀਹਾਂ ਉੱਤੇ ਗੰਭੀਰ ਵਿਚਾਰ ਕਰਨਾ ਹੀ ਪਵੇਗਾ।

ਇਹੀ ਉਹ ਚਿੰਤਾ ਹੈ, ਜਿਹੜੀ ਇਟਲੀ ਦੇ ਵਿਦਿਆਰਥੀਆਂ ਦੇ ਨਾਅਰਿਆਂ ਵਿੱਚੋਂ ਸੁਣਾਈ ਦਿੰਦੀ ਹੈ।

ਪੂੰਜੀਵਾਦੀ ਵਿਕਾਸ ਅਤੇ ਵਧ ਰਹੀ ਆਰਥਿਕ ਦੂਰੀ

ਯੂਰਪ ਦੀ ਮੌਜੂਦਾ ਸਥਿਤੀ ਨੂੰ ਸਮਝਣ ਲਈ ਸਿਰਫ਼ ਮਹਿੰਗਾਈ ਦੇ ਅੰਕੜੇ ਦੇਖਣੇ ਕਾਫ਼ੀ ਨਹੀਂ। ਇਹ ਵੀ ਦੇਖਣਾ ਪਵੇਗਾ ਕਿ ਆਰਥਿਕ ਵਿਕਾਸ ਦੇ ਲਾਭ ਸਮਾਜ ਦੇ ਵੱਖ-ਵੱਖ ਵਰਗਾਂ ਤੱਕ ਕਿਵੇਂ ਪਹੁੰਚ ਰਹੇ ਹਨ।

ਕਿਸੇ ਦੇਸ਼ ਦਾ ਕੁੱਲ ਉਤਪਾਦਨ ਵਧ ਸਕਦਾ ਹੈ, ਕੰਪਨੀਆਂ ਦਾ ਮੁਨਾਫ਼ਾ ਵਧ ਸਕਦਾ ਹੈ ਅਤੇ ਸ਼ੇਅਰ ਬਾਜ਼ਾਰ ਵਿੱਚ ਤੇਜ਼ੀ ਆ ਸਕਦੀ ਹੈ। ਪਰ ਜੇ ਇਸ ਦੇ ਨਾਲ ਆਮ ਮਜ਼ਦੂਰ ਦੀ ਅਸਲ ਖਰੀਦ ਸ਼ਕਤੀ ਨਹੀਂ ਵਧਦੀ, ਉਸ ਦੀ ਰਿਹਾਇਸ਼ ਮਹਿੰਗੀ ਹੁੰਦੀ ਜਾਂਦੀ ਹੈ ਅਤੇ ਬੱਚਿਆਂ ਦੀ ਸਿੱਖਿਆ ਤੇ ਸਿਹਤ ਦੇ ਖ਼ਰਚੇ ਉਸ ਦੀ ਪਹੁੰਚ ਤੋਂ ਬਾਹਰ ਹੋਣ ਲੱਗਦੇ ਹਨ, ਤਾਂ ਉਸ ਵਿਕਾਸ ਦੇ ਸਮਾਜਿਕ ਅਰਥਾਂ ਬਾਰੇ ਸਵਾਲ ਉੱਠਣੇ ਸੁਭਾਵਿਕ ਹਨ।

ਇਸ ਦਾ ਮਤਲਬ ਇਹ ਨਹੀਂ ਕਿ ਨਿੱਜੀ ਉਦਯੋਗ ਜਾਂ ਵਪਾਰ ਆਪਣੇ-ਆਪ ਵਿੱਚ ਸਮੱਸਿਆ ਹਨ। ਰੁਜ਼ਗਾਰ ਪੈਦਾ ਕਰਨ, ਨਵੀਆਂ ਤਕਨੀਕਾਂ ਵਿਕਸਤ ਕਰਨ ਅਤੇ ਉਤਪਾਦਨ ਵਧਾਉਣ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਹੈ। ਪਰ ਜਦੋਂ ਆਰਥਿਕ ਪ੍ਰਬੰਧ ਵਿੱਚ ਮੁਨਾਫ਼ੇ ਦੀ ਗਿਣਤੀ ਮਨੁੱਖੀ ਲੋੜਾਂ ਨਾਲੋਂ ਵੱਧ ਮਹੱਤਵਪੂਰਨ ਹੋਣ ਲੱਗੇ, ਤਾਂ ਸਮਾਜਿਕ ਅਸੰਤੁਲਨ ਵਧਣ ਦਾ ਖ਼ਤਰਾ ਪੈਦਾ ਹੁੰਦਾ ਹੈ।

ਕਿਰਤੀ ਦਾ ਸਵਾਲ ਸਧਾਰਨ ਹੈ : ਜੇ ਉਹ ਆਪਣੀ ਜ਼ਿੰਦਗੀ ਦਾ ਸਭ ਤੋਂ ਕੀਮਤੀ ਸਮਾਂ ਕੰਮ ਨੂੰ ਦੇ ਰਿਹਾ ਹੈ, ਤਾਂ ਉਸ ਨੂੰ ਆਪਣੇ ਪਰਵਾਰ ਲਈ ਸੁਰੱਖਿਅਤ ਅਤੇ ਸਨਮਾਨਜਨਕ ਜੀਵਨ ਕਿਉਂ ਨਹੀਂ ਮਿਲਣਾ ਚਾਹੀਦਾ?

ਇਹ ਸਵਾਲ ਕਿਸੇ ਇੱਕ ਵਿਚਾਰਧਾਰਾ ਜਾਂ ਰਾਜਨੀਤਕ ਪਾਰਟੀ ਦੀ ਜਾਇਦਾਦ ਨਹੀਂ। ਇਹ ਉਸ ਹਰ ਸਮਾਜ ਦਾ ਸਵਾਲ ਹੈ ਜਿਹੜਾ ਮਨੁੱਖੀ ਮਿਹਨਤ ਉੱਤੇ ਖੜ੍ਹਾ ਹੈ।

ਜਦੋਂ ਆਰਥਿਕ ਬੇਵਸੀ ਸਮਾਜਿਕ ਰੋਹ ਬਣ ਜਾਂਦੀ ਹੈ

ਲੋਕਾਂ ਦਾ ਗੁੱਸਾ ਆਮ ਤੌਰ ਉੱਤੇ ਇੱਕ ਦਿਨ ਵਿੱਚ ਪੈਦਾ ਨਹੀਂ ਹੁੰਦਾ। ਇਸ ਦੇ ਪਿੱਛੇ ਕਈ ਛੋਟੀਆਂ-ਵੱਡੀਆਂ ਨਿਰਾਸ਼ਾਵਾਂ ਇਕੱਠੀਆਂ ਹੁੰਦੀਆਂ ਰਹਿੰਦੀਆਂ ਹਨ।

ਕਦੇ ਮਕਾਨ ਦਾ ਕਿਰਾਇਆ ਵਧਦਾ ਹੈ, ਕਦੇ ਬਿਜਲੀ ਦਾ ਬਿੱਲ, ਕਦੇ ਬੱਚਿਆਂ ਦੀਆਂ ਕਿਤਾਬਾਂ ਮਹਿੰਗੀਆਂ ਹੋ ਜਾਂਦੀਆਂ ਹਨ ਅਤੇ ਕਦੇ ਕੰਮ ਦੇ ਘੰਟਿਆਂ ਦੇ ਮੁਕਾਬਲੇ ਤਨਖ਼ਾਹ ਘੱਟ ਮਹਿਸੂਸ ਹੋਣ ਲੱਗਦੀ ਹੈ। ਜੇ ਲੋਕਾਂ ਨੂੰ ਇਹ ਵੀ ਲੱਗੇ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ ਨਹੀਂ ਜਾ ਰਹੀਆਂ ਤਾਂ ਆਰਥਿਕ ਮੁਸ਼ਕਲ ਹੌਲੀ-ਹੌਲੀ ਰਾਜਨੀਤਕ ਅਸੰਤੋਸ਼ ਦਾ ਰੂਪ ਧਾਰ ਸਕਦੀ ਹੈ।

ਪਰ ਇਹ ਵੀ ਜ਼ਰੂਰੀ ਨਹੀਂ ਕਿ ਹਰ ਆਰਥਿਕ ਤੌਰ ਉੱਤੇ ਪਰੇਸ਼ਾਨ ਵਿਅਕਤੀ ਹਿੰਸਕ ਹੋ ਜਾਵੇ। ਬਹੁਤ ਸਾਰੇ ਲੋਕ ਆਪਣੀਆਂ ਮੁਸ਼ਕਲਾਂ ਦੇ ਬਾਵਜੂਦ ਕਾਨੂੰਨ ਦੀ ਪਾਲਣਾ ਕਰਦੇ ਹਨ, ਵਾਧੂ ਕੰਮ ਕਰਦੇ ਹਨ, ਖ਼ਰਚੇ ਘਟਾਉਂਦੇ ਹਨ ਅਤੇ ਆਪਣੇ ਪਰਵਾਰਾਂ ਨੂੰ ਸੰਭਾਲਦੇ ਹਨ।

ਇਸ ਲਈ ਜਦੋਂ ਕਿਸੇ ਸ਼ਹਿਰ ਵਿੱਚ ਲੁੱਟ-ਖੋਹ ਜਾਂ ਹਿੰਸਾ ਹੁੰਦੀ ਹੈ, ਤਾਂ ਉਸ ਨੂੰ ਸਿਰਫ਼ ਗਰੀਬੀ ਦਾ ਕੁਦਰਤੀ ਨਤੀਜਾ ਕਹਿ ਕੇ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਹਿੰਸਕ ਕਾਰਵਾਈਆਂ ਵਿੱਚ ਸ਼ਾਮਲ ਲੋਕਾਂ ਦੀ ਜ਼ਿੰਮੇਵਾਰੀ ਵੀ ਤੈਅ ਹੋਣੀ ਚਾਹੀਦੀ ਹੈ।

ਇਸੇ ਤਰ੍ਹਾਂ ਸਰਕਾਰਾਂ ਨੂੰ ਵੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਬਚਣ ਲਈ ਹਰ ਵਿਰੋਧ ਨੂੰ ਅਮਨ-ਕਾਨੂੰਨ ਦਾ ਮਸਲਾ ਕਹਿ ਕੇ ਰੱਦ ਨਹੀਂ ਕਰਨਾ ਚਾਹੀਦਾ।

ਲੋਕਤੰਤਰ ਦੀ ਅਸਲ ਤਾਕਤ ਇਸ ਗੱਲ ਵਿੱਚ ਹੈ ਕਿ ਉਹ ਅਸਹਿਮਤੀ ਨੂੰ ਸੁਣ ਸਕੇ, ਨੀਤੀਆਂ ਦੀ ਆਲੋਚਨਾ ਨੂੰ ਸਹਾਰ ਸਕੇ ਅਤੇ ਜਾਇਜ਼ ਮੰਗਾਂ ਦਾ ਜਵਾਬ ਦੇ ਸਕੇ।

ਸਰਕਾਰ ਦੀ ਆਲੋਚਨਾ ਕਰਨਾ ਜੁਰਮ ਨਹੀਂ, ਪਰ ਵਿਰੋਧ ਦੇ ਨਾਂਅ ਉੱਤੇ ਕਿਸੇ ਹੋਰ ਦੀ ਜਾਇਦਾਦ ਤਬਾਹ ਕਰਨਾ ਵੀ ਹੱਕ ਨਹੀਂ। ਇਨ੍ਹਾਂ ਦੋਹਾਂ ਗੱਲਾਂ ਨੂੰ ਇਕੱਠਿਆਂ ਸਮਝਣਾ ਹੀ ਸਿਹਤਮੰਦ ਲੋਕਤੰਤਰ ਦੀ ਨਿਸ਼ਾਨੀ ਹੈ।

ਪਰਵਾਸੀ ਪੰਜਾਬੀ : ਦੋ ਧਰਤੀਆਂ ਵਿਚਕਾਰ ਵੰਡੀ ਹੋਈ ਜ਼ਿੰਦਗੀ

ਯੂਰਪ ਦੇ ਮੌਜੂਦਾ ਹਾਲਾਤ ਦਾ ਇੱਕ ਅਹਿਮ ਪੱਖ ਪਰਵਾਸੀ ਭਾਈਚਾਰਿਆਂ ਨਾਲ ਵੀ ਜੁੜਿਆ ਹੋਇਆ ਹੈ।

ਇਟਲੀ ਵਿੱਚ ਵੱਸਦੇ ਪੰਜਾਬੀਆਂ ਦਾ ਵੱਡਾ ਹਿੱਸਾ ਮਿਹਨਤ-ਮਜ਼ਦੂਰੀ, ਫੈਕਟਰੀਆਂ, ਖੇਤੀਬਾੜੀ, ਉਸਾਰੀ, ਆਵਾਜਾਈ ਅਤੇ ਸੇਵਾ ਖੇਤਰ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਲੋਕਾਂ ਨੇ ਆਪਣੀ ਮਿਹਨਤ ਨਾਲ ਨਾ ਸਿਰਫ਼ ਆਪਣੇ ਪਰਵਾਰਾਂ ਦਾ ਜੀਵਨ ਬਿਹਤਰ ਬਣਾਉਣ ਦੀ ਕੋਸ਼ਿਸ਼ ਕੀਤੀ, ਸਗੋਂ ਯੂਰਪੀ ਅਰਥਚਾਰੇ ਵਿੱਚ ਵੀ ਯੋਗਦਾਨ ਪਾਇਆ ਹੈ।

ਪਰਵਾਸੀ ਦੀ ਜ਼ਿੰਦਗੀ ਦਾ ਇੱਕ ਵਿਲੱਖਣ ਪੱਖ ਇਹ ਹੈ ਕਿ ਉਸ ਦਾ ਆਰਥਿਕ ਅਤੇ ਭਾਵਨਾਤਮਕ ਰਿਸ਼ਤਾ ਦੋਹਾਂ ਧਰਤੀਆਂ ਨਾਲ ਜੁੜਿਆ ਹੁੰਦਾ ਹੈ। ਇਟਲੀ ਵਿੱਚ ਬੱਚਿਆਂ ਦੀ ਪਰਵਰਿਸ਼, ਘਰ ਦੀਆਂ ਕਿਸ਼ਤਾਂ ਅਤੇ ਰੋਜ਼ਮਰ੍ਹਾ ਦੇ ਖ਼ਰਚੇ ਹਨ; ਪੰਜਾਬ ਵਿੱਚ ਬਜ਼ੁਰਗ ਮਾਪਿਆਂ ਦੀ ਚਿੰਤਾ, ਰਿਸ਼ਤੇਦਾਰਾਂ ਦੀਆਂ ਜ਼ਿੰਮੇਵਾਰੀਆਂ ਅਤੇ ਜੱਦੀ ਪਿੰਡ ਨਾਲ ਜੁੜੀਆਂ ਉਮੀਦਾਂ ਹਨ।

ਜਦੋਂ ਮਹਿੰਗਾਈ ਵਧਦੀ ਹੈ ਤਾਂ ਇਸ ਦੋਹਰੇ ਬੋਝ ਦਾ ਅਸਰ ਹੋਰ ਗਹਿਰਾ ਹੋ ਜਾਂਦਾ ਹੈ।

ਇਸ ਦੇ ਨਾਲ ਯੂਰਪ ਦੇ ਕਈ ਹਿੱਸਿਆਂ ਵਿੱਚ ਪਰਵਾਸ ਅਤੇ ਨਸਲੀ ਪਛਾਣ ਬਾਰੇ ਰਾਜਨੀਤਕ ਬਹਿਸ ਵੀ ਤੇਜ਼ ਹੁੰਦੀ ਰਹਿੰਦੀ ਹੈ। ਜੇ ਆਰਥਿਕ ਸੰਕਟ ਦੇ ਸਮੇਂ ਲੋਕਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾਵੇ ਕਿ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਮੁੱਖ ਕਾਰਨ ਵਿਦੇਸ਼ੀ ਲੋਕ ਹਨ ਤਾਂ ਇਸ ਨਾਲ ਸਮਾਜਿਕ ਵੰਡ ਅਤੇ ਨਸਲਵਾਦੀ ਸੋਚ ਨੂੰ ਹਵਾ ਮਿਲ ਸਕਦੀ ਹੈ।

ਇਹ ਖਤਰਾ ਹਕੀਕਤ ਹੈ, ਪਰ ਇਸ ਦਾ ਮੁਕਾਬਲਾ ਤੱਥਾਂ ਅਤੇ ਸਮਾਜਿਕ ਏਕਤਾ ਨਾਲ ਕਰਨਾ ਚਾਹੀਦਾ ਹੈ। ਹਰ ਆਰਥਿਕ ਸਮੱਸਿਆ ਦਾ ਦੋਸ਼ ਪਰਵਾਸੀਆਂ ਉੱਤੇ ਮੜ੍ਹਨਾ ਨਾ ਨਿਆਂਸੰਗਤ ਹੈ ਅਤੇ ਨਾ ਹੀ ਇਸ ਨਾਲ ਸਮੱਸਿਆ ਦਾ ਹੱਲ ਨਿਕਲਦਾ ਹੈ।

ਰੁਜ਼ਗਾਰ, ਤਨਖ਼ਾਹਾਂ, ਰਿਹਾਇਸ਼, ਸਿੱਖਿਆ ਅਤੇ ਜਨਤਕ ਸੇਵਾਵਾਂ ਬਾਰੇ ਸਰਕਾਰਾਂ ਦੀਆਂ ਨੀਤੀਆਂ ਦੀ ਜਾਂਚ ਹੋਣੀ ਚਾਹੀਦੀ ਹੈ। ਮਜ਼ਦੂਰ ਇਤਾਲਵੀ ਹੋਵੇ ਜਾਂ ਪੰਜਾਬੀ, ਉਸ ਦੀ ਮਿਹਨਤ ਦਾ ਸਨਮਾਨ ਅਤੇ ਉਸ ਦੇ ਹੱਕਾਂ ਦੀ ਰੱਖਿਆ ਹੋਣੀ ਚਾਹੀਦੀ ਹੈ।

ਹੱਲ ਸਿਰਫ਼ ਸਖ਼ਤੀ ਵਿੱਚ ਨਹੀਂ, ਨੀਤੀਆਂ ਦੀ ਤਬਦੀਲੀ ਵਿੱਚ ਵੀ ਹੈ

ਕਿਸੇ ਵੀ ਸਰਕਾਰ ਲਈ ਕਾਨੂੰਨ ਵਿਵਸਥਾ ਬਣਾਈ ਰੱਖਣਾ ਜ਼ਰੂਰੀ ਹੈ। ਪਰ ਜੇ ਰੋਸ ਦੇ ਪਿੱਛੇ ਮਹਿੰਗਾਈ, ਸਿੱਖਿਆ ਦੀ ਮਾੜੀ ਹਾਲਤ, ਰੁਜ਼ਗਾਰ ਦੀ ਅਨਿਸ਼ਚਿਤਤਾ ਅਤੇ ਆਰਥਿਕ ਅਸੁਰੱਖਿਆ ਵਰਗੇ ਸਵਾਲ ਹਨ ਤਾਂ ਉਨ੍ਹਾਂ ਦਾ ਹੱਲ ਸਿਰਫ਼ ਪੁਲਸ ਦੀ ਤਾਇਨਾਤੀ ਨਾਲ ਨਹੀਂ ਨਿਕਲ ਸਕਦਾ।

ਇਟਲੀ ਅਤੇ ਫਰਾਂਸ ਵਰਗੇ ਦੇਸ਼ਾਂ ਨੂੰ ਕੁਝ ਬੁਨਿਆਦੀ ਸਵਾਲਾਂ ਉੱਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

ਕੀ ਘੱਟ ਆਮਦਨ ਵਾਲੇ ਪਰਵਾਰਾਂ ਨੂੰ ਮਹਿੰਗਾਈ ਤੋਂ ਬਚਾਉਣ ਲਈ ਲੋੜੀਂਦੀ ਮਦਦ ਮਿਲ ਰਹੀ ਹੈ?

ਕੀ ਤਨਖ਼ਾਹਾਂ ਵਿੱਚ ਵਾਧਾ ਜੀਵਨ-ਜਾਚ ਦੇ ਵਧਦੇ ਖ਼ਰਚਿਆਂ ਦੇ ਅਨੁਸਾਰ ਹੋ ਰਿਹਾ ਹੈ?

ਕੀ ਨੌਜਵਾਨਾਂ ਨੂੰ ਚੰਗੀ ਸਿੱਖਿਆ ਅਤੇ ਸਥਿਰ ਰੁਜ਼ਗਾਰ ਦੀਆਂ ਸੰਭਾਵਨਾਵਾਂ ਮਿਲ ਰਹੀਆਂ ਹਨ?

ਕੀ ਸਰਕਾਰਾਂ ਦੇ ਬਜਟ ਵਿੱਚ ਸਿਹਤ, ਸਿੱਖਿਆ, ਰਿਹਾਇਸ਼ ਅਤੇ ਸਮਾਜਿਕ ਸੁਰੱਖਿਆ ਨੂੰ ਉਚਿਤ ਤਰਜੀਹ ਦਿੱਤੀ ਜਾ ਰਹੀ ਹੈ?

ਕੀ ਮਜ਼ਦੂਰਾਂ ਅਤੇ ਆਮ ਨਾਗਰਿਕਾਂ ਨੂੰ ਨੀਤੀਆਂ ਬਣਾਉਣ ਦੀ ਪ੍ਰਕਿਰਿਆ ਵਿੱਚ ਆਪਣੀ ਗੱਲ ਰੱਖਣ ਦੇ ਅਸਲ ਮੌਕੇ ਮਿਲਦੇ ਹਨ?

ਇਨ੍ਹਾਂ ਸਵਾਲਾਂ ਦੇ ਜਵਾਬ ਸਿਰਫ਼ ਚੋਣਾਂ ਵੇਲੇ ਕੀਤੇ ਵਾਅਦਿਆਂ ਨਾਲ ਨਹੀਂ, ਸਗੋਂ ਸਰਕਾਰਾਂ ਦੇ ਅਮਲ ਅਤੇ ਬਜਟ ਦੀਆਂ ਤਰਜੀਹਾਂ ਨਾਲ ਮਿਲਣਗੇ।

ਸਮਾਜਿਕ ਨਿਆਂ ਦਾ ਅਰਥ ਇਹ ਨਹੀਂ ਕਿ ਹਰ ਕਿਸੇ ਦੀ ਆਮਦਨ ਬਿਲਕੁਲ ਇੱਕੋ ਜਿਹੀ ਹੋਵੇ। ਇਸ ਦਾ ਮਤਲਬ ਇਹ ਹੈ ਕਿ ਮਨੁੱਖ ਨੂੰ ਆਪਣੀ ਮਿਹਨਤ ਦੇ ਬਦਲੇ ਇੱਜ਼ਤ ਨਾਲ ਜੀਵਨ ਬਿਤਾਉਣ ਦਾ ਮੌਕਾ ਮਿਲੇ ਅਤੇ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਉਸ ਨੂੰ ਲਗਾਤਾਰ ਅਸਹਿਣਯੋਗ ਸੰਘਰਸ਼ ਨਾ ਕਰਨਾ ਪਵੇ।

ਯੂਰਪ ਲਈ ਵੀ ਇੱਕ ਸਬਕ

ਯੂਰਪ ਦੇ ਮੌਜੂਦਾ ਹਾਲਾਤ ਸਿਰਫ਼ ਯੂਰਪੀ ਸਰਕਾਰਾਂ ਲਈ ਚੁਣੌਤੀ ਨਹੀਂ, ਸਗੋਂ ਆਧੁਨਿਕ ਸਮਾਜ ਦੇ ਵਿਕਾਸ ਮਾਡਲ ਬਾਰੇ ਵੀ ਇੱਕ ਵੱਡੀ ਬਹਿਸ ਨੂੰ ਜਨਮ ਦਿੰਦੇ ਹਨ।

ਕੀ ਵਿਕਾਸ ਦਾ ਅਰਥ ਸਿਰਫ਼ ਵੱਡੀਆਂ ਇਮਾਰਤਾਂ, ਤੇਜ਼ ਰਫ਼ਤਾਰ ਰੇਲਾਂ, ਆਧੁਨਿਕ ਹਥਿਆਰਾਂ ਅਤੇ ਵਧਦੇ ਕਾਰੋਬਾਰੀ ਮੁਨਾਫ਼ਿਆਂ ਤੱਕ ਸੀਮਤ ਰਹਿ ਸਕਦਾ ਹੈ? ਜਾਂ ਵਿਕਾਸ ਦੀ ਅਸਲ ਕਸੌਟੀ ਇਹ ਹੋਣੀ ਚਾਹੀਦੀ ਹੈ ਕਿ ਸਮਾਜ ਦਾ ਆਮ ਨਾਗਰਿਕ ਕਿੰਨੀ ਸੁਰੱਖਿਆ, ਸਿਹਤ, ਸਿੱਖਿਆ ਅਤੇ ਆਰਥਿਕ ਆਜ਼ਾਦੀ ਨਾਲ ਜੀਵਨ ਬਿਤਾ ਰਿਹਾ ਹੈ?

ਇਹ ਸਵਾਲ ਫਰਾਂਸ ਦੇ ਰੋਸ ਮੁਜ਼ਾਹਰਿਆਂ ਵਿੱਚ ਵੀ ਹੈ ਅਤੇ ਇਟਲੀ ਦੇ ਵਿਦਿਆਰਥੀਆਂ ਦੇ ਨਾਅਰਿਆਂ ਵਿੱਚ ਵੀ।

ਸੰਕਟ ਦੇ ਸਮੇਂ ਸਰਕਾਰਾਂ ਲਈ ਸਭ ਤੋਂ ਸੌਖਾ ਰਾਹ ਲੋਕਾਂ ਨੂੰ ਸਬਰ ਕਰਨ ਦੀ ਸਲਾਹ ਦੇਣਾ ਹੁੰਦਾ ਹੈ। ਪਰ ਜਦੋਂ ਲੋਕ ਸਾਲਾਂ ਤੋਂ ਸਬਰ ਕਰ ਰਹੇ ਹੋਣ ਅਤੇ ਉਨ੍ਹਾਂ ਦੀਆਂ ਬੁਨਿਆਦੀ ਮੁਸ਼ਕਲਾਂ ਦਾ ਹੱਲ ਨਾ ਨਿਕਲੇ, ਤਾਂ ਸਿਰਫ਼ ਸਬਰ ਦਾ ਉਪਦੇਸ਼ ਕਾਫ਼ੀ ਨਹੀਂ ਰਹਿੰਦਾ।

ਲੋਕਾਂ ਨੂੰ ਭਰੋਸਾ ਦੇਣ ਲਈ ਸਰਕਾਰਾਂ ਨੂੰ ਆਪਣੀਆਂ ਨੀਤੀਆਂ ਵਿੱਚ ਅਜਿਹੇ ਬਦਲਾਅ ਲਿਆਉਣੇ ਪੈਂਦੇ ਹਨ, ਜਿਨ੍ਹਾਂ ਦਾ ਅਸਰ ਆਮ ਪਰਵਾਰ ਦੀ ਜ਼ਿੰਦਗੀ ਵਿੱਚ ਦਿਖਾਈ ਦੇਵੇ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਲੋਕਾਂ ਦਾ ਰੋਸ ਆਪਣੇ ਆਪ ਵਿੱਚ ਕਿਸੇ ਇਨਕਲਾਬ ਦੀ ਗਾਰੰਟੀ ਨਹੀਂ ਹੁੰਦਾ। ਇਤਿਹਾਸ ਵਿੱਚ ਕਈ ਅੰਦੋਲਨ ਬਦਲਾਅ ਲਿਆਉਣ ਵਿੱਚ ਸਫਲ ਹੋਏ ਅਤੇ ਕਈ ਅੰਦਰੂਨੀ ਵੰਡਾਂ, ਰਾਜਨੀਤਕ ਅਸਥਿਰਤਾ ਜਾਂ ਦਮਨ ਕਾਰਨ ਕਮਜ਼ੋਰ ਪੈ ਗਏ। ਅਸਲ ਬਦਲਾਅ ਲਈ ਜਨਤਕ ਰੋਸ ਦੇ ਨਾਲ ਸਪੱਸ਼ਟ ਮੰਗਾਂ, ਜਥੇਬੰਦਕ ਤਾਕਤ, ਜਮਹੂਰੀ ਸੰਵਾਦ ਅਤੇ ਜਵਾਬਦੇਹ ਨੀਤੀਆਂ ਵੀ ਲੋੜੀਂਦੀਆਂ ਹਨ।

ਇਸ ਲਈ ਫਰਾਂਸ ਜਾਂ ਇਟਲੀ ਦੀ ਹਰ ਘਟਨਾ ਨੂੰ ਆਉਣ ਵਾਲੇ ਕਿਸੇ ਵੱਡੇ ਇਨਕਲਾਬ ਦੀ ਨਿਸ਼ਾਨੀ ਕਹਿਣ ਦੀ ਬਜਾਏ ਉਸ ਵਿੱਚੋਂ ਉੱਭਰ ਰਹੇ ਸਮਾਜਿਕ ਸੰਕੇਤਾਂ ਨੂੰ ਸਮਝਣਾ ਵਧੇਰੇ ਜ਼ਰੂਰੀ ਹੈ।

ਅੰਤ ਵਿੱਚ : ਕਿਰਤੀ ਦੀ ਜ਼ਿੰਦਗੀ ਹੀ ਵਿਕਾਸ ਦੀ ਅਸਲ ਕਸੌਟੀ

ਵੀਹ ਸਾਲਾਂ ਤੋਂ ਇਟਲੀ ਵਿੱਚ ਰਹਿੰਦਿਆਂ ਮੈਂ ਯੂਰਪ ਦੀ ਤਰੱਕੀ ਵੀ ਦੇਖੀ ਹੈ ਅਤੇ ਉਸ ਤਰੱਕੀ ਦੇ ਪਿੱਛੇ ਮਿਹਨਤ ਕਰਦੇ ਆਮ ਲੋਕਾਂ ਦੀਆਂ ਮੁਸ਼ਕਲਾਂ ਵੀ ਨੇੜਿਓਂ ਮਹਿਸੂਸ ਕੀਤੀਆਂ ਹਨ।

ਮੇਰੇ ਲਈ ਮਹਿੰਗਾਈ ਦਾ ਅਰਥ ਸਿਰਫ਼ ਅੰਕੜਿਆਂ ਵਿੱਚ ਦਰਜ ਵਾਧਾ ਨਹੀਂ। ਇਹ ਉਸ ਮਜ਼ਦੂਰ ਦੀ ਕਹਾਣੀ ਹੈ, ਜਿਹੜਾ ਤਨਖ਼ਾਹ ਮਿਲਣ ਤੋਂ ਪਹਿਲਾਂ ਹੀ ਆਪਣੇ ਖ਼ਰਚਿਆਂ ਦਾ ਹਿਸਾਬ ਲਾਉਣ ਲੱਗ ਪੈਂਦਾ ਹੈ। ਇਹ ਉਸ ਮਾਂ ਦੀ ਚਿੰਤਾ ਹੈ, ਜਿਹੜੀ ਬੱਚੇ ਦੀ ਲੋੜ ਅਤੇ ਘਰ ਦੇ ਬਜਟ ਵਿਚਕਾਰ ਚੋਣ ਕਰਨ ਲਈ ਮਜਬੂਰ ਹੋ ਜਾਂਦੀ ਹੈ। ਇਹ ਉਸ ਨੌਜਵਾਨ ਦਾ ਸਵਾਲ ਹੈ, ਜਿਹੜਾ ਚੰਗੀ ਸਿੱਖਿਆ ਹਾਸਲ ਕਰਕੇ ਵੀ ਆਪਣੇ ਭਵਿੱਖ ਬਾਰੇ ਅਨਿਸ਼ਚਿਤ ਹੈ।

ਫਰਾਂਸ ਦੇ ਰੋਸ ਅਤੇ ਇਟਲੀ ਦੇ ਵਿਦਿਆਰਥੀ ਅੰਦੋਲਨਾਂ ਨੂੰ ਇਸੇ ਮਨੁੱਖੀ ਪੱਖ ਤੋਂ ਸਮਝਣ ਦੀ ਲੋੜ ਹੈ। ਨਾ ਤਾਂ ਲੋਕਾਂ ਦੀ ਹਰ ਕਾਰਵਾਈ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਹੈ ਅਤੇ ਨਾ ਹੀ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਅਣਡਿੱਠ ਕਰਕੇ ਸਮਾਜਿਕ ਸ਼ਾਂਤੀ ਕਾਇਮ ਰੱਖੀ ਜਾ ਸਕਦੀ ਹੈ।

ਲੋਕਤੰਤਰ ਦੀ ਅਸਲ ਤਾਕਤ ਇਸ ਵਿੱਚ ਹੈ ਕਿ ਉਹ ਅਸਹਿਮਤੀ ਨੂੰ ਸੁਣੇ, ਸੱਤਾ ਨੂੰ ਜਵਾਬਦੇਹ ਬਣਾਏ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਆਵਾਜ਼ ਨੂੰ ਮਹੱਤਵ ਦੇਵੇ।

ਜਿਸ ਦਿਨ ਕਿਸੇ ਦੇਸ਼ ਦੀ ਸਰਕਾਰ ਆਪਣੇ ਨਾਗਰਿਕ ਦੀ ਆਰਥਿਕ ਬੇਵੱਸੀ ਨੂੰ ਆਪਣੀ ਰਾਜਨੀਤਕ ਜ਼ਿੰਮੇਵਾਰੀ ਸਮਝਣ ਲੱਗ ਪਵੇਗੀ, ਉਸ ਦਿਨ ਲੋਕਾਂ ਦੇ ਰੋਸ ਨੂੰ ਹਿੰਸਾ ਵਿੱਚ ਬਦਲਣ ਤੋਂ ਰੋਕਣ ਦਾ ਸਭ ਤੋਂ ਮਜ਼ਬੂਤ ਰਾਹ ਵੀ ਖੁੱਲ੍ਹੇਗਾ।

ਆਖ਼ਰਕਾਰ, ਕਿਸੇ ਵੀ ਦੇਸ਼ ਦੀ ਅਸਲ ਅਮੀਰੀ ਉਸ ਦੇ ਬੈਂਕਾਂ ਵਿੱਚ ਜਮ੍ਹਾਂ ਪੂੰਜੀ ਜਾਂ ਉਸ ਦੇ ਹਥਿਆਰਾਂ ਦੇ ਭੰਡਾਰ ਨਾਲ ਨਹੀਂ ਮਾਪੀ ਜਾ ਸਕਦੀ। ਉਸ ਦੀ ਅਸਲ ਅਮੀਰੀ ਇਸ ਗੱਲ ਵਿੱਚ ਹੈ ਕਿ ਉੱਥੇ ਮਿਹਨਤ ਕਰਨ ਵਾਲਾ ਮਨੁੱਖ ਕਿੰਨੀ ਇੱਜ਼ਤ, ਕਿੰਨੀ ਸੁਰੱਖਿਆ ਅਤੇ ਕਿੰਨੀ ਉਮੀਦ ਨਾਲ ਆਪਣੀ ਜ਼ਿੰਦਗੀ ਬਿਤਾਅ ਸਕਦਾ ਹੈ।

ਯੂਰਪ ਦੀਆਂ ਸੜਕਾਂ ਤੋਂ ਉੱਠ ਰਹੇ ਸਵਾਲਾਂ ਦਾ ਨਿਚੋੜ ਵੀ ਇਹੋ ਹੈ : ਲੋਕਾਂ ਨੂੰ ਸਿਰਫ਼ ਤਰੱਕੀ ਦੀ ਤਸਵੀਰ ਨਹੀਂ, ਤਰੱਕੀ ਦਾ ਅਸਲ ਹਿੱਸਾ ਵੀ ਚਾਹੀਦਾ ਹੈ।

ਸੰਪਰਕ :- 0039-3381411381

ਸਫ਼ਾ 2 ਦੀ ਬਾਕੀ

ਚੋਣ ਨਿਸ਼ਾਨ ਤੇ ਸਿਆਸਤ...

ਦਾ ਕਤਲ ਹੁੰਦਾ ਸੀ ਤਾਂ ਉਸ ਦਾ ਸਹੁਰਾ ਹੀ ਉਸ ਥੜ੍ਹੇ ਦੀ ਸਫਾਈ ਕਰਦਾ ਹੁੰਦਾ ਸੀ।

ਚਮੜੇ ਦੇ ਕਾਰੋਬਾਰ ਨਾਲ ਜੁੜੇ ਲੋਕ ਆਰਥਿਕ ਵਿਕਾਸ ਵੀ ਕਰ ਗਏ ਹਨ ਤੇ ਉਨ੍ਹਾਂ ਦਾ ਸਮਾਜਿਕ ਪੱਧਰ ਵੀ ਬਦਲ ਚੁੱਕਿਆ ਹੈ। ਇੱਥੋਂ ਤੱਕ ਕਿ ਉਨ੍ਹਾਂ ਦੀ ਸਿਆਸਤ ਦਾ ਉਭਾਰ ਵੀ ਦੇਖਿਆ ਜਾ ਸਕਦਾ ਹੈ, ਪਰ ਹਾਲੇ ਤੱਕ ਝਾੜੂ ਦੀ ਆਰਥਿਕਤਾ, ਸਮਾਜਿਕਤਾ ਤੇ ਸਿਆਸਤ ਦਾ ਕੋਈ ਨਾਮੋ-ਨਿਸ਼ਾਨ ਨਜ਼ਰ ਨਹੀਂ ਆ ਰਿਹਾ, ਪਰ ਲੋਕ ਫਿਰ ਵੀ ਝਾੜੂ ਤੋਂ ਘਬਰਾ ਰਹੇ ਹਨ ਕਿ ਹੁਣ ਕਿਤੇ ਝਾੜੂ ਵੀ ਵਿਕਾਸ ਨਾ ਕਰ ਜਾਵੇ। ਚੰਗੇ ਭਲੇ ਤੇ ਸਿਆਣੇ-ਬਿਆਣੇ ਲੋਕ ਵੀ ਹੁਣ ਆਮ ਆਦਮੀ ਪਾਰਟੀ ਨੂੰ ਨਫਰਤ ਭਰੇ ਮਜ਼ਾਕ ਵਿਚ ਬਹੁਕਰ ਪਾਰਟੀ ਜਾਂ ਕੂਚੀ ਪਾਰਟੀ ਕਹਿੰਦੇ ਹਨ। ਸਮਝ ਨਹੀਂ ਲਗਦੀ ਕਿ ਉਹ ਆਮ ਆਦਮੀ ਪਾਰਟੀ ਦਾ ਮਜ਼ਾਕ ਉੜਾ ਰਹੇ ਹਨ ਕਿ ਝਾੜੂ ਦਾ। ਜਿਵੇਂ ਉਨ੍ਹਾਂ ਨੂੰ ਡਰ ਹੋਵੇ ਕਿ ਝਾੜੂ ਕਿਤੇ ਚਮੜੇ ਨਾਲ ਰਲ ਕੇ ਸਿਆਸਤ ਹੀ ਨਾ ਬਦਲ ਦੇਵੇ।ਬੜੀ ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿਚ ਬੇਸ਼ੱਕ ਹਰ ਤਰ੍ਹਾਂ ਦੇ ਚੋਣ ਨਿਸ਼ਾਨ ਦਾ ਮਜ਼ਾਕ ਉਡਾਇਆ ਗਿਆ ਤੇ ਉਸ ਨੂੰ ਰੱਜ ਕੇ ਭੰਡਿਆ ਵੀ ਜਾਂਦਾ ਰਿਹਾ ਹੈ, ਪਰ ਕਦੇ ਵੀ ਕਿਸੇ ਚੋਣ ਨਿਸ਼ਾਨ ਨੂੰ ਏਨਾ ਬੁਰਾ ਨਹੀਂ ਸਮਝਿਆ ਗਿਆ ਕਿ ਉਸ ਨੂੰ ਫੂਕ ਹੀ ਦਿੱਤਾ ਗਿਆ ਹੋਵੇ। ਪਿਛਲੇ ਦਿਨੀਂ ਜਦ ਝਾੜੂ ਅੱਗ ਲਾ ਕੇ ਸਾੜ ਦਿੱਤੇ ਗਏ ਤਾਂ ਮੇਰੇ ਮਨ ਵਿਚ ਕੁਝ ਅਜਿਹੇ ਅਹਿਸਾਸ ਜਾਗੇ, ਜਿਨ੍ਹਾਂ ਨੂੰ ਮੈਂ ਸ਼ਬਦਾਂ ਵਿਚ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਤਾ ਨਹੀਂ ਮੈਂ ਆਪਣੇ ਅਹਿਸਾਸ ਨੂੰ ਕਹਿ ਸਕਿਆ ਹਾਂ ਕਿ ਨਹੀਂ। ਸ਼ਾਇਦ ਇਹ ਇਕ ਸੰਕੇਤ ਮਾਤਰ ਹੀ ਹੋਵੇ, ਪਰ ਮੇਰੇ ਮਨ ਵਿਚ ਆਮ ਆਦਮੀ ਪਾਰਟੀ ਦੀ ਬਜਾਏ, ਆਮ ਆਦਮੀ ਪ੍ਰਤੀ ਸਤਿਕਾਰ ਹੈ ਤੇ ਝਾੜੂ ਨਾਲ ਹਮਦਰਦੀ ਹੈ। ਇਹ ਹਮਦਰਦੀ ਹੀ ਮੇਰਾ ਚੋਣ ਨਿਸ਼ਾਨ ਹੈ, ਜੋ ਅਕਸਰ ਹੰਝੂਆਂ ਦਾ ਰੂਪ ਧਾਰ ਜਾਂਦੀ ਹੈ। ਇਸ ਲਈ ਜਿਸ ਦਿਨ ਪੰਜਾਬ ਵਿਚ ਝਾੜੂ ਫੂਕੇ ਗਏ, ਉਸ ਦਿਨ ਮੇਰੀਆਂ ਅੱਖਾਂ ਵਿਚ ਅੱਥਰੂ ਉਤਰ ਆਏ ਸਨ ਤੇ ਇਹ ਅੱਖਰ ਉਹ ਅੱਥਰੂ ਹੀ ਹਨ, ਜਿਨ੍ਹਾਂ ਨੂੰ ਜੋੜ-ਜੋੜ ਕੇ ਮੈਂ ਕੁਝ ਵਾਕ ਲਿਖੇ ਤੇ ਕੁਝ ਅਹਿਸਾਸ ਪਰੋਏ ਹਨ।

ਮੋਬਾ. 94175-18384

ਸਫ਼ਾ 2 ਦੀ ਬਾਕੀ

ਮਨੁੱਖੀ ਅਧਿਕਾਰ ਕਮਿਸ਼ਨ ਦਾ ਘਟਦਾ ਰੁਤਬਾ...

ਕਿਉਂਕਿ ਇਸ ਤੋਂ ਪਹਿਲਾਂ ਸਿਰਫ਼ ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਹੀ ਚੇਅਰਮੈਨ ਲੱਗ ਸਕਦੇ ਸਨ। ਸੁਪਰੀਮ ਕੋਰਟ ਵਿੱਚ ਵੀ ਉਹਨਾਂ ਦੇ ਬਹੁਤੇ ਫੈਸਲੇ ਸਰਕਾਰ ਅਤੇ ਕਾਰਪੋਰੇਟ ਘਰਾਣਿਆਂ ਨੂੰ ਸਕੂਨ ਦੇਣ ਵਾਲੇ ਹੀ ਸਨ, ਜਿਹਨਾਂ ਦਾ ਵਿਸਤਾਰ ਜ਼ਿਕਰ ਪ੍ਰਸਿੱਧ ਪੱਤਰਕਾਰ ਪ੍ਰਾਂਜੁਆਏ ਗੁਹਾ ਠਾਕੁਰਤਾ ਅਤੇ ਅਯਾਸ਼ ਕਾਂਤ ਦਾਸ ਦੀ ਕਿਤਾਬ 'ਦ ਕੰਟਰੋਵਰੀਸੀਅਲ ਜੱਜ' ਵਿੱਚ ਦਰਜ ਹੈ। ਬਾਰਾਂ ਜਨਵਰੀ 2018 ਨੂੰ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ ਵੱਲੋਂ ਜੋ ਅਸਧਾਰਨ ਪ੍ਰੈੱਸ ਕਾਨਫਰੰਸ ਦੌਰਾਨ ਖੁਲਾਸਾ ਕੀਤਾ ਗਿਆ ਸੀ ਕਿ ਚੋਣਵੇਂ ਕੇਸ ਕੁੱਝ ਚੋਣਵੇਂ ਜੱਜਾਂ ਦੇ ਬੈਂਚ ਨੂੰ ਅਲਾਟ ਕੀਤੇ ਜਾ ਰਹੇ ਹਨ, ਉਹ ਦਰਅਸਲ ਜਸਟਿਸ ਮਿਸ਼ਰਾ ਦੇ ਸੰਬੰਧ ਵਿੱਚ ਹੀ ਸੀ, ਕਿਉਂਕਿ ਉਸ ਤੋਂ ਇੱਕ ਦਿਨ ਪਹਿਲਾਂ ਹੀ ਜਸਟਿਸ ਲੋਆ ਦੀ ਭੇਦ-ਭਰੇ ਹਾਲਾਤ ਵਿੱਚ ਹੋਈ ਮੌਤ ਦੀ ਜਾਂਚ ਲਈ ਮੰਗ ਕਰਨ ਵਾਲੀਆਂ ਪਟੀਸ਼ਨਾਂ ਦੀ ਸੁਣਵਾਈ ਲਈ ਜਸਟਿਸ ਮਿਸ਼ਰਾ ਦੇ ਬੈਂਚ ਨੂੰ ਸੌਂਪ ਦਿੱਤੀ ਗਈ ਸੀ। ਜਸਟਿਸ ਲੋਆ ਮੌਜੂਦਾ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਦਰਜ ਸੋਹਾਬੂਦੀਨ ਕਤਲ ਕੇਸ ਦੀ ਮੁੰਬਈ ਦੀ ਸੁਣਵਾਈ ਕਰ ਰਹੀ ਸੀ ਬੀ ਆਈ ਅਦਾਲਤ ਦੇ ਜੱਜ ਸਨ। ਨਿਊਜ਼ ਪੋਰਟਲ 'ਦ ਵਾਇਰ' ਨੇ ਅਮਿਤ ਸ਼ਾਹ ਦੇ ਬੇਟੇ ਜੈ ਸ਼ਾਹ ਦੀਆਂ ਵਪਾਰਕ ਕੰਪਨੀਆਂ ਬਾਰੇ ਇੱਕ ਰਿਪੋਰਟ ਛਾਪੀ ਸੀ, ਜਿਸ ਦੀ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਜਸਟਿਸ ਮਿਸ਼ਰਾ ਨੇ 'ਦ ਵਾਇਰ' ਨੂੰ 'ਪੀਲੀ ਪੱਤਰਕਾਰੀ' ਕਰਨ ਤੋਂ ਵਰਜਿਆ ਸੀ। ਮਨੁੱਖੀ ਅਧਿਕਾਰ ਕਮਿਸ਼ਨ ਤੋਂ ਰਿਟਾਇਰ ਹੋਣ ਤੋਂ ਬਾਅਦ ਭਾਰਤੀ ਕ੍ਰਿਕਟ ਬੋਰਡ ਵਿੱਚ ਬਤੌਰ ਲੋਕਪਾਲ ਨਿਯੁਕਤ ਹਨ। ਭਾਰਤੀ ਕ੍ਰਿਕਟ ਬੋਰਡ ਦੇ ਕਰਤਾ-ਧਰਤਾ ਅਮਿਤ ਸ਼ਾਹ ਦੇ ਬੇਟੇ ਜੈ ਸ਼ਾਹ ਹਨ।

ਸੰਪਰਕ 98728-44163

ਸਫ਼ਾ 3 ਦੀ ਬਾਕੀ

ਖੋਜਕਾਰਾਂ ਤੇ ਪੱਤਰਕਾਰਾਂ ਲਈ ਲਾਹੇਵੰਦ ਪੁਸਤਕ...

ਸੀ। ਇਸ ਦਾ ਉਦੇਸ਼ ਮੇਨਸਟ੍ਰੀਮ ਮੀਡੀਆ ਦੇ ਫੇਕ ਨਿਊਜ਼ ਅਤੇ ਨਕਾਰਾਤਮਕ ਨੈਰੇਟਿਵ ਨੂੰ ਕਾਊਂਟਰ ਕਰਨਾ, ਕਿਸਾਨਾਂ ਨੂੰ ਅਸਲੀ ਆਵਾਜ਼ ਦੇਣਾ ਅਤੇ ਅੰਦੋਲਨ ਵਿੱਚ ਏਕਤਾ ਬਣਾਈ ਰੱਖਣਾ, ਖਾਸ ਕਰਕੇ ਬਜ਼ੁਰਗ ਕਿਸਾਨਾਂ ਲਈ ਜੋ ਸੋਸ਼ਲ ਮੀਡੀਆ ਨਹੀਂ ਵਰਤਦੇ। ਪ੍ਰਿੰਟ ਵਰਜਨ ਵੀ ਜ਼ਰੂਰੀ ਸੀ। ਟ੍ਰੌਲੀਟਾਈਮ ਨੇ ਪ੍ਰੋਟੈਸਟ ਮੀਡੀਆ ਦੀ ਮਿਸਾਲ ਕਾਇਮ ਕੀਤੀ ਅਤੇ ਦਿਖਾਇਆ ਕਿ ਕਿਸਾਨ ਆਪਣੀ ਆਵਾਜ਼ ਖੁਦ ਚੁੱਕ ਸਕਦੇ ਹਨ। ਇਸ ਦੇ ਨਾਮਕਰਨ ਬਾਰੇ ਉਹ ਦੱਸਦਾ ਹੈ ਕਿ ਨਰਿੰਦਰ ਭਿੰਡਰ ਨਾਂਅ ਦੇ ਇੱਕ ਫਾਰਮਰ ਨੂੰ ਟ੍ਰਾਲੀ ਵਿੱਚ ਬੈਠ ਕੇ ਇਹ ਆਈਡੀਆ ਆਇਆ, ਜਿਸ ਕਾਰਨ ਇਸ ਦਾ ਨਾਂਅ ਟ੍ਰਾਲੀ ਟਾਈਮਸ ਰੱਖਿਆ ਗਿਆ। ਲੇਖਕ ਨੇ ਪੰਜਾਬੀ ਮੀਡੀਆ ਪੱਤਰਕਾਰੀ ਯੂਟਿਊਬ ਮੀਡੀਆ ਦੇ ਵਿਸਥਾਰਨ ਬਾਰੇ ਦੱਸਦਿਆਂ ਕਿਹਾ ਕਿ 2026 ਵਿੱਚ ਪੰਜਾਬੀ ਭਾਸ਼ਾ ਵਿੱਚ ਯੂਟਿਊਬ ਕੰਟੈਂਟ ਭਾਰਤੀ ਡਿਜੀਟਲ ਲੈਂਡਸਕੇਪ ਵਿੱਚ ਇੱਕ ਵੱਡੀ ਤਾਕਤ ਬਣ ਚੁੱਕੀ ਹੈ। ਭਾਰਤ ਵਿੱਚ ਯੂਜ਼ਰਸ ਦੀ ਗਿਣਤੀ 500 ਮਿਲੀਅਨ ਤੋਂ ਵੱਧ ਹੈ ਅਤੇ ਰੀਜਨਲ ਭਾਸ਼ਾਵਾਂ ਵਿੱਚ ਵੀ ਇਸ ਦਾ ਵਾਧਾ ਤੇਜ਼ੀ ਨਾਲ ਹੋ ਰਿਹਾ ਹੈ। ਇਸ ਨੇ ਜਿੱਥੇ ਪਰੰਪਰਾਗਤ ਟੀਵੀ ਨੂੰ ਚੁਣੌਤੀ ਦਿੱਤੀ ਹੈ, ਉੱਥੇ ਨੌਜਵਾਨ ਪੀੜ੍ਹੀ ਨੂੰ ਵੀ ਨਾਲ ਜੋੜਿਆ ਹੈ। ਇਹ ਖਬਰਾਂ ਦੇਣ ਦੇ ਨਾਲ-ਨਾਲ ਪੰਜਾਬੀ ਸੱਭਿਆਚਾਰ ਨੂੰ ਵੀ ਜਿਉਂਦਾ ਰੱਖਣ ਦਾ ਕੰਮ ਕਰਦਾ ਹੈ ਤੇ ਹੌਲੀ-ਹੌਲੀ ਇਹ ਕੰਮ ਵਿਸ਼ਵ ਪੱਧਰ 'ਤੇ ਹੋਣ ਦੀ ਉਮੀਦ ਹੈ।ਲੇਖਕ ਨੇ ਭਾਰਤ ਦੇ ਨਾਲ-ਨਾਲ ਪਾਕਿਸਤਾਨੀ ਪੰਜਾਬੀ ਮੀਡੀਆ ਦੀ ਮੌਜੂਦਾ ਸਥਿਤੀ ਤੇ ਵਿਸ਼ੇਸ਼ਤਾਵਾਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਪੁਸਤਕ ਦੇ ਅਖੀਰਲੇ ਲੇਖਾਂ ਵਿੱਚ ਲੇਖਕ ਦੱਸਦਾ ਹੈ ਕਿ ਅੱਜ ਜੈਨ ਜ਼ੀ ਨਵੀਂ ਟੈਕਨਾਲੋਜੀ ਨੂੰ ਨਾ ਸਿਰਫ ਅਪਣਾ ਰਹੇ ਹਨ, ਬਲਕਿ ਇਸ ਨੂੰ ਆਪਣੇ ਜੀਵਨ ਸ਼ੈਲੀ ਦਾ ਅੰਗ ਵੀ ਬਣਾ ਚੁੱਕੇ ਹਨ। ਭਾਰਤ ਵਿੱਚ ਇਹ ਬਦਲਾਅ ਹੋਰ ਵੀ ਤੇਜ਼ੀ ਨਾਲ ਹੋ ਰਿਹਾ ਹੈ, ਕਿਉਂਕਿ ਜਿੱਥੇ ਇੰਟਰਨੈੱਟ ਯੂਜ਼ਰਾਂ ਦੀ ਗਿਣਤੀ ਵਧ ਰਹੀ ਹੈ, ਉੱਥੇ ਰੀਜਨਲ ਭਾਸ਼ਾਵਾਂ ਨੇ ਵੀ ਨਵੇਂ ਮੀਡੀਆ ਨੂੰ ਵਿਸ਼ੇਸ਼ ਬਣਾ ਦਿੱਤਾ ਹੈ। ਇਸ ਲੇਖ ਵਿੱਚ 2025-26 ਦੇ ਮੁੱਖ ਰੁਝਾਨਾਂ ਦੀ ਗੱਲ ਕੀਤੀ ਹੈ। ਸੋਸ਼ਲ ਮੀਡੀਆ ਹੁਣ ਸਿਰਫ਼ ਪਲੇਟਫਾਰਮ ਨਹੀਂ, ਬਲਕਿ ਉਹ 'ਉਪਰੇਟਿੰਗ ਸਿਸਟਮ' ਬਣ ਰਿਹਾ ਹੈ, ਜਿੱਥੇ ਖੋਜ, ਖਰੀਦਦਾਰੀ ਅਤੇ ਮਨੋਰੰਜਨ ਸਭ ਇੱਕ ਥਾਂ 'ਤੇ ਹੈ। ਪੰਜਾਬੀ ਰੀਲਜ਼ ਬਾਰੇ ਵੀ ਲੇਖਕ ਦੱਸਦਾ ਹੈ ਕਿ ਅੱਜ ਰੀਲਜ਼ ਰਾਹੀਂ ਸਿਰਫ਼ ਮਨੋਰੰਜਨ ਹੀ ਨਹੀਂ, ਬਲਕਿ ਪੰਜਾਬੀ ਕਲਚਰ, ਭਾਸ਼ਾ ਅਤੇ ਸਵੈਗ ਨੂੰ ਵੀ ਦੁਨੀਆ ਤੱਕ ਪਹੁੰਚਾਇਆ ਜਾ ਰਿਹਾ ਹੈ। ਦੂਜੇ ਸ਼ਬਦਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਰੀਲਜ਼ ਅੱਜ ਦੇ ਸਮੇਂ ਨਵੇਂ ਮੀਡੀਆ ਦਾ ਸਭ ਤੋਂ ਤਾਕਤਵਰ ਹਿੱਸਾ ਬਣ ਚੁੱਕੀਆਂ ਹਨ। ਪੁਸਤਕ ਦੇ ਅੰਤ ਵਿੱਚ ਲੇਖਕ ਇੱਕ ਸਵਾਲ ਖੜਾ ਕਰਦਾ ਹੈ ਕਿ ਨਵੇਂ ਪੰਜਾਬ ਦੇ ਨਵੇਂ ਸੰਵਾਦ ਤੇ ਨੈਰੇਟਿਵ ਲਈ ਪੰਜਾਬੀ ਮੀਡੀਆ ਕਿੰਨਾ ਜ਼ਿੰਮੇਵਾਰ ਹੈ। ਇਸ ਲੇਖ ਵਿੱਚ ਪੰਜਾਬ ਦੇ ਇਸ ਮੀਡੀਆ ਟੈਲੀਵਿਜ਼ਨ ਪ੍ਰਿੰਟ ਤੇ ਡਿਜੀਟਲ ਮੀਡੀਆ ਦੀ ਗੱਲ ਵਿਸਥਾਰ ਵਿੱਚ ਕੀਤੀ ਗਈ ਹੈ। ਲੇਖਕ ਚੈਨਲਾਂ ਦੀ ਗੱਲ ਕਰਦਿਆਂ ਹੋਇਆਂ ਕਹਿੰਦਾ ਕਿ ਚੈਨਲਾਂ ਨੇ ਪੰਜਾਬੀ ਭਾਸ਼ਾ ਨੂੰ ਵਿਜ਼ੂਅਲ ਮੀਡੀਆ ਵਿੱਚ ਮਜ਼ਬੂਤ ਕੀਤਾ ਤੇ ਗਲੋਬਲ ਪੰਜਾਬੀ ਡਾਇਸਪੋਰਾ ਨੂੰ ਜੋੜਿਆ ਹੈ। ਡੀਡੀ ਪੰਜਾਬੀ ਨੂੰ ਪੰਜਾਬ ਦੀ ਆਵਾਜ਼ ਮੰਨਿਆ ਜਾਂਦਾ ਹੈ। ਮੀਡੀਆ ਆਪਣੇ ਇਤਿਹਾਸਕ ਯੋਗਦਾਨ ਨੂੰ ਦੁਨੀਆ ਯਾਦ ਰੱਖੇ, ਇਸ ਲਈ ਨਵੇਂ ਯੁੱਗ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਜੇਕਰ ਉਹ ਏਕਤਾ ਤੇ ਵਿਕਾਸ ਵਾਲਾ ਨੈਰੇਟਿਵ ਬਣਾਏਗਾ ਤਾਂ ਉਸ ਦੀ ਪਛਾਣ ਮਜ਼ਬੂਤ ਹੋਵੇਗੀ। ਅੱਜ ਲੋੜ ਹੈ ਕਿ ਮੀਡੀਆ ਆਪਣੀ ਭੂਮਿਕਾ ਨਿਭਾਏ ਤੇ ਪੰਜਾਬ ਦੇ ਭਵਿੱਖ ਨੂੰ ਸੰਭਾਲੇ। ਡਾ. ਕ੍ਰਿਸ਼ਨ ਕੁਮਾਰ ਦੀ ਇਹ ਪੁਸਤਕ ਜਿੱਥੇ ਮੀਡੀਆ ਤੇ ਪੰਜਾਬੀ ਮੀਡੀਆ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦੀ ਹੈ, ਉਥੇ ਨਾਲ ਹੀ ਮੀਡੀਆ ਨੂੰ ਦਰਪੇਸ਼ ਚੁਣੌਤੀਆਂ ਤੇ ਸੰਭਾਵਨਾਵਾਂ ਦਾ ਜ਼ਿਕਰ ਵੀ ਕਰਦੀ ਹੈ। ਇਸ ਪੁਸਤਕ ਵਿੱਚ ਮੀਡੀਆ ਬਾਰੇ ਭਰਪੂਰ ਜਾਣਕਾਰੀ ਮੀਡੀਆ ਦੇ ਖੋਜ ਵਿਦਿਆਰਥੀਆਂ ਤੇ ਪੱਤਰਕਾਰਾਂ ਲਈ ਵੀ ਲਾਹੇਵੰਦ ਸਾਬਿਤ ਹੋ ਸਕਦੀ ਹੈ। ਬਹੁਤ ਹੀ ਵਧੀਆ ਪੁਸਤਕ ਹੈ।ਆਸ ਹੈ ਪੁਸਤਕ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲੇਗਾ। ਪੁਸਤਕ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਜੀ ਆਇਆਂ।

ਸੰਪਰਕ : 98555-95818

ਦਿਨ-ਬ-ਦਿਨ-ਸਿਖ਼ਰਾਂ ਛੂੰਹਦਾ ਗਿਆ

35ਵਾਂ ਮੇਲਾ ਗ਼ਦਰੀ ਬਾਬਿਆਂ ਦਾ





'35ਵਾਂ ਮੇਲਾ ਗ਼ਦਰੀ ਬਾਬਿਆਂ ਦਾ' ਆਗਾਜ਼ 30 ਅਕਤੂਬਰ ਦੁਪਹਿਰ ਢਾਈ ਵਜੇ ਕਮੇਟੀ ਆਗੂਆਂ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਪੇਂਟਿੰਗ ਪ੍ਰਦਰਸ਼ਨੀ ਨਾਲ ਸ਼ੁਰੂ ਹੋਇਆ। ਇਸ ਪੇਂਟਿੰਗ ਪ੍ਰਦਰਸ਼ਨੀ 'ਚ ਪੰਜਾਬ ਭਰ ਤੋਂ ਚਿਤਰਕਾਰ ਆਪਣੀਆਂ ਕਲਾ ਕਿਰਤਾਂ ਲੈ ਕੇ ਪੁੱਜੇ। ਜੋ ਮੇਲੇ ਦੇ ਨਾਲ-ਨਾਲ ਨਿਰੰਤਰ ਜਾਰੀ ਰਿਹਾ। ਸ਼ਾਮ ਚਾਰ ਵਜੇ ਕਮੇਟੀ ਵੱਲੋਂ 'ਗਿਆਨ ਦੇ ਸਰੋਤ ਅਤੇ ਸਮਕਾਲੀ ਸੱਤਾ ਦੀਆਂ ਚੁਣੌਤੀਆਂ' ਵਿਸ਼ੇ ਉਪਰ ਪੈਨਲ ਡਿਸਕਸ਼ਨ ਕਰਵਾਈ ਗਈ। ਇਸ ਮੌਕੇ ਵਿਛੜੇ ਸਾਥੀਆਂ ਨੂੰ ਸਿਜਦਾ ਕਰਨ ਉਪਰੰਤ ਪੈਨਲ ਡਿਸਕਸ਼ਨ ਲਈ ਤਰਕਸ਼ੀਲ ਆਗੂ ਰਜਿੰਦਰ ਭਦੌੜ, ਡਾ. ਲਖਵਿੰਦਰ ਸਿੰਘ ਜੌਹਲ, ਪੱਤਰਕਾਰ ਸ਼ਵਿੰਦਰ ਸਿੰਘ, ਜਨ ਚੇਤਨਾ ਪੰਜਾਬ ਵੱਲੋਂ ਰਵਿੰਦਰ ਕੌਰ ਅਤੇ ਪੰਜ ਆਬ ਪ੍ਰਕਾਸ਼ਨ ਜਲੰਧਰ ਦੇ ਸੰਚਾਲਕ ਕੇਸਰ ਨੂੰ ਸਟੇਜ 'ਤੇ ਸ਼ਸ਼ੋਭਤ ਹੋਏ। ਪੈਨਲ ਡਿਸਕਸ਼ਨ ਦੀ ਪ੍ਰਧਾਨਗੀ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਅਤੇ ਜਨਰਲ ਸਕੱਤਰ ਗੁਰਮੀਤ ਨੇ ਕੀਤੀ। ਡਿਸਕਸ਼ਨ ਨੂੰ ਕਮੇਟੀ ਦੇ ਟਰੱਸਟੀ ਹਰਵਿੰਦਰ ਭੰਡਾਲ ਨੇ ਮੁਨੀਟਰ ਕੀਤਾ। ਇਸ ਮੌਕੇ ਰਜਿੰਦਰ ਭਦੌੜ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਸੋਸ਼ਲ ਮੀਡੀਆ ਦੇ ਜ਼ਮਾਨੇ ਵਿਚ

ਕੇਸਰ

ਵੀ ਪ੍ਰਿੰਟ ਮੀਡੀਆ ਦਾ ਅਹਿਮ ਰੋਲ ਹੈ। ਮੌਕੇ ਦੀਆਂ ਸਰਕਾਰਾਂ ਪ੍ਰਿੰਟ ਮੀਡੀਆ ਅਤੇ ਸ਼ੋਸ਼ਲ ਮੀਡੀਆ 'ਤੇ ਪਾਬੰਦੀਆਂ ਮੜ੍ਹ ਰਹੀ ਹੈ। ਡਾ. ਲਖਵਿੰਦਰ ਜੌਹਲ ਨੇ ਦੂਰਦਰਸ਼ਨ ਦੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਬੇਸ਼ਕ ਉਥੇ ਸਰਕਾਰਾਂ ਦੀ ਦਖ਼ਲ ਅੰਦਾਜ਼ੀ ਬਹੁਤ ਜ਼ਿਆਦਾ ਹੈ ਪਰ ਫਿਰ ਵੀ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਲੋਕ, ਲੋਕਾਂ ਦੀ ਗੱਲ ਕਹਿਣ ਦਾ ਰਸਤਾ ਕੱਢ ਹੀ ਲੈਂਦੇ ਹਨ। ਮੀਡੀਆ ਪੱਤਰਕਾਰ ਸ਼ਵਿੰਦਰ ਨੇ ਸਰਕਾਰਾਂ ਵਲੋਂ ਸ਼ੋਸ਼ਲ ਮੀਡੀਆ 'ਤੇ ਲਾਈਆਂ ਪਾਬੰਦੀਆਂ ਖਿਲਾਫ ਡਟਣ ਦਾ ਸੱਦਾ ਦਿੱਤਾ। ਰਵਿੰਦਰ ਕੌਰ ਨੇ ਮਜ਼ਦੂਰਾਂ ਵਿੱਚ ਕਿਤਾਬਾਂ ਲੈ ਕੇ ਜਾਣ ਦੇ ਤਜ਼ਰਬੇ ਸਾਂਝੇ ਕੀਤੇ। ਕੇਸਰ ਹੋਰਾਂ ਆਪਣੇ ਤਜਰਬੇ ਸਾਂਝੇ ਕਰਦਿਆਂ ਦੱਸਿਆ ਕਿ ਹਿੰਦੋਸਤਾਨ ਦੀਆਂ ਸਰਕਾਰਾਂ ਤੋਂ ਵੀ ਪਹਿਲਾਂ 'ਜਮਹੂਰੀਅਤ' ਦਾ ਅਲੰਬਦਾਰ ਅਮਰੀਕਾ ਵਰਗਾ ਦੇਸ਼ ਵੀ ਪੁਸਤਕਾਂ 'ਤੇ ਪਾਬੰਦੀਆਂ ਮੜ੍ਹਦਾ ਰਿਹਾ ਹੈ। ਖ਼ਾਸਕਰ ਅਮਰੀਕਾ ਵਲੋਂ ਮਜ਼ਦੂਰ ਜਮਾਤ ਨੂੰ ਲੁੱਟਣ ਦਾ ਢੰਗ ਉਜਾਗਰ ਕਰਦੀ ਜਾਨ ਪਾਰਕਿਨ ਦੀ ਪੁਸਤਕ (Ecnomic Hit man) 'ਇਕ ਆਰਥਿਕ ਹਤਿਆਰੇ ਦਾ ਇਕਬਾਲੀਆ ਬਿਆਨ' ਇਸਦੀ ਉਘੀ ਮਿਸਾਲ ਹੈ। ਉਨ੍ਹਾਂ ਪੰਜਾਬ ਅੰਦਰ ਚੱਲੀ ਨਕਸਲਬਾੜੀ ਲਹਿਰ ਦੌਰਾਨ ਮਾਓ ਜ਼ੇ ਤੁੰਗ ਦੀਆਂ ਕੁਟੇਸ਼ਨਾਂ ਦੀ ਪੁਸਤਕ 'ਲਾਲ ਕਿਤਾਬ ਦਾ ਵਿਸ਼ੇਸ਼ ਜ਼ਿਕਰ ਕੀਤਾ। ਇਸ ਮੌਕੇ ਪਾਠਕਾਂ ਵਲੋਂ ਕੀਤੇ ਗਏ ਸੁਆਲਾਂ ਦਾ ਵੀ ਪੈਨਲ ਵਲੋਂ ਤਸੱਲੀਬਖ਼ਸ਼ ਜੁਆਬ ਦਿੱਤਾ। ਪ੍ਰਧਾਨਗੀ ਮੰਡਲ ਵਲੋਂ ਡਾ. ਪਰਮਿੰਦਰ ਅਤੇ ਗੁਰਮੀਤ ਨੇ ਗਿਆਨ ਦੇ ਸਰੋਤਾਂ ਉਪਰ ਸਰਕਾਰੀ ਪਾਬੰਦੀਆਂ ਦਾ ਡਟਕੇ ਵਿਰੋਧ ਕਰਨ ਦਾ ਸੱਦਾ ਦਿੱਤਾ।



ਮੇਲਾ ਗ਼ਦਰੀ ਬਾਬਿਆਂ ਦਾ ਦੂਜੇ ਦਿਨ 31 ਅਕਤੂਬਰ ਨੂੰ ਸਾਰਾ ਦਿਨ ਬੱਚਿਆਂ ਦੇ ਪੇਂਟਿੰਗ ਅਤੇ ਕੁਇੱਜ਼ ਮੁਕਾਬਲੇ ਹੋਏ। ਕੁਇੱਜ਼ ਮੁਕਾਬਲੇ ਦੇ ਮੁੱਢਲੇ ਟੈਸਟ ਵਿੱਚ ਉਚ ਦਰਜਾ ਪ੍ਰਾਪਤ ਕਰਨ ਵਾਲੀਆਂ ਪੰਜ ਟੀਮਾਂ ਵਿੱਚ ਅੰਤਿਮ ਮੁਕਾਬਲਾ ਹੋਇਆ। ਤਿੰਨ ਰਾਊਂਡ ਵਿੱਚ ਪੁੱਛੇ ਸੁਆਲਾਂ ਦੇ ਸਹੀ ਜੁਆਬ ਦੇਣ ਵਾਲੀਆਂ ਟੀਮਾਂ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਗੁਰੂ ਹਰਗੋਬਿੰਦ ਪਬਲਿਕ ਸੈਕੰਡਰੀ ਸਕੂਲ ਜੋੜਕੀਆ (ਮਾਨਸਾ), ਸਿੱਖ ਨੈਸ਼ਨਲ ਕਾਲਜ (ਬੰਗਾ), ਐਸ.ਡੀ. ਮਾਡਲ ਸਕੂਲ, (ਜਲੰਧਰ ਕੈਂਟ) ਟੀਮਾਂ ਨੇ ਹਾਸਲ ਕੀਤਾ। ਕੁਇਜ਼ ਮੁਕਾਬਲੇ ਦੀ ਸੰਚਾਲਨਾ ਹਰਵਿੰਦਰ ਭੰਡਾਲ ਵੱਲੋਂ ਸੁਚੱਜੇ ਢੰਗ ਨਾਲ ਕੀਤੀ ਗਈ।

ਪੇਂਟਿੰਗ ਮੁਕਾਬਲੇ ਦੇ ਗਰੁੱਪ ਏ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਕਰਮਵਾਰ ਕਿਰਨਜੋਤ ਕੌਰ (ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ, ਜਲੰਧਰ), ਮੰਨਤ (ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ, ਕਪੂਰਥਲਾ), ਨੰਦਨੀ (ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ, ਜਲੰਧਰ), ਗਰੁੱਪ ਬੀ ਵਿੱਚ ਅਰਮਾਨ ਸਿੱਧੂ (ਐਸ.ਡੀ. ਮਾਡਲ ਸਕੂਲ, ਜਲੰਧਰ), ਤਨਵੀਨ ਪਾਲ (ਐਸ.ਡੀ. ਮਾਡਲ ਸਕੂਲ, ਜਲੰਧਰ), ਅਸ਼ਮੀਤ ਸਿੰਘ (ਐਸ.ਆਰ.ਟੀ. ਡੀ.ਏ.ਵੀ. ਸਕੂਲ, ਬਿਲਗਾ) ਅਤੇ ਗਰੁੱਪ ਸੀ ਵਿੱਚ ਮਹਿਕਪ੍ਰੀਤ ਕੌਰ (ਐਸ.ਡੀ. ਮਾਡਲ ਸਕੂਲ, ਜਲੰਧਰ) ਤੇ ਵਿਰਾਟ ਪਾਲ (ਡੀ.ਏ.ਵੀ. ਪਬਲਿਕ ਸਕੂਲ, ਬਿਲਗਾ), ਆਭਾ (ਐਸ.ਡੀ. ਮਾਡਲ ਸਕੂਲ, ਜਲੰਧਰ) ਤੇ ਸਿਮਰਨ (ਜਲੰਧਰ ਮਾਡਲ ਸੀਨੀਅਰ ਸੈਕੰਡਰੀ ਸਕੂਲ, ਜਲੰਧਰ), ਗੀਤਿਕਾ (ਡੀ.ਏ.ਵੀ. ਪਬਲਿਕ ਸਕੂਲ, ਬਿਲਗਾ) ਤੇ ਸਮਰਜੋਤ (ਲਾਇਨਜ਼ ਪਬਲਿਕ ਸਕੂਲ) ਨੇ ਪ੍ਰਾਪਤ ਕੀਤਾ।



ਸਭਨਾਂ ਮੁਕਾਬਲਿਆਂ ਦੇ ਜੇਤੂਆਂ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਨਕਦ ਰਾਸ਼ੀ, ਪੁਸਤਕਾਂ ਅਤੇ ਸਰਟੀਫਿਕੇਟ ਨਾਲ ਸਨਮਾਨ ਕੀਤਾ ਗਿਆ। ਸਭਨਾਂ ਮੁਕਾਬਲਿਆਂ ਵਿੱਚ ਹੌਸਲਾ ਵਧਾਊ ਇਨਾਮ ਵੀ ਦਿੱਤੇ ਗਏ।

ਉਪਰੰਤ ਕਾਕੋਰੀ ਕਾਂਡ ਅਤੇ ਨੌਜਵਾਨ ਭਾਰਤ ਸਭਾ ਨੂੰ ਸਮਰਪਤ ਬਣਾਏ ਪੰਡਾਲ 'ਚ ਤਰਕਸ਼ੀਲ ਸੋਸਾਇਟੀ ਪੰਜਾਬ ਦੀ ਕਲਾ ਕਿਰਤਾਂ ਨਾਲ ਜੁੜੀ ਟੀਮ ਨੇ ਵਿਗਿਆਨਕ ਚੇਤਨਾ ਦਾ ਚਾਨਣ ਵੰਡਦੀਆਂ ਕਲਾ ਕਿਰਤਾਂ ਪੇਸ਼ ਕੀਤੀਆਂ। ਇਸ ਸੈਸ਼ਨ ਦਾ ਮੰਚ ਸੰਚਾਲਨ ਡਾ. ਸੈਲੇਸ਼ ਨੇ ਕੀਤਾ।



ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆ ਹਾਲ ਵਿੱਚ ਹੋਈ ਵਿਚਾਰ-ਚਰਚਾ ਨੂੰ ਮੁੱਖ ਵਕਤਾ ਪ੍ਰਜੌਏ ਗੁਹਾ ਠਾਕੁਰਤਾ ਨੇ ਸੰਬੋਧਨ 'ਚ ਕਿਹਾ ਕਿ ਵੋਟ ਚੋਰੀ ਗਿਣੀ ਮਿਥੀ ਸਾਜ਼ਸ਼ ਹੈ। ਜ਼ਰੂਰੀ ਦਸਤਾਵੇਜ਼ੀ 'ਕਾਗਜ਼ ਦਿਖਾਓ ਮੁਹਿੰਮ' ਵਿਸ਼ੇਸ਼ ਫ਼ਿਰਕਿਆਂ ਨੂੰ ਚੋਣਵਾਂ ਨਿਸ਼ਾਨਾ ਬਣਾਉਣ ਲਈ ਹੈ। ਉਹਨਾਂ ਕਿਹਾ ਕਿ ਵਿਸ਼ਵ ਸਾਮਰਾਜੀ ਤਾਕਤਾਂ ਅਤੇ ਭਾਰਤੀ ਕਾਰਪੋਰੇਟ ਘਰਾਣੇ ਆਪਣੇ ਆਰਥਕ, ਰਾਜਨੀਤਕ ਮਨੋਰਥਾਂ ਦੀ ਪੂਰਤੀ ਲਈ ਜਮਹੂਰੀ ਹੱਕਾਂ ਦਾ ਘਾਣ ਕਰ ਰਹੇ ਹਨ। ਉਹਨਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਚੇਤਨ ਅਵਾਮੀ ਲਹਿਰ ਲੋਕਾਂ ਦੀ ਸਹੀ ਮਾਰਗ-ਦਰਸ਼ਕ ਹੋ ਸਕਦੀ ਹੈ।



ਸ਼ਾਮ 4 ਵਜੇ ਕਮੇਟੀ ਮੈਂਬਰ ਹਰਵਿੰਦਰ ਭੰਡਾਲ ਦੇ ਮੰਚ ਸੰਚਾਲਨ 'ਚ ਹੋਏ ਕਵੀ ਦਰਬਾਰ ਵਿੱਚ ਦਰਸ਼ਨ ਖਟਕੜ, ਮੰਗਤ ਰਾਮ ਪਾਸਲਾ, ਸੁਰਜੀਤ ਜੱਜ, ਸੁਸ਼ੀਲ ਦੁਸਾਂਝ ਪ੍ਰਧਾਨਗੀ ਮੰਡਲ 'ਚ ਸਸ਼ੋਭਤ ਸਨ। ਸ਼ਬਦੀਸ਼, ਹਰਮੀਤ ਵਿਦਿਆਰਥੀ, ਮੱਖਣ ਕੋਹਾੜ, ਤਲਵਿੰਦਰ ਸ਼ੇਰਗਿੱਲ, ਓਕਾਰਪ੍ਰੀਤ, ਕਮਲਦੀਪ ਜਲੂਰ, ਮਨਪ੍ਰੀਤ ਜੱਸ ਮਨਜਿੰਦਰ ਕਮਲ, ਭੁਪਿੰਦਰ ਦੂਲੇ, ਜਗਵਿੰਦਰ ਜੋਧਾ, ਮਨਜੀਤ ਔਲਖ, ਗੁਰਮੀਤ ਕੜਿਆਲਵੀ, ਜਸਦੇਵ ਸਿੰਘ ਲਲਤੋਂ ਨੇ ਕਵੀ ਦਰਬਾਰ 'ਚ ਆਪਣੇ ਕਲਾਮ ਪੇਸ਼ ਕੀਤੇ। ਇਸ ਮੌਕੇ ਪ੍ਰਧਾਨਗੀ ਮੰਡਲ ਵਲੋਂ ਪੰਜਾਬ ਭਰ ਦੇ ਪ੍ਰਕਾਸ਼ਕਾਂ ਅਤੇ ਲੇਖਕਾਂ ਦੀਆਂ ਨਵੀਆਂ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਜੋ ਕਵੀ ਵੇਲੇ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀਆਂ।



ਰਾਤ ਵੇਲੇ ਪੀਪਲਜ਼ ਵਾਇਸ ਵੱਲੋਂ ਦਿੱਲੀ ਕਿਸਾਨ ਮੋਰਚੇ ਬਾਰੇ ਨਕੁਲ ਸਾਹਨੀ ਦੀ ਨਿਰਦੇਸ਼ਨਾ 'ਚ ਬਣਾਈ ਦਸਤਾਵੇਜ਼ੀ ਫ਼ਿਲਮ 'ਚੜ੍ਹਦੀ ਕਲਾ' ਵਿਖਾਈ ਗਈ।

ਮੇਲੇ ਦੇ ਆਖ਼ਰੀ ਦਿਨ ਪਹਿਲੀ ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਵੱਲੋਂ ਗ਼ਦਰੀ ਬਾਬਿਆਂ ਦੇ ਮੇਲੇ 'ਚ ਜੁੜੇ ਲੋਕਾਂ ਨੂੰ ਜੀ ਆਇਆਂ ਆਖਦਿਆਂ ਗ਼ਦਰੀ ਬਾਬਿਆਂ ਦੇ ਸੁਪਨੇ ਸਾਕਾਰ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਵਲੋਂ ਵੱਲੋਂ ਬੱਬਰ ਲਹਿਰ ਦੇ ਸੁਪਨੇ ਸਾਕਾਰ ਕਰਨ ਲਈ ਸੰਘਰਸ਼ ਜਾਰੀ ਰੱਖਣ ਦਾ ਸੱਦਾ।

ਕਮੇਟੀ ਮੈਂਬਰ ਦਰਸ਼ਨ ਸਿੰਘ ਖਟਕੜ ਵੱਲੋਂ ਝੰਡਾ ਝੁਲਾਇਆ ਗਿਆ। ਉਨ੍ਹਾਂ ਆਪਣੇ ਭਾਸ਼ਣ ਵਿਚ ਕਿਹਾ ਕਿ ਅੱਜ ਦੇਸ਼ ਦੀ ਵਰਤਮਾਨ ਰਾਜਨੀਤਕ, ਆਰਥਿਕ ਅਤੇ ਸਮਾਜਿਕ ਸਥਿਤੀ ਚੁਣੌਤੀਆਂ ਭਰਪੂਰ ਹੈ। ਦੇਸ਼ ਦੇ ਲੋਕਾਂ ਦੀ ਦੇਸੀ-ਵਿਦੇਸ਼ੀ ਕਾਰਪੋਰੇਟ ਵੱਲੋਂ ਲੁੱਟ ਵਿੱਚ ਵਾਧਾ ਹੋ ਰਿਹਾ ਹੈ। ਧਰਮ ਅਤੇ ਜਾਤ 'ਤੇ ਅਧਾਰਿਤ ਫਿਰਕੂ ਨਫ਼ਰਤ ਫ਼ੈਲਾ ਕੇ ਲੋਕਾਂ ਨੂੰ ਆਪਸ ਵਿੱਚ ਲੜਾਇਆ ਜਾ ਰਿਹਾ ਹੈ। ਵਿਰੋਧ ਵਿੱਚ ਬੋਲਣ ਵਾਲਿਆਂ ਦੀ ਜੁਬਾਨਬੰਦੀ ਕੀਤੀ ਜਾ ਰਹੀ ਹੈ। ਪੱਤਰਕਾਰਾਂ, ਲੇਖਕਾਂ, ਬੁੱਧੀਜੀਵੀਆਂ, ਵਿਦਿਆਰਥੀਆਂ, ਜਮਹੂਰੀ ਕਾਮਿਆਂ ਦੇ ਅਤੇ ਸਿਆਸੀ ਕਾਰਕੁੰਨਾਂ ਨੂੰ ਸਾਲਾਂ ਬੱਧੀ ਜੇਲ੍ਹਾਂ ਵਿੱਚ ਬੰਦ ਕਰਨ ਦਾ ਅਮਲ ਲਗਾਤਾਰ ਜਾਰੀ ਹੈ। ਉਹਨਾਂ ਨੂੰ ਜ਼ਮਾਨਤ ਲੈਣ ਦੇ ਕਾਨੂੰਨੀ ਅਧਿਕਾਰ ਤੋਂ ਵੀ ਵੰਚਿਤ ਕੀਤਾ ਹੋਇਆ ਹੈ। ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ ਹੈ। ਮੁਕੱਦਮਿਆਂ ਦੀ ਧੀਮੀ ਗਤੀ ਕਾਨੂੰਨ ਸਬੰਧੀ ਕਈ ਸਵਾਲ ਖੜੇ ਕਰਦੀ ਹੈ। ਇੱਥੇ ਹੀ ਬੱਸ ਨਹੀਂ, ਜੰਮੂ ਕਸ਼ਮੀਰ ਦੀ ਰਾਜ ਦਰਜਾ ਘਟਾਈ ਅਤੇ ਕੇਂਦਰੀ ਸਾਸ਼ਿਤ ਪ੍ਰਦੇਸ਼ ਬਣਾਏ ਜਾਣ ਖਿਲਾਫ਼ ਸਿੱਧਾ ਕੇਂਦਰੀ ਹਕੂਮਤ ਦੇ ਅਧੀਨ ਆਉਣ ਸਮੇਤ ਸੰਸਾਰ ਪ੍ਰਸਿੱਧ ਨਾਮਵਰ ਲੇਖਕਾਂ ਦੀਆਂ 25 ਕਿਤਾਬਾਂ ਉੱਪਰ ਵੀ ਪਾਬੰਦੀ ਲਾ ਦਿੱਤੀ ਗਈ ਹੈ ਤਾਂ ਜੋ ਲੋਕਾਂ ਨੂੰ ਹਕੀਕਤਾਂ ਜਾਨਣ ਦੇ ਅਧਿਕਾਰ ਤੋਂ ਵਾਂਝਿਆਂ ਕੀਤਾ ਜਾ ਸਕੇ ਅਤੇ ਇਤਿਹਾਸ ਨੂੰ ਸੰਘ ਦੇ ਉਦੇਸ਼ਾਂ-ਮਨਸੂਬਿਆਂ ਅਨੁਸਾਰ ਢਾਲਿਆ ਜਾ ਸਕੇ। ਕਾਰਜਕਾਰੀ ਸੰਸਥਾਵਾਂ 'ਤੇ ਕਬਜ਼ਾ ਕਰਨ ਪਿੱਛੋਂ ਕੌਲੀਜ਼ੀਅਮ ਸਿਸਟਮ ਖਤਮ ਕਰਕੇ ਸਿੱਧੇ ਸੁਪਰੀਮ ਕੋਰਟ ਨੂੰ ਕਬਜ਼ਾਉਣ ਦੇ ਯਤਨ ਹੋ ਰਹੇ ਹਨ, ਤਾਂ ਜੋ ਸੰਵਿਧਾਨ ਅਤੇ ਕਾਨੂੰਨ ਦੀ ਵਿਆਖਿਆ ਸੰਘ ਦੀਆਂ ਨੀਤੀਆਂ ਅਨੁਸਾਰ ਹੋ ਸਕੇ। ਸੁਪਰੀਮ ਕੋਰਟ ਦੇ ਮੁਖੀ ਜੱਜ ਉੱਪਰ ਜੁੱਤੀ ਸੁੱਟਣਾ, ਜੱਜਾਂ ਨੂੰ ਡਰਾਉਣ ਧਮਕਾਉਣ ਦਾ ਯਤਨ ਇਸੇ ਸਮਝ ਦੀ ਦਿਸ਼ਾ ਵੱਲ ਸੇਧਤ ਹੈ। ਇਸ ਨੂੰ ਵੀ ਜਾਤੀ ਅਤੇ ਫ ਰ ਕ ਨ ਫ ਰ ਤ ਫੈਲਾਉਣ ਦਾ ਸਾਧਨ ਬਣਾਇਆ ਜਾ ਰਿਹਾ ਹੈ।

ਅਜਿਹੀ ਸਥਿਤੀ ਵਿੱਚ ਗ਼ਦਰੀ ਬਾਬਿਆਂ ਦੀ ਸੋਚ ਮੁਤਾਬਕ ਸਾਮਰਾਜ ਵਿਰੋਧੀ ਸੰਪੂਰਨ ਪ੍ਰਭੂਸੱਤਾ, ਬਰਾਬਰੀ, ਧਰਮ ਨਿਰਪੱਖਤਾ, ਦੇਸ਼ ਦੀ ਵੰਨ-ਸੁਵੰਨਤਾ ਅਨੁਸਾਰ ਸੰਘੀ ਢਾਂਚਾ ਉਸਾਰਨ ਦੇ ਯਤਨ ਤੇਜ਼ ਕਰਨੇ ਚਾਹੀਦੇ ਹਨ ਅਤੇ ਲੋਕਾਂ ਦੀ ਮਨੋਚੇਤਨਾ ਵਿੱਚ ਵਸਾਉਣ ਦੇ ਯਤਨ ਹੋਰ ਵੀ ਗੰਭੀਰਤਾ ਨਾਲ ਜਾਰੀ ਰੱਖਣੇ ਚਾਹੀਦੇ ਹਨ, ਤਾਂ ਜੋ ਗ਼ਦਰੀ ਬਾਬਿਆਂ ਦੇ ਲੁੱਟ ਰਹਿਤ ਸਮਾਜ ਉਸਾਰਨ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਆਪਣੀ ਸਮਰੱਥਾ ਅਤੇ ਯੋਗਤਾ ਅਨੁਸਾਰ ਹਿੱਸਾ ਪਾ ਸਕੀਏ।

ਉਪਰੰਤ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਦੇਸ਼ ਭਗਤ ਯਾਦਗਾਰ ਹਾਲ ਵਿਚ ਲੱਗੀ ਵਰਕਸ਼ਾਪ ਵਿਚ 100 ਕਲਾਕਾਰਾਂ ਵੱਲੋਂ ਅਮੋਲਕ ਸਿੰਘ ਦਾ 'ਬਦਲ ਦਿਓ ਸਮਾਜ' ਝੰਡੇ ਦਾ ਗੀਤ ਪੇਸ਼ ਕੀਤਾ ਗਿਆ।

ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ ਨੇ ਪੰਡਾਲ 'ਚ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਲੋਕਾਂ ਨੇ ਦੋਵੇਂ ਹੱਥ ਖੜੇ ਕਰਕੇ ਪ੍ਰਵਾਨ ਕੀਤਾ।

ਅੱਜ ਦੇ ਦਿਨ 1984 ਵਿੱਚ ਦਿੱਲੀ ਅਤੇ ਮੁਲਕ ਦੀਆਂ ਅਨੇਕਾਂ ਥਾਵਾਂ ਤੇ ਸਿੱਖ ਭਾਈਚਾਰੇ ਨੂੰ ਵਹਿਸ਼ੀਆਨਾ ਕਤਲੋਗਾਰਦ ਦਾ ਨਿਸ਼ਾਨਾ ਬਣਾਏ ਜਾਣ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਗਈ। ਇੱਕ ਮਤੇ 'ਚ ਕਿਹਾ ਕਿ ਮੇਲਾ, ਨਸ਼ਿਆਂ ਦੇ ਸੌਦਾਗਰਾਂ, ਪੁਲਸ, ਸਿਆਸੀ ਗੱਠਜੋੜ ਖ਼ਿਲਾਫ਼ ਜਨਤਕ ਆਵਾਜ਼ ਬੁਲੰਦ ਕਰਨ ਦੀ ਅਪੀਲ ਕਰਦਾ ਹੈ। ਮੇਲਾ, ਜੰਤਰ ਮੰਤਰ ਸਮੇਤ ਪੂਰੇ ਦੇਸ਼ ਅੰਦਰ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਘਾਣ ਕੀਤੇ ਜਾਣ ਦਾ ਵਿਰੋਧ ਕਰਦਾ ਹੈ। ਮੇਲਾ, ਮੰਗ ਕਰਦਾ ਹੈ ਕਿ ਉਮਰ ਖ਼ਾਲਿਦ ਸਮੇਤ ਸਭਨਾਂ ਰਾਜਨੀਤਕ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਏ। ਮੇਲਾ, ਉੜੀਸਾ ਵਿੱਚ ਵੇਦਾਂਤਾ ਅਤੇ ਅਡਾਨੀ ਨੂੰ ਬੌਕਸਾਈਡ ਦੀ ਅੰਨ੍ਹੀ ਲੁੱਟ ਕਰਨ ਦੀਆਂ ਖੁੱਲ੍ਹਾ ਦੇਣ ਅਤੇ ਡਾ. ਰੈਂਡਲ ਸੁਕੀਰਾ ਵਰਗਿਆਂ ਉਪਰ ਯੂ.ਏ.ਪੀ.ਏ. ਮੜ੍ਹਨ ਦੀ ਤਿੱਖੀ ਆਲੋਚਨਾ ਕਰਦਾ ਹੈ। ਮੇਲਾ, ਅਰੁਨਾਚਲ ਪ੍ਰਦੇਸ਼ ਅੰਦਰ ਡੈਮਾਂ ਦੀ ਉਸਾਰੀ, ਕੁਦਰਤੀ ਅਨਮੋਲ ਸੋਮਿਆਂ ਨੂੰ ਹੜੱਪਣ ਲਈ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਦਿੱਤੀ ਅੰਨ੍ਹੀ ਖੁੱਲ੍ਹ ਦੇਣਾ ਬੰਦ ਕੀਤਾ ਜਾਵੇ। ਮੇਲਾ, ਮੰਗ ਕਰਦਾ ਹੈ ਕਿ ਪਾਸ਼-ਹੰਸ ਰਾਜ ਯਾਦਗਾਰੀ ਕੰਪਲੈਕਸ ਨੂੰ ਯਾਦਗਾਰ ਵਜੋਂ ਬਕਾਇਦਾ ਮਾਨਤਾ ਦਿੱਤੀ ਜਾਏ। ਮੇਲਾ, ਮੰਗ ਕਰਦਾ ਹੈ ਕਿ ਇਨਕਲਾਬੀ ਕਵੀ ਪਾਸ਼ ਦਾ ਜਨਮ ਦਿਹਾੜਾ ਸਮਾਗਮ ਦੀਆਂ ਤਿਆਰੀਆਂ ਮੌਕੇ ਮਜ਼ਦੂਰ ਆਗੂ ਤੇ ਦੇਸ਼ ਭਗਤ ਯਾਦਗਾਰ ਕਮੇਟੀ ਮੈਂਬਰ ਹਰਮੇਸ਼ ਮਾਲੜੀ ਨੂੰ ਪਿੰਡ ਦੇ ਸਰਪੰਚ ਅਤੇ ਉਸਦੇ ਸਹਿਯੋਗੀਆਂ ਵੱਲੋਂ ਬੋਲੇ ਗਏ ਜਾਤੀ ਸੂਚਕ ਸ਼ਬਦ ਬੋਲੇ ਗਏ। ਜਿਸ ਤਹਿਤ ਲੰਬੀ ਜਦੋਜਿਹਦ ਕਾਰਣ ਹੋਏ ਦਰਜ ਕੇਸ ਤਹਿਤ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ।

ਮੇਲੇ 'ਚ ਪਹੁੰਚੇ ਬੱਬਰਾਂ ਦੇ ਪਿੰਡਾਂ ਘੜੂਆਂ, ਪੰਡੋਰੀ ਗੰਗਾ ਸਿੰਘ, ਮਾਣਕੋ, ਸਾਂਧਰਾ, ਘੁਮਿਆਲਾ, ਧੁੱਗਾ, ਝਿੰਗੜਾਂ, ਨੰਗਲ ਕਲਾਂ, ਜੌਹਲਾਂ, ਬਹਿਬਲਪੁਰ, ਫਤਿਹਪੁਰ ਕੋਠੀ, ਖੁਰਦਪੁਰ, ਮੜੇਰਾ, ਕੋਟਫਤੂਹੀ, ਸਿੰਗੜੀਵਾਲਾ, ਧਾਮੀਆਂ ਕਲਾਂ, ਸੰਗਤਪੁਰ, ਮਾਂਗਟ, ਹਰਿਓਂ, ਕੌਲਗੜ੍ਹ ਆਦਿ ਦਾ ਸਨਮਾਨ ਕੀਤਾ ਗਿਆ।



ਇਸ ਮੌਕੇ ਮੁੱਖ ਵਕਤਾ ਡਾ. ਨਵਸ਼ਰਨ ਨੇ ਬੱਬਰ ਅਕਾਲੀ ਲਹਿਰ ਦੇ ਇਤਿਹਾਸਕ ਹਵਾਲੇ ਨਾਲ ਕਿਹਾ ਕਿ ਬੱਬਰਾਂ ਦਾ ਐਲਾਨ ਹੋਇਆ ਕਰਦਾ ਸੀ ਕਿ ਗੋਰੇ ਹਾਕਮ ਕੌਣ ਹੁੰਦੇ ਨੇ ਸਾਡੇ ਅੰਬਾਂ ਦੇ ਬਾਗ਼ਾਂ, ਸਾਡੇ ਖੇਤਾਂ ਦੀ ਨਿਲਾਮੀ ਕਰਨ ਵਾਲੇ, ਇਹ ਹੈ ਸਾਡਾ ਵਿਰਸਾ। ਅੱਜ ਅਜੇਹੇ ਵਿਰਸੇ ਵਾਲੀ ਧਰਤੀ ਹੀ ਸਾਮਰਾਜੀ ਕਾਰਪੋਰੇਟ ਘਰਾਣਿਆਂ ਅੱਗੇ ਗਿਰਵੀ ਪਾ ਦਿੱਤੀ ਹੈ।

ਬੌਕਸਾਈਟ ਵਰਗੇ ਕੁਦਰਤੀ ਅਨਮੋਲ ਖਜ਼ਾਨਿਆਂ ਦੀ ਅੰਨ੍ਹੀ ਲੁੱਟ ਕਰਨ ਵਾਲੇ ਨਿਜ਼ਾਮ ਨੂੰ ਮੂਲੋਂ ਬਦਲਣ ਲਈ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਮਾਰਗ ਦਰਸ਼ਕ ਅਤੇ ਪ੍ਰੇਰਨਾਦਾਇਕ ਹੈ। ਆਪਣੇ ਪਿੰਡਾਂ, ਆਪਣੀ ਮਿੱਟੀ ਤੋਂ ਉਜਾੜੇ ਜਾ ਰਹੇ ਮਜ਼ਦੂਰਾਂ ਸਾਹਮਣੇ ਸੰਗਰਾਮ ਕਰਨਾ ਹੀ ਇੱਕੋ ਇੱਕ ਸੁਵੱਲੜਾ ਰਾਹ ਬਾਕੀ ਰਹਿ ਗਿਆ ਹੈ।

ਭੈਣੀ ਸਾਹਿਬ ਤੋਂ ਜੱਥੇਦਾਰ ਗੁਰਲਾਲ ਸਿੰਘ ਅਤੇ ਉਸਦੇ ਸਾਥੀਆਂ ਨੇ ਹੱਲੇ ਦਾ ਦੀਵਾਨ ਪੇਸ਼ ਕੀਤਾ। ਇਸ ਨਿਵੇਕਲੀ ਕਲਾ ਵੰਨਗੀ ਨੇ ਆਪਣੇ ਸਰੋਤਿਆਂ ਨੂੰ ਬੇਹੱਦ ਪ੍ਰਭਾਵਿਤ ਕੀਤਾ।

ਲੋਕ ਸੰਗੀਤ ਮੰਡਲੀ ਭਦੌੜ ਮਾਸਟਰ ਰਾਮ ਕੁਮਾਰ ਅਤੇ ਮੰਚ ਰੰਗ ਮੰਚ ਅੰਮ੍ਰਿਤਸਰ ਨਾਲ ਜੁੜੇ ਗਾਇਕ ਕਲਾਕਾਰ ਕੁਸ਼ਾਗਰ ਕਾਲੀਆ ਅਤੇ ਸਾਥੀਆਂ ਨੇ ਪ੍ਰਭਾਵਸ਼ਾਲੀ ਗੀਤ ਪੇਸ਼ ਕੀਤੇ।

ਸ਼ਾਮ ਵੇਲੇ ਗੁਰਸ਼ਰਨ ਸਿੰਘ ਦਾ ਨਾਟਕ ਤਮਾਸ਼ਾ-ਏ-ਹਿੰਦੋਸਤਾਨ' ਏਕੱਤਰ ਦੀ ਨਿਰਦੇਸ਼ਨਾ 'ਚ ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਟੀਮ ਨੇ ਪੇਸ਼ ਕੀਤਾ।

ਨਾਟਕਾਂ ਭਰੀ ਰਾਤ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਦੇ ਸੰਬੋਧਨ ਨਾਲ ਹੋਇਆ।

ਪਹਿਲਾ ਨਾਟਕ ਜ਼ਮੀਨ ਵਿਹੂਣੇ ਅਤੇ ਮਿਹਨਤਕਸ਼ ਕਿਸਾਨੀ ਦੇ ਆਪਸੀ ਸਮਾਜਕ ਰਿਸ਼ਤਿਆਂ ਵਿਚਲੇ ਵਿਰੋਧਾ ਭਾਸ ਅਤੇ ਸਾਂਝ ਦੇ ਰਿਸ਼ਤਿਆਂ ਨੂੰ ਦਰਸਾਉਂਦਾ ਗੁਰਸ਼ਰਨ ਸਿੰਘ ਦਾ ਲਿਖਿਆ 'ਅਸੀਂ ਯੁੱਗ ਸਿਰਜਾਂਗੇ' ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਪੇਸ਼ ਕੀਤਾ ਗਿਆ।

ਅਗਲਾ ਨਾਟਕ ਡਾ. ਸਵਰਾਜਬੀਰ ਦਾ ਲਿਖਿਆ, ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ ਰੰਗ ਮੰਚ ਅੰਮ੍ਰਿਤਸਰ ਦੇ ਕਲਾਕਾਰਾਂ ਨੇ 'ਤੂੰ ਬੁੱਲੇ ਵਾਂਗੂੰ ਬੋਲ' ਪੇਸ਼ ਕੀਤਾ। ਇਹ ਨਾਟਕ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ।

ਨਾਟਕ ਦੀ ਪੇਸ਼ਕਾਰੀ ਮੌਕੇ ਡਾ. ਸਵਰਾਜਬੀਰ ਅਤੇ ਕੇਵਲ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ ਰੰਗ ਮੰਚ ਨੂੰ ਮਿਲਦੀ ਮੁਹੱਬਤ ਸਾਨੂੰ ਲੋਕਾਂ ਸੰਗ ਇੱਕ ਮਿੱਕ ਹੋ ਕੇ ਕੰਮ ਕਰਨ ਦੀ ਨਵੀਂ ਨਰੋਈ ਪ੍ਰੇਰਨਾ ਦਿੰਦੀ ਹੈ।

ਸ਼ਬਦੀਸ਼ ਦਾ ਲਿਖਿਆ, ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ 'ਚ ਸੁਚੇਤਕ ਰੰਗ ਮੰਚ ਮੁਹਾਲੀ ਦੇ ਕਲਾਕਾਰਾਂ ਨੇ 'ਖਿੜਦੇ ਰਹਿਣ ਗੁਲਾਬ' ਨਾਟਕ ਰਾਹੀ ਗ਼ਦਰੀ ਗੁਲਾਬ ਕੌਰ ਦਾ ਸੁਨੇਹਾ ਦਿੱਤਾ। ਨਾਟਕ ਨੇ ਇਕ ਵਾਰ ਫਿਰ 1995 ਵਿਚ ਪੇਸ਼ ਕੀਤਾ ਨਾਟਕ 'ਇਤਿਹਾਸ ਦੇ ਸਫ਼ੇ 'ਤੇ' ਦੀ ਝਲਕ ਦਿਖਾ ਦਿੱਤੀ।

ਗੁਰਸ਼ਰਨ ਸਿੰਘ ਦਾ ਲਿਖਿਆ ਕਰਾਂਤੀਪਾਲ ਬਿਆਸ ਦੁਆਰਾ ਨਿਰਦੇਸ਼ਤ ਨਾਟਕ 'ਸੀਸ ਤਲੀ ਤੇ' ਜਿੱਥੇ ਸੌ ਵਰ੍ਹੇ ਪਹਿਲਾਂ ਦਾ ਇਤਿਹਾਸ ਦਰਸ਼ਕਾਂ ਦੇ ਰੂਬਰੂ ਕਰ ਗਿਆ, ਓਥੇ ਇਹ ਵੀ ਦਰਸਾ ਗਿਆ ਕਿ ਉਹਨਾਂ ਦੀ ਘਾਲਣਾ ਦੀ ਮਸ਼ਾਲ ਅੱਜ ਵੀ ਜਗ ਰਹੀ ਹੈ ਅਤੇ ਜੂਝਦੇ ਲੋਕ ਇਸਨੂੰ ਜਗਦੀ ਰੱਖਣਗੇ। ਅੰਤ ਵਿਚ ਦੁਬਾਰਾ ਫਿਰ ਸਵੇਰੇ ਵਾਲਾ ਝੰਡੇ ਦਾ ਗੀਤ 'ਬਦਲ ਦਿਓ ਸਮਾਜ' ਪੇਸ਼ ਕੀਤਾ ਗਿਆ।

ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਲੋਕ ਸੰਗੀਤ ਮੰਡਲੀ ਜੀਦਾ, ਲੋਕ ਸੰਗੀਤ ਮੰਡਲੀ ਭਦੌੜ, ਕੁਸ਼ਾਗਰ ਕਾਲੀਆ ਅੰਮ੍ਰਿਤਸਰ, ਸਾਰਾ ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ , ਅੰਮ੍ਰਿਤਪਾਲ ਬੰਗਾ, ਨਰਗਿਸ ਮਾਨਵਤਾ ਕਲਾ ਮੰਚ ਨਗਰ, ਧਰਮਿੰਦਰ ਮਸਾਣੀ, ਸ਼ਬਦੀਸ਼, ਗੁਰਮੁੱਖ ਲੋਕ ਪ੍ਰੇਮੀ ਫਗਵਾੜਾ, ਗੁਰਮੀਤ ਕੋਟ ਗੁਰੂ, ਮੌਸਮ, ਖ਼ੁਸ਼ਬੂ, ਦਿਸ਼ਾ, ਕੋਮਲ, ਇਪਟਾ ਦੇ ਕਲਾਕਾਰ ਭੰਡ ਅਵਤਾਰ ਚੜਿੱਕ ਅਤੇ ਸਾਥੀਆਂ ਨੇ ਲੋਕ ਦੋਖੀ ਪ੍ਰਬੰਧ 'ਤੇ ਤਿੱਖੇ ਵਿਅੰਗ ਕੱਸੇ।

ਮੇਲੇ 'ਚ ਮੈਡੀਕਲ ਸਹਾਇਤਾ ਕੈਂਪ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ (ਪ੍ਰਧਾਨ ਧੰਨਾ ਮੱਲ ਗੋਇਲ) ਦੀ ਅਗਵਾਈ ਵਿੱਚ ਲਾਇਆ ਗਿਆ।

ਇਸ ਵਾਰ ਦੇ ਪੁਸਤਕ ਮੇਲੇ ਵਿਚ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਤੋਂ ਇਲਾਵਾ ਵਰਲਡ ਕਲਾਸਿਕ ਸਾਹਿਤ, ਹਿਸਟਰੀ, ਤਰਕਸ਼ੀਲਤਾ ਅਤੇ ਵਿਗਿਆਨਕ ਕਿਤਾਬਾਂ ਪਾਠਕਾਂ ਦੀ ਖਿੱਚ ਦਾ ਕੇਂਦਰ ਬਣੀਆਂ। ਮੇਲੇ ਵਿਚ ਪੁੱਜੇ ਨਵੇਂ, ਪੁਰਾਣੇ ਮਿਠਾਈ ਦੇ ਡੱਬਿਆਂ ਦੀ ਤਰ੍ਹਾਂ ਆਪਣੇ ਹੱਥਾਂ ਵਿਚ ਕਿਤਾਬਾਂ ਦੇ ਬੈਗ ਭਰਕੇ ਲਿਜਾਂਦੇ ਰਹੇ। ਇਸ ਵਾਰ ਮੇਲੇ ਵਿੱਚੋਂ ਪਾਠਕ ਲਗਭਗ 10 ਲੱਖ ਦਾ ਸਾਹਿਤ ਖ਼ਰੀਦ ਕੇ ਅਗਲੇ ਮੇਲੇ 'ਚ ਮਿਲਣ ਦਾ ਵਾਅਦਾ ਕਰਕੇ ਵਿਛੜ ਗਏ।

ਸੰਪਰਕ : 98140-87063



